PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

27th Feb - 6th March 2025 • Issue No. 3069 | Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਪੰਜਾਬ ਵਿਧਾਨ ਸਭਾ ਦਾ ਇਤਿਹਾਸਕ ਫੈਸਲਾ

# ਰਾਸ਼ਟਰੀ ਖੇਤੀਬਾੜੀ ਮੰਡੀਕਰਨ ਨੀਤੀ ਦਾ ਖਰੜਾ ਕੀਤਾ ਰੱਦ

✪ ਕੇਂਦਰ ਰਾਜਾਂ ਦੇ ਅਧਿਕਾਰਾਂ ’ਤੇ ਕਾਬਜ਼ ਹੋਣ ਦੀ ਕੋਸ਼ਿਸ਼ ਨਾ ਕਰੇ ✪ ਭ੍ਰਿਸ਼ਟਾਚਾਰ, ਗ਼ੈਰ-ਕਾਨੂੰਨੀ ਮਾਈਨਿੰਗ ਤੇ ਨਸ਼ਿਆਂ ਨੂੰ ਰੋਕਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ-ਅਮਨ ਅਰੋੜਾ ✪ ਰਾਜ ਦਾ ਦਿਹਾਤੀ ਵਿਕਾਸ ਫ਼ੰਡ ਰੋਕਣ ਸੰਬੰਧੀ ਪ੍ਰਧਾਨ ਮੰਤਰੀ ਨਿਵਾਸ ’ਤੇ ਧਰਨਾ ਦੇਣ ਦੀ ਕੀਤੀ ਅਪੀਲ ✪ ਸਦਨ ਵਿਚ ਭਾਜਪਾ ਦੇ ਮੈਂਬਰ ਗਾਇਬ






## ਧਾਮੀ ਦੇ ਅਸਤੀਫੇ ਬਾਅਦ ਅਕਾਲ ਤਖਤ, ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਟਕਰਾਅ ਵਲ


✪ ਧਾਮੀ ਅਸਤੀਫਾ ਵਾਪਸ ਲੈਣ ਦੇ ਮੂਡ ਵਿੱਚ ਨਹੀਂ, ਕਾਨੂੰਨੀ ਪ੍ਰੈਕਟਿਸ ਦੁਬਾਰਾ ਸ਼ੁਰੂ ਕੀਤੀ
✪ ਜਥੇਦਾਰ ਅਕਾਲ ਤਖਤ ਨੇ ਕਿਹਾ ਕਿ ਧਾਮੀ ਆਪਣਾ ਅਸਤੀਫ਼ਾ ਵਾਪਸ ਲੈਣ



ਵਿਸਥਾਰ ਸਹਿਤ ਖ਼ਬਰ ਅੰਦਰ ਪੜ੍ਹੋ



## ਸ਼੍ਰੋਮਣੀ ਕਮੇਟੀ ਅਕਾਲ ਤਖਤ ਨਾਲ ਟਕਰਾਅ ਦੀ ਨੀਤੀ ਤਿਆਗੇ : ਵਡਾਲਾ



ਕਮੇਟੀ ਦੇ ਸੀਨੀਅਰ ਮੈਂਬਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਸਪਸ਼ਟ ਕੀਤਾ ਹੈ ਕਿ ਐੱਸਜੀਪੀਸੀ ਟਕਰਾਅ ਦੀ ਨੀਤੀ ਅਪਣਾ ਰਹੀ ਹੈ, ਅਧਿਕਾਰਾਂ ਲੜਾਈ ’ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੀ ਤਾਕਤ ਸਰਬਉੱਚ ਹੈ, ਇਸ ਨੂੰ ਘੇਰੇ ’ਚ ਬੰਨ੍ਹ ਕੇ ਨਹੀਂ ਰੱਖਿਆ ਜਾ ਸਕਦੈ, ਇਸ ਦੇ ਅਧਿਕਾਰ ਤੇ ਘੇਰੇ ਵਿਸ਼ਵ ਪੱਧਰੀ ਹਨ। ਸਿੱਖ ਕੌਮ ਸ੍ਰੀ ਅਕਾਲ ਤਖ਼ਤ ਦੇ ਹਰ ਆਦੇਸ਼ ਨੂੰ ਮੰਨਦੀ ਹੈ। ਇਸ ਦੇ ਅੱਗੇ ਗੁਰਦੁਆਰਾ ਐਕਟ ਜਾਂ ਐੱਸਜੀਪੀਸੀ ਦੀ ਕੋਈ ਵਿਚਾਰਧਾਰਾ ਮਾਅਨੇ ਨਹੀਂ ਰੱਖਦੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਕ ਭਗੌੜਾ ਪਾਰਟੀ ਹੈ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੋਂ ਭੱਜ ਰਹੀ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਸਤੀਫ਼ੇ ਦੇ ਫੈਸਲੇ ’ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਧਾਮੀ ਨੂੰ ਇਸ ਸੱਤ ਮੈਂਬਰੀ ਕਮੇਟੀ ਦੀ ਅਗਵਾਈ ਕਰਨੀ ਚਾਹੀਦੀ ਹੈ।

## ਸੱਜਣ ਕੁਮਾਰ ਤੋਂ ਬਾਅਦ ਅਗਲੀ ਵਾਰੀ ਜਗਦੀਸ਼ ਟਾਈਟਲਰ ਤੇ ਕਮਲ ਨਾਥ ਦੀ: ਮਨਜਿੰਦਰ ਸਿਰਸਾ



ਨਵੀਂ ਦਿੱਲੀ, ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕੇਸ ਵਿਚ ਕੋਰਟ ਵੱਲੋਂ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਮਗਰੋਂ ਦਿੱਲੀ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਚੇਤਾਵਨੀ ਦਿੱਤੀ ਕਿ ਅਗਲੀ ਵਾਰੀ ਹੁਣ ਕਾਂਗਰਸੀ ਆਗੂਆਂ ਜਗਦੀਸ਼ ਟਾਈਟਲਰ ਤੇ ਕਮਲ ਨਾਥ ਦੀ ਹੋ ਸਕਦੀ ਹੈ। ਸਿਰਸਾ ਨੇ ਕਿਹਾ ਕਿ ਉਹ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿਚ ਅਪੀਲ ਦਾਖ਼ਲ ਕਰਨ ਬਾਰੇ ਗੌਰ ਕਰਨਗੇ। ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ 1 ਨਵੰਬਰ 1984 ਨੂੰ ਗੁਰਦੁਆਰਾ ਪੁਲ ਬੰਗਸ਼ ਨੇੜੇ ਤਿੰਨ ਸਿੱਖਾਂ ਦੀ ਹੱਤਿਆ ਮਾਮਲੇ ਵਿਚ ਮੁਕੱਦਮੇ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਹੋਲੀ ਨੂੰ ਗਵਾਰ ਦਾ ਤਿਉਹਾਰ ਦੱਸਣ ਤੇ ਫਰਾਹ ਖ਼ਾਨ ਖ਼ਿਲਾਫ਼ ਸ਼ਿਕਾਇਤ ਦਰਜ



ਮੁੰਬਈ- ਹੋਲੀ ਨੂੰ ਕਥਿਤ ਤੌਰ ਤੇ ਗਵਾਰਾਂ ਦਾ ਤਿਉਹਾਰ ਦੱਸਣ ਤੇ ਫਿਲਮ ਨਿਰਮਾਤਾ ਫਰਾਹ ਖ਼ਾਨ ਖ਼ਿਲਾਫ਼ ਅਪਰਾਧਿਕ ਸ਼ਿਕਾਇਤ ਦਰਜ ਕੀਤੀ ਗਈ ਹੈ। ਮੁੰਬਈ ਪੁਲੀਸ ਦੇ ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਪੁਲੀਸ ਨੇ ਵਿਕਾਸ ਜੈਰਾਮ ਪਾਠਕ (45) ਉਰਫ਼ ਹਿੰਦੁਸਤਾਨੀ ਭਾਊ ਵੱਲੋਂ ਸ਼ੁੱਕਰਵਾਰ ਨੂੰ ਦਿੱਤੀ ਗਈ ਸ਼ਿਕਾਇਤ ਤੇ ਐੱਫ ਆਈ ਆਰ ਦਰਜ ਨਹੀਂ ਕੀਤੀ ਹੈ। ਸ਼ਿਕਾਇਤਕਰਤਾ ਨੇ ਫਰਾਹ ਖ਼ਾਨ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

ਉਸ ਨੇ ਦੋਸ਼ ਲਾਇਆ ਕਿ ਵੀਰਵਾਰ ਨੂੰ ਇੱਕ ਟੀਵੀ ਸ਼ੋਅ ਦੌਰਾਨ ਫਰਾਹ ਖ਼ਾਨ ਵੱਲੋਂ ਕੀਤੀ ਗਈ ਟਿੱਪਣੀ ਨੇ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਖਾਰ ਪੁਲੀਸ ਥਾਣੇ ਇੱਕ ਅਧਿਕਾਰੀ ਨੇ ਵਿਸਥਾਰ ਵਿੱਚ ਜਾਣਕਾਰੀ ਦੇਣ ਤੋਂ ਟਾਲਾ ਵੱਟਦਿਆਂ ਕਿਹਾ, ਅਜੇ ਤੱਕ ਕੋਈ ਐੱਫ ਆਈ ਆਰ ਦਰਜ ਨਹੀਂ ਕੀਤੀ ਗਈ ਹੈ। ਜਾਂਚ ਜਾਰੀ ਹੈ।




[Frames subject to availability]. Cannot be used with other offers. Second pair must be from the same price range or below. Pay for the higher priced pair of the two pairs. Both pairs include standard 1.5 single-vision lenses (or 1.6 for £170 Rimless ranges) or 1.5 safety lenses for safety eyewear range. Both pairs must be purchased in one transaction. Excludes SuperDigital, SuperDrive varifocals, and SuperReaders 1-2-3, occupational lenses. 2for1 on safety eyewear is excluded for customers with a corporate eyecare voucher provided by their employer. Additional charge for extra lens options.

# ਪੰਜਾਬ ਵਿਧਾਨ ਸਭਾ ਦਾ ਇਤਿਹਾਸਕ ਫੈਸਲਾ

# ਰਾਸ਼ਟਰੀ ਖੇਤੀਬਾੜੀ ਮੰਡੀਕਰਨ ਨੀਤੀ ਦਾ ਖਰੜਾ ਕੀਤਾ ਰੱਦ

**✪ ਕੇਂਦਰ ਰਾਜਾਂ ਦੇ ਅਧਿਕਾਰਾਂ ’ਤੇ ਕਾਬਜ਼ ਹੋਣ ਦੀ ਕੋਸ਼ਿਸ਼ ਨਾ ਕਰੇ ✪ ਭ੍ਰਿਸ਼ਟਾਚਾਰ, .ਗੈਰ-ਕਾਨੂੰਨੀ ਮਾਈਨਿੰਗ ਤੇ ਨਸ਼ਿਆਂ ਨੂੰ ਰੋਕਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ-ਅਮਨ ਅਰੋੜਾ ✪ ਰਾਜ ਦਾ ਦਿਹਾਤੀ ਵਿਕਾਸ .ਫੰਡ ਰੋਕਣ ਸੰਬੰਧੀ ਪ੍ਰਧਾਨ ਮੰਤਰੀ ਨਿਵਾਸ ’ਤੇ ਧਰਨਾ ਦੇਣ ਦੀ ਕੀਤੀ ਅਪੀਲ ✪ ਸਦਨ ਵਿਚ ਭਾਜਪਾ ਦੇ ਮੈਂਬਰ ਗਾਇਬ**

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਰਾਸ਼ਟਰੀ ਖੇਤੀਬਾੜੀ ਮੰਡੀਕਰਨ ਨੀਤੀ ਖਰੜਾ ਨੂੰ ਕਿਸਾਨ ਮਾਰੂ ਕਰਾਰ ਦਿੰਦਿਆਂ ਇਸ ਨੂੰ ਰੱਦ ਕਰਦਿਆਂ ਰਾਜ ਸਰਕਾਰ ਨੂੰ ਕਿਹਾ ਕਿ ਉਹ ਕੇਂਦਰ ਨਾਲ ਰਾਜਾਂ ਦੇ ਅਧਿਕਾਰਾਂ ’ਤੇ ਕਾਬਜ਼ ਹੋਣ ਦੇ ਮਾਮਲੇ ’ਤੇ ਡਟ ਕੇ .ਫੈਸਲੇ ਲਏ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਜਿਨ੍ਹਾਂ ਇਜਲਾਸ ਵਿਚ ਇਹ ਮਤਾ ਪੇਸ਼ ਕੀਤਾ, ਨੇ ਮਤੇ ਵਿਚ ਦੱਸਿਆ ਕਿ ਖੇਤੀਬਾੜੀ ਮੰਡੀਕਰਨ ਭਾਰਤੀ ਸੰਵਿਧਾਨ ਦੇ ਅਨੁਛੇਦ 246 ਦੀ ਰਾਜਾਂ ਦੀ ਸੂਚੀ ਦੀ ਐਂਟਰੀ 28 ਅਨੁਸਾਰ ਰਾਜਾਂ ਦੇ ਅਧਿਕਾਰ ਹੇਠ ਹੈ, ਕਿਉਂਕਿ ਹਰ ਰਾਜ ਦੀਆਂ ਸਥਾਨਕ ਤੇ ਭੂਗੋਲਿਕ ਪ੍ਰਸਥਿਤੀਆਂ ਵੱਖਰੀਆਂ ਹੋਣ ਕਾਰਨ ਰਾਜ ਹੀ ਖੇਤਰ ਦੀਆਂ ਮੰਡੀਕਰਨ ਲੋੜਾਂ ਸਮਝ ਸਕਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਉਕਤ ਨੀਤੀ ਅਨੁਸਾਰ ਰਾਜਾਂ ਦੇ ਅਧਿਕਾਰ ਖੇਤਰ ’ਤੇ ਕਾਬਜ਼ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਜਿਨ੍ਹਾਂ ਕਿਸਾਨ ਵਿਰੋਧੀ 3 ਕਾਲੇ ਕਾਨੂੰਨਾਂ ਨੂੰ ਇਕ ਸਾਲ ਦੇ ਕਿਸਾਨ ਸੰਘਰਸ਼ ਬਾਅਦ ਕੇਂਦਰ ਨੇ ਵਾਪਸ ਲਿਆ ਸੀ, ਉਨ੍ਹਾਂ ਕਾਨੂੰਨਾਂ ਨੂੰ ਹੀ ਦੁਬਾਰਾ ਇਸ ਨੀਤੀ ਅਨੁਸਾਰ ਵਾਪਸ ਲਿਆਇਆ ਜਾ ਰਿਹਾ ਹੈ। ਖੁੱਡੀਆਂ ਦੱਸਿਆ ਕਿ ਇਸ ਖਰੜਾ ਨੀਤੀ ਵਿਚ ਕਣਕ-ਝੋਨੇ ਦੀ ਐਮ.ਐਸ.ਪੀ. ਦਾ ਜ਼ਿਕਰ ਨਹੀਂ ਹੈ ਅਤੇ ਨਿੱਜੀ ਮੰਡੀਆਂ ਸਥਾਪਤ ਕਰਕੇ ਮਾਰਕੀਟ ਕਮੇਟੀਆਂ ਦੀਆਂ ਮੰਡੀਆਂ ਨੂੰ ਕਮਜ਼ੋਰ ਤੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਵਿਚ ਪਹਿਲਾਂ ਹੀ ਹਰ 115 ਵਰਗ ਕਿਲੋਮੀਟਰ ਵਿਚ ਏ.ਪੀ. ਐਮ.ਸੀ. ਮੰਡੀ ਹੈ। ਮੰਡੀ .ਫੀਸ ਨਾਲ ਰਾਜ ਦੀਆਂ 1900 ਮੰਡੀਆਂ ਤੇ 65000 ਕਿਲੋਮੀਟਰ ਦਿਹਾਤੀ ਸੜਕਾਂ ਦਾ ਰੱਖ-ਰਖਾਅ ਹੋ ਰਿਹਾ ਹੈ ਅਤੇ ਇਸ ਨੀਤੀ ਨਾਲ ਇਹ ਸਭ ਕੁਝ .ਖਤਰੇ ਵਿਚ ਪੈ ਜਾਵੇਗਾ ਅਤੇ ਬਹੁਰਾਸ਼ਟਰੀ ਕੰਪਨੀਆਂ ਨੂੰ ਖੇਤੀ ਮਾਰਕੀਟ ਸੌਂਪ ਕੇ ਕੇਂਦਰ ਭਾਰਤੀ ਖਾਦ ਨਿਗਮ ਨੂੰ ਵੀ .ਖਤਮ ਕਰ ਸਕਦੀ ਹੈ। ਮੁੱਖ ਮੰਤਰੀ ਨੇ ਸਦਨ ਵਿੱਚ ਪੰਜਾਬ ਤੇ ਕਿਸਾਨਾਂ ਦੀ ਹਮਾਇਤ ’ਚ ਸਪੱਸ਼ਟ ਸਟੈਂਡ ਲੈਂਦਿਆਂ ਕੇਂਦਰ ਦੀ ਭਾਜਪਾ ਹਕੂਮਤ ਨੂੰ ਨਿਸ਼ਾਨੇ ’ਤੇ ਲਿਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਯੋਜਨਾਬੱਧ ਢੰਗ ਨਾਲ ਸੰਘੀ ਢਾਂਚੇ ’ਤੇ ਹੱਲੇ ਬੋਲ ਰਹੀ ਹੈ ਅਤੇ ਹਾਲ ਹੀ ’ਚ ਲਿਆਂਦਾ ਕੌਮੀ ਖੇਤੀ ਮੰਡੀ ਨੀਤੀ ਦਾ ਖਰੜਾ ਅਤੇ ਸਿੱਖਿਆ ਨੀਤੀ ’ਚ ਬਦਲਾਅ ਇਸੇ ਦਾ ਹੀ ਹਿੱਸਾ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਹਕੂਮਤ ਨੂੰ ਸੂਬਾਈ ਤੇ ਕਿਸਾਨੀ ਹਿੱਤਾਂ ’ਤੇ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਕੌਮੀ ਖੇਤੀ ਨੀਤੀ ਦਾ ਖਰੜਾ ਵੀ ਕਿਸਾਨ ਅੰਦੋਲਨ ਦੌਰਾਨ ਰੱਦ ਹੋਏ ਤਿੰਨ ਕਾਲੇ ਕਾਨੂੰਨਾਂ ਦਾ ਹੀ ਨਵਾਂ ਰੂਪ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਤੀਰਾ ਦੁਸ਼ਮਣੀ ਵਾਲਾ ਹੈ, ਜਿਸ ਕਰਕੇ ਕਿਸਾਨਾਂ ਲਈ .ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਨਹੀਂ ਐਲਾਨਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਲਈ ਕਣਕ ਤੇ ਝੋਨੇ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ .ਖਰੀਦ ਅਹਿਮ ਮੁੱਦਾ ਹੈ, ਜਿਸ ਬਾਰੇ ਖਰੜਾ ਨੀਤੀ ਵਿੱਚ ਕੋਈ ਜ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਸਰ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਸੂਬੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਮਤੇ ਦਾ ਸਮਰਥਨ ਕਰਦਿਆਂ ਇਸ ਖਰੜਾ ਨੀਤੀ ਨੂੰ ਕਿਸਾਨਾਂ ਲਈ ਮੌਤ ਦੇ ਵਾਰੰਟ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੱਕਾਂ ਲਈ ਸਰਕਾਰ ਨਾਲ ਮਿਲ ਕੇ ਲੜਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਦੇ ਹੀ .ਖੁਰਾਕ ਮੰਤਰੀ ਸਾਂਤਾ ਕੁਮਾਰ ਵਲੋਂ ਐਫ.ਸੀ.ਆਈ. ਨੂੰ ਬੰਦ ਕਰਨ ਦੀ ਸਿ.ਫਾਰਸ਼ ਕੀਤੀ ਗਈ ਸੀ। ਉਨ੍ਹਾਂ ਰਾਜ ਦਾ ਦਿਹਾਤੀ ਵਿਕਾਸ .ਫੰਡ ਰੋਕਣ ਸੰਬੰਧੀ ਮੁੱਖ ਮੰਤਰੀ ਨੂੰ ਰਾਜ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨਾਲ ਪ੍ਰਧਾਨ ਮੰਤਰੀ ਨਿਵਾਸ ’ਤੇ ਧਰਨਾ ਦੇਣ ਲਈ ਵੀ ਕਿਹਾ। ਮਤੇ ’ਤੇ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ, ਸੰਦੀਪ ਜਾਖੜ, ‘ਆਪ’ ਦੇ ਮਨਵਿੰਦਰ ਸਿੰਘ ਗਿਆਸਪੁਰਾ, ਗੁਰਪ੍ਰੀਤ ਸਿੰਘ ਬਣਾਂਵਾਲੀ, ਹਰਮੀਤ ਸਿੰਘ ਪਠਾਣਮਾਜਰਾ, ਰਜਨੀਸ਼ ਕੁਮਾਰ ਦਹੀਆ, ਕਾਂਗਰਸ ਦੇ ਪਰਗਟ ਸਿੰਘ, ਆਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ, ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਅਮਨ ਅਰੋੜਾ, ‘ਆਪ’ ਦੇ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਜਸਵੰਤ ਸਿੰਘ ਗੱਜਣ ਮਾਜਰਾ ਨੇ ਆਪਣੇ ਵਿਚਾਰ ਰੱਖੇ। ਸਦਨ ਵਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵਲੋਂ ਪੇਸ਼ ਕੀਤਾ ਗਿਆ ਮਤਾ ਜਿਸ ਵਿਚ ਦਿੱਲੀ ਦੀ ਨਵੀਂ ਸਰਕਾਰ ’ਤੇ ਡਾ. ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਲਾਹੁਣ ਦਾ ਦੋਸ਼ ਲਗਾਉਂਦਿਆਂ ਇਸ ਦੀ ਨਿੰਦਾ ਕੀਤੀ ਗਈ, ਨੂੰ ਵੀ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ, ਜਦੋਂ ਕਿ ਸਦਨ ਵਿਚ ਭਾਜਪਾ ਦਾ ਕੋਈ ਮੈਂਬਰ ਹਾਜ਼ਰ ਨਹੀਂ ਸੀ।

### ਪੰਜਾਬ ਵਾਟਰ ਰਿਸੋਰਸਿਜ਼ ਸੋਧ ਬਿੱਲ ਪਾਸ

ਸਦਨ ਨੇ ‘ਪੰਜਾਬ ਵਾਟਰ ਰਿਸੋਰਸਿਜ਼ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਸੋਧ ਬਿੱਲ, 2025’ ਪਾਸ ਕਰ ਦਿੱਤਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਪੰਜਾਬ ਵਾਟਰ ਰੈਗੂਲੇਸ਼ਨ ਐਂਡ ਵਾਟਰ ਅਥਾਰਿਟੀ ਦੇ ਚੇਅਰਮੈਨ ਦੀ ਨਿਯੁਕਤੀ ਲਈ ਉਮਰ ਹੱਦ 70 ਸਾਲ ਤੋਂ ਘਟਾ ਕੇ 65 ਸਾਲ ਕਰ ਦਿੱਤੀ ਗਈ ਹੈ। ਚੇਅਰਮੈਨ ਦਾ ਕਾਰਜਕਾਲ ਤਿੰਨ ਸਾਲ ਦਾ ਹੋਵੇਗਾ। ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਸੁਆਲ ਕੀਤਾ ਕਿ ਇਸ ਅਥਾਰਿਟੀ ਕੋਲ ਜੋ 253 ਕਰੋੜ ਰੁਪਏ ਆਏ ਹਨ, ਉਹ ਕਿੱਥੇ ਵਰਤੇ ਗਏ ਹਨ।

## ਖੇਤੀ ਖਰੜਾ ਰੱਦ ਕਰਨਾ ਕਿਸਾਨਾਂ ਦੀ ਵੱਡੀ ਜਿੱਤ

ਚੰਡੀਗੜ੍ਹ-ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਇੱਥੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਨਵੀਂ ਖੇਤੀ ਮੰਡੀ ਨੀਤੀ ਦੇ ਖਰੜੇ ਨੂੰ ਅੱਜ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਰੱਦ ਕਰਨਾ ਕਿਸਾਨਾਂ ਦੀ ਵੱਡੀ ਜਿੱਤ ਹੈ। ਐੱਸਕੇਐੱਮ ਆਗੂ ਬਲਬੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ, ਹਰਿੰਦਰ ਸਿੰਘ ਲੱਖੋਵਾਲ, ਪ੍ਰੇਮ ਸਿੰਘ ਭੰਗੂ, ਬੂਟਾ ਸਿੰਘ ਬੁਰਜਗਿੱਲ, ਅੰਗਰੇਜ਼ ਸਿੰਘ ਭਦੌੜ ਅਤੇ ਰਵਨੀਤ ਸਿੰਘ ਬਰਾੜ ਨੇ ਪੱਤਰਕਾਰਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੀਆਂ ਪਹਿਲਾਂ ਮੰਨੀਆਂ ਮੰਗਾਂ ਹਾਲੇ ਤੱਕ ਪੂਰੀਆਂ ਨਹੀਂ ਕੀਤੀਆਂ। ਇਸ ਖ਼ਿਲਾ.ਫ 5 ਮਾਰਚ ਨੂੰ ਚੰਡੀਗੜ੍ਹ ’ਚ ਪੱਕਾ ਮੋਰਚਾ ਲਾਇਆ ਜਾਵੇਗਾ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਵੀ ਖਰੜਾ ਰੱਦ ਕਰਨ ਨੂੰ ਕਿਸਾਨਾਂ ਦੇ ਸੰਘਰਸ਼ ਦੀ ਅੰਸ਼ਕ ਜਿੱਤ ਦੱਸਿਆ ਹੈ।

## ਬਾਰਡਰ ਬੰਦ ਹੋਣ ਨਾਲ ਪੰਜਾਬ ਦਾ ਨੁਕਸਾਨ: ਅਰੋੜਾ



ਕੈਬਨਿਟ ਮੰਤਰੀ ਅਮਨ ਅਰੋੜਾ ਨੇ ਬਹਿਸ ਦੌਰਾਨ ਸ਼ੰਭੂ ਅਤੇ ਖਨੌਰੀ ਬਾਰਡਰ ਬੰਦ ਹੋਣ ਕਾਰਨ ਪੰਜਾਬ ਨੂੰ ਹੋ ਰਹੇ ਨੁਕਸਾਨ ’ਤੇ ਫ਼ਿਕਰ ਜ਼ਾਹਿਰ ਕੀਤੇ। ਉਨ੍ਹਾਂ ਕਿਹਾ ਕਿ ਜੇ ਸਦਨ ਦੀ ਕਮੇਟੀ ਦਾ ਗਠਨ ਕਰਕੇ ਕਿਸਾਨ ਆਗੂਆਂ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਣ ਸਿੰਘ ਪੰਧੇਰ ਨੂੰ ਇਹ ਰਸਤੇ ਖੋਲ੍ਹਣ ਲਈ ਅਪੀਲ ਕੀਤੀ ਜਾਵੇ ਤਾਂ ਕਿਸਾਨ ਆਗੂ ਰਜ਼ਾਮੰਦ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਬਾਰਡਰ ਬੰਦ ਹੋਣ ਨਾਲ ਪੰਜਾਬ ਅਤੇ .ਖਾਸ ਕਰਕੇ ਸਨਅਤਾਂ ਨੂੰ ਨੁਕਸਾਨ ਹੋ ਰਿਹਾ ਹੈ।

## ‘ਪੰਜਾਬ ਨਾਲ ਮਤਰੇਆ ਸਲੂਕ ਕਰ ਰਿਹੈ ਕੇਂਦਰ’

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਅਮਰੀਕਾ ਤੋਂ ਕੱਢੇ ਭਾਰਤੀਆਂ ਦੇ ਜਹਾਜ਼ਾਂ ਦਾ ਅੰਮ੍ਰਿਤਸਰ ਵਿੱਚ ਉਤਰਨਾ ਇਸ ਦੀ ਮਿਸਾਲ ਹੈ। ਹਾਲਾਂਕਿ ਉਨ੍ਹਾਂ ’ਚੋਂ ਜ਼ਿਆਦਾਤਰ ਦੂਜੇ ਸੂਬਿਆਂ ਤੋਂ ਸਨ। ਉਨ੍ਹਾਂ ਕਿਹਾ ਕਿ ਕੇਂਦਰ ਨੇ ਅਜਿਹਾ ਸਿਰ.ਫ ਪੰਜਾਬ ਨੂੰ ਬਦਨਾਮ ਕਰਨ ਲਈ ਕੀਤਾ ਹੈ। ਇਹ ਜਹਾਜ਼ ਗੁਜਰਾਤ ਵਿੱਚੋਂ ਆਏ ਪਰ ਉਨ੍ਹਾਂ ਨੂੰ ਉਤਾਰਿਆ ਪੰਜਾਬ ਦੀ ਧਰਤੀ ’ਤੇ ਗਿਆ, ਜੇ ਬੰਗਲਾਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਸ਼ੇ.ਖ ਹਸੀਨਾ ਨੂੰ ਲਿਜਾ ਰਹੇ ਜਹਾਜ਼ ਨੂੰ ਹਿੰਡਨ ਹਵਾਈ ਅੱਡੇ ’ਤੇ ਉਤਾਰਿਆ ਜਾ ਸਕਦਾ ਹੈ ਤਾਂ ਇਸ ਜਹਾਜ਼ ਨੂੰ ਦੇਸ਼ ਦੇ ਕਿਸੇ ਹੋਰ ਹਿੱਸੇ ਵਿੱਚ ਕਿਉਂ ਨਹੀਂ ਲਿਜਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਪਰਵਾਸ ਕੌਮੀ ਸਮੱਸਿਆ ਹੈ ਜਦਕਿ ਬੁਰੀ ਤਸਵੀਰ ਪੰਜਾਬ ਦੀ ਪੇਸ਼ ਕੀਤੀ ਜਾਂਦੀ ਹੈ।

## ਨਸ਼ਿਆਂ ਖ਼ਿਲਾ.ਫ ‘ਮਾਨਸਿਕ ਸਿਹਤ ਨੀਤੀ’ ਲਿਆਵੇਗੀ ਸਰਕਾਰ

ਚੰਡੀਗੜ੍ਹ-ਪੰਜਾਬ ’ਚੋਂ ਨਸ਼ਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਵੱਲੋਂ ‘ਮਾਨਸਿਕ ਸਿਹਤ ਨੀਤੀ’ ਤਿਆਰ ਕੀਤੀ ਜਾਵੇਗੀ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਬਠਿੰਡਾ ਦਿਹਾਤੀ ਤੋਂ ਵਿਧਾਇਕ ਅਮਿਤ ਰਤਨ ਕੋਟਫੱਤਾ ਦੇ ਸਵਾਲ ਦਾ ਜਵਾਬ ਦਿੰਦਿਆਂ ਕੀਤਾ। ਵਿਧਾਇਕ ਅਮਿਤ ਰਤਨ ਕੋਟਫੱਤਾ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਸਵਾਲ ਕੀਤਾ ਸੀ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਪ੍ਰੋਗਰਾਮ ’ਤੇ ਕਿੰਨੇ ਰੁਪਏ ਖਰਚ ਕੀਤੇ ਗਏ ਹਨ ਅਤੇ ਸਾਲ ਵਿੱਚ ਕਿੰਨੇ ਮਨੋਰੋਗ ਮਾਹਿਰ ਨਿਯੁਕਤ ਕੀਤੇ ਗਏ ਹਨ। ਇਸ ਦੇ ਜਵਾਬ ਵਿੱਚ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 118 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ 15 ਮਨੋਰੋਗ ਮਾਹਿਰ ਨਿਯੁਕਤ ਕੀਤੇ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ‘ਮਾਨਸਿਕ ਸਿਹਤ ਨੀਤੀ’ ਲਿਆਂਦੀ ਜਾ ਰਹੀ ਹੈ। ਇਹ ਪਾਲਸੀ ਸਿਹਤ, ਸਿੱਖਿਆ, ਪੁਲੀਸ ਤੇ ਸਮਾਜਿਕ ਖੇਤਰ ਦੇ ਮਾਹਿਰਾਂ ਨਾਲ ਗੱਲਬਾਤ ਤੋਂ ਬਾਅਦ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਨੀਤੀ ਤਹਿਤ ਪੁਲੀਸ ਵੱਲੋਂ ਨਸ਼ਿਆਂ ਦੀ ਸਪਲਾਈ ਚੇਨ ਤੋੜੀ ਜਾਵੇਗੀ ਤੇ ਦੂਜੇ ਪਾਸੇ ਮਨੋਰੋਗ ਮਾਹਿਰਾਂ, ਨਸ਼ਾ ਛੁਡਾਊ ਕੇਂਦਰਾਂ ਅਤੇ ਸਮਾਜ ਸੇਵੀਆਂ ਦੀ ਮਦਦ ਨਾਲ ਨੌਜਵਾਨਾਂ ਨੂੰ ਨਸ਼ਿਆਂ ਦੀ ਦਲ-ਦਲ ’ਚੋਂ ਕੱਢਿਆ ਜਾਵੇਗਾ।

# ਪੰਜਾਬ ਪੁਲਸ ਵਿਚ ਨੌਕਰੀ ਲੱਗਣ ਕਾਰਣ ਕੈਨੇਡਾ ਛੱਡ ਪੰਜਾਬ ਵਾਪਸ ਪਰਤਿਆ ਸਿੰਘ

ਸਮਰਾਲਾ-ਪੰਜਾਬ ਦੇ ਨੌਜਵਾਨਾਂ ਵਿਚ ਵਿਦੇਸ਼ ਜਾਣ ਦੇ ਰੁਝਾਨ ਲਈ ਤਾਂ ਕਈ ਵਾਰ ਭੰਡਿਆ ਜਾਂਦਾ ਹੈ, ਪਰ ਇਹ ਗੱਲ ਕੋਈ ਵਿਰਲਾ ਹੀ ਕਰਦਾ ਹੈ ਕਿ ਜ਼ਿਆਦਾਤਰ ਨੌਜਵਾਨ ਇੱਥੇ ਚੰਗੀ ਨੌਕਰੀ ਨਾ ਮਿਲਣ ਤੋਂ ਦੁਖੀ ਹੋ ਕੇ ਹੀ ਵਿਦੇਸ਼ ਦਾ ਰੁਖ ਕਰਦੇ ਹਨ। ਜੇਕਰ ਨੌਜਵਾਨਾਂ ਨੂੰ ਇੱਥੇ ਹੀ ਰੋਜ਼ਗਾਰ ਦੇ ਚੰਗੇ ਮੌਕੇ ਮਿਲਦੇ ਹਨ ਤਾਂ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਇਸ ਗੱਲ ਦੀ ਮਿਸਾਲ ਪੇਸ਼ ਕਰ ਰਿਹਾ ਹੈ ਪੰਜਾਬ ਪੁਲਸ ਦਾ ਸਬ ਇੰਸਪੈਕਟਰ ਸਿਕੰਦਰ ਸਿੰਘ।

ਜਦੋਂ ਸਿਕੰਦਰ ਸਿੰਘ ਨੇ ਆਪਣੀ ਐਮ ਟੈਕ ਪੂਰੀ ਕੀਤੀ ਤਾਂ ਉਸ ਨੂੰ ਇਕ ਕਾਲਜ ਵਿਚ ਨੌਕਰੀ ਮਿਲੀ। ਇਸ ਨੌਕਰੀ ਤੋਂ ਉਸ ਨੂੰ ਮਹਿਜ਼ 12 ਹਜ਼ਾਰ ਰੁਪਏ ਤਨਖ਼ਾਹ ਮਿਲ ਰਹੀ ਸੀ। ਸਿਕੰਦਰ ਸਿੰਘ ਸਰਕਾਰੀ ਨੌਕਰੀ ਕਰਨੀ ਚਾਹੁੰਦਾ ਸੀ। ਇਸ ਲਈ ਉਸ ਨੇ ਪਹਿਲਾਂ 2016 ਵਿਚ ਪਟਵਾਰੀ ਦੀ ਪ੍ਰੀਖਿਆ ਦਿੱਤੀ, ਪਰ ਸਿਰਫ਼ 6 ਨੰਬਰ ਘੱਟ ਆਉਣ ਕਾਰਨ ਪ੍ਰੀਖਿਆ ਪਾਸ ਨਹੀਂ ਹੋਈ। ਇਸ ਮਗਰੋਂ ਉਸ ਨੇ ਨੌਕਰੀ ਬਦਲੀ ਤੇ ਕੰਪਿਊਟਰ ਟੀਚਰ ਵਜੋਂ ਆਪਣੀਆਂ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਨੌਕਰੀ ਤੋਂ ਉਸ ਨੂੰ 15 ਹਜ਼ਾਰ ਰੁਪਏ ਮਿਲਦੇ ਸਨ। ਨੌਕਰੀ ਦੇ ਨਾਲ-ਨਾਲ ਉਸ ਨੇ ਪੜ੍ਹਾਈ ਵੀ ਜਾਰੀ ਰੱਖੀ ਤੇ 2019 ਵਿਚ ਯੂ.ਜੀ.ਸੀ. ਨੈਟ ਦੀ ਪ੍ਰੀਖਿਆ



ਪਾਸ ਕਰ ਲਈ। ਇਸ ਦੇ ਬਾਵਜੂਦ ਉਸ ਨੂੰ ਚੰਗੀ ਨੌਕਰੀ ਨਹੀਂ ਮਿਲੀ। ਸਾਲ 2022 ਵਿਚ ਉਸ ਨੂੰ ਪੰਜਾਬ ਪੁਲਸ ਦੀ ਭਰਤੀ ਪ੍ਰੀਖਿਆ ਦਿੱਤੀ, ਪਰ ਉਸ ਦਾ ਨਤੀਜਾ ਨਾ ਆਉਣ ਤੋਂ ਉਹ ਪ੍ਰੇਸ਼ਾਨ ਹੋ ਗਿਆ। ਮਿਹਨਤ ਦਾ ਮੁੱਲ ਨਾ ਪੈਣ ਕਾਰਨ ਅਤੇ ਪਰਿਵਾਰ ਦੀ ਆਰਥਿਕ ਸਥਿਤੀ ਕਾਰਨ ਉਹ ਬਹੁਤ ਪ੍ਰੇਸ਼ਾਨ ਹੋ ਗਿਆ ਤੇ ਹਾਰ ਕੇ ਵਿਦੇਸ਼ ਜਾਣ ਦਾ ਫ਼ੈਸਲਾ ਕਰ ਲਿਆ।

2022 ਦੀ ਅਖ਼ੀਰ ਵਿਚ ਹੀ ਉਸ ਨੇ ਕਿਸੇ ਤਰ੍ਹਾਂ 20 ਲੱਖ ਰੁਪਏ ਦਾ ਕਰਜ਼ਾ ਲਿਆ ਤੇ ਕੈਨੇਡਾ ਦਾ ਵੀਜ਼ਾ ਅਪਲਾਈ ਕੀਤਾ। ਅਗਲੇ ਸਾਲ ਉਹ ਸਟੱਡੀ ਵੀਜ਼ਾ 'ਤੇ ਕੈਨੇਡਾ ਪਹੁੰਚ ਗਿਆ। ਪਰ ਜੋ ਕੁਝ ਉਹ ਕੈਨੇਡਾ ਬਾਰੇ ਸੋਚ ਕੇ ਗਿਆ ਸੀ, ਉੱਥੇ ਹਾਲਾਤ ਉਸ ਤੋਂ ਵੱਖਰੇ ਸਨ। ਕੈਨੇਡਾ ਵਿਚ ਉਹ ਕਾਲਜ 'ਚ ਪੜ੍ਹਾਈ ਦੇ ਨਾਲ-ਨਾਲ ਪਾਰਟ ਟਾਈਮ ਸਟੋਰ 'ਤੇ ਕੰਮ ਕਰ ਰਿਹਾ ਸੀ। ਉੱਥੇ ਦੀ ਕਮਾਈ ਤੇ ਖਰਚੇ ਵੇਖ ਕੇ ਉਸ ਨੂੰ ਅਹਿਸਾਸ ਹੋਇਆ ਕਿ ਉਹ ਗਲਤ ਫ਼ੈਸਲਾ ਲੈ ਚੁੱਕਿਆ ਹੈ।

ਸਿਕੰਦਰ ਨੇ ਦੱਸਿਆ ਕਿ ਉਹ ਰੋਜ਼ਾਨਾ ਇਕ ਮਸ਼ੀਨ ਵਾਂਗ ਇੱਕੋ ਰੁਟੀਨ ਵਿਚ ਘਰ ਤੋਂ ਕਾਲਜ, ਫ਼ਿਰ ਸਟੋਰ 'ਤੇ ਤੇ ਫ਼ਿਰ ਵਾਪਸ ਘਰ ਆ ਕੇ ਦਿਨ ਲੰਘਾਉਣ ਲੱਗ ਪਿਆ। ਫ਼ਿਰ ਇਕ ਦਿਨ ਅਚਾਨਕ ਉਸ ਨੂੰ ਦੋਸਤ ਦਾ ਫ਼ੋਨ ਆਇਆ ਤੇ ਉਸ ਨੇ ਦੱਸਿਆ ਕਿ ਜੋ ਉਹ ਪੰਜਾਬ ਪੁਲਸ ਦੀ ਪ੍ਰੀਖਿਆ ਦੇ ਕੇ ਗਿਆ ਸੀ, ਉਹ ਉਸ ਵਿਚੋਂ ਪਾਸ ਹੋ ਗਿਆ ਹੈ। ਉਸ ਦੇ ਮਾਪਿਆਂ ਨੇ ਵੀ ਉਸ ਨੂੰ ਵਾਪਸ ਆ ਕੇ ਨਾਲ ਰਹਿਣ ਦੀ ਸਲਾਹ ਦਿੱਤੀ। ਇੰਝ ਉਹ ਮਹਿਜ਼ 3 ਮਹੀਨਿਆਂ ਵਿਚ ਹੀ ਕੈਨੇਡਾ ਤੋਂ ਵਾਪਸ ਪਰਤ ਆਇਆ। ਵਾਪਸ ਆ ਕੇ ਉਸ ਨੇ ਸਬ-ਇੰਸਪੈਕਟਰ ਦੀ ਟ੍ਰੇਨਿੰਗ ਜੁਆਇਨ ਕੀਤੀ ਤੇ ਹੁਣ ਉਹ ਪੰਜਾਬ ਪੁਲਸ ਵਿਚ ਸਬ ਇੰਸਪੈਕਟਰ ਵਜੋਂ ਸੇਵਾਵਾਂ ਦੇ ਰਿਹਾ ਹੈ। ਸਿਕੰਦਰ ਸਿੰਘ ਨੇ ਕਿਹਾ ਕਿ ਉਸ ਨੂੰ ਆਪਣੇ ਫ਼ੈਸਲੇ 'ਤੇ ਮਾਣ ਹੈ। ਉਹ ਹੁਣ ਪਰਿਵਾਰ ਦੇ ਵੀ ਕੋਲ ਹੈ ਤੇ ਇੱਥੇ ਚੰਗੀ ਜ਼ਿੰਦਗੀ ਬਿਤਾ ਰਿਹਾ ਹੈ। ਉਸ ਨੇ ਹੋਰ ਨੌਜਵਾਨਾਂ ਨੂੰ ਵੀ ਆਪਣੀ ਮਿੱਟੀ 'ਚ ਰਹਿ ਕੇ ਹੀ ਮਿਹਨਤ ਕਰਨ ਦੀ ਅਪੀਲ ਕੀਤੀ।

## ਪੰਜਾਬ ਸਰਕਾਰ ਵੱਲੋਂ 1274 ਇਮੀਗ੍ਰੇਸ਼ਨ ਫਰਮਾਂ 'ਤੇ ਛਾਪੇ

### ✪ 24 ਐਫ ਆਈ ਆਰ ਦਰਜ, 7 ਏਜੰਟ ਗ੍ਰਿਫਤਾਰ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਨੇ ਇਮੀਗ੍ਰੇਸ਼ਨ ਦੇ ਨਾਮ 'ਤੇ ਹੋ ਰਹੀ ਠੱਗੀ ਨੂੰ ਰੋਕਣ ਲਈ ਇਹ ਕਾਰਵਾਈ ਕੀਤੀ। ਪੰਜਾਬ ਪੁਲਿਸ ਅਤੇ ਸੰਬੰਧਤ ਵਿਭਾਗਾਂ ਦੀਆਂ ਸਾਂਝੀਆਂ ਟੀਮਾਂ ਨੇ ਸੂਬੇ ਭਰ ਦੀਆਂ 1274 ਇਮੀਗ੍ਰੇਸ਼ਨ ਫਰਮਾਂ 'ਤੇ ਛਾਪੇ ਮਾਰੇ। 24 ਮਾਮਲਿਆਂ ਵਿੱਚ ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 7 ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਸੈਂਕੜੇ ਦਸਤਾਵੇਜ਼ ਅਤੇ ਇਲੈਕਟ੍ਰਾਨਿਕ ਉਪਕਰਨ ਕਬਜ਼ੇ ਵਿੱਚ ਲਏ ਗਏ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ। ਪੰਜਾਬ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਸੂਬੇ ਵਿੱਚ ਗੈਰਕਾਨੂੰਨੀ ਇਮੀਗ੍ਰੇਸ਼ਨ ਕਾਰੋਬਾਰ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਰਕਾਰ ਨੇ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਸਿਰਫ਼ ਰਜਿਸਟਰਡ ਅਤੇ ਪ੍ਰਮਾਣਿਤ ਏਜੰਟਾਂ ਰਾਹੀਂ ਹੀ ਵੀਜ਼ਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਲੈਣ ਦੀ ਸਲਾਹ ਦਿੱਤੀ ਹੈ।

## ਡੀਪੋਰਟ ਦੇ ਮਾਮਲਿਆਂ ਮਗਰੋਂ ਪੰਜਾਬ ਦੇ 271 ਟਰੈਵਲ ਏਜੰਟਾਂ 'ਤੇ ਪੁਲਿਸ ਨੇ ਕੀਤੀ ਕਾਰਵਾਈ

### ✪ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪੁਲਸ ਨੂੰ ਵੀ ਨਿਰਦੇਸ਼ ਦਿੱਤੇ

ਜਲੰਧਰ-ਪੰਜਾਬ ਵਿਚ ਟਰੈਵਲ ਏਜੰਟਾਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਗਈ ਹੈ। ਦਰਅਸਲ ਜਲੰਧਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਮਨੁੱਖੀ ਸਮੱਗਲਿੰਗ ਦੀ ਨਕੇਲ ਕੱਸਣ ਲਈ ਵੱਡਾ ਐਕਸ਼ਨ ਲੈਂਦੇ ਹੋਏ ਜ਼ਿਲ੍ਹੇ ਦੇ 271 ਟਰੈਵਲ ਏਜੰਟਾਂ ਨੂੰ ਨੋਟਿਸ ਜਾਰੀ ਕੀਤੇ ਹਨ। ਨੋਟਿਸ ਉਨ੍ਹਾਂ ਟਰੈਵਲ ਏਜੰਟਾਂ ਨੂੰ ਜਾਰੀ ਕੀਤੇ ਗਏ ਹਨ, ਜਿਨ੍ਹਾਂ ਨੇ ਲਾਇਸੈਂਸ ਦੀ ਸਮਾਪਤੀ ਮਿਤੀ ਤੋਂ ਬਾਅਦ ਵੀ ਲਾਇਸੈਂਸ ਨੂੰ ਰੀਨਿਊ ਨਹੀਂ ਕਰਵਾਇਆ ਹੈ। ਡਿਪਟੀ ਕਮਿਸ਼ਨਰ ਨੇ ਇਸ ਤੋਂ ਇਲਾਵਾ ਜ਼ਿਲ੍ਹੇ ਦੇ ਐੱਸ. ਡੀ. ਐੱਮਜ਼ ਨੂੰ ਆਪਣੇ-ਆਪਣੇ ਅਧਿਕਾਰ ਖੇਤਰ 'ਚ ਟਰੈਵਲ ਏਜੰਟਾਂ ਅਤੇ ਇਮੀਗ੍ਰੇਸ਼ਨ ਕੰਸਲਟੈਂਟਾਂ ਦੇ ਦਫ਼ਤਰਾਂ 'ਚ ਦਸਤਾਵੇਜ਼ਾਂ ਦੀ ਜਾਂਚ ਕਰਨ ਦੇ ਵੀ ਨਿਰਦੇਸ਼ ਦਿੱਤੇ ਤਾਂ ਕਿ ਅਣਅਧਿਕਾਰਿਤ ਟਰੈਵਲ ਏਜੰਟਾਂ ਵੱਲੋਂ ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਨਾਲ ਧੋਖਾਧੜੀ ਦੀ ਸੰਭਾਵਨਾ ਨੂੰ ਰੋਕਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪੁਲਸ ਨੂੰ ਵੀ ਨਿਰਦੇਸ਼ ਦਿੱਤੇ ਕਿ ਜਦੋਂ ਵੀ ਜ਼ਿਲ੍ਹੇ 'ਚ ਕਿਸੇ ਟਰੈਵਲ ਏਜੰਟ ਵਿਰੁੱਧ ਮਾਮਲਾ ਦਰਜ ਹੋਵੇ ਤਾਂ ਇਸ ਦੀ ਸੂਚਨਾ ਤੁਰੰਤ ਡੀ. ਸੀ.




ਆਫਿਸ ਨੂੰ ਦੇਣਾ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਵਿਦੇਸ਼ ਜਾਣ ਦੇ ਇੱਛੁਕ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਮੀਗ੍ਰੇਸ਼ਨ ਲਈ ਹਮੇਸ਼ਾ ਕਾਨੂੰਨੀ ਰਸਤਾ ਚੁਣਨ।

## ਭੈਣ ਨੇ ਕਰਵਾਇਆ ਪ੍ਰੇਮ ਵਿਆਹ, ਭਰਾਵਾਂ ਨੇ ਕੁੱਟ ਮਾਰਿਆ ਜੀਜਾ

### ✪ ਪੁਲਿਸ ਵਲੋਂ ਨਾਮਜ਼ਦ ਲੋਕਾਂ ਖ਼ਿਲਾਫ ਮਾਮਲਾ ਦਰਜ

ਫਿਰੋਜ਼ਪੁਰ-ਆਪਣੀ ਮਰਜ਼ੀ ਨਾਲ ਲੜਕੀ ਨਾਲ ਲਵ ਮੈਰਿਜ ਕਰਵਾਉਣ ਵਾਲੇ ਇਕ ਨੌਜਵਾਨ ਨਾਲ ਬੁਰੀ ਤਰ੍ਹਾਂ ਮਾਰਕੁੱਟ ਕੀਤੀ ਗਈ ਅਤੇ ਜ਼ਖ਼ਮੀ ਹੋਇਆ ਲੜਕਾ ਸਿਵਲ ਹਸਪਤਾਲ ਫਿਰੋਜ਼ਪੁਰ ਵਿਚ ਦਾਖਲ ਹੈ। ਇਸ ਘਟਨਾ ਨੂੰ ਲੈ ਕੇ ਥਾਣਾ ਮਮਦੋਟ ਦੀ ਪੁਲਸ ਵੱਲੋਂ ਕਰੀਬ 8 ਲੋਕਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦੇ ਹੋਏ ਥਾਣਾ ਮਮਦੋਟ ਦੇ ਏਐੱਸਆਈ ਰਾਮ ਪ੍ਰਕਾਸ਼ ਨੇ ਦੱਸਿਆ ਕਿ ਸ਼ਿਕਾਇਤਕਰਤਾ ਮੁਦੱਈ ਜਸਪਾਲ ਸਿੰਘ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿਚ ਦੋਸ਼ ਲਗਾਇਆ ਕਿ ਜਿਸ ਲੜਕੀ ਨਾਲ ਉਸਦੀ ਲਵ ਮੈਰਿਜ ਹੋਈ ਸੀ, ਉਸਦਾ ਭਰਾ ਖੁਸ਼ ਨਹੀਂ ਹੈ। ਉਕਤ ਨੇ ਦੱਸਿਆ ਕਿ ਇਸੇ ਰੰਜਿਸ਼ ਨੂੰ ਲੈ ਕੇ ਲੜਕੀ ਦੇ ਭਰਾ ਸਰਬਜੀਤ ਸਿੰਘ ਅਤੇ ਗੁਰਮੀਤ ਸਿੰਘ, ਰਿੰਕੂ, ਬਲਵਿੰਦਰ ਸਿੰਘ, ਪਰਮਜੀਤ ਸਿੰਘ ਅਤੇ 3 ਅਣਪਛਾਤੇ ਵਿਅਕਤੀਆਂ ਨੇ ਉਸ ਨਾਲ ਕੁੱਟਮਾਰ ਕਰਦੇ ਉਸਨੂੰ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਨਾਮਜ਼ਦ ਲੋਕਾਂ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਯੂਪੀ ਦੀ ਤਰਜ਼ 'ਤੇ ਪੰਜਾਬ ਪੁਲਿਸ ਨੇ ਬੁਲਡੋਜ਼ਰ ਨਾਲ ਨਸ਼ਾ ਸਮਗਲਰ ਦਾ ਘਰ ਢਾਹਿਆ

ਬਰਨਾਲਾ-ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਅਪਰਾਧੀਆਂ ਵਿਰੁੱਧ ਕੀਤੀ ਗਈ ਬੁਲਡੋਜ਼ਰ ਕਾਰਵਾਈ ਦੀ ਤਰਜ਼ 'ਤੇ ਹੁਣ ਪੰਜਾਬ ਵਿੱਚ ਕਾਰਵਾਈ



ਸ਼ੁਰੂ ਹੋ ਗਈ ਹੈ। ਬੀਤੇ ਦਿਨੀਂ ਪੰਜਾਬ ਪੁਲਿਸ ਦੀ ਇੱਕ ਟੀਮ ਨੇ ਇੱਕ ਬਦਨਾਮ ਨਸ਼ਾ ਤਸਕਰ ਦੇ ਘਰ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ। ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਨੇ ਇਹ ਕਾਰਵਾਈ ਤਲਵੰਡੀ ਇਲਾਕੇ ਵਿੱਚ ਕੀਤੀ। ਤਲਵੰਡੀ ਦੇ ਡਰੱਗ ਮਾਫੀਆ ਸੋਨੂੰ ਦਾ ਘਰ ਢਾਹ ਦਿੱਤਾ ਗਿਆ ਹੈ। ਸੋਨੂੰ ਤਿੰਨ ਸਾਲਾਂ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਸੀ ਅਤੇ ਉਸ ਵਿਰੁੱਧ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ ਛੇ ਐਫਆਈਆਰ ਦਰਜ ਹਨ। ਪੁਲਿਸ ਵੱਲੋਂ ਇਹ ਕਾਰਵਾਈ ਉਕਤ ਐਫਆਈਆਰ ਦੇ ਮੱਦੇਨਜ਼ਰ ਕੀਤੀ ਗਈ ਹੈ। ਪੁਲਿਸ ਦਾ ਮੰਨਣਾ ਹੈ ਕਿ ਇਹ ਜਾਇਦਾਦ ਨਸ਼ੀਲੇ ਪਦਾਰਥ ਵੇਚ ਕੇ ਹਾਸਲ ਕੀਤੀ ਗਈ ਸੀ। ਦੱਸ ਦੇਈਏ ਕਿ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ ਸਰਕਾਰ ਨੇ ਇਸਨੂੰ ਇੱਕ ਨਵਾਂ ਨਾਮ ਦਿੱਤਾ ਹੈ। ਸਰਕਾਰ ਨੇ ਇਸਨੂੰ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਦਾ ਨਾਮ ਦਿੱਤਾ ਹੈ। ਪੰਜਾਬ ਪੁਲਿਸ ਵੱਲੋਂ ਇਲਾਕੇ ਵਿੱਚ ਨਸ਼ੇ ਵੇਚਣ ਵਾਲੇ ਨਸ਼ਾ ਵੇਚਣ ਵਾਲਿਆਂ ਨੂੰ ਵੀ ਚੇਤਾਵਨੀ ਦਿੱਤੀ ਗਈ ਹੈ। ਜੇਕਰ ਕੋਈ ਤਸਕਰੀ ਕਰਦਾ ਪਾਇਆ ਜਾਂਦਾ ਹੈ, ਤਾਂ ਉਸ ਵਿਰੁੱਧ ਵੀ ਇਸੇ ਤਰ੍ਹਾਂ ਦੀ ਕਾਰਵਾਈ ਕੀਤੇ ਜਾਣ ਦੀ ਚੇਤਾਵਨੀ ਹੈ।

# ਧਾਮੀ ਦੇ ਅਸਤੀਫੇ ਬਾਅਦ ਅਕਾਲ ਤਖਤ, ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਟਕਰਾਅ ਵਲ

## ✪ ਧਾਮੀ ਅਸਤੀਫਾ ਵਾਪਸ ਲੈਣ ਦੇ ਮੂਡ ਵਿੱਚ ਨਹੀਂ, ਕਾਨੂੰਨੀ ਪ੍ਰੈਕਟਿਸ ਦੁਬਾਰਾ ਸ਼ੁਰੂ ਕੀਤੀ

## ✪ ਜਥੇਦਾਰ ਅਕਾਲ ਤਖਤ ਨੇ ਕਿਹਾ ਕਿ ਧਾਮੀ ਆਪਣਾ ਅਸਤੀਫ਼ਾ ਵਾਪਸ ਲੈਣ





ਜਲੰਧਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀ ਕਾਰਜਕਾਰੀ ਕਮੇਟੀ ਨੇ ਆਪਣੇ ਪ੍ਰਧਾਨ, ਹਰਜਿੰਦਰ ਸਿੰਘ ਧਾਮੀ ਦੇ ਅਸਤੀਫੇ ’ਤੇ ਫੈਸਲਾ ਨਾ ਮਨਜ਼ੂਰ ਕੀਤਾ ਹੈ। ਕਮੇਟੀ ਨੇ ਹਰਜਿੰਦਰ ਸਿੰਘ ਧਾਮੀ ਨੂੰ ਆਪਣੇ ਫ਼ੈਸਲੇ ’ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ। ਦੂਜੇ ਪਾਸੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਨੂੰ ਇਸਨੂੰ ਵਾਪਸ ਲੈਣ ਲਈ ਕਿਹਾ ਹੈ ਕਿ ਉਨ੍ਹਾਂ 7 ਮੈਂਬਰੀ ਕਮੇਟੀ ਦੀ ਜ਼ਿੰਮੇਵਾਰੀ ਤੇ ਸ੍ਰੋਮਣੀ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਸੰਭਾਲਣੀਆਂ ਚਾਹੀਦੀਆਂ ਹਨ। ਹਾਲੇ ਤਕ ਧਾਮੀ ਇਸ ਮਾਮਲੇ ਬਾਰੇ ਚੁਪ ਹਨ।

ਪੇਸ਼ੇ ਤੋਂ ਵਕੀਲ, ਧਾਮੀ ਨੇ ਪਹਿਲਾਂ ਹੀ ਆਪਣੀ ਕਾਨੂੰਨੀ ਅਭਿਆਸ ਦੁਬਾਰਾ ਸ਼ੁਰੂ ਕਰਨ ਲਈ ਹੁਸ਼ਿਆਰਪੁਰ ਦੀਆਂ ਜ਼ਿਲ੍ਹਾ ਅਦਾਲਤਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਧਾਮੀ ਦੇ ਨਜ਼ਦੀਕੀ ਸੂਤਰਾਂ ਨੇ ਕਿਹਾ ਕਿ ਉਹ ਆਪਣਾ ਅਸਤੀਫਾ ਵਾਪਸ ਲੈਣ ਦੇ ਮੂਡ ਵਿੱਚ ਨਹੀਂ ਹਨ। ਇੱਕ ਸੂਤਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਕਾਰਜਕਾਰੀ ਕਮੇਟੀ ਵੱਲੋਂ ਉਨ੍ਹਾਂ ਦੇ ਅਸਤੀਫ਼ੇ ਨੂੰ ਰਸਮੀ ਤੌਰ ’ਤੇ ਰੱਦ ਕਰਨ ਨਾਲ ਹੀ ਉਨ੍ਹਾਂ ਨੂੰ ਆਪਣੇ ਫੈਸਲੇ ’ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਇਸ ਤੋਂ ਪਹਿਲਾਂ, ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਸੂਚਿਤ ਕੀਤਾ ਸੀ ਕਿ ਉਹ ਆਪਣਾ ਅਹੁਦਾ ਨਹੀਂ ਸੰਭਾਲਣਗੇ ਭਾਵੇਂ ਉਨ੍ਹਾਂ ਦਾ ਅਸਤੀਫ਼ਾ ਰੱਦ ਕਰ ਦਿੱਤਾ ਜਾਵੇ। ਪਰ, ਹੁਣ, ਅਜਿਹਾ ਲੱਗਦਾ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਦੇ ਤਾਜ਼ਾ ਬਿਆਨ ਅਤੇ ਉਨ੍ਹਾਂ ਵੱਲੋਂ ਇੱਕ ਹੋਰ ਨਿਰਦੇਸ਼, ਅਤੇ ਸ਼੍ਰੋਮਣੀ ਕਮੇਟੀ ਕਾਰਜਕਾਰੀ ਕਮੇਟੀ ਵੱਲੋਂ ਰਸਮੀ ਤੌਰ ’ਤੇ ਉਨ੍ਹਾਂ ਦੇ ਅਸਤੀਫ਼ੇ ਨੂੰ ਰੱਦ ਕਰਨ ਨਾਲ, ਧਾਮੀ ਆਪਣੇ ਫੈਸਲੇ ’ਤੇ ਮੁੜ ਵਿਚਾਰ ਕਰ ਸਕਦੇ ਹਨ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਉਹ ਅਕਾਲ ਤਖ਼ਤ ਦੇ ਨਿਰਦੇਸ਼ਾਂ - ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਲਈ ਸੱਤ ਮੈਂਬਰੀ ਕਮੇਟੀ ਦੀ ਅਗਵਾਈ ਕਰਨ ਅਤੇ ਫਿਰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਾਂਚ ’ਤੇ - ਅਤੇ ਸੁਖਬੀਰ ਸਿੰਘ ਬਾਦਲ ਦੇ ਅਹਿਸਾਨ ਕਰਨ ਵਿਚਾਲੇ ਫਸੇ ਹੋਏ ਸਨ। ਦੋਵਾਂ ਮੁੱਦਿਆਂ ’ਤੇ ਵੱਖ-ਵੱਖ ਹਿੱਸਿਆਂ ਤੋਂ ਆਲੋਚਨਾ ਦਾ ਸਾਹਮਣਾ ਕਰਨ ਅਤੇ ਸੱਤ ਮੈਂਬਰੀ ਕਮੇਟੀ ਵਿਚ ਬਾਦਲ ਦਲ ਵਲੋਂ ਕੋਈ ਸਹਿਯੋਗ ਨਾ ਦੇਣ ਕਾਰਣ ਉਨ੍ਹਾਂ ਨੇ ਅਸਤੀਫ਼ਾ ਦੇਣ ਦਾ ਫੈਸਲਾ ਕੀਤਾ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਬਰਖਾਸਤ ਕਰਨ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਦੇ ਆਲੋਚਨਾਤਮਕ ਬਿਆਨ ਬਾਅਦ ਧਾਮੀ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ। ਅਕਾਲੀ ਲੀਡਰਸ਼ਿਪ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਮੈਂਬਰਸ਼ਿਪ ਮੁਹਿੰਮ ਆਪਣੇ ਆਪ ਹੀ ਚਲਾਏਗੀ, ਜਿਵੇਂ ਕਿ ਉਸਦੀ ਵਰਕਿੰਗ ਕਮੇਟੀ ਨੇ ਫੈਸਲਾ ਕੀਤਾ ਸੀ, ਨਾ ਕਿ ਪਿਛਲੇ ਸਾਲ 2 ਦਸੰਬਰ ਦੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਅਨੁਸਾਰ।

ਧਾਮੀ ਦੇ ਅਸਤੀਫ਼ੇ ਤੋਂ ਬਾਅਦ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਜਥੇਦਾਰ ਅਕਾਲ ਤਖਤ ਵਿਰੁੱਧ ਨਵਾਂ ਫਰੰਟ ਖੋਲਣ ਦਾ ਫੈਸਲਾ ਕਰ ਲਿਆ ਜਾਪਦਾ ਹੈ, ਖਾਸ ਕਰਕੇ ਜਿਸ ਤਰੀਕੇ ਨਾਲ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਕਾਰਜਕਾਰੀ ਕਮੇਟੀ ਨੂੰ ਜਥੇਦਾਰਾਂ ਨੂੰ ਹਟਾਉਣ ਦਾ ਪੂਰਾ ਅਧਿਕਾਰ ਹੈ। ਅਜਿਹਾ ਕਰਕੇ, ਉਨ੍ਹਾਂ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਹਟਾਉਣ ਨੂੰ ਜਾਇਜ਼ ਠਹਿਰਾਇਆ ਅਤੇ ਨਾਲ ਹੀ, ਅਕਾਲ ਤਖ਼ਤ ਦੇ ਜਥੇਦਾਰ ਦੇ ਅਧਿਕਾਰ ਦੀਆਂ ਸੀਮਾਵਾਂ ਨੂੰ ਰੇਖਾਂਕਿਤ ਕੀਤਾ। ਇਸ ਸਬੰਧੀ ਜਥੇਦਾਰ ਅਕਾਲ ਤਖਤ ਨਾਲ ਮੀਟਿੰਗ ਕਰਕੇ ਦਬਾਅ ਵੀ ਬਣਾਇਆ।

ਹਾਲਾਂਕਿ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਕਾਰਜਕਾਰੀ ਕਮੇਟੀ ’ਤੇ ਨਿਸ਼ਾਨਾ ਸਾਧਣ ਤੋਂ ਬਾਅਦ ਉਹ ਚੁੱਪ ਹੋ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਤੋਂ ਜਾਣੂ ਕਰਵਾ ਦਿੱਤਾ ਗਿਆ ਸੀ ਕਿ ਉਨ੍ਹਾਂ ਦਾ ਅਧਿਕਾਰ ਅਕਾਲ ਤਖ਼ਤ ਦੀਆਂ ਚਾਰ ਦੀਵਾਰਾਂ ਤੱਕ ਸੀਮਤ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਅੰਤ੍ਰਿੰਗ ਕਮੇਟੀ ਦੇ ਅਧਿਕਾਰਾਂ ਤੋਂ ਜਾਣੂ ਕਰਾਉਂਦਿਆਂ ਇਹ ਦੱਸਿਆ ਕਿ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ, ਜਥੇਦਾਰ ਜਾਂ ਕਿਸੇ ਵੀ ਮੁਲਾਜ਼ਮ ਨੂੰ ਸੇਵਾ ਦੇਣ ਜਾਂ ਵਾਪਸ ਲੈਣ ਦੇ ਅਧਿਕਾਰ ਰੱਖਦੀ ਹੈ। ਉਨ੍ਹਾਂ ਕਿਹਾ ਕਿ ਉਹ ਸਮਝਦੇ ਸਨ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਇਆ ਹੁਕਮ ਵਿਸ਼ਵ ਵਿਆਪੀ ਹੈ ਪਰ ਅੰਤ੍ਰਿੰਗ ਕਮੇਟੀ ਵੱਲੋਂ ਜੋ ਉਨ੍ਹਾਂ ਨੂੰ ਦੱਸਿਆ ਗਿਆ ਉਸ ਤੋਂ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਇਆ ਹੁਕਮ ਸ੍ਰੀ ਅਕਾਲ ਤਖਤ ਸਾਹਿਬ ਦੀ ਚਾਰਦੀਵਾਰੀ ਦੇ ਅੰਦਰ ਹੁੰਦਾ ਹੈ ਅਤੇ ਅੰਦਰ ਹੀ ਖਤਮ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਧਾਨ ਸ਼ਹੀਦਾਂ ਦੀਆਂ ਚਿਖਾਵਾਂ ਦੀ ਰੋਸ਼ਨੀ ਵਿੱਚ ਬੈਠ ਕੇ ਲਿਖਿਆ ਗਿਆ ਹੈ। ਸਾਨੂੰ ਇਹਨਾਂ ਸੰਸਥਾਵਾਂ ਨੂੰ ਹਰ ਕੀਮਤ ’ਤੇ ਬਚਾ ਕੇ ਰੱਖਣਾ ਚਾਹੀਦਾ ਹੈ ਲ ਜਥੇਦਾਰ ਨੂੰ ਉਨਾਂ ਦੇ ਅਸਤੀਫੇ ਦੀਆਂ ਚਰਚਾਵਾਂ ਸਬੰਧੀ ਪੁੱਛੇ ਸਵਾਲ ’ਤੇ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜਿੰਨੀ ਦੇਰ ਗੁਰੂ ਸਾਹਿਬ ਚਾਹੁੰਣਗੇ ਉਨੀਂ ਨਹੀਂ ਦੇਰ ਸੇਵਾਵਾਂ ਦੇਣਗੇ। ਸ਼੍ਰੋਮਣੀ ਅਕਾਲੀ ਦਲ ਦੀ ਹੋ ਰਹੀ ਭਰਤੀ ਸਬੰਧੀ ਉਨ੍ਹਾਂ ਕਿਹਾ ਕਿ ਸੱਤ ਮੈਂਬਰੀ ਕਮੇਟੀ ਨੂੰ ਮਿਲੀ ਆਪਣੀ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਭਾਵੇਂ ਧਾਮੀ ਦੇ ਅਸਤੀਫ਼ੇ ’ਤੇ ਫੈਸਲਾ ਲੈਣ ਲਈ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਹੋਈ ਸੀ, ਪਰ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਅਤੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਵੱਲੋਂ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਬਾਰੇ ਦਿੱਤੇ ਬਿਆਨਾਂ ਅਤੇ ਫਿਰ ਜਥੇਦਾਰ ਵੱਲੋਂ ਕੀਤੀ ਗਈ ਟਿਪਣੀ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਲੀਡਰਸ਼ਿਪ ਦੀ ਆਲੋਚਨਾ ਨੂੰ ਹੋਰ ਵਧਾ ਦਿੱਤਾ ਹੈ। ਇਥੇ ਜ਼ਿਕਰਯੋਗ ਹੈ ਕਿ 2 ਦਸੰਬਰ ਦੇ ਹੁਕਮਨਾਮੇ ਤੋਂ ਬਾਅਦ ਤਿੰਨੋਂ ਪੰਥਕ ਸੰਸਥਾਵਾਂ - ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ - ਇੱਕ ਸੰਕਟਮਈ ਤੇ ਟਕਰਾਅ ਦੀ ਸਥਿਤੀ ਵਿੱਚ ਹਨ। ਇਸ ਕਾਰਣ ਪੰਥਕ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ।

### ਅਕਾਲ ਤਖਤ ਸਾਹਿਬ ਦਾ ਹੁਕਮਨਾਮਾ ਲਾਗੂ ਕਰਾਉਣ ਲਈ ਜਥੇਦਾਰ ਦ੍ਰਿੜ੍ਹ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਚੱਲ ਰਹੇ ਵਿਵਾਦ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖਤ ਰੁਖ ਅਪਨਾਇਆ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਟਕਰਾਅ ਦੀ ਨੀਤੀ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2 ਦਸੰਬਰ ਨੂੰ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਇਆ ਜਾਏਗਾ।

ਬਾਕੀ ਹਿਸਾ ਸਫਾ 6 ਤੇ ਪੜ੍ਹੋ →

## ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਘਟਾਉਣ ਵਾਲਾ ਜਥੇਦਾਰ ਬਿਆਨ ਵਾਪਸ ਲੈਣ : ਗਿਆਨੀ ਗੌਹਰ



ਅੰਮ੍ਰਿਤਸਰ-ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਪੱਤਰ ਲਿਖ ਕੇ ਦਿੱਤੇ ਹੋਏ ਬਿਆਨ ਨੂੰ ਵਾਪਸ ਲੈਣ ਲਈ ਬੇਨਤੀ ਕੀਤੀ ਹੈ, ਜਿਸ ਵਿਚ ਲਿਖਿਆ ਸੀ। ਉਨ੍ਹਾਂ ਕਿਹਾ ਕਿ ਇਹ ਬਿਆਨ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਨਿਮਨ ਸਤਰ ’ਤੇ ਲਿਆਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨਾਂ ਨੂੰ ਆਪਣੀ ਮੀਟਿੰਗ ਦੌਰਾਨ ਉਹ ਮੁੱਦੇ ਨਹੀਂ ਵਿਚਾਰਨੇ ਚਾਹੀਦੇ ਜਿਨ੍ਹਾਂ ਦਾ ਸੰਬੰਧ ਕਾਨੂੰਨੀ ਸੰਵਿਧਾਨਕ ਪ੍ਰਕਿਰਿਆ ਨਾਲ ਜੁੜਿਆ ਹੋਵੇ।

## ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਦੇ ਆਪਸੀ ਟਕਰਾਅ ਲਈ ਗਿਆਨੀ ਹਰਪ੍ਰੀਤ ਸਿੰਘ ਦੋਸ਼ੀ-ਬਾਦਲ ਦਲ




ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਅਖੌਤੀ ਪੰਥਕ ਕਨਵੈਨਸ਼ਨ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਹਿਣ ’ਤੇ ਗਿਆਨੀ ਹਰਪ੍ਰੀਤ ਸਿੰਘ ਦੀ ਸ਼ਮੂਲੀਅਤ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭਾਜਪਾ ਦੇ ਇਸ਼ਾਰੇ ’ਤੇ ਨੁਕਸਾਨ ਪਹੁੰਚਾਉਣ ਦੀ ਡੂੰਘੀ ਸਾਜਿਸ਼ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਇਸ ਕਨਵੈਨਸ਼ਨ ਦਾ ਮਕਸਦ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਅਤੇ ਭਾਜਪਾ ਨਾਲ ਗੱਠਜੋੜ ਵਾਸਤੇ ਇਸ ਦੀ ਸਮਝੌਤੇ ਦੀ ਤਾਕਤ ਨੂੰ ਕਮਜ਼ੋਰ ਕਰਨਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਲੰਬੇ ਸਮੇਂ ਤੋਂ ਸਿੱਖ ਪੰਥ ਦੇ ਜਥੇਦਾਰ ਸਾਹਿਬਾਨ ਨੂੰ ਆਪਣੇ ਵੱਲ ਖਿੱਚ ਰਹੀ ਹੈ ਤੇ ਗਿਆਨੀ ਹਰਪ੍ਰੀਤ ਸਿੰਘ ਇਸ ਯੋਜਨਾ ਨੂੰ ਸਫਲ ਬਣਾਉਣ ਵਾਸਤੇ ਭਾਜਪਾ ਦਾ ਸਾਥ ਦੇ ਰਹੇ ਹਨ। ਉਹ ਅਕਾਲ ਤਖਤ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਆਪਸੀ ਟਕਰਾਅ ਲਈ ਜ਼ਿੰਮੇਵਾਰ ਹਨ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ 2 ਮਾਰਚ ਨੂੰ ਹੋਣ ਵਾਲੀ ਜਨਰਲ ਬਾਡੀ ਮੀਟਿੰਗ ਲਈ ਜਾਰੀ ਹੋਏ ਦੋ ਨੋਟਿਸ ਬਣੇ ਵਿਵਾਦ ਦਾ ਮੁੱਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਜਨਰਲ ਬਾਡੀ ਦੀ 2 ਮਾਰਚ ਨੂੰ ਹੋਣ ਜਾ ਰਹੀ ਮੀਟਿੰਗ ਸਬੰਧੀ ਜਾਰੀ ਕੀਤੇ ਗਏ ਨੋਟਿਸ ਦੀਆਂ ਦੋ ਵੱਖ ਵੱਖ ਕਾਪੀਆਂ ਸਾਹਮਣੇ ਆਉਣ ਕਾਰਨ ਵਿਵਾਦ ਪੈਦਾ ਹੋ ਗਿਆ ਹੈ। ਦੋਵੇਂ ਕਾਪੀਆਂ ਭਾਵੇਂ ਇਕੋ ਤਾਰੀਖ 8 ਫਰਵਰੀ ਨੂੰ ਜਾਰੀ ਹੋਈਆਂ ਹਨ। ਜਿਸ ਦੇ ਸਬੰਧ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ, ਸਾਬਕਾ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ ਅਤੇ ਗੁਰਬਚਨ ਸਿੰਘ ਅਟਵਾਲ ਨੇ ਕਿਹਾ ਕਿ ਇਸ ਨਾਲ ਸੰਗਤਾਂ ਗੁੰਮਰਾਹ ਹੋ ਰਹੀਆਂ ਹਨ। ਕਿਉਂਕਿ ਇੱਕ ਨੋਟਿਸ ਵਿੱਚ ਚੋਣ ਬਾਬਤ ਕੁਝ ਵੀ ਨਹੀਂ ਲਿਖਿਆ ਗਿਆ ਜਦ ਕਿ ਦੂਜੇ ਨੋਟਿਸ ਵਿੱਚ ਚੋਣ ਕਮੇਟੀ ਅਤੇ ਮੈਂਬਰਿਸ਼ਪ ਕਮੇਟੀ ਬਣਾਉਣ ਦਾ ਏਜੰਡਾ ਸ਼ਾਮਿਲ ਕੀਤਾ ਗਿਆ ਹੈ।

ਉਹਨਾਂ ਇਹ ਵੀ ਦੋਸ਼ ਲਾਇਆ ਕਿ ਚੋਣ ਕਮੇਟੀ ਦੀ ਪ੍ਰਕ੍ਰਿਆ ਉਸੇ ਢੰਗ ਨਾਲ ਕਰਨ ਦਾ ਸੰਕੇਤ ਦਿੱਤਾ ਹੈ ਜਿਸ ਬਾਬਤ ਪਹਿਲਾਂ ਹੀ ਇਤਰਾਜ਼ ਪ੍ਰਗਟਾਇਆ ਜਾ ਚੁੱਕਾ ਹੈ, ਕਿਉਂਕਿ ਪਿਛਲੇ ਸਾਲ ਸੰਵਿਧਾਨ ਵਿੱਚ ਸੋਧ ਕਰਕੇ ਨਵੇਂ ਟਰੱਸਟੀਆਂ ਦੀ ਚੋਣ ਗੈਰ ਸੰਵਿਧਾਨਿਕ ਤਰੀਕੇ ਨਾਲ ਕੀਤੀ ਗਈ ਸੀ। ਜਿਸ ਵਿੱਚ ਪ੍ਰੀਵਾਰਿਕ ਮੈਂਬਰਾਂ ਨੂੰ ਟਰੱਸਟੀ ਬਣਾਇਆ ਗਿਆ ਅਤੇ ਹੁਣ ਉਹਨਾਂ ਟਰੱਸਟੀਆਂ ਨੂੰ ਹੀ ਅਗਲੀਆਂ ਚੋਣਾਂ ਕਰਵਾਉਣ ਦੇ ਅਧਿਕਾਰ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ: ਮੱਲੀ ਨੇ ਉਕਤ ਮਾਮਲੇ ਸਬੰਧੀ ਇੱਕ ਵੀਡੀਓ ਵੀ ਜਾਰੀ ਕੀਤਾ ਹੈ।



ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ

GENERAL BODY MEETING NOTICE

8th Feb 2025

Notice is hereby given that the General Body Meeting of the Sabha will be convened on Sunday the 2nd of March 2025 at 3.30 pm in the main hall of the Gurdwara at 2 – 8 Park Avenue, Southall, Middlesex UB1 3AG

Agenda:

1. Japji Sahib Path
2. Ardas and Hukamnama
3. Welcome by the President
4. General Secretary's Report
5. Treasurer's Report

Entry is strictly by way of proof of membership, please bring your current membership card.

We sincerely and humbly ask all members to attend, take part and contribute.

If any member wishes to address the General Body, they must email gensec@sgsss.org by the 23rd of Feb 2025. If you are unable to use email, you can visit either Gurdwara office where staff will lodge your request via email for you.

Harmeet Singh Gill
General Secretary

1

ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ

GENERAL BODY MEETING NOTICE

SINGH SABHA

8th Feb 2025

Notice is hereby given that the General Body Meeting of the Sabha will be convened on Sunday the 2nd of March 2025 at 3.30 pm in the main hall of the Gurdwara at 2 – 8 Park Avenue, Southall, Middlesex UB1 3AG

Agenda:

1. Japji Sahib Path
2. Ardas and Hukamnama
3. Welcome by the President
4. General Secretary's Report
5. Treasurer's Report

In accordance with clause 1 of the Second Schedule of the Sabha's constitution (as most recently amended on Feb 18th 2024), an announcement of the members of the Membership and Election Committee will also be made.

Entry is strictly by way of proof of membership, please bring your current membership card.

We sincerely and humbly ask all members to attend, take part and contribute.

If any member wishes to address the General Body, they must email gensec@sgsss.org by the 23rd of Feb 2025. If you are unable to use email, you can visit either Gurdwara office where staff will lodge your request via email for you.

Harmeet Singh Gill
General Secretary

2

ਜਨਰਲ ਬਾਡੀ ਸਬੰਧੀ ਜਾਰੀ ਹੋਏ ਦੋਵੇਂ ਨੋਟਿਸਾਂ ਦੀਆਂ ਕਾਪੀਆਂ

ਜਦ ਇਸ ਬਾਰੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਨੂੰ ਪੁੱਛਿਆ ਗਿਆ ਤਾਂ ਉਹਨਾਂ ਨੇ ਕਿਹਾ ਹੈ ਕਿ ਦੋਵੇਂ ਨੋਟਿਸ ਗੁਰਦੁਆਰਾ ਸਾਹਿਬ ਵੱਲੋਂ ਹੀ ਕੱਢੇ ਗਏ ਹਨ। ਪਹਿਲਾ ਨੋਟਿਸ ਜਾਰੀ ਹੋਣ ਤੋਂ ਘੰਟਾ ਕੁ ਬਾਅਦ ਵਿੱਚ ਹੀ ਦੂਜਾ ਨੋਟਿਸ ਮੀਟਿੰਗ ਬਾਰੇ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਮੀਟਿੰਗ ਦਾ ਪੂਰਾ ਵੇਰਵਾ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਕੁਝ ਵੀ ਗੈਰ ਸੰਵਿਧਾਨਿਕ ਨਹੀਂ ਹੈ, ਅਸੀਂ ਪੂਰੀ ਪਾਰਦਰਸ਼ਤਾ ਨਾਲ ਸੇਵਾਵਾਂ ਦੇ ਰਹੇ ਹਾਂ। ਅੱਗੋਂ ਵੀ ਜਨਰਲ ਬਾਡੀ ਅਤੇ ਹੋਰ ਪ੍ਰਕ੍ਰਿਆਵਾਂ ਸੰਵਿਧਾਨ ਮੁਤਾਬਿਕ ਹੀ ਹੋਣਗੀਆਂ।

ਜਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੀ ਮੌਜੂਦਾ ਕਮੇਟੀ ਦੀ ਟਰਮ ਅਕਤੂਬਰ 2025 ਵਿੱਚ ਖ਼ਤਮ ਹੋ ਰਹੀ ਹੈ। ਜਦ ਕਿ ਟਰੱਸਟੀਆਂ ਦੀ ਚੋਣ ਨੂੰ ਚਣੌਤੀ ਦੇਣ ਲਈ ਕੁਝ ਮੈਂਬਰ ਅਦਾਲਤ ਦਾ ਦਰਵਾਜ਼ੇ ਤੱਕ ਪਹੁੰਚੇ ਹੋਏ ਹਨ। ਕਿਉਂਕਿ ਉਹਨਾਂ ਦਾ ਦੋਸ਼ ਹੈ ਕਿ ਟਰੱਸਟੀਆਂ ਦੀ ਚੋਣ ਮੌਕੇ ਸੰਵਿਧਾਨਕ ਪ੍ਰਕ੍ਰਿਆ ਦੀ ਪਾਲਣਾ ਨਹੀਂ ਕੀਤੀ ਗਈ ਸੀ।

## ਅਕਾਲੀ ਦਲ ਪਾਰਟੀ ਦੀ ਭਰਤੀ ਮੁਕੰਮਲ

### ✪ ਭਰਤੀ ਕਾਪੀਆਂ ਵੰਡਣ ਨੂੰ ਬੰਦ ਕਰਨ ਦਾ ਕੀਤਾ ਐਲਾਨ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪਾਰਲੀਮਾਨੀ ਬੋਰਡ ਨੇ ਪਾਰਟੀ ਦੀ ਮੈਂਬਰਸ਼ਿਪ ਭਰਤੀ ਵਾਸਤੇ ਪਰਚੀਆਂ ਵੰਡਣ ਦਾ ਕੰਮ ਬੰਦ ਕਰਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਹੁਣ ਤੱਕ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੂੰ 33 ਲੱਖ ਫਾਰਮ ਵੰਡੇ ਜਾ ਚੁੱਕੇ ਹਨ। ਸਾਰੇ ਸੂਬਾ ਤੇ ਜ਼ਿਲ੍ਹਾ ਪੱਧਰੀ ਆਬਜ਼ਰਵਰਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਹ 25 ਫਰਵਰੀ ਤੱਕ ਪਾਰਟੀ ਦੇ ਮੁੱਖ ਦਫ਼ਤਰ ਵਿਚ ਮੈਂਬਰਸ਼ਿਪ ਕਾਪੀਆਂ ਜਮ੍ਹਾਂ ਕਰਵਾਉਣ ਅਤੇ ਇਸ ਦੇ ਨਾਲ ਹੀ ਮੈਂਬਰਸ਼ਿਪ ਭਰਤੀ ਕਰਨ ਵਾਸਤੇ ਸਰਕਲ ਡੈਲੀਗੇਟਾਂ ਦੇ ਨਾਂਅ ਵੀ ਦਿੱਤੇ ਜਾਣ। ਜ਼ਿਲ੍ਹਾ ਡੈਲੀਗੇਟਾਂ ਦੀ ਚੋਣ ਮੁਕੰਮਲ ਹੋਣ ਮਗਰੋਂ ਪਾਰਟੀ ਦੇ ਪ੍ਰਧਾਨ ਦੀ ਚੋਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।

### 5 ਸਫ਼ੇ ਦੀ ਬਾਕੀ

ਦਰਅਸਲ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੇ ਪੰਜ ਮੈਂਬਰਾਂ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਤੇ ਇਕਬਾਲ ਸਿੰਘ ਝੂੰਦਾ ਨੇ ਬੀਤੇ ਦਿਨੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਸੀ ਤੇ ਉਨ੍ਹਾਂ ਨੂੰ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੱਤੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਭਰਤੀ ਲਈ ਬਣਾਈ ਗਈ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੋਈ ਸਮਰਥਨ ਨਹੀਂ ਮਿਲ ਰਿਹਾ ਤੇ ਉਹ ਭਰਤੀ ਆਪਣੇ ਆਪ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਵਰਕਿੰਗ ਕਮੇਟੀ ਸਹਿਯੋਗ ਨਹੀਂ ਕਰ ਰਹੀ। ਇਸ ਕਾਰਨ ਭਰਤੀ ਪ੍ਰਕਿਰਿਆ ਸਹੀ ਢੰਗ ਨਾਲ ਨਹੀਂ ਚੱਲ ਰਹੀ। ਕਮੇਟੀ ਆਪਣੇ ਪੱਧਰ 'ਤੇ ਕੰਮ ਕਰਨ ਦੇ ਅਯੋਗ ਹੈ। ਮੈਂਬਰਾਂ ਵਿੱਚੋਂ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਕ੍ਰਿਪਾਲ ਸਿੰਘ ਬਡੂੰਗਰ ਨੇ ਅਸਤੀਫ਼ਾ ਦੇ ਦਿੱਤਾ ਹੈ। ਜਥੇਦਾਰ ਨੂੰ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਅਕਾਲ ਤਖ਼ਤ ਸਾਹਿਬ ਜੋ ਵੀ ਹੋਰ ਹੁਕਮ ਦੇਵੇਗਾ, ਕਮੇਟੀ ਮੈਂਬਰ ਉਸ ਅਨੁਸਾਰ ਕੰਮ ਕਰਨਗੇ। ਕਮੇਟੀ ਮੈਂਬਰਾਂ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਭਰੋਸਾ ਦਿੱਤਾ ਹੈ ਕਿ ਉਹ 2 ਦਸੰਬਰ ਨੂੰ ਅਕਾਲ ਤਖ਼ਤ ਦੇ ਫੈਸਲੇ ਰਾਹੀਂ ਜਾਰੀ ਕੀਤੇ ਗਏ ਹੁਕਮ ਨੂੰ ਲਾਗੂ ਕਰਨਗੇ। ਇਹ ਵੀ ਪਤਾ ਲੱਗਾ ਹੈ ਕਿ ਦੋ ਮੈਂਬਰਾਂ ਵੱਲੋਂ ਅਸਤੀਫਾ ਦੇਣ ਕਰਕੇ ਹੁਣ ਪੰਜ ਮੈਂਬਰੀ ਕਮੇਟੀ ਹੀ ਆਪਣਾ ਕੰਮ ਅੱਗੇ ਜਾਰੀ ਰੱਖ ਸਕਦੀ ਹੈ। ਕਮੇਟੀ ਮੈਂਬਰਾਂ ਨੇ ਕਿਹਾ ਕਿ ਜਥੇਦਾਰ ਸਾਹਿਬ ਨੇ ਭਰੋਸਾ ਦੁਆਇਆ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨੀ ਪਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਸਖਤ ਰੁਖ਼ ਮਗਰੋਂ ਅਕਾਲੀ ਦਲ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਅਕਾਲੀ ਦਲ ਖਦਸ਼ਾ ਹੈ ਕਿ ਜਥੇਦਾਰ ਮੈਂਬਰਸ਼ਿਪ ਭਰਤੀ ਉਪਰ ਵੀ ਸਵਾਲੀਆ ਨਿਸ਼ਾਨ ਲੱਗਾ ਸਕਦੇ ਹਨ। ਇਸ ਕਾਰਣ ਜਥੇਦਾਰ ਤੇ ਅਕਾਲੀ ਦਲ ਦਾ ਆਪਸੀ ਟਕਰਾਅ ਵਧ ਸਕਦਾ ਹੈ। ਸੂਤਰਾਂ ਤੋਂ ਪਤਾ ਲਗਾ ਹੈ ਕਿ ਬਾਦਲ ਅਕਾਲੀ ਦਲ ਭਰਤੀ ਰਦ ਕਰਨ ਦੇ ਮੂਡ ਵਿਚ ਨਹੀਂ ਹੈ।

## ਕੀ ਸੈਸ਼ਨ ਵਿਚ ਹਿੱਸਾ ਲੈ ਸਕਣਗੇ ਅੰਮ੍ਰਿਤਪਾਲ ਸਿੰਘ ?

### ✪ ਕੇਂਦਰ ਨੇ ਹਾਈਕੋਰਟ ਨੂੰ ਦਿੱਤੀ ਜਾਣਕਾਰੀ ਕਿ ਕਮੇਟੀ ਦਾ ਗਠਨ ਕੀਤਾ

### ✪ ਹਾਈ ਕੋਰਟ ਨੇ ਮਾਮਲੇ ਦੀ ਸੁਣਵਾਈ ਅਗਲੇ ਹਫ਼ਤੇ ਤੱਕ ਕੀਤੀ ਮੁਲਤਵੀ

ਚੰਡੀਗੜ੍ਹ-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਸੰਸਦ ਦੇ ਸੈਸ਼ਨ ਵਿੱਚ ਹਿੱਸਾ ਲੈਣ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਹੋਈ ਹੈ। ਪੰਜਾਬ ਹਰਿਆਣਾ ਹਾਈਕੋਰਟ ਵਿਚ ਸੁਣਵਾਈ ਹੋਈ, ਜਿਸ ਵਿਚ ਕੇਂਦਰ ਸਰਕਾਰ ਨੇ ਆਪਣਾ ਜਵਾਬ ਦਾਖਲ ਕੀਤਾ ਹੈ।



ਕੇਂਦਰ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਹਾਈਕੋਰਟ ਨੂੰ ਜਾਣਕਾਰੀ ਦਿੱਤੀ ਹੈ। ਜਿਸ ਵਿਚ ਆਖਿਆ ਗਿਆ ਹੈ ਕਿ ਲੋਕ ਸਭਾ ਸਪੀਕਰ ਨੇ ਅੰਮ੍ਰਿਤਪਾਲ ਸਿੰਘ ਸਮੇਤ ਗ਼ੈਰਹਾਜ਼ਰ ਰਹਿਣ ਵਾਲੇ ਸਾਰੇ ਲੋਕ ਸਭਾ ਮੈਂਬਰਾਂ ਦੀਆਂ ਛੁੱਟੀਆਂ ਦੀਆਂ ਅਰਜ਼ੀਆਂ ਦੀ ਘੋਖ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ। ਹੁਣ ਕਮੇਟੀ ਇਨ੍ਹਾਂ ਸਾਰੇ ਮਾਮਲਿਆਂ ਦੀ ਜਾਂਚ ਕਰੇਗੀ। ਅੰਮ੍ਰਿਤਪਾਲ ਸਿੰਘ ਦੇ ਵਕੀਲ ਆਰ.ਐਸ.ਬੈਂਸ ਬਿਮਾਰ ਹੋਣ ਕਾਰਨ ਪੇਸ਼ ਨਹੀਂ ਹੋ ਸਕੇ। ਅਦਾਲਤ ਤੋਂ ਬਹਿਸ ਲਈ ਸਮਾਂ ਮੰਗਿਆ ਗਿਆ ਹੈ। ਕੇਂਦਰ ਸਰਕਾਰ ਵੱਲੋਂ ਦਿੱਤੇ ਜਵਾਬ ਨੂੰ ਰਿਕਾਰਡ 'ਤੇ ਲੈਂਦਿਆਂ ਹਾਈ ਕੋਰਟ ਨੇ ਮਾਮਲੇ ਦੀ ਸੁਣਵਾਈ ਅਗਲੇ ਹਫ਼ਤੇ ਤੱਕ ਮੁਲਤਵੀ ਕਰ ਦਿੱਤੀ ਹੈ। ਹੁਣ ਅਗਲੇ ਹਫ਼ਤੇ ਸੁਣਵਾਈ ਹੋਵੇਗੀ।


ਦੱਸ ਦਈਏ ਕਿ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਇਸ ਪਟੀਸ਼ਨ ਵਿਚ ਹਾਈਕੋਰਟ ਤੋਂ ਮੰਗ ਕੀਤੀ ਹੈ ਕਿ ਲੋਕ ਸਭਾ ਸੈਸ਼ਨ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ। ਪਟੀਸ਼ਨ ਵਿਚ ਆਖਿਆ ਗਿਆ ਹੈ ਕਿ ਜੇਕਰ ਉਹ ਲਗਾਤਾਰ 60 ਦਿਨ ਲੋਕ ਸਭਾ ਸੈਸ਼ਨ ਵਿਚ ਸ਼ਾਮਲ ਨਹੀਂ ਹੁੰਦੇ ਹਨ ਤਾਂ ਉਨ੍ਹਾਂ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਹੋ ਸਕਦੀ ਹੈ।

ਮਾਮਲਾ ਸਿੱਖ ਵਿਰੋਧੀ ਕਤਲੇਆਮ ਨਵੰਬਰ 84 ਦਾ

# ਦੋ ਸਿੱਖਾਂ ਦੇ ਕਤਲ ਕਾਰਨ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ

## ✪ ਸੀਨੀਅਰ ਵਕੀਲ ਐੱਚਐੱਸ ਫੂਲਕਾ ਦੇ ਉਦਮ ਸਦਕਾ ਨਿਆਂ ਮਿਲਿਆ





ਨਵੀਂ ਦਿੱਲੀ-ਦਿੱਲੀ ਦੀ ਇੱਕ ਅਦਾਲਤ ਨੇ ਬੀਤੇ ਮੰਗਲਵਾਰ ਨੂੰ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਸਬੰਧਤ ਇੱਕ ਕਤਲ ਕੇਸ ਵਿੱਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ ਕਥਿਤ ਹੱਤਿਆ ਦੇ ਕੇਸ ਵਿਚ ਫੈਸਲਾ ਸੁਣਾਇਆ ਸੀ। ਸ਼ਿਕਾਇਤਕਰਤਾ ਜਸਵੰਤ ਦੀ ਪਤਨੀ ਅਤੇ ਇਸਤਗਾਸਾ ਪੱਖ ਨੇ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ।ਕਤਲ ਦੇ ਅਪਰਾਧ ਵਿੱਚ ਵੱਧ ਤੋਂ ਵੱਧ ਮੌਤ ਦੀ ਸਜ਼ਾ ਸੀ, ਜਦੋਂ ਕਿ ਘੱਟੋ-ਘੱਟ ਸਜ਼ਾ ਉਮਰ ਕੈਦ ਸੀ। ਜ਼ਿਕਰਯੋਗ ਹੈ ਕਿ ਅਦਾਲਤ ਨੇ 12 ਫਰਵਰੀ ਨੂੰ ਸੱਜਣ ਕੁਮਾਰ ਨੂੰ ਅਪਰਾਧ ਲਈ ਦੋਸ਼ੀ ਠਹਿਰਾਇਆ ਸੀ। ਜ਼ਿਕਰਯੋਗ ਹੈ ਕਿ ਸੱਜਣ ਕੁਮਾਰ ਫਿਲਹਾਲ ਤਿਹਾੜ ਜੇਲ ਵਿਚ ਬੰਦ ਹੈ।

ਇਸ ਘਟਨਾ ਦੇ ਸਮੇਂ ਯਾਨਿ 1 ਨਵੰਬਰ 1984 ਨੂੰ ਗਵਾਹ ਨੰਬਰ-11 ਦੀ ਉਮਰ ਲਗਭਗ 14 ਸਾਲ ਸੀ ਅਤੇ ਉਹ 10ਵੀਂ ਜਮਾਤ ਦੀ ਵਿਦਿਆਰਥਣ ਸੀ। ਉਸ ਦੇ ਪਿਤਾ ਅਤੇ ਭਰਾ ਨੂੰ ਜ਼ਿੰਦਾ ਸਾੜਨ ਦੀ ਘਟਨਾ, 14 ਸਾਲ ਦੇ ਬੱਚੇ ਦੀਆਂ ਯਾਦਾਂ ਵਿਚੋਂ ਕਦੇ ਵੀ ਮੱਧਮ ਨਹੀਂ ਪਈ ਸਕਦੀ। ਅਦਾਲਤ ਨੂੰ ਉਸ ਦੀ ਗਵਾਹੀ ਨੂੰ ਅਸਵੀਕਾਰ ਕਰਨ ਦਾ ਕੋਈ ਕਾਰਨ ਦਿਖਾਈ ਨਹੀਂ ਦਿੰਦਾ।''

ਇਹ ਫੈਸਲਾ ਰਾਊਜ਼ ਅਵੈਨਿਊ ਅਦਾਲਤ ਵਿੱਚ ਅਡੀਸ਼ਨਲ ਸੈਸ਼ਨ ਜੱਜ ਅਤੇ ਸਪੈਸ਼ਲ ਜੱਜ ਕਾਵੇਰੀ ਬਵੇਜਾ ਦੀ ਅਦਾਲਤ ਨੇ ਸੁਣਾਇਆ ਸੀ।

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿੱਚ ਹੋਏ ਸਿੱਖ ਕਤਲੇਆਮ ਵਿੱਚ ਮਾਰੇ ਗਏ ਹਜ਼ਾਰਾਂ ਸਿੱਖਾਂ ਵਿੱਚ ਜਸਵੰਤ ਸਿੰਘ ਅਤੇ ਉਹਨਾਂ ਦੇ ਪੁੱਤਰ ਤਰੁਨਦੀਪ ਸਿੰਘ ਦਾ ਨਾਮ ਵੀ ਸ਼ਾਮਿਲ ਸੀ। ਇਹ ਇਲਾਕਾ ਸਰਸਵਤੀ ਵਿਹਾਰ ਪੁਲਿਸ ਥਾਣੇ ਅਧੀਨ ਆਉਂਦਾ ਸੀ। ਇਸ ਹਿੰਸਾ ਦੌਰਾਨ ਸੱਜਣ ਕੁਮਾਰ 'ਤੇ ਭੀੜ ਦੀ ਅਗਵਾਈ ਕਰਨ ਦਾ ਇਲਜ਼ਾਮ ਸੀ। ਉਹ ਫਿਲਹਾਲ ਵੀ ਇੱਕ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ ਅਤੇ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹੈ।

ਸੀਨੀਅਰ ਵਕੀਲ ਐੱਚਐੱਸ ਫੂਲਕਾ ਦੱਸਦੇ ਹਨ ਕਿ ਮ੍ਰਿਤਕ ਜਸਵੰਤ ਸਿੰਘ ਦੀ ਪਤਨੀ ਨੇ 1985 ਵਿੱਚ ਹੀ ਇੱਕ ਐਫੀਡੈਵਿਟ ਵਿੱਚ ਲਿਖ ਕੇ ਦਿੱਤਾ ਸੀ ਕਿ ਭੀੜ ਦੀ ਅਗਵਾਈ ਸੱਜਣ ਕੁਮਾਰ ਕਰ ਰਿਹਾ ਸੀ। ਪੀੜ੍ਹਤਾਂ ਦੇ ਵਕੀਲ ਐੱਚਐੱਸ ਫੂਲਕਾ ਦੱਸਦੇ ਹਨ ਕਿ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਹਨਾਂ ਦੇ ਪੁੱਤਰ ਤਰੁਨਦੀਪ ਸਿੰਘ ਨੂੰ ਪੱਛਮੀ ਦਿੱਲੀ ਵਿੱਚ ਜ਼ਿੰਦਾ ਸਾੜ ਦਿੱਤਾ ਗਿਆ ਸੀ। ਫੂਲਕਾ ਕਹਿੰਦੇ ਹਨ, ''ਦੋਵਾਂ ਦਾ ਕਤਲ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਜ਼ਿੰਦਾ ਸਾੜਿਆ ਗਿਆ ਸੀ। ਉਨ੍ਹਾਂ ਦੇ ਘਰ ਨੂੰ ਲੁੱਟਿਆ ਗਿਆ। ਜਸਵੰਤ ਸਿੰਘ ਦੀ ਪਤਨੀ, ਧੀ ਅਤੇ ਭਤੀਜੀਆਂ ਨੂੰ ਵੀ ਭੀੜ ਵੱਲੋਂ ਕੁੱਟਿਆ ਗਿਆ ਸੀ। ਇਸ ਭੀੜ ਦੀ ਅਗਵਾਈ ਸੱਜਣ ਕੁਮਾਰ ਕਰ ਰਿਹਾ ਸੀ।''

ਇਸ ਕੇਸ ਦੇ ਰਿਕਾਰਡ ਵਿੱਚ ਜਸਵੰਤ ਸਿੰਘ ਦੀ ਧੀ ਪੀੜ੍ਹਤ ਹੈ ਅਤੇ ਗਵਾਹ ਨੰਬਰ 11 ਹੈ। ਰਿਕਾਰਡ ਮੁਤਾਬਕ, ਉਨ੍ਹਾਂ ਨੇ ਇਲਜ਼ਾਮ ਲਗਾਇਆ ਸੀ ਕਿ ਸ਼ਾਮ ਨੂੰ ਕਰੀਬ 4-4.30 ਵਜੇ ਭੀੜ ਇੱਕ ਵਾਰ ਫਿਰ ਆਈ ਅਤੇ ਉਨ੍ਹਾਂ ਦੇ ਘਰ ਦੇ ਅੱਗੇ ਅਤੇ ਪਿਛਲੇ ਵਾਲੇ ਪਾਸੇ ਤੋਂ ਹਮਲਾ ਕੀਤਾ ਸੀ।ਉਹ ਅੱਗੇ ਕਹਿੰਦੇ ਹਨ ਕਿ ਜਿਵੇਂ ਕਿ ਉਨ੍ਹਾਂ ਨੇ ਬਾਹਰ ਹਜ਼ਾਰਾਂ ਗੁੰਡਿਆਂ ਦੀ ਭੀੜ ਵੇਖੀ ਜਿਨ੍ਹਾਂ ਕੋਲ ਇੱਟਾਂ, ਲਾਠੀਆਂ ਅਤੇ ਲੋਹੇ ਦੀਆਂ ਰਾਡਾਂ ਸਨ। ਭੀੜ ਨੇ ਉਨ੍ਹਾਂ ਨੂੰ ਮਾਰਨਾ ਸ਼ੁਰੂ ਕੀਤਾ ਅਤੇ ਉਸ ਦੇ ਸਿਰ 'ਤੇ ਇੱਟ ਨਾਲ ਹਮਲਾ ਕੀਤਾ ਗਿਆ।

ਮ੍ਰਿਤਕ ਦੀ ਪਤਨੀ ਨੇ ਜਸਟਿਸ ਜੇ.ਡੀ. ਜੈਨ ਅਤੇ ਜਸਟਿਸ ਡੀ.ਕੇ. ਅਗਰਵਾਲ ਦੀ ਬਣੀ ਕਮੇਟੀ ਨੂੰ 6 ਨਵੰਬਰ 1991 ਨੂੰ ਬਿਆਨ ਦਰਜ ਕਰਵਾਇਆ ਸੀ ਕਿ ਉਹਨਾਂ ਨੇ ਮੁਲਜ਼ਮ ਦੀ ਤਸਵੀਰ ਬਾਅਦ ਵਿੱਚ ਇੱਕ ਰਸਾਲੇ ਵਿੱਚ ਦੇਖੀ ਸੀ ਅਤੇ ਪਛਾਣਿਆ ਸੀ ਕਿ ਭੀੜ ਨੂੰ ਭੜਕਾਉਣਾ ਵਾਲਾ ਬੰਦਾ ਕੌਣ ਹੈ।ਸੀਨੀਅਰ ਵਕੀਲ ਐੱਚਐੱਸ ਫੂਲਕਾ ਦੱਸਦੇ ਹਨ ਕਿ ਜਸਵੰਤ ਸਿੰਘ ਦੀ ਪਤਨੀ ਨੇ 1985 ਵਿੱਚ ਹੀ ਇੱਕ ਐਫੀਡੈਵਿਟ ਵਿੱਚ ਲਿਖ ਕੇ ਦਿੱਤਾ ਸੀ ਕਿ ਭੀੜ ਦੀ ਅਗਵਾਈ ਸੱਜਣ ਕੁਮਾਰ ਕਰ ਰਿਹਾ ਸੀ ਪਰ ਉਸ ਖ਼ਿਲਾਫ਼ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਐੱਚਐੱਸ ਫੂਲਕਾ ਕਹਿੰਦੇ ਹਨ, ''ਉਸ ਤੋਂ ਬਾਅਦ ਉਨ੍ਹਾਂ ਨੇ ਲੈਫਟੀਨੈਂਟ ਗਵਰਨਰ ਨੂੰ ਚਿੱਠੀਆਂ ਲਿਖੀਆਂ। ਇਸ ਸਮੇਂ ਜਸਟਿਸ ਜੈਨ ਅਤੇ ਅਗਵਾਲ ਕਮੇਟੀ ਨੇ ਸਿਫ਼ਾਰਿਸ਼ ਕੀਤੀ ਕਿ ਕੇਸ ਦਰਜ ਕੀਤਾ ਜਾਵੇ। ਜਿਸ ਤੋਂ ਮਗਰੋਂ 1991 ਵਿੱਚ ਇੱਕ ਕੇਸ ਦਰਜ ਕੀਤੀ ਗਿਆ।'' ਪਰਿਵਾਰ ਦੇ ਬਿਆਨ ਵੀ ਦਰਜ ਹੋਏ ਪਰ ਪੁਲਿਸ ਨੇ ਇਹ ਕੇਸ ਬੰਦ ਕਰ ਦਿੱਤਾ।''

ਫੂਲਕਾ ਮੁਤਾਬਕ, ''ਜਦੋਂ ਸਾਲ 2014 ਵਿੱਚ ਐੱਨਡੀਏ ਦੀ ਸਰਕਾਰ ਆਈ ਤਾਂ ਅਸੀਂ ਮੰਗ ਕੀਤੀ ਕਿ ਜਿਹੜੇ ਕੇਸ ਪੁਲਿਸ ਨੇ ਬੰਦ ਕਰ ਦਿੱਤੇ ਸਨ ਅਤੇ ਅਦਾਲਤ ਵਿੱਚ ਲਿਜਾਏ ਨਹੀਂ ਗਏ, ਉਨ੍ਹਾਂ ਦੀ ਮੁੜ ਜਾਂਚ ਕੀਤੀ ਜਾਵੇ। ਸਰਕਾਰ ਨੇ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਜੀਪੀ ਮਾਥੁਰ ਦੀ ਕਮੇਟੀ ਬਣਾਈ। ਇਸ ਕਮੇਟੀ ਨੇ ਰਿਪੋਰਟ ਦਿੱਤੀ ਕਿ ਕੇਸ ਗਲਤ ਬੰਦ ਕੀਤੇ ਗਏ ਹਨ, ਸਬੂਤ ਮੌਜੂਦ ਹਨ ਅਤੇ ਇਨ੍ਹਾਂ ਦੀ ਮੁੜ ਜਾਂਚ ਹੋਣੀ ਚਾਹੀਦੀ ਹੈ।''

ਇਸ ਤੋਂ ਬਾਅਦ ਸਾਲ 2015 ਵਿੱਚ ਸਰਕਾਰ ਨੇ ਇੱਕ ਐੱਸਆਈਟੀ ਦਾ ਗਠਨ ਕੀਤਾ, ਜਿਸ ਨੇ ਇਸ ਕੇਸ ਨੂੰ ਦੁਬਾਰਾ ਖੋਲ੍ਹਿਆ। ਫੂਲਕਾ ਕਹਿੰਦੇ ਹਨ, ''ਇਸ ਕੇਸ ਵਿੱਚ ਚਾਰਜਸ਼ੀਲ ਫਾਇਲ ਕੀਤੀ ਜਿਸ ਉੱਪਰ 12 ਫ਼ਰਵਰੀ ਨੂੰ ਫੈਸਲਾ ਆਇਆ ਅਤੇ ਸੱਜਣ ਕੁਮਾਰ ਨੂੰ ਗਵਾਹਾਂ ਦੇ ਬਿਆਨ ਦੇ ਅਧਾਰ 'ਤੇ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦਿੱਤਾ।''

ਐਡਵੋਕੇਟ ਫੂਲਕਾ ਮੁਤਾਬਕ, ਮ੍ਰਿਤਕਾਂ ਦੇ ਪਰਿਵਾਰ ਵਾਲੇ ਪਹਿਲਾਂ ਆਪਣੀ ਜਾਨ ਨੂੰ ਖਤਰਾ ਮੰਨ ਕੇ ਸਾਹਮਣੇ ਆਉਣ ਲਈ ਤਿਆਰ ਨਹੀਂ ਸਨ, ਪਰ ਫਿਰ ਉਹ ਅਦਾਲਤ ਅੱਗੇ ਪੇਸ਼ ਹੋ ਗਏ। ਗਵਾਹਾਂ ਦੀ ਪਛਾਣ ਗੁਪਤ ਰੱਖੀ ਗਈ।

ਇਹ ਕੇਸ 5 ਮਈ 2021 ਨੂੰ ਰਾਊਜ਼ ਅਵੈਨਿਊ ਅਦਾਲਤ ਵਿੱਚ ਸ਼ੁਰੂ ਹੋਇਆ ਸੀ ਅਤੇ ਇਸ ਵਿੱਚ 12 ਫਰਵਰੀ 2025 ਨੂੰ ਅਦਾਲਤ ਨੇ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦੇ ਦਿੱਤਾ ਗਿਆ ਸੀ। ਇਸ ਕੇਸ ਦੌਰਾਨ ਪੀੜ੍ਹਤ ਗਵਾਹਾਂ ਨੇ ਆਪਣੀ ਜਾਨ ਨੂੰ ਖ਼ਤਰਾ ਦੱਸਿਆ ਸੀ। ਮ੍ਰਿਤਕ ਜਸਵੰਤ ਸਿੰਘ ਦੀ ਪਤਨੀ, ਧੀ ਅਤੇ ਭਤੀਜੀ ਇਸ ਕੇਸ ਵਿੱਚ ਗਵਾਹ ਹਨ। ਉਨ੍ਹਾਂ ਦੇ ਵਕੀਲ ਐੱਚਐੱਸ ਫੂਲਕਾ ਦੱਸਦੇ ਹਨ, ''ਇਹ ਪਰਿਵਾਰ ਬਹੁਤ ਡਰਿਆ ਅਤੇ ਘਬਰਾਇਆ ਹੋਇਆ ਸੀ। ਉਨ੍ਹਾਂ ਨੇ ਪਹਿਲਾ ਕਿਹਾ ਸੀ ਕਿ ਉਹ ਸਾਹਮਣੇ ਨਹੀਂ ਆਉਣਾ ਚਾਹੁੰਦੇ ਪਰ ਅਦਾਲਤ ਵਿੱਚੋਂ ਖਾਸ ਆਦੇਸ਼ ਲਏ ਗਏ ਕਿ ਇਨ੍ਹਾਂ ਦੀ ਪਛਾਣ ਗੁਪਤ ਰੱਖੀ ਜਾਵੇ। ਅਦਾਲਤ ਦੇ ਆਦੇਸ਼ਾਂ ਮਗਰੋਂ ਪਰਿਵਾਰ ਨੇ ਆ ਕੇ ਬਿਆਨ ਦਿੱਤੇ।'' ਹਾਲਾਂਕਿ ਸੱਜਣ ਕੁਮਾਰ ਨੇ ਅਦਾਲਤ ਵਿੱਚ ਬੇਗੁਨਾਹ ਹੋਣ ਦੀ ਦਲੀਲ ਦਿੱਤੀ ਸੀ ਅਤੇ ਕੋਈ ਵੀ ਜੁਰਮ ਕਰਨ ਤੋਂ ਇਨਕਾਰ ਕੀਤਾ ਸੀ।

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐੱਚਐੱਸ ਫੂਲਕਾ ਦੱਸਦੇ ਹਨ, ''ਜ਼ਿਆਦਾਤਰ ਕੇਸ ਹੁਣ ਖਤਮ ਹੋ ਗਏ। ਹਲਾਂਕਿ ਇੱਕ ਹੋਰ ਕੇਸ ਸੱਜਣ ਕੁਮਾਰ ਖ਼ਿਲਾਫ ਬਾਕੀ ਹੈ। ਤਿੰਨ ਸਿੱਖਾਂ ਦੇ ਕਤਲ ਦਾ ਇੱਕ ਕੇਸ ਜਗਦੀਸ਼ ਟਾਇਟਲਰ ਖ਼ਿਲਾਫ਼ ਚੱਲ ਰਿਹਾ ਹੈ। ਟਰਾਇਲ ਕੋਰਟ ਵਿੱਚ ਤਿੰਨ ਹੋਰ ਕੇਸ ਚੱਲ ਰਹੇ ਹਨ। ਇਸ ਦੇ ਨਾਲ ਹੀ ਕੁਝ ਅਪੀਲਾਂ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹਨ।''

# ਵਿਸਾਖੀ 'ਤੇ ਪਾਕਿਸਤਾਨ ਜਾਣਗੀਆਂ 10 ਅਪ੍ਰੈਲ ਨੂੰ ਤਿੰਨ ਹਜ਼ਾਰ ਸਿੱਖ ਸੰਗਤਾਂ

## ✪ ਪਾਕਿਸਤਾਨ ਸਰਕਾਰ ਨੇ ਸ਼ਡਿਊਲ ਕੀਤਾ ਜਾਰੀ

ਅੰਮ੍ਰਿਤਸਰ-ਪਾਕਿਸਤਾਨ ਸਰਕਾਰ ਨੇ ਵਿਸਾਖੀ ਦੇ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਆਉਣ ਵਾਲੇ ਭਾਰਤੀ ਜਥੇ ਦਾ ਸ਼ਡਿਊਲ ਜਾਰੀ ਕਰ ਦਿੱਤਾ ਹੈ। ਪਾਕਿਸਤਾਨੀ ਦੂਤਾਵਾਸ ਨੇ ਇਸ ਯਾਤਰਾ ਲਈ ਤਿੰਨ ਹਜ਼ਾਰ ਯਾਤਰੀਆਂ ਦਾ ਕੋਟਾ ਜਾਰੀ ਕੀਤਾ ਹੈ। ਸ੍ਰੀ ਨਨਕਾਣਾ ਸਾਹਿਬ ਸਿੱਖ ਯਾਤਰੀ ਜਥੇ ਦੇ ਮੁਖੀ ਰੋਬਿਨ ਗਿੱਲ ਨੇ ਕਿਹਾ ਕਿ ਖਾਲਸਾ ਸਥਾਪਨਾ ਦਿਵਸ ਦਾ ਮੁੱਖ ਇਕੱਠ 14 ਅਪ੍ਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਹੋਵੇਗਾ। ਉਨ੍ਹਾਂ ਕਿਹਾ ਕਿ 10 ਅਪ੍ਰੈਲ ਨੂੰ ਵਾਹਗਾ ਸਰਹੱਦ ਤੋਂ ਰਵਾਨਾ ਹੋਣ ਤੋਂ ਬਾਅਦ ਇਹ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਹੁੰਚੇਗਾ। 10 ਤਰੀਕ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਠਹਿਰਣ ਤੋਂ ਬਾਅਦ ਇਹ ਜਥਾ 11 ਤਰੀਕ ਨੂੰ ਸਥਾਨਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰੇਗਾ। 12 ਅਪ੍ਰੈਲ ਨੂੰ ਡੇਰਾ ਸੱਚਾ ਸੌਦਾ ਵਿਖੇ ਠਹਿਰਨ ਤੋਂ ਬਾਅਦ ਇਹ ਜਥਾ 13 ਅਪ੍ਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਠਹਿਰੇਗਾ। 14 ਅਪ੍ਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਮਨਾਉਣ ਤੋਂ ਬਾਅਦ ਇਹ ਜਥਾ 15 ਅਪ੍ਰੈਲ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਰਵਾਨਾ ਹੋਵੇਗਾ। 16 ਤਰੀਕ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਰਾਤ ਠਹਿਰਨ ਤੋਂ ਬਾਅਦ ਇਹ ਜਥਾ 17 ਤਰੀਕ ਨੂੰ ਗੁਰਦੁਆਰਾ ਡੇਰਾ ਸਾਹਿਬ ਪਹੁੰਚੇਗਾ। 18 ਤਰੀਕ ਨੂੰ ਗੁਰਦੁਆਰਾ ਡੇਰਾ ਸਾਹਿਬ ਵਿਖੇ ਠਹਿਰਣ ਤੋਂ ਬਾਅਦ ਇਹ ਜਥਾ 19 ਤਰੀਕ ਨੂੰ ਦੇਸ਼ ਵਾਪਸ ਆਵੇਗਾ।

**ਵਿਚਾਰ :–** ਅਪਰਾਧ ਨੂੰ ਉਤਸ਼ਾਹਤ ਕਰਨਾ ਅਤੇ ਅਪਰਾਧ ਨੂੰ ਸਹਿਣਾ, ਅਪਰਾਧ ਕਰਨ ਨਾਲੋਂ ਵੱਡਾ ਅਪਰਾਧ ਹੈ ।



ਰਜਿੰਦਰ ਸਿੰਘ ਪੁਰੇਵਾਲ

# ਭਾਰਤ ਦੀਆਂ ਗੰਗਾ ਜਮੁਨਾ ਪ੍ਰਦੂਸ਼ਿਤ ਕਿਉਂ ?

ਜਿਵੇਂ ਹੀ ਗੰਗਾ ਪਹਾੜਾਂ ਤੋਂ ਉਤਰਦੀ ਹੈ ਅਤੇ ਮੈਦਾਨੀ ਇਲਾਕਿਆਂ ਵਿੱਚ ਪਹੁੰਚਦੀ ਹੈ, ਇਸਦਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਮਨੁੱਖ, ਜਾਨਵਰ, ਪੌਦੇ ਅਤੇ ਵਾਤਾਵਰਣ ਇਸ ਦੇ ਨਤੀਜੇ ਭੁਗਤਦੇ ਹਨ। ਦੇਵਪ੍ਰਯਾਗ ਵਿਖੇ ਇਸਦਾ ਐਮਪੀਐਨ (ਸਭ ਤੋਂ ਵੱਧ ਸੰਭਾਵਿਤ ਸੰਖਿਆ) ਸਿਰਫ 33 ਪ੍ਰਤੀ 100 ਮਿ.ਲੀ. ਹੈ, ਪਰ ਜਦੋਂ ਇਹ ਦੱਖਣੇਸ਼ਵਰ ਪਹੁੰਚਦਾ ਹੈ, ਇਹ ਇੱਕ ਲੱਖ ਤੋਂ ਉੱਪਰ ਹੋ ਜਾਂਦਾ ਹੈ। ਕੀ ਇਹ ਸਿਰਫ ਉਦਯੋਗੀਕਰਨ ਅਤੇ ਸ਼ਹਿਰੀਕਰਨ ਦਾ ਨਤੀਜਾ ਹੈ, ਜਾਂ ਸਾਡੀ ਜੀਵਨ ਸ਼ੈਲੀ ਵੀ ਇਸ ਦੇ ਲਈ ਓਨੀ ਹੀ ਜ਼ਿੰਮੇਵਾਰ ਹੈ ?

ਦਰਿਆਵਾਂ ਦੇ ਸੰਬੰਧ ਵਿੱਚ ਕਈ ਦੇਸ਼ ਪਹਿਲਾਂ ਹੀ ਭਾਰਤ ਵਾਂਗ ਚੁਣੌਤੀਆਂ ਦਾ ਸਾਹਮਣਾ ਕਰ ਚੁੱਕੇ ਹਨ। ਲੰਡਨ ਦੀ ਜੀਵਨ ਰੇਖਾ ਮੰਨੀ ਜਾਂਦੀ ਥੇਮਜ਼ ਨਦੀ ਕਦੇ ਦੁਨੀਆ ਦੀਆਂ ਸਭ ਤੋਂ ਪ੍ਰਦੂਸ਼ਿਤ ਨਦੀਆਂ ਵਿੱਚੋਂ ਇੱਕ ਸੀ। 1957 ਵਿੱਚ, ਕੁਦਰਤੀ ਇਤਿਹਾਸ ਅਜਾਇਬ ਘਰ ਨੇ ਇਸਨੂੰ "ਜੈਵਿਕ ਤੌਰ 'ਤੇ ਮਰਿਆ ਹੋਇਆ" ਘੋਸ਼ਿਤ ਕੀਤਾ ਸੀ, ਕਿਉਂਕਿ ਆਕਸੀਜਨ ਦੀ ਘਾਟ ਕਾਰਨ ਮੱਛੀਆਂ ਇਸ ਵਿੱਚ ਜ਼ਿੰਦਾ ਨਹੀਂ ਰਹਿ ਸਕਦੀਆਂ ਸਨ। ਦੂਜੇ ਵਿਸ਼ਵ ਯੁੱਧ ਦੌਰਾਨ ਬੰਬਾਰੀ ਨੇ ਸ਼ਹਿਰ ਦੇ ਸੀਵਰੇਜ ਸਿਸਟਮ ਨੂੰ ਤਬਾਹ ਕਰ ਦਿੱਤਾ, ਜਿਸ ਕਾਰਣ ਨਦੀ ਵਿੱਚ ਗੰਦਗੀ ਅਤੇ ਜ਼ਹਿਰੀਲੇ ਕੂੜੇ ਦਾ ਢੇਰ ਲੱਗ ਗਿਆ। ਇੰਗਲੈਂਡ ਵਿਚ ਥੇਮਜ਼ ਨਦੀ ਦੀ ਹਾਲਤ ਇਕ ਸਮੇਂ ਬਹੁਤ ਖਰਾਬ ਸੀ ਪਰ ਹੁਣ ਇਸ ਵਿਚ ਸੁਧਾਰ ਹੋਇਆ ਹੈ। 19ਵੀਂ ਸਦੀ ਵਿੱਚ ਜਲ ਨਿਕਾਸੀ ਤੇ ਗੰਦੇ ਪਾਣੀ ਕਾਰਣ ਲੰਡਨ ਵਿੱਚ ਕਈ ਵਾਰ ਹੈਜ਼ਾ ਫੈਲਿਆ 1854 ਵਿੱਚ, ਡਾ. ਜੌਨ ਸਨੋ ਨੇ ਸਾਬਤ ਕੀਤਾ ਕਿ ਇਹ ਬਿਮਾਰੀ ਦੂਸ਼ਿਤ ਪਾਣੀ ਕਾਰਨ ਫੈਲ ਰਹੀ ਸੀ। 1858 ਵਿੱਚ "ਦਿ ਗ੍ਰੇਟ ਸਟਿੰਕ" ਵਜੋਂ ਜਾਣਿਆ ਜਾਂਦਾ ਇੱਕ ਸੰਕਟ ਆਇਆ, ਜਦੋਂ ਨਦੀ ਦੀ ਬਦਬੂ ਅਸਹਿ ਹੋ ਗਈ ਅਤੇ ਸੰਸਦ ਨੂੰ ਇੱਕ ਨਵਾਂ ਸੀਵਰੇਜ ਸਿਸਟਮ ਬਣਾਉਣ ਲਈ ਮਜਬੂਰ ਹੋਣਾ ਪਿਆ। 1870 ਵਿੱਚ ਜੋਸਫ਼ ਬਾਜ਼ਲਗੇਟ ਨੇ ਨਦੀ ਦੀ ਹਾਲਤ ਨੂੰ ਸੁਧਾਰਨ ਲਈ ਇੱਕ ਆਧੁਨਿਕ ਸੀਵਰੇਜ ਸਿਸਟਮ ਤਿਆਰ ਕੀਤਾ।1960 ਦੇ ਦਹਾਕੇ ਤੋਂ, ਸਰਕਾਰ ਨੇ ਨਦੀ ਨੂੰ ਸਾਫ਼ ਕਰਨ ਲਈ ਕਈ ਕਦਮ ਚੁੱਕੇ ਹਨ। ਡਰੇਨੇਜ ਸਿਸਟਮ ਵਿੱਚ ਸੁਧਾਰ ਕੀਤਾ ਗਿਆ, ਉਦਯੋਗਾਂ ਤੋਂ ਨਿਕਲਣ ਵਾਲੇ ਰਸਾਇਣਾਂ 'ਤੇ ਪਾਬੰਦੀ ਲਗਾਈ ਗਈ ਅਤੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ। ਅੱਜ, ਇਹ ਨਦੀ 125 ਤੋਂ ਵੱਧ ਪ੍ਰਜਾਤੀਆਂ ਦਾ ਘਰ ਹੈ, ਅਤੇ ਕਦੇ-ਕਦੇ ਵ੍ਹੇਲ ਵੀ ਇੱਥੇ ਆਉਂਦੀਆਂ ਹਨ। ਹਾਲਾਂਕਿ, ਪਲਾਸਟਿਕ ਪ੍ਰਦੂਸ਼ਣ ਅਜੇ ਵੀ ਇੱਕ ਵੱਡੀ ਸਮੱਸਿਆ ਬਣਿਆ ਹੋਇਆ ਹੈ, ਜਿਸ ਨੂੰ ਰੋਕਣ ਲਈ ਲੰਡਨ ਵਿੱਚ ਸਫਾਈ ਮੁਹਿੰਮਾਂ ਲਗਾਤਾਰ ਚਲਾਈਆਂ ਜਾ ਰਹੀਆਂ ਹਨ।

ਗੰਗਾ ਅਤੇ ਯਮੁਨਾ ਨੂੰ ਵੀ ਦੁਨੀਆ ਦੀਆਂ ਸਭ ਤੋਂ ਪ੍ਰਦੂਸ਼ਿਤ ਨਦੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਗੰਗਾ ਨਦੀ ਦੀ ਵਿਗੜਦੀ ਹਾਲਤ ਦੇ ਪੰਜ ਮੁੱਖ ਕਾਰਨ ਹਨ - ਉਦਯੋਗੀਕਰਨ, ਸ਼ਹਿਰੀਕਰਨ, ਜੀਵਨ ਸ਼ੈਲੀ ਵਿੱਚ ਬਦਲਾਅ ਅਤੇ ਜੰਗਲਾਂ ਦੀ ਕਟਾਈ। ਗੰਗਾ ਭਾਰਤ ਦੀ ਸਭ ਤੋਂ ਵੱਡੀ ਨਦੀ ਹੈ, ਜੋ ਦੇਸ਼ ਦੇ 27% ਭੂਮੀ ਖੇਤਰ ਨੂੰ ਕਵਰ ਕਰਦੀ ਹੈ ਅਤੇ ਇਸਦੀ 47% ਆਬਾਦੀ ਦਾ ਪਾਲਣ ਪੋਸ਼ਣ ਕਰਦੀ ਹੈ। ਇਹ ਨਦੀ 11 ਰਾਜਾਂ ਵਿੱਚੋਂ ਲੰਘਦੀ ਹੈ, ਜਿਨ੍ਹਾਂ ਵਿੱਚੋਂ ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਸਭ ਤੋਂ ਵੱਡੇ ਖੇਤਰ ਨੂੰ ਕਵਰ ਕਰਦੇ ਹਨ, ਜੋ ਲਗਭਗ 3 ਲੱਖ ਵਰਗ ਕਿਲੋਮੀਟਰ ਵਿਚ ਫੈਲੇ ਹੋਏ ਹਨ। ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤੱਕ ਮਹਾਂਕੁੰਭ ਦੌਰਾਨ 55 ਕਰੋੜ ਤੋਂ ਵੱਧ ਲੋਕ ਪ੍ਰਯਾਗਰਾਜ ਵਿਖੇ ਤ੍ਰਿਵੈਣੀ ਸੰਗਮ ਵਿੱਚ ਇਸ਼ਨਾਨ ਕਰ ਚੁੱਕੇ ਹਨ। ਹਰ ਦਿਨ ਇਹ ਗਿਣਤੀ 1 ਕਰੋੜ ਦੇ ਕਰੀਬ ਵਧ ਰਹੀ ਹੈ। ਇਸੇ ਦੌਰਾਨ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੂੰ ਇੱਕ ਰਿਪੋਰਟ ਸੌਂਪੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼ ਦੇ ਅਲਾਹਾਬਾਦ ਵਿੱਚ ਸੰਗਮ ਦੇ ਜਿਸ ਪਾਣੀ ਵਿੱਚ ਸ਼ਰਧਾਲੂ ਇਸ਼ਨਾਨ ਕਰ ਰਹੇ ਹਨ, ਉਸ ਵਿੱਚ ਫੀਕਲ ਕੋਲੀਫਾਰਮ ਦੀ ਮਾਤਰਾ ਏਨੀ ਵੱਧ ਹੈ ਕਿ ਇਹ ਪਾਣੀ ਨਹਾਉਣ ਦੇ ਯੋਗ ਨਹੀਂ। ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੰਗਮ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੇ ਇਸ਼ਨਾਨ ਕਰਨ ਨਾਲ ਮਨੁੱਖੀ ਮਲ ਦੀ ਮਾਤਰਾ ਵਿੱਚ ਭਾਰੀ ਵਾਧਾ ਹੋਇਆ ਹੈ। ਦੂਸ਼ਿਤ ਪਾਣੀ ਕਾਰਨ ਹੈਜ਼ਾ, ਹੈਪੇਟਾਈਟਸ, ਟਾਈਫਾਈਡ ਬਿਮਾਰੀਆਂ, 80% ਸਿਹਤ ਸਮੱਸਿਆਵਾਂ ਅਤੇ ਇੱਕ ਤਿਹਾਈ ਮੌਤਾਂ ਹੁੰਦੀਆਂ ਹਨ।

ਗੰਗਾ ਦੇ ਪਾਣੀ ਵਿੱਚ ਬੈਕਟੀਰੀਆ ਦੀ ਮਾਤਰਾ ਤੇਜ਼ੀ ਨਾਲ ਵਧੀ ਹੈ। ਦੱਖਣੇਸ਼ਵਰ ਵਿਖੇ, ਇਹ 1986-1990 ਦੇ ਵਿਚਕਾਰ ਔਸਤਨ ਪ੍ਰਤੀ 100 ਮਿ.ਲੀ. 71,900 ਐਮਪੀਐਨ ਸੀ, ਜੋ 2006-2010 ਵਿੱਚ ਵਧ ਕੇ 1,05,000 ਹੋ ਗਿਆ। ਪ੍ਰਯਾਗਰਾਜ ਵਿੱਚ, ਇਹ 1986-1990 ਵਿੱਚ 4,310 ਸੀ, ਜੋ 2006-2010 ਵਿੱਚ ਵਧ ਕੇ 16,600 ਹੋ ਗਿਆ। 19 ਜਨਵਰੀ, 2025 ਨੂੰ ਕੁੰਭ ਦੌਰਾਨ ਕੀਤੀ ਗਈ ਜਾਂਚ ਵਿੱਚ, ਇਹ ਗਿਣਤੀ 7 ਲੱਖ ਤੱਕ ਪਹੁੰਚ ਗਈ ਸੀ।

ਨੈਸ਼ਨਲ ਗਰੀਨ ਟ੍ਰਿਬਿਊਨਲ ਦੀ ਬੈਂਚ, ਜਿਸ ਵਿੱਚ ਚੇਅਰਮੈਨ ਜਸਟਿਸ ਪ੍ਰਕਾਸ਼ ਸ੍ਰੀਵਾਸਤਵ, ਨਿਆਂਇਕ ਮੈਂਬਰ ਜਸਟਿਸ ਸੁਧੀਰ ਅਗਰਵਾਲ ਤੇ ਮਾਹਰ ਮੈਂਬਰ ਏ ਸੈਂਥਿਲ ਵੇਲ ਸ਼ਾਮਲ ਹਨ, ਇੱਕ ਰਿੱਟ ਦੀ ਸੁਣਵਾਈ ਕਰ ਰਹੀ ਸੀ, ਜਿਸ ਦਾ ਸੰਬੰਧ ਗੰਗਾ ਤੇ ਯਮੁਨਾ ਨਦੀਆਂ ਵਿੱਚ ਸੀਵਰੇਜ ਦੇ ਪਾਣੀ ਨੂੰ ਰੋਕਣ ਨਾਲ ਹੈ। ਬੀਤੀ 3 ਫਰਵਰੀ ਨੂੰ ਪੇਸ਼ ਕੀਤੀ ਗਈ ਰਿਪੋਰਟ ਵਿੱਚ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੂੰ ਮਹਾਂਕੁੰਭ ਮੇਲੇ ਦੌਰਾਨ ਪ੍ਰਯਾਗਰਾਜ ਵਿੱਚ ਖਰਾਬ ਨਦੀ ਜਲ ਗੁਣਵੱਤਾ ਬਾਰੇ ਸੂਚਿਤ ਕੀਤਾ ਸੀ। ਰਿਪੋਰਟ ਵਿੱਚ ਕੁਝ ਉਲੰਘਣਾਵਾਂ ਵੱਲ ਵੀ ਇਸ਼ਾਰਾ ਕੀਤਾ ਗਿਆ ਸੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਮਹਾਂਕੁੰਭ ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਨਦੀਆਂ ਵਿੱਚ ਇਸ਼ਨਾਨ ਕਰਨ, ਜਿਨ੍ਹਾਂ ਵਿੱਚ ਸ਼ੁੱਭ ਘੜੀ ਵਾਲੇ ਦਿਨ ਵੀ ਸ਼ਾਮਲ ਸਨ, ਸਮੇਂ ਮਨੁੱਖੀ ਮਲ ਵਿੱਚ ਵਾਧਾ ਹੋ ਗਿਆ। ਟ੍ਰਿਬਿਊਨਲ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕੇਂਦਰੀ ਪ੍ਰਯੋਗਸ਼ਾਲਾ ਦੀ ਜਾਂਚ ਤੋਂ ਬਾਅਦ ਭੇਜੇ ਗਏ ਕਵਰਿੰਗ ਪੱਤਰ ਨਾਲ ਨੱਥੀ ਕੀਤੇ ਗਏ ਦਸਤਾਵੇਜ਼ਾਂ ਤੋਂ ਪਤਾ ਲਗਦਾ ਹੈ ਕਿ ਵੱਖ-ਵੱਖ ਥਾਵਾਂ ਉਤੇ ਮਨੁੱਖੀ ਤੇ ਜਾਨਵਰਾਂ ਦੀ ਗੰਦਗੀ ਦੇ ਨਾਲ ਕੋਲੀਫਾਰਮ ਦਾ ਉੱਚਾ ਪੱਧਰ ਪਾਇਆ ਗਿਆ ਹੈ।

ਬਾਕੀ ਹਿਸਾ ਸਫਾ 9 ਤੇ ਪੜ੍ਹੋ →

## NEWS & VIEWS

# GROWING CREDIBILITY GAP BETWEEN PRESIDENT TRUMP AND WESTERN LEADERS



Gurmukh Singh OBE

President Trump has created global geo-political uncertainties. His early moves have been described as disruptive. Within weeks of his taking over, the credibility gap between what he says and what he is likely to achieve, is growing. However, it is unlikely that his popularity in the US and amongst his right-wing fans abroad will decrease in the short run. Western countries are likely to follow his stricter immigration policy.

Starting with NATO, he is moving away from traditional U.S. alliances. He believes that these are scams by which foreigners take advantage of gullible Americans. He is negotiating a peace deal with Russia regarding the Ukraine war without involving Ukraine. Instead, he has started a war of words with President Zelenskyy. After supporting Ukraine against Russia for three years the US has now voted against a UN resolution which condemned Russia for the invasion.

European countries, including the UK, are caught between supporting Ukraine and not offending President Trump. He seems to have compromised the negotiating position of Ukraine and Europe. The only positive outcome is that the other NATO countries have been compelled to look at ground realities and to increase their own contributions to the defence of Ukraine and Europe.

Trump has praised powerful nuclear-armed opponents, Russia, China and even North Korea. He has shown no hesitation in violating treaty commitments or ripping up trade agreements, even deals he negotiated himself. He believes that being unpredictable is an asset. However, that also shows that he cannot be relied upon and some predict that countries can move away from the US to look elsewhere for allies.

In his defence, his supporters insist that he is way ahead and that his strategy will unfold in due course. One example given is his proposed deal with Ukraine to secure US access to rare materials. That would ensure large scale US investment and presence in the country and also secure US defence of Ukrainian against Russia.

For Trump, America comes first. However, he is likely to find out soon that no country can be an island in the world today. He is increasingly becoming involved in geo-political games despite his America first policy. His plan for Gaza met outright opposition from the Middle Eastern countries. He wants to turn Gaza into a Riviera of the Middle East and force over 2 million people to leave their country. He says that Gaza would be handed over to the US by Israel and its residents encouraged to move elsewhere with no right of return. Human rights groups see that as a possible war crime under international law.

In his first term as President, he was labelled as an isolationist due to his self-declared opposition to military adventures. Yet, this time, he is willing to send troops to Gaza, Greenland and the Panama Canal to secure desirable real estate.

He wants to stop foreign aid and does not seem to understanding the policy objectives behind such aid. These are not limited to charity alone. Such aid is a means of asserting global influence and there are long term trade and economic objectives.

His foreign policy represents a total break from the traditional role of America to ensure world peace, stabilize the global economy and, when feasible, promote democracy and human rights.

Yet, many believe that the world is a safer place with the arrival of President Trump with his transactional politics.

**Gurmukh Singh OBE**, Ret'd Principal Civil Servant (UK) sewauk2005@yahoo.co.uk

# ਯੂਕਰੇਨ-ਰੂਸ ਯੁੱਧ : ਕੀ ਨਿਊ ਵਰਲਡ ਆਰਡਰ ਦੀ ਸ਼ੁਰੂਆਤ ਹੋ ਚੁਕੀ ਹੈ?

## ✪ ਡੋਨਾਲਡ ਟਰੰਪ ਸੰਯੁਕਤ ਰਾਸ਼ਟਰ ਵਿੱਚ ਯੂਕਰੇਨ ਦੇ ਸਮਰਥਨ ਤੋਂ ਇਨਕਾਰੀ, ਰੂਸ ਦੇ ਹੱਕ ਵਿਚ ਭੁਗਤਿਆ ✪ ਅਮਰੀਕਾ ਦੇ ਵਿਰੋਧ ਦੇ ਬਾਵਜੂਦ ਮਤਾ ਪਾਸ ਹੋਇਆ, ਭਾਰਤ ਵੋਟਿੰਗ ਤੋਂ ਦੂਰ

ਨਿਊ ਵਰਲਡ ਆਰਡਰ ਨੂੰ ਹੁਣ ਤੱਕ ਇੱਕ ਕਲਪਨਾ ਵਜੋਂ ਖਾਰਜ ਕੀਤਾ ਜਾਂਦਾ ਰਿਹਾ ਹੈ। ਇਸਨੂੰ ਸਿਰਫ਼ ਇੱਕ ਥਿਊਰੀ ਕਿਹਾ ਗਿਆ ਹੈ। ਪਰ ਹੁਣ ਇਹ ਹਕੀਕਤ ਵਿੱਚ ਬਦਲਦਾ ਜਾਪਦਾ ਹੈ। ਅਮਰੀਕਾ ਅਤੇ ਰੂਸ ਬੀਤੇ ਸੋਮਵਾਰ ਨੂੰ ਸੰਯੁਕਤ ਰਾਸ਼ਟਰ (ਯੂ.ਐਨ.) ਵਿੱਚ ਯੂਕਰੇਨ ਯੁੱਧ 'ਤੇ ਮਤੇ ਦੇ ਵਿਰੁੱਧ ਇਕੱਠੇ ਹੋਏ। ਇਹ ਪ੍ਰਸਤਾਵ ਰੂਸ ਦੀ ਨਿੰਦਾ ਕਰਨ ਲਈ ਸੰਯੁਕਤ ਰਾਸ਼ਟਰ ਵਿੱਚ ਲਿਆਂਦਾ ਗਿਆ ਸੀ। ਹੁਣ ਤੱਕ ਅਮਰੀਕਾ ਇਸ ਯੁੱਧ ਵਿੱਚ ਯੂਕਰੇਨ ਦੀ ਮਦਦ ਕਰਦਾ ਆ ਰਿਹਾ ਹੈ। ਪਰ ਟਰੰਪ ਦੇ ਆਉਣ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਗਈ। ਭਾਰਤ ਇਸ ਪ੍ਰਸਤਾਵ 'ਤੇ ਵੋਟਿੰਗ ਤੋਂ ਦੂਰ ਰਿਹਾ। ਇਸਦਾ ਮਤਲਬ ਹੈ ਕਿ ਉਹ ਗੈਰ ਹਾਜ਼ਰ ਸੀ।

ਬੀਤੇ ਦਿਨੀਂ ਯੂਕਰੇਨ ਦੀ ਖੇਤਰੀ ਅਖੰਡਤਾ ਦਾ ਸਮਰਥਨ ਕਰਨ ਵਾਲੇ ਮਤੇ ਦੇ ਵਿਰੁੱਧ ਵੋਟ ਪਾਉਣ ਵਿੱਚ ਅਮਰੀਕਾ ਨੇ ਰੂਸ ਦਾ ਸਾਥ ਦਿੱਤਾ ਸੀ ਅਤੇ 16 ਹੋਰ ਦੇਸ਼ਾਂ ਨੇ ਅਮਰੀਕਾ ਦਾ ਸਹਿਯੋਗ ਕੀਤਾ ਸੀ। ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨੇ ਇਸ ਮਤੇ ਦਾ ਸਮਰਥਨ ਕੀਤਾ ਸੀ, ਪਰ ਅਮਰੀਕਾ ਨੇ ਇਸਦਾ ਸਖ਼ਤ ਵਿਰੋਧ ਕੀਤਾ ਸੀ। ਸੰਯੁਕਤ ਰਾਜ ਅਮਰੀਕਾ ਨੇ ਇੱਕ ਬਦਲਵਾਂ ਮਤਾ ਪੇਸ਼ ਕੀਤਾ ਜਿਸ ਵਿੱਚ ਯੁੱਧ ਲਈ ਰੂਸ ਨੂੰ ਦੋਸ਼ੀ ਠਹਿਰਾਉਣ ਜਾਂ ਯੂਕਰੇਨ ਦੀਆਂ ਸਰਹੱਦਾਂ ਦਾ ਜ਼ਿਕਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਯੂਕਰੇਨ ਅਤੇ ਯੂਰਪੀ ਦੇਸ਼ਾਂ ਦੁਆਰਾ ਤਿਆਰ ਕੀਤੇ ਗਏ ਇਸ ਮਤੇ ਨੂੰ 93 ਵੋਟਾਂ ਮਿਲੀਆਂ ਸਨ, ਜਦੋਂ ਕਿ 18 ਦੇਸ਼ਾਂ ਨੇ ਇਸਦਾ ਵਿਰੋਧ ਕੀਤਾ ਸੀ ਅਤੇ 65 ਦੇਸ਼ਾਂ ਨੇ ਵੋਟਿੰਗ ਤੋਂ ਦੂਰ ਬਣਾਈ ਸੀ। ਸੰਯੁਕਤ ਰਾਸ਼ਟਰ ਮਹਾਸਭਾ ਦੇ ਇਸ ਮਤੇ ਵਿੱਚ ਯੂਕਰੇਨ ਦੀ ਪ੍ਰਭੁਸੱਤਾ, ਆਜ਼ਾਦੀ, ਏਕਤਾ ਅਤੇ ਖੇਤਰੀ ਅਖੰਡਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਗਿਆ ਸੀ। ਇਸ ਤਰ੍ਹਾਂ ਯੂਕਰੇਨ ਦੇ ਸਮਰਥਨ ਵਿੱਚ ਵੋਟਾਂ ਦੀ ਗਿਣਤੀ ਪਹਿਲਾਂ ਦੇ ਮੁਕਾਬਲੇ ਘੱਟ ਗਈ ਹੈ।

ਭਾਰਤ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ 'ਯੂਕਰੇਨ ਵਿੱਚ ਵਿਆਪਕ, ਨਿਆਂਪੂਰਨ ਅਤੇ ਸਥਾਈ ਸ਼ਾਂਤੀ ਨੂੰ ਅੱਗੇ ਵਧਾਉਣ' ਸਿਰਲੇਖ ਵਾਲੇ ਖਰੜੇ ਦੇ ਮਤੇ 'ਤੇ ਵੋਟਿੰਗ ਤੋਂ ਦੂਰ ਰਿਹਾ। ਇਸਨੂੰ ਯੂਕਰੇਨ ਅਤੇ ਇਸਦੇ ਯੂਰਪੀ ਸਹਿਯੋਗੀਆਂ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਤਣਾਅ ਘਟਾਉਣ, ਦੁਸ਼ਮਣੀ ਨੂੰ ਜਲਦੀ ਖਤਮ ਕਰਨ ਤੇ ਯੁੱਧ ਦੇ ਸ਼ਾਂਤੀਪੂਰਨ ਹੱਲ ਦੀ ਮੰਗ ਕੀਤੀ ਗਈ ਸੀ। ਹਾਲਾਂਕਿ, ਭਾਰਤ ਯੂਕਰੇਨ ਅਤੇ ਰੂਸ ਵਿਚਕਾਰ ਸ਼ਾਂਤੀ ਦੇ ਹੱਕ ਵਿੱਚ ਰਿਹਾ ਹੈ। ਭਾਰਤ ਵਿੱਚ, ਇੱਕ ਵਾਰ ਇਹ ਪ੍ਰਚਾਰ ਵੀ ਕੀਤਾ ਗਿਆ ਸੀ ਕਿ ਮੋਦੀ ਨੇ ਰੂਸ-ਯੂਕਰੇਨ ਯੁੱਧ ਰੋਕ ਦਿੱਤਾ ਸੀ। ਸੋਸ਼ਲ ਮੀਡੀਆ 'ਤੇ ਇਸ ਬਾਰੇ ਮੀਮਜ਼ ਵੀ ਬਣਾਏ ਗਏ। ਅਮਰੀਕਾ ਦਾ ਇਹ ਕਦਮ ਉਸਦੀਆਂ ਨੀਤੀਆਂ ਵਿੱਚ ਇੱਕ ਮਹੱਤਵਪੂਰਨ ਤਬਦੀਲੀ



ਪੰਜਾਬ ਟਾਈਮਜ ਅਨੁਸਾਰ ਯੂਕਰੇਨ ਦੇ ਖਣਿਜ ਪਦਾਰਥਾਂ ਉਤੇ ਸਿਰਫ਼ ਅਮਰੀਕਾ ਹੀ ਨਹੀਂ, ਰੂਸ ਦੀ ਵੀ ਨਜ਼ਰ ਹੈ। ਇਸ ਸਮੇਂ ਰੂਸ ਦੇ ਕਬਜ਼ੇ ਵਿੱਚ ਯੂਕਰੇਨ ਦੇ 12 ਟ੍ਰਿਲੀਅਨ ਡਾਲਰ ਤੋਂ ਵੱਧ ਦੇ ਊਰਜਾ ਸਾਧਨ, ਖਣਿਜ ਤੇ ਧਾਤੂਆਂ ਹਨ। ਰੂਸ ਇਹ ਕਬਜ਼ਾ ਛੱਡਣਾ ਨਹੀਂ ਚਾਹੁੰਦਾ। ਜਾਪਦਾ ਇਹੋ ਹੈ ਕਿ ਅਮਰੀਕਾ ਤੇ ਰੂਸ ਮਿਲ ਕੇ ਯੂਕਰੇਨ ਦੀ ਬਾਂਦਰ-ਵੰਡ ਕਰਨੀ ਚਾਹੁੰਦੇ ਹਨ। ਜੰਗ ਨਾਲ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਚੁੱਕਿਆ ਯੂਕਰੇਨ ਇਨ੍ਹਾਂ ਦੋ ਵੱਡੀਆਂ ਤਾਕਤਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ। ਸਪੱਸ਼ਟ ਹੈ ਕਿ ਯੂਕਰੇਨ ਦਾ ਹਾਲ ਵੀ ਆਉਂਦੇ ਸਮੇਂ ਦੌਰਾਨ ਇਰਾਕ ਵਾਲਾ ਹੋਣ ਵਾਲਾ ਹੈ।

ਨੂੰ ਦਰਸਾਉਂਦਾ ਹੈ। ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਦੇ ਕਾਰਜਕਾਲ ਦੌਰਾਨ, ਵਾਸ਼ਿੰਗਟਨ ਨੇ ਸੰਯੁਕਤ ਰਾਸ਼ਟਰ ਵਿੱਚ ਪਾਸ ਕੀਤੇ ਗਏ ਸਾਰੇ ਮਤਿਆਂ ਵਿੱਚ ਯੂਕਰੇਨ ਦਾ ਪੂਰਾ ਸਮਰਥਨ ਕੀਤਾ ਗਿਆ ਸੀ। ਬਾਇਡਨ ਨੇ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਸਪਲਾਈ ਯਕੀਨੀ ਬਣਾ ਕੇ ਜੰਗ ਦੇ ਮੈਦਾਨ ਵਿੱਚ ਕੀਵ ਦੀ ਮਦਦ ਵੀ ਕੀਤੀ ਸੀ। ਅਮਰੀਕਾ ਦੁਆਰਾ ਪੇਸ਼ ਕੀਤੇ ਗਏ ਜਵਾਬੀ ਪ੍ਰਸਤਾਵ ਵਿੱਚ ਯੂਕਰੇਨ ਸੰਘਰਸ਼ ਦੇ "ਜਲਦੀ ਅੰਤ" ਦੀ ਮੰਗ ਕੀਤੀ ਗਈ ਸੀ। ਪਰ ਯੂਕਰੇਨ ਦੀ ਖੇਤਰੀ ਅਖੰਡਤਾ ਦਾ ਕੋਈ ਜ਼ਿਕਰ ਨਹੀਂ ਸੀ। ਇਸਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੇ ਮੈਂਬਰਾਂ ਦਾ ਸਮਰਥਨ ਨਹੀਂ ਮਿਲਿਆ। ਇਸ ਪ੍ਰਸਤਾਵ ਵਿੱਚ ਇੰਨੇ ਬਦਲਾਅ ਕੀਤੇ ਗਏ ਸਨ ਕਿ ਜਦੋਂ ਸੋਧੇ ਹੋਏ ਪ੍ਰਸਤਾਵ 'ਤੇ ਵੋਟਿੰਗ ਹੋਈ ਤਾਂ ਅਮਰੀਕਾ ਨੇ ਖੁਦ ਇਸ ਤੋਂ ਦੂਰੀ ਬਣਾ ਲਈ ਸੀ। ਸੋਧੇ ਹੋਏ ਅਮਰੀਕੀ ਮਤੇ ਨੂੰ 93 ਵੋਟਾਂ ਮਿਲੀਆਂ, ਜਦੋਂ ਕਿ 73 ਦੇਸ਼ ਵੋਟਿੰਗ ਤੋਂ ਦੂਰ ਰਹੇ ਅਤੇ ਅੱਠ ਦੇਸ਼ਾਂ ਨੇ ਵਿਰੋਧ ਕੀਤਾ ਸੀ।

ਸੰਯੁਕਤ ਰਾਸ਼ਟਰ ਵਿੱਚ ਰੂਸ ਦੇ ਰਾਜਦੂਤ, ਵੈਸੀਲੀ ਨੇਬੇਨਜ਼ਿਆ ਨੇ ਮੂਲ ਅਮਰੀਕੀ ਪ੍ਰਸਤਾਵ ਨੂੰ "ਸਹੀ ਦਿਸ਼ਾ ਵਿੱਚ ਇੱਕ ਕਦਮ" ਦੱਸਿਆ। ਇਹ ਬਿਆਨ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੌਰਾਨ ਰੂਸ ਅਤੇ ਅਮਰੀਕਾ ਵਿਚਕਾਰ ਨਾਟਕੀ ਤਬਦੀਲੀਆਂ ਵਿਚਕਾਰ ਦਿੱਤਾ ਗਿਆ ਸੀ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਬੀਤੇ ਸੋਮਵਾਰ ਨੂੰ ਕਿਹਾ ਸੀ ਕਿ ਰੂਸ ਯੂਕਰੇਨ ਵਿੱਚ ਟਕਰਾਅ ਨੂੰ ਹੱਲ ਕਰਨ ਦੇ ਉਦੇਸ਼ ਨਾਲ ਰੂਸ-ਅਮਰੀਕਾ ਸ਼ਾਂਤੀ ਵਾਰਤਾ ਵਿੱਚ ਯੂਰਪ ਦੀ ਭਾਗੀਦਾਰੀ ਦਾ ਵਿਰੋਧ ਨਹੀਂ ਕਰ ਰਿਹਾ। ਪਰ ਉਸਨੇ ਕਿਹਾ ਕਿ ਬ੍ਰਸੇਲਜ਼ ਨੇ ਲੰਬੇ ਸਮੇਂ ਤੋਂ ਮਾਸਕੋ ਨਾਲ ਕਿਸੇ ਵੀ ਗੱਲਬਾਤ ਨੂੰ ਰੱਦ ਕਰ ਦਿੱਤਾ ਸੀ। ਰੂਸੀ ਟੀਵੀ 'ਤੇ ਇੱਕ ਇੰਟਰਵਿਊ ਵਿੱਚ, ਪੁਤਿਨ ਨੇ ਇਹ ਵੀ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਰੂਸ-ਯੂਕਰੇਨ ਟਕਰਾਅ ਨੂੰ ਭਾਵਨਾਤਮਕ ਤੌਰ 'ਤੇ ਨਹੀਂ, ਤਰਕਸ਼ੀਲਤਾ ਨਾਲ ਦੇਖ ਰਹੇ ਹਨ। ਰੂਸ ਅਤੇ ਅਮਰੀਕਾ ਨੇ ਪਿਛਲੇ ਹਫ਼ਤੇ ਸਾਊਦੀ ਅਰਬ ਵਿੱਚ ਯੂਕਰੇਨ 'ਤੇ ਗੱਲਬਾਤ ਸ਼ੁਰੂ ਕੀਤੀ ਸੀ। ਯੂਕਰੇਨ ਅਤੇ ਇਸਦੇ ਯੂਰਪੀ ਸਹਿਯੋਗੀਆਂ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ। ਯੂਕਰੇਨ ਅਤੇ ਯੂਰਪੀਅਨ ਯੂਨੀਅਨ ਨੇ ਇਸ 'ਤੇ ਇਤਰਾਜ਼ ਜਤਾਇਆ ਸੀ।

ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸੋਮਵਾਰ ਨੂੰ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ ਨਾਲ ਫ਼ੋਨ 'ਤੇ ਗੱਲ ਕੀਤੀ ਅਤੇ ਕਿਹਾ ਕਿ ਉਹ ਯੂਕਰੇਨ ਵਿੱਚ ਯੁੱਧ ਖਤਮ ਕਰਨ ਲਈ ਰੂਸ ਵਲੋਂ ਅਮਰੀਕਾ ਨਾਲ ਗੱਲਬਾਤ ਸ਼ੁਰੂ ਕਰਨ ਤੋਂ ਖੁਸ਼ ਹਨ। ਸਰਕਾਰੀ ਪ੍ਰਸਾਰਕ ਸੀਸੀਟੀਵੀ ਦੇ ਅਨੁਸਾਰ, ਪੁਤਿਨ ਨੇ ਸ਼ੀ ਨੂੰ ਅਮਰੀਕਾ ਨਾਲ ਹੁਣੇ ਜਿਹੇ ਹੋਈ ਗੱਲਬਾਤ ਬਾਰੇ ਜਾਣਕਾਰੀ ਦਿੱਤੀ।

ਰਿਪੋਰਟ ਦੇ ਅਨੁਸਾਰ, ਸ਼ੀ ਨੇ ਕਿਹਾ ਕਿ "ਚੀਨ ਖੁਸ਼ ਹੈ ਕਿ ਰੂਸ ਅਤੇ ਸਬੰਧਤ ਧਿਰਾਂ ਨੇ ਸੰਕਟ ਨੂੰ ਹੱਲ ਕਰਨ ਲਈ ਸਕਾਰਾਤਮਕ ਯਤਨ ਕੀਤੇ ਹਨ।"

ਸ਼ੀ ਅਤੇ ਪੁਤਿਨ ਵਿਚਕਾਰ ਇਹ ਗੱਲਬਾਤ ਉਦੋਂ ਹੋਈ ਜਦੋਂ ਬੀਤੇ ਸੋਮਵਾਰ ਦੌਰਾਨ ਯੂਕਰੇਨ ਉਪਰ ਰੂਸ ਦੇ ਹਮਲੇ ਦੇ ਤਿੰਨ ਸਾਲਾ ਵਰ੍ਹੇਗੰਢ ਦੇ ਮੌਕੇ ਯੂਰਪ ਤੇ ਕੈਨੇਡਾ ਦੇ ਕਈ ਨੇਤਾ ਕੀਵ ਦੇ ਸਮਰਥਨ ਕਰਨ ਯੂਕਰੇਨ ਦੀ ਰਾਜਧਾਨੀ ਪਹੁੰਚੇ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕਰੇਨ ਦਾ ਸਾਥ ਛਡਕੇ ਰੂਸ ਨਾਲ ਜੰਗਬੰਦੀ ਬਾਰੇ ਸਿੱਧੀ ਗੱਲ ਕਰਨੀ ਸ਼ੁਰੂ ਕਰ ਦਿੱਤੀ।

### ਗੰਗਾ ਜਮੁਨਾ–8 ਸਫ਼ੇ ਦੀ ਬਾਕੀ

ਰਿਪੋਰਟ ਅਨੁਸਾਰ ਗਰੀਨ ਟ੍ਰਿਬਿਊਨਲ ਨੇ ਇਹ ਵੀ ਨੋਟ ਕੀਤਾ ਕਿ ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕੋਰਟ ਦੇ ਹੁਕਮਾਂ ਮੁਤਾਬਕ ਵਿਸਥਾਰਤ ਰਿਪੋਰਟ ਦਾਖ਼ਲ ਨਹੀਂ ਕੀਤੀ। ਕੋਰਟ ਨੇ ਰਾਜ ਦੇ ਸਰਕਾਰੀ ਵਕੀਲ ਨੂੰ ਰਿਪੋਰਟ ਦੀ ਜਾਂਚ ਕਰਨ ਤੇ ਜਵਾਬ ਦਾਖਲ ਕਰਨ ਦਾ ਆਦੇਸ਼ ਦਿੱਤਾ ਹੈ। ਇਸ ਰਿਪੋਰਟ ਦੇ ਆਉਣ ਤੋਂ ਬਾਅਦ ਕਰੋੜਾਂ ਸ਼ਰਧਾਲੂਆਂ ਦੀ ਸਿਹਤ ਤੇ ਸੁਰੱਖਿਆ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ, ਕਿਉਂਕਿ ਪ੍ਰਦੂਸ਼ਤ ਪਾਣੀ ਵਿੱਚ ਡੁਬਕੀ ਲਾਉਣਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਗੰਗਾ ਅਤੇ ਯਮੁਨਾ ਵਿੱਚ ਵੱਡੀ ਮਾਤਰਾ ਵਿੱਚ ਸੀਵਰੇਜ ਵਹਿੰਦਾ ਹੈ। ਝਾਰਖੰਡ ਵਿੱਚ ਪੈਦਾ ਹੋਣ ਵਾਲਾ 100% ਸੀਵਰੇਜ ਬਿਨਾਂ ਟ੍ਰੀਟਮੈਂਟ ਦੇ ਗੰਗਾ ਵਿੱਚ ਜਾਂਦਾ ਹੈ, ਪਰ ਇਹ ਸਭ ਤੋਂ ਘੱਟ ਪ੍ਰਦੂਸ਼ਿਤ ਸੂਬਾ ਹੈ। ਦਿੱਲੀ ਸਭ ਤੋਂ ਵੱਧ ਸੀਵਰੇਜ ਡਿਸਚਾਰਜ ਵਾਲੇ ਰਾਜਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੈ। ਦਿੱਲੀ ਤੋਂ ਹਰ ਰੋਜ਼ ਲਗਭਗ 327 ਕਰੋੜ ਲੀਟਰ ਸੀਵਰੇਜ ਗੰਗਾ ਵਿੱਚ ਜਾਂਦਾ ਹੈ। ਇਸ ਤੋਂ ਇਲਾਵਾ, ਉੱਤਰ ਪ੍ਰਦੇਸ਼ ਤੋਂ ਲਗਭਗ 120 ਕਰੋੜ ਲੀਟਰ ਸੀਵਰੇਜ ਅਤੇ ਪੱਛਮੀ ਬੰਗਾਲ ਅਤੇ ਬਿਹਾਰ ਤੋਂ ਲਗਭਗ 70 ਕਰੋੜ ਲੀਟਰ ਸੀਵਰੇਜ ਹਰ ਰੋਜ਼ ਗੰਗਾ ਵਿੱਚ ਜਾਂਦਾ ਹੈ। ਭਾਰਤ ਸਰਕਾਰ ਨੇ ਗੰਗਾ ਨਦੀ ਦੀ ਸਫਾਈ ਲਈ ਨਮਾਮਿ ਗੰਗੇ ਮਿਸ਼ਨ ਵਰਗੇ ਕਈ ਖਾਸ ਪ੍ਰੋਗਰਾਮ ਸ਼ੁਰੂ ਕੀਤੇ ਹਨ। ਇਸਦਾ ਮੁੱਖ ਉਦੇਸ਼ ਸੀਵਰੇਜ ਟ੍ਰੀਟਮੈਂਟ ਪਲਾਂਟ ਬਣਾਉਣਾ, ਉਦਯੋਗਿਕ ਰਹਿੰਦ-ਖੂੰਹਦ ਦੇ ਨਿਪਟਾਰੇ ਨੂੰ ਕੰਟਰੋਲ ਕਰਨਾ ਅਤੇ ਜੰਗਲਾਂ ਦੇ ਵਾਧੇ ਨੂੰ ਉਤਸ਼ਾਹਿਤ ਕਰਨਾ ਹੈ। ਪਰ ਇਹਨਾਂ ਯੋਜਨਾਵਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਵੇਂ ਕਿ ਪ੍ਰੋਜੈਕਟਾਂ ਵਿੱਚ ਦੇਰੀ ਅਤੇ ਨਿਯਮਾਂ ਨੂੰ ਪ੍ਰਭਾਵੀ ਲਾਗੂ ਨਾ ਕਰ ਸਕਨਾ। ਭਾਰਤ ਵਿੱਚ ਨਦੀਆਂ ਦੀ ਸਫਾਈ ਅਤੇ ਉਨ੍ਹਾਂ ਨੂੰ ਨਿਯਮਤ ਤੌਰ 'ਤੇ ਸਾਫ਼ ਰੱਖਣ ਦਾ ਕੰਮ ਗੁੰਝਲਦਾਰ ਲੱਗ ਸਕਦਾ ਹੈ, ਪਰ ਜੇਕਰ ਇਸਦੇ ਲਈ ਸਹੀ ਯਤਨ ਕੀਤੇ ਜਾਣ ਤਾਂ ਇਹ ਅਸੰਭਵ ਨਹੀਂ ਹੈ। ਨਦੀਆਂ ਦੀ ਸਫਾਈ ਸਿਰਫ਼ ਇੱਕ ਸਰਕਾਰੀ ਮੁਹਿੰਮ ਨਹੀਂ ਹੈ, ਸਗੋਂ ਇੱਕ ਸਮੂਹਿਕ ਜ਼ਿੰਮੇਵਾਰੀ ਹੈ ਕਿਉਂਕਿ ਨਦੀਆਂ ਸਾਡੇ ਜੀਵਨ ਦਾ ਆਧਾਰ ਹਨ। ਜਾਗਰੂਕਤਾ, ਤਕਨੀਕੀ ਨਿਵੇਸ਼ ਅਤੇ ਸਖ਼ਤ ਕਾਨੂੰਨਾਂ ਰਾਹੀਂ ਅਸੀਂ ਆਪਣੀਆਂ ਨਦੀਆਂ ਨੂੰ ਬਚਾ ਸਕਦੇ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਰਾਨਸੀ ਤੋਂ ਸੰਸਦ ਮੈਂਬਰ ਹਨ। ਗੰਗਾ ਵਾਰਾਨਸੀ ਦੇ ਬਿਲਕੁਲ ਨਾਲ ਦੀ ਲੰਘਦੀ ਹੈ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਵਿੱਚ ਵੀ ਭਾਜਪਾ ਸਰਕਾਰ ਹੈ। ਅਜਿਹੀਆਂ ਨਦੀਆਂ ਤੇ ਦਰਿਆਵਾਂ ਦਾ ਪਾਣੀ ਸਾਫ ਰੱਖਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ ਪਰ ਨਾ ਤਾਂ ਕੇਂਦਰ ਸਰਕਾਰ ਇਹ ਜ਼ਿੰਮੇਵਾਰੀ ਨਿਭਾਅ ਰਹੀ ਹੈ ਅਤੇ ਨਾ ਹੀ ਯੋਗੀ ਆਦਿਤਿਆਨਾਥ ਦੀ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਇਹ ਜ਼ਿੰਮੇਵਾਰੀ ਚੰਗੀ ਤਰ੍ਹਾਂ ਨਿਭਾਈ ਜਾ ਰਹੀ ਹੈ। **-ਰਜਿੰਦਰ ਸਿੰਘ ਪੁਰੇਵਾਲ**

## ਕਰਾਈਮ ਨਿਊਜ਼

# ਸੁੱਤੇ ਪਏ 'ਆਪ' ਵਰਕਰ ਨੂੰ ਵੱਢਿਆ




ਝਬਾਲ-ਥਾਣਾ ਝਬਾਲ ਅਧੀਨ ਆਉਂਦੇ ਪਿੰਡ ਪੱਧਰੀ ਵਿਖੇ ਰਾਤ ਵੇਲੇ ਘਰ ਵਿਚ ਸੁੱਤੇ ਪਏ ਆਮ ਆਦਮੀ ਪਾਰਟੀ ਦੇ ਵਰਕਰ ਪਰਮਜੀਤ ਸਿੰਘ ਨੂੰ ਕੁਝ ਵਿਅਕਤੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਵੱਢ ਕੇ ਜ਼ਖ਼ਮੀ ਕਰ ਦਿੱਤਾ। ਉਹ ਰਾਤ ਵੇਲੇ ਇਕੱਲਾ ਹੀ ਆਪਣੇ ਘਰ ਵਿਚ ਸੁੱਤਾ ਪਿਆ ਸੀ। ਜਦੋਂਕਿ ਪਰਿਵਾਰ ਦੇ ਸਾਰੇ ਮੈਂਬਰ ਕਿਸੇ ਵਿਆਹ 'ਤੇ ਗਏ ਹੋਏ ਸਨ। ਖ਼ਬਰ ਮਿਲਦਿਆਂ ਹੀ ਘਰ ਪੁੱਜੇ ਪਰਿਵਾਰਕ ਮੈਂਬਰਾਂ ਤੇ ਸਰਪੰਚ ਸਲਵਿੰਦਰ ਸਿੰਘ ਨੇ ਤੁਰੰਤ ਉਸ ਨੂੰ ਜ਼ੇਰੇ ਇਲਾਜ ਹਸਪਤਾਲ ਦਾਖਲ ਕਰਵਾ ਦਿੱਤਾ, ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਘਟਨਾ ਦਾ ਪਤਾ ਲੱਗਦਿਆਂ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਥਾਣਾ ਮੁਖੀ ਝਬਾਲ ਅਸ਼ੋਕ ਮੀਨਾ ਨੇ ਦੱਸਿਆ ਕਿ ਪਰਮਜੀਤ ਸਿੰਘ ਬਿਆਨ ਦੇਣ ਤੋਂ ਅਸਮਰਥ ਹੈ, ਜਿਸ ਕਰਕੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕਰਕੇ ਹਮਲਾਵਰਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਗੈਂਗਸਟਰਾਂ ਦੇ ਪੰਜ ਸਾਥੀ ਨਜਾਇਜ਼ ਅਸਲੇ ਸਮੇਤ ਫੜੇ

## ✪ ਫੜੇ ਗਏ ਮੁਲਜ਼ਮਾਂ ਕੋਲੋਂ ਪੰਜ ਪਿਸਟਲ ਤੇ 23 ਰੌਂਦ ਬਰਾਮਦ ਕੀਤੇ

ਪਟਿਆਲਾ-ਪਟਿਆਲਾ ਪੁਲਿਸ ਨੇ ਗੈਂਗਸਟਰਾਂ ਦੇ ਪੰਜ ਸਾਥੀਆਂ ਨੂੰ ਨਜਾਇਜ਼ ਅਸਲੇ ਸਮੇਤ ਗ੍ਰਿਫਤਾਰ ਕੀਤਾ ਹੈ। ਐਸਐਸਪੀ ਡਾਕਟਰ ਨਾਨਕ ਸਿੰਘ ਨੇ ਦੱਸਿਆ ਕਿ ਥਾਣਾ ਕੋਤਵਾਲੀ ਪੁਲਿਸ ਟੀਮ ਵੱਲੋਂ ਗ੍ਰਿਫਤਾਰ ਮੁਲਜ਼ਮਾਂ ਦੀ ਪਛਾਣ ਹਰਪ੍ਰੀਤ ਸਿੰਘ ਮੱਖਣ ਵਾਸੀ ਪਿੰਡ ਸੈਫਦੀਪੁਰ, ਲਵਪ੍ਰੀਤ ਸਿੰਘ ਬਿੱਲਾ ਵਾਸੀ ਪਿੰਡ ਬੁਜਰਕ, ਰਮਣਪ੍ਰੀਤ ਸਿੰਘ ਰਮਣ ਵਾਸੀ ਸੁਖਰਾਮ ਕਲੋਨੀ ਪਟਿਆਲਾ, ਕਾਰਪ੍ਰੀਤ ਸਿੰਘ ਹੈਪੀ ਵਾਸੀ ਗੁਰੂ ਨਾਨਕ ਨਗਰ ਪਟਿਆਲਾ ਅਤੇ ਰਾਮ ਸਿੰਘ ਉਰਫ ਰਮਨ ਵਾਸੀ ਪਿੰਡ ਫਤਿਹਗੜ੍ਹ ਛੰਨਾ ਵਜੋਂ ਹੋਈ ਹੈ। ਇਹ ਮੁਲਜ਼ਮ ਯੂਐਸਏ ਬੈਠਾ ਮਨਪ੍ਰੀਤ ਮਨੀ ਭਿੰਡਰ ਦੇ ਇਸ਼ਾਰੇ ਤੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਫੜੇ ਗਏ ਮੁਲਜ਼ਮਾਂ ਕੋਲੋਂ ਪੰਜ ਪਿਸਟਲ ਤੇ 23 ਰੌਂਦ ਬਰਾਮਦ ਕੀਤੇ ਗਏ ਹਨ।



ਐਸਐਸਪੀ ਨਾਨਕ ਸਿੰਘ ਨੇ ਦੱਸਿਆ ਕਿ ਗਰੋਹ ਦਾ ਮੁੱਖ ਸਰਗਣਾ ਹਰਪ੍ਰੀਤ ਸਿੰਘ ਮੱਖਣ ਹੈ। ਜੋ ਕਿ ਪਟਿਆਲਾ ਚ 2018 ਨੂੰ ਹੋਏ ਡਬਲ ਮਰਡਰ ਕੇਸ ਵਿੱਚ ਨਾਮਜ਼ਦ ਹੈ। ਹਰਪ੍ਰੀਤ ਉਰਫ ਮੱਖਣ ਮਸ਼ਹੂਰ ਗੈਂਗਸਟਰ ਭੁਪੀ ਰਾਣਾ ਅਤੇ ਅੰਕਿਤ ਰਾਣਾ ਵਰਗੇ ਬਦਨਾਮ ਗੈਂਗਸਟਰਾਂ ਨਾਲ ਮਿਲ ਕੇ ਕਈ ਵਾਰ ਦਾਤਾਂ ਨੂੰ ਅੰਜਾਮ ਦੇ ਚੁੱਕਾ ਹੈ। ਐਸਐਸਪੀ ਅਨੁਸਾਰ ਇਸ ਵੱਲੋਂ ਆਪਣੇ ਗੈਂਗ ਨਾਲ ਮਿਲ ਕੇ ਜ਼ਿਲ੍ਹਾ ਪਟਿਆਲਾ ਅਤੇ ਮੋਗਾ ਵਿੱਚ ਵੱਡੀ ਸਨਸਨੀਖੇਜ਼ ਵਾਰਦਾਤ ਨੂੰ ਅੰਜਾਮ ਦਿੱਤਾ ਜਾਣਾ ਸੀ, ਪਰ ਪੁਲਿਸ ਨੇ ਇਹਨਾਂ ਨੂੰ ਗ੍ਰਫਤਾਰ ਕਰਕੇ ਵੱਡੀ ਵਾਰਦਾਤ ਹੋਣ ਤੋਂ ਬਚਾਅ ਕੀਤਾ ਹੈ। ਗ੍ਰਿਫਤਾਰ ਕੀਤਾ ਗਿਆ ਰਾਮ ਸਿੰਘ ਉਰਫ ਰਮਨ ਐਸਕੇ ਖਰੌੜ ਗਰੁੱਪ ਨਾਲ ਸਬੰਧ ਰੱਖਦਾ ਹੈ ਜਦੋਂ ਕਿ ਲਵਪ੍ਰੀਤ ਬਿੱਲਾ ਬਿੱਟੂ ਗੁਜਰ ਗੈਂਗ ਨਾਲ ਸੰਬੰਧਿਤ ਹੈ ਤੇ ਇਹ ਪਿੰਡ ਪਸਿਆਣਾ ਦੇ ਸਰਪੰਚ ਕਤਲ ਕੇਸ ਵਿੱਚ ਵੀ ਨਾਮਜ਼ਦ ਹੈ।

ਥਾਣਾ ਕੋਤਵਾਲੀ ਇੰਚਾਰਜ ਹਰਜਿੰਦਰ ਸਿੰਘ ਢਿੱਲੋ ਨੇ ਦੱਸਿਆ ਕਿ ਹਰਪ੍ਰੀਤ ਮੱਖਣ ਖਿਲਾਫ ਪਹਿਲਾਂ ਵੀ ਕਤਲ, ਇਰਾਦਾ ਕਤਲ, ਗੈਂਗਵਾਰ, ਅਸਲਾ ਐਕਟ ਦੇ ਕਰੀਬ ਛੇ ਮਾਮਲੇ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ ਦਰਜ ਹਨ। ਰਮਨ ਸਿੰਘ ਰਮਣ ਅਤੇ ਲਵਪ੍ਰੀਤ ਉਰਫ ਬਿੱਲਾ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਪੰਜ ਮੁਕੱਦਮੇ ਦਰਜ ਹਨ।

# ਅੰਮ੍ਰਿਤਸਰ ਵਿਚੋਂ ਪੰਜ ਕਿਲੋਗ੍ਰਾਮ ਹੈਰੋਇਨ ਬਰਾਮਦ-4 ਸਮਗਲਰ ਗ੍ਰਿਫ਼ਤਾਰ

## ✪ ਪਾਕਿਸਤਾਨੀ ਗਿਰੋਹ ਦੇ ਸੰਪਰਕ ਵਿਚ ਸੀ ਗ੍ਰਿਫ਼ਤਾਰ ਦੋਸ਼ੀ


ਅੰਮ੍ਰਿਤਸਰ-ਅੰਮਿਬਸਰ ਕਮਿਸ਼ਨਰੇਟ ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ ਵਿਚ ਚਾਰ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ 5.06 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਹ ਖੁਲਾਸਾ ਅੱਜ ਇਥੇ ਪੱਤਰਕਾਰ ਸੰਮੇਲਨ 'ਚ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਗੁਰਜੰਟ ਸਿੰਘ ਕਾਲੂ ਵਾਸੀ ਪਿੰਡ ਬੱਚੀਵਿੰਡ, ਜਗਜੀਤ ਸਿੰਘ ਵਾਸੀ ਪਿੰਡ ਰਾਣੀਆ ਦੋਵੇਂ ਜ਼ਿਲ੍ਹਾ ਅੰਮ੍ਰਿਤਸਰ, ਸਾਹਿਲ ਕੁਮਾਰ ਸਾਹਿਲ ਵਾਸੀ ਪਿੰਡ ਘਰਿਆਲਾ ਜ਼ਿਲ੍ਹਾ ਤਰਨਤਾਰਨ ਅਤੇ ਰਿੰਕੂ ਵਾਸੀ ਬਸਤੀ



ਦੁਨੇ ਵਾਲੀ ਗੁਰੂ ਹਰਿਸਹਾਏ ਜ਼ਿਲ੍ਹਾ ਫਿਰੋਜ਼ਪੁਰ ਵਜੋਂ ਹੋਈ ਹੈ। ਭੁੱਲਰ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਪਾਕਿਸਤਾਨ ਆਧਾਰਿਤ ਨਸ਼ਾ ਤਸਕਰਾਂ ਦੇ ਸੰਪਰਕ ਵਿਚ ਸਨ। ਇਹ ਨਸ਼ਾ ਤਸਕਰ ਅੰਮ੍ਰਿਤਸਰ ਦੇ ਇਲਾਕਿਆਂ ਵਿਚ ਸਪਲਾਈ ਕਰਨ ਲਈ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਪੁਲਿਸ ਸਟੇਸ਼ਨ ਛਾਉਣੀ ਅਤੇ ਸਦਰ ਅੰਮ੍ਰਿਤਸਰ ਵਿਖੇ ਦੋ ਵੱਖ-ਵੱਖ ਐੱਫ. ਆਈ. ਆਰਜ਼ ਦਰਜ ਕੀਤੀਆਂ ਗਈਆਂ ਹਨ। ਪਹਿਲੇ ਮਾਮਲੇ ਦੇ ਸੰਬੰਧ ਵਿਚ ਕਾਰਵਾਈ ਕਰਦਿਆਂ ਡੀ.ਸੀ.ਪੀ. ਹਰਪ੍ਰੀਤ ਸਿੰਘ ਮੰਡੇਰ, ਏ.ਡੀ.ਸੀ.ਪੀ. ਸਿਟੀ-2 ਹਰਕਮਲ ਕੌਰ ਅਤੇ ਏ.ਸੀ.ਪੀ. ਪੱਛਮੀ ਸ਼ਿਵਦਰਸ਼ਨ ਸਿੰਘ ਦੀ ਨਿਗਰਾਨੀ ਹੇਠ ਪੁਲਿਸ ਸਟੇਸ਼ਨ ਛਾਉਣੀ ਦੀਆਂ ਪੁਲਿਸ ਟੀਮਾਂ ਨੇ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਅਤੇ ਗੁਰਜੰਟ ਕਾਲੂ ਅਤੇ ਜਗਜੀਤ ਸਿੰਘ ਵਜੋਂ ਪਛਾਣੇ ਗਏ ਸ਼ੱਕੀਆਂ ਨੂੰ ਮਾਹਲ ਬਾਈਪਾਸ ਖੇਤਰ ਤੋਂ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3.067 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਦੂਜੇ ਮਾਮਲੇ 'ਚ ਅਮੋਲਕਦੀਪ ਸਿੰਘ ਦੀ ਅਗਵਾਈ ਹੇਠ ਸੀਆਈਏ ਸਟਾਫ-1 ਦੀਆਂ ਪੁਲਿਸ ਟੀਮਾਂ ਨੇ ਅਗਲੇਰੀ ਜਾਂਚ ਦੌਰਾਨ ਦੋ ਹੋਰ ਮੁਲਜ਼ਮਾਂ ਸਾਹਿਲ ਕੁਮਾਰ ਅਤੇ ਰਿੰਕੂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ 2 ਕਿਲੋ ਹੈਰੋਇਨ ਬਰਾਮਦ ਕੀਤੀ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਰਿੰਕੂ ਨਸ਼ੀਲੇ ਪਦਾਰਥਾਂ ਦੇ ਵਪਾਰ ਨਾਲ ਕਮਾਏ ਗ਼ੈਰ-ਕਾਨੂੰਨੀ ਪੈਸੇ ਨੂੰ ਵੱਖ-ਵੱਖ ਸਪਲਾਇਰਾਂ ਨੂੰ ਤਬਦੀਲ ਕਰਨ ਲਈ ਵੱਡਾ ਹਵਾਲਾ ਨੈੱਟਵਰਕ ਚਲਾ ਰਿਹਾ ਸੀ।

# ਨਾਲੀ ਵਿਵਾਦ ਕਾਰਣ ਆਪ ਨੇਤਾ ਨੇ ਸਰਪੰਚ ਦੇ ਪਤੀ ਦੀ ਗੋਲੀ ਮਾਰ ਕੇ ਕੀਤੀ ਹੱਤਿਆ

ਫ਼ਾਜ਼ਿਲਕਾ-ਜਦੋਂ ਸਰਪੰਚ ਦਾ ਪਤੀ ਸ਼ੰਕਰ ਲਾਲ ਪਿੰਡ ਦੇ 'ਆਪ' ਆਗੂ ਮਨੋਜ ਨਾਲ ਅਸਾਮੀ ਦੇ ਵਿਵਾਦ ਨੂੰ ਸੁਲਝਾਉਣ ਲਈ ਪੰਚਾਇਤ ਗਿਆ, ਤਾਂ ਉਨ੍ਹਾਂ ਦਾ ਝਗੜਾ ਹੋ ਗਿਆ, ਜਿਸ 'ਤੇ ਸ਼ੰਕਰ ਨੇ ਮਨੋਜ ਤੋਂ ਅਸਾਮੀ ਨਾਲ ਸਬੰਧਤ ਦਸਤਾਵੇਜ਼ ਮੰਗੇ, ਜਿਸ 'ਤੇ ਮਨੋਜ ਕੁਝ ਕਾਗਜ਼ਾਤ ਲਿਆਉਣ ਦੇ ਬਹਾਨੇ ਘਰ ਗਿਆ ਅਤੇ ਆਪਣੀ ਪਿਸਤੌਲ ਲੈ ਕੇ ਆਇਆ ਅਤੇ ਸ਼ੰਕਰ ਦੇ ਮੱਥੇ 'ਤੇ ਗੋਲੀ ਮਾਰ ਦਿੱਤੀ, ਜਿਸ ਨਾਲ ਉਸਦੀ ਮੌਤ ਹੋ ਗਈ। ਸਭ ਤੋਂ ਦੁਖਦਾਈ ਪਹਿਲੂ ਇਹ ਸੀ ਕਿ ਮ੍ਰਿਤਕ ਸ਼ੰਕਰ ਦੇ ਭਤੀਜੇ ਵਿਪਨ ਕੁਮਾਰ ਦਾ ਵਿਆਹ ਸ਼ਾਮ ਨੂੰ ਹੋਣਾ ਸੀ। ਘਰ ਵਿੱਚ ਖੁਸ਼ੀ ਦਾ ਮਾਹੌਲ ਸੀ ਅਤੇ ਉਸਦੇ ਰਿਸ਼ਤੇਦਾਰ ਘਰ ਆਏ ਹੋਏ ਸਨ ਪਰ ਜਦੋਂ ਇਹ ਹਾਦਸਾ ਵਾਪਰਿਆ ਤਾਂ ਵਿਆਹ ਦੀਆਂ ਖੁਸ਼ੀਆਂ ਸੋਗ ਵਿੱਚ ਬਦਲ



ਗਈਆਂ। ਦੂਜੇ ਪਾਸੇ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਪਿੰਡ ਦੇ ਕੁਝ ਲੋਕਾਂ ਦਾ ਜ਼ਮੀਨ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ, ਜਿਸ ਲਈ ਪੰਚਾਇਤ ਹੋ ਰਹੀ ਸੀ, ਜਿਸ ਦੌਰਾਨ ਉਸੇ ਪਿੰਡ ਦੇ ਮਨੋਜ ਕੁਮਾਰ ਨਾਮ ਦੇ ਵਿਅਕਤੀ ਨੇ ਗੁੱਸੇ ਵਿੱਚ ਆ ਕੇ ਮੌਜੂਦਾ ਸਰਪੰਚ ਪੂਨਮ ਦੇ ਪਤੀ ਸ਼ੰਕਰ ਜਲਪ ਨੂੰ ਗੋਲੀ ਮਾਰ ਦਿੱਤੀ, ਜਿਸ ਨੂੰ ਉਸਦੇ ਪਰਿਵਾਰ ਤੁਰੰਤ ਇਲਾਜ ਲਈ ਸ਼੍ਰੀ ਗੰਗਾਨਗਰ ਲੈ ਗਏ, ਪਰ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਉਸਦੀ ਮੌਤ ਹੋ ਗਈ। ਇਸ ਬਾਰੇ ਸੂਚਨਾ ਮਿਲਦੇ ਹੀ ਭਾਰੀ ਪੁਲਿਸ ਫੋਰਸ ਮੌਕੇ 'ਤੇ ਪਹੁੰਚ ਗਈ ਅਤੇ ਇਲਾਕੇ ਨੂੰ ਘੇਰ ਲਿਆ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕ ਦੋ ਬੱਚਿਆਂ ਦਾ ਪਿਤਾ ਸੀ।

# ਖਤਰਨਾਕ ਬਿਮਾਰੀਆਂ ਕਾਰਣ ਪੰਜਾਬ ਵਿਚ ਕਾਰਪੋਰੇਟਾਂ ਦੇ ਫਾਈਵ ਸਟਾਰ ਹਸਪਤਾਲ ਵਧੇ

## ਬਠਿੰਡਾ ਪੰਜਾਬ ਦੀ ਨਵੀਂ ਹੈਲਥ ਹੱਬ ਬਣਿਆ ✪ ਕਾਲਾ ਪੀਲੀਆ ਅਤੇ ਕੈਂਸਰ ਦੀ ਬਿਮਾਰੀ ਲੋਕਾਂ ਦੇ ਘਰ ਖ਼ਾਲੀ ਕਰ ਰਹੀ ਏ







### ਖਾਸ ਖਬਰ

ਕਾਰਪੋਰੇਟਾਂ ਦੇ ਪੰਜ ਤਾਰਾ ਹਸਪਤਾਲ ਵਧੇ ਹਨ, ਜੋ ਗਵਾਹ ਹਨ ਕਿ ਬਿਮਾਰੀ ਨੇ ਪੰਜਾਬ ਨੂੰ ਘੇਰ ਲਿਆ ਹੈ। ਫ਼ਾਰਮਾ ਕੰਪਨੀਆਂ ਦਾ ਪੰਜਾਬ ਤੋਂ ਬਾਹਰ ਅਤੇ ਦਵਾਈ ਦੀ ਖਪਤ ਦਾ ਪੰਜਾਬ 'ਚ ਰੋਜ਼ਾਨਾ ਔਸਤਨ 177.53 ਕਰੋੜ ਦਾ ਕਾਰੋਬਾਰ ਹੈ। ਪ੍ਰਾਈਵੇਟ ਫ਼ਾਰਮਾ ਸਨਅਤ ਦਾ ਇਕੱਲੇ ਸਾਲ 2023-24 'ਚ 64,801.06 ਕਰੋੜ ਰੁਪਏ ਦਾ ਕਾਰੋਬਾਰ ਰਿਹਾ ਹੈ ਜਿਸ ਵਿਚ ਪੰਜਾਬ ਤੋਂ ਬਾਹਰ ਗਈ ਮੈਡੀਸਨ ਵੀ ਸ਼ਾਮਲ ਹੈ। ਇਸ ਦੇ ਵੱਡੇ ਹਿੱਸੇ ਦੀ ਖਪਤ ਪੰਜਾਬ ਵਿਚ ਰਹੀ ਹੈ। ਪੰਜਾਬ 'ਚ ਫ਼ਾਰਮਾ ਕਾਰੋਬਾਰ ਸਾਲ 2017-18 ਤੋਂ ਸਾਲ 2023-24 ਤੱਕ 3,23,764 ਕਰੋੜ ਦਾ ਰਿਹਾ ਹੈ। ਕਰੀਬ 50 ਫ਼ੀਸਦੀ ਹਿੱਸੇਦਾਰੀ ਇਕੱਲੇ ਜ਼ਿਲ੍ਹਾ ਮੁਹਾਲੀ ਦੀ ਹੈ ਜਿੱਥੇ ਇੱਕੋ ਜ਼ਿਲ੍ਹੇ ਵਿਚ ਮੈਡੀਸਨ ਤੇ ਫ਼ਾਰਮਾ ਕਾਰੋਬਾਰ 1,59,548.14 ਕਰੋੜ ਦਾ ਰਿਹਾ ਹੈ। ਬਠਿੰਡਾ ਪੰਜਾਬ ਦੀ ਨਵੀਂ ਹੈਲਥ ਹੱਬ ਬਣ ਰਿਹਾ ਹੈ।

ਵਿਸ਼ਵ ਸਿਹਤ ਸੰਸਥਾ ਅਨੁਸਾਰ ਭਾਰਤ ਵਿਚ ਆਮ ਲੋਕ ਆਪਣੇ ਇਲਾਜ ਲਈ 70 ਫ਼ੀਸਦੀ ਖ਼ਰਚੇ ਪੱਲਿਓਂ ਕਰਦੇ ਹਨ। ਪੰਜਾਬ ਵਿਚ ਇਸ ਵੇਲੇ 57,640 ਰਜਿਸਟਰਡ ਫਾਰਮਾਸਿਸਟ ਹਨ ਜਦਕਿ ਪ੍ਰਚੂਨ ਤੇ ਥੋਕ ਦੇ 34,276 ਲਾਇਸੈਂਸੀ ਹਨ। ਵੇਰਵਿਆਂ ਅਨੁਸਾਰ ਪੰਜਾਬ 'ਚ ਮੈਡੀਸਨ ਤੇ ਫਾਰਮਾਸਿਊਟੀਕਲ ਕਾਰੋਬਾਰ ਸਾਲ 2017-18 'ਚ 20,116.90 ਕਰੋੜ ਸੀ ਜੋ ਸਾਲ 2023-24 ਵਿਚ ਵੱਧ ਕੇ 64,801.06 ਕਰੋੜ ਦਾ ਹੋ ਗਿਆ ਹੈ।

ਉਪਰੋਕਤ ਤੋਂ ਇਲਾਵਾ ਪੰਜਾਬ ਵਿਚ ਮੈਡੀਕਲ ਕਾਸਮੈਟਿਕ ਟਰੀਟਮੈਂਟ/ਹੇਅਰ ਟਰਾਂਸਪਲਾਂਟ 'ਤੇ ਸਾਲ 2017-18 ਤੋਂ ਸਾਲ 2023-24 ਦੌਰਾਨ 5699.45 ਕਰੋੜ ਦਾ ਕਾਰੋਬਾਰ ਹੋਇਆ ਹੈ ਅਤੇ ਇਸ ਸਮੇਂ ਦੌਰਾਨ ਮਰੀਜ਼ਾਂ ਨੇ ਸਰਜੀਕਲ ਉਤਪਾਦਾਂ, ਟੈਸਟਾਂ ਅਤੇ ਐਕਸ-ਰੇਅ ਆਦਿ 'ਤੇ 1145.72 ਕਰੋੜ ਵੱਖਰੇ ਖ਼ਰਚੇ ਹਨ। ਇਨ੍ਹਾਂ ਸੱਤ ਵਰ੍ਹਿਆਂ ਵਿਚ ਪੰਜਾਬ ਦੇ ਲੋਕਾਂ ਨੇ 1301.31 ਕਰੋੜ ਦਾ ਖਰਚਾ ਨਜ਼ਰ ਵਾਲੀਆਂ ਐਨਕਾਂ ਅਤੇ ਬਰਾਂਡਿਡ ਐਨਕਾਂ 'ਤੇ ਖ਼ਰਚ ਕੀਤੇ ਹਨ। ਇਨ੍ਹਾਂ ਸਾਲਾਂ 'ਚ ਹੀ ਮੈਡੀਕਲ ਸੇਵਾਵਾਂ ਤੇ ਹਸਪਤਾਲਾਂ ਦਾ ਕਾਰੋਬਾਰ 15254.95 ਕਰੋੜ ਦਾ ਵੱਖਰਾ ਰਿਹਾ ਹੈ। ਜ਼ਿਲ੍ਹਿਆਂ 'ਤੇ ਨਜ਼ਰ ਮਾਰਦੇ ਹਾਂ ਤਾਂ ਬਠਿੰਡਾ ਜ਼ਿਲ੍ਹੇ ਵਿਚ ਸੱਤ ਸਾਲਾਂ 'ਚ ਦਵਾਈਆਂ ਦਾ ਕਾਰੋਬਾਰ 9045.74 ਕਰੋੜ ਰਿਹਾ ਹੈ ਜਦਕਿ ਪਟਿਆਲਾ ਜ਼ਿਲ੍ਹੇ 'ਚ 19063.17 ਕਰੋੜ ਦਾ ਰਿਹਾ ਹੈ। ਇਵੇਂ ਮਾਨਸਾ ਜ਼ਿਲ੍ਹੇ ਵਿਚ 1076.42 ਕਰੋੜ ਦਾ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ 3928.32 ਕਰੋੜ ਦਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕੁਝ ਅਰਸਾ ਪਹਿਲਾਂ ਜੈਨੇਰਿਕ ਦਵਾਈਆਂ 'ਤੇ ਅਧਾਰਿਤ ਜਨ ਔਸ਼ਧੀ ਕੇਂਦਰ ਖੋਲ੍ਹੇ ਗਏ ਹਨ ਅਤੇ ਆਯੂਸ਼ਮਾਨ ਭਾਰਤ ਸਕੀਮ ਤਹਿਤ ਲੋਕਾਂ ਨੂੰ ਇਲਾਜ ਦੀ ਸਹੂਲਤ ਦਿੱਤੀ ਗਈ ਹੈ। ਪੰਜਾਬ 'ਚ ਆਮ ਆਦਮੀ ਲਈ ਟੈਸਟਾਂ ਦਾ ਖਰਚਾ ਝੱਲਣਾ ਮੁਸ਼ਕਲ ਹੈ, ਇਲਾਜ ਦਾ ਖਰਚਾ ਤਾਂ ਦੂਰ ਦੀ ਗੱਲ ਹੈ। 'ਆਪ' ਸਰਕਾਰ ਨੇ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਜਿਨ੍ਹਾਂ 'ਚ ਟੈਸਟ ਮੁਫ਼ਤ ਹਨ ਤੇ ਦਵਾਈਆਂ ਵੀ ਜਿਸ ਨਾਲ ਗ਼ਰੀਬ ਲੋਕਾਂ ਦੇ ਜ਼ਖ਼ਮਾਂ 'ਤੇ ਥੋੜ੍ਹੀ ਮਲ੍ਹਮ ਲੱਗੀ ਹੈ। ਕਾਲਾ ਪੀਲੀਆ ਅਤੇ ਕੈਂਸਰ ਦੀ ਬਿਮਾਰੀ ਲੋਕਾਂ ਦੇ ਘਰ ਖ਼ਾਲੀ ਕਰ ਰਹੀ ਹੈ।

ਕੌਮੀ ਸਿਹਤ ਨੀਤੀ 2017 ਅਨੁਸਾਰ ਸੂਬਿਆਂ ਨੂੰ ਬਜਟ ਦਾ ਅੱਠ ਫ਼ੀਸਦ ਹਿੱਸਾ ਸਿਹਤ ਖੇਤਰ ਲਈ ਰਾਖਵਾਂ ਰੱਖਣਾ ਚਾਹੀਦਾ ਹੈ ਜਦਕਿ ਪੰਜਾਬ ਦੇ ਬਜਟ ਖ਼ਰਚ ਦਾ 4.6 ਫ਼ੀਸਦੀ ਬਜਟ ਚਾਲੂ ਵਿੱਤੀ ਦੌਰਾਨ ਸਿਹਤ ਲਈ ਰੱਖਿਆ ਗਿਆ ਹੈ।

### ਸਰਕਾਰੀ ਖ਼ਰੀਦ 'ਤੇ 718 ਕਰੋੜ ਦਾ ਖ਼ਰਚ

ਪੰਜਾਬ ਸਰਕਾਰ ਨੇ ਸਾਲ 2020-21 ਤੋਂ ਨਵੰਬਰ 2024 (ਪੌਣੇ ਪੰਜ ਸਾਲ) ਤੱਕ ਸਰਕਾਰੀ ਸਿਹਤ ਕੇਂਦਰਾਂ ਲਈ 718.67 ਕਰੋੜ ਰੁਪਏ ਇਕੱਲੀ ਮੈਡੀਸਨ ਦੀ ਖ਼ਰੀਦ 'ਤੇ ਖ਼ਰਚ ਕੀਤੇ ਹਨ। ਚਾਲੂ ਵਿੱਤੀ ਸਾਲ 'ਚ 123.53 ਕਰੋੜ ਤੇ ਸਾਲ 2023-24 'ਚ 191.37 ਕਰੋੜ ਦੀ ਦਵਾਈ ਸਰਕਾਰ ਨੇ ਖ਼ਰੀਦੀ ਸੀ। ਸਾਲ 2020-21 ਵਿੱਚ ਦਵਾਈ ਦੀ ਖ਼ਰੀਦ 'ਤੇ ਸਰਕਾਰੀ ਖ਼ਰਚ 84 ਕਰੋੜ ਸੀ। ਇਸ ਤੋਂ ਇਲਾਵਾ ਨਸ਼ੇੜੀਆਂ ਦਾ ਨਸ਼ਾ ਛੁਡਾਉਣ ਲਈ ਜੋ ਬੁਪਰੋਨੋਰਫਿਨ ਆਦਿ ਦੀ ਗੋਲੀ ਓਟ ਕਲੀਨਿਕਾਂ 'ਚ ਦਿੱਤੀ ਜਾਂਦੀ ਹੈ, ਉਸ 'ਤੇ ਸਰਕਾਰ ਨੇ ਸਾਲ 2019 ਤੋਂ ਹੁਣ ਤੱਕ 402.51 ਕਰੋੜ ਰੁਪਏ ਖ਼ਰਚੇ ਹਨ।

### ਵੀਆਈਪੀ ਦੇ ਇਲਾਜ ਦਾ ਖਰਚਾ ਸਰਕਾਰੀ ਖ਼ਜ਼ਾਨੇ 'ਚੋਂ

ਕੈਬਨਿਟ ਵਜ਼ੀਰਾਂ, ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦਾ ਸਮੁੱਚਾ ਮੈਡੀਕਲ ਖਰਚਾ ਸਰਕਾਰ ਚੁੱਕਦੀ ਹੈ ਜਿਸ ਦੀ ਕੋਈ ਸੀਮਾ ਨਹੀਂ। ਜੇਲ੍ਹਾਂ ਦੇ ਬੰਦੀਆਂ ਦਾ ਖਰਚਾ ਵੀ ਖ਼ਜ਼ਾਨੇ ਵਿਚੋਂ ਹੁੰਦਾ ਹੈ ਜੋ ਅਸੀਮਿਤ ਹੁੰਦਾ ਹੈ। ਹੁਣ ਤੱਕ ਬਾਦਲ ਪਰਿਵਾਰ ਦਾ ਮੈਡੀਕਲ ਖਰਚਾ 4.98 ਕਰੋੜ, ਬਰਾੜ ਪਰਿਵਾਰ (ਸਰਾਏਨਾਗਾ) ਦਾ 4.72 ਕਰੋੜ, ਤਲਵੰਡੀ ਪਰਿਵਾਰ ਦਾ 42.26 ਲੱਖ, ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਦਾ 29.60 ਲੱਖ ਅਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦਾ ਮੈਡੀਕਲ ਖਰਚਾ ਚਾਰ ਲੱਖ ਰੁਪਏ ਰਿਹਾ ਹੈ।

### ਅਸਲ ਹਾਲਾਤ ਕੀ ਨੇ

ਅਨੇਕਾਂ ਪੱਖਾਂ ਤੋਂ ਮੋਹਰੀ ਰਹਿਣ ਵਾਲਾ ਪੰਜਾਬ ਅੱਜ ਤਾਮਿਲ, ਕੇਰਲ, ਕਾਰਨਾਟਕ, ਤਿਲੰਗਾਨਾ ਆਦਿ ਰਾਜਾਂ ਤੋਂ ਪਿੱਛੇ ਪੈ ਗਿਆ ਹੈ। ਇਸ ਦਾ ਕਾਰਨ ਇਹ ਨਹੀਂ ਹੈ ਕਿ ਇਹ ਰਾਜ ਪੰਜਾਬ ਤੋਂ ਵੱਧ ਅਮੀਰ ਹੋ ਗਏ ਹਨ ਤੇ ਨਿੱਤ ਨਵੀਆਂ ਤਕਨੀਕਾਂ ਰਾਹੀਂ ਰਾਜਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ। ਜਦੋਂ ਸਿਹਤ ਸਿਆਸੀ ਜ਼ਿੰਮੇਵਾਰੀ ਬਣਦੀ ਹੈ ਤਾਂ ਇਹ ਸੱਤਾ ਵਿਚ ਬੈਠੀ ਸਰਕਾਰ ਤੇ ਨਿਰਭਰ ਕਰਦਾ ਹੈ। ਸਰਕਾਰਾਂ ਆਪਣੇ ਲੋਕਾਂ ਪ੍ਰਤੀ ਕਿੰਨੀਆਂ ਫ਼ਿਕਰਮੰਦ ਹਨ, ਇਹ ਤੈਅ ਕਰਦਾ ਹੈ ਕਿ ਵਿਵਸਥਾ ਕਿਸ ਤਰ੍ਹਾਂ ਦੀ ਹੈ ਜਾਂ ਹੋਵੇਗੀ।

ਇਸ ਹਾਲਤ ਦਾ ਜਾਇਜ਼ਾ ਇਸ ਪੱਖ ਤੋਂ ਲਾਇਆ ਜਾ ਸਕਦਾ ਹੈ ਕਿ ਆਜ਼ਾਦੀ ਮਗਰੋਂ ਸ਼ੁਰੂ ਤੋਂ ਹੀ ਕੇਂਦਰ ਨੇ ਸਿਹਤ ਨੂੰ ਕਦੇ ਵੀ ਪਹਿਲਕਦਮੀ ਵਾਲਾ ਮੁੱਦਾ ਨਹੀਂ ਸਮਝਿਆ। ਕਈ ਸਿਹਤ ਪ੍ਰੋਗਰਾਮ ਭਾਵੇਂ ਚੱਲ ਰਹੇ ਹਨ ਪਰ ਇਸ ਦੀ ਝਲਕ ਸਿਹਤ ਬਜਟ ਤੋਂ ਦੇਖੀ ਜਾ ਸਕਦੀ ਹੈ ਜੋ ਕਦੇ ਵੀ ਦੋ ਫੀਸਦ (2%) ਵੀ ਨਹੀਂ ਹੋਇਆ ਜਦੋਂਕਿ ਸੰਸਾਰ ਸਿਹਤ ਸੰਸਥਾ ਦੇ ਮਾਪਦੰਡਾਂ ਅਨੁਸਾਰ ਇਹ ਘੱਟੋ-ਘੱਟ ਛੇ ਫੀਸਦ ਹੋਣਾ ਚਾਹੀਦਾ ਹੈ।

ਭਾਰਤ ਦੀ 62 ਫੀਸਦੀ ਆਬਾਦੀ ਸਿਹਤ ਦੇ ਪੱਖ ਤੋਂ ਆਪਣੀ ਜੇਬ ਵਿਚੋਂ ਪੈਸੇ ਖਰਚ ਕਰਦੀ ਹੈ ਅਤੇ ਇਸ ਕਾਰਜ ਲਈ ਕਰਜ਼ਾ ਵੀ ਲੈਂਦੀ ਹੈ। ਪੰਜਾਬ ਵਿਚ ਹਾਲਾਤ ਇਸ ਤੋਂ ਵੀ ਅੱਗੇ ਹਨ ਜਿੱਥੇ 75% ਲੋਕ ਆਪਣੇ ਸਿਹਤ ਮਾਮਲਿਆਂ ਲਈ ਜੇਬੋਂ ਪੈਸੇ ਖਰਚ ਕਰਦੇ ਹਨ। ਇਸ ਦੇ ਮੱਦੇਨਜ਼ਰ ਸਰਕਾਰੀ ਸਿਹਤ ਸੰਸਥਾਵਾਂ ਅਤੇ ਪ੍ਰਾਈਵੇਟ ਸਿਹਤ ਅਦਾਰਿਆਂ ਦੀ ਗੱਲ ਕਰੀਏ ਤਾਂ 85 ਫੀਸਦੀ ਰੋਜ਼ਾਨਾ ਓਪੀਡੀ ਅਤੇ 45 ਫੀਸਦ ਦਾਖਲੇ ਲਈ ਪ੍ਰਾਈਵੇਟ ਸਿਹਤ ਸੰਸਥਾਵਾਂ ਕੋਲ ਜਾਂਦੇ ਹਨ।

ਪੰਜਾਬ ਦਾ ਇੱਕ ਹੋਰ ਪਹਿਲੂ ਹੈ। ਇੱਥੇ ਮੁੱਢਲੀਆਂ ਪੇਂਡੂ ਸਿਹਤ ਸੇਵਾਵਾਂ ਲਈ ਪੰਚਾਇਤੀ ਰਾਜ ਪ੍ਰਬੰਧ ਜ਼ਿੰਮੇਵਾਰ ਹੈ। ਮੁੱਢਲੇ ਸਿਹਤ ਕੇਂਦਰ ਅਤੇ ਕਾਫ਼ੀ ਜ਼ਿਲ੍ਹਾ ਹਸਪਤਾਲ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਚਲਾਉਂਦੀ ਹੈ ਤੇ ਕੁਝ ਸਿਹਤ ਸੰਸਥਾਵਾਂ ਸਿਹਤ ਸੇਵਾਵਾਂ ਮਹਿਕਮਾ। ਤੀਸਰੇ ਪੱਧਰ ਦੀਆਂ ਸਿਹਤ ਸੇਵਾਵਾਂ, ਮੈਡੀਕਲ ਕਾਲਜ ਪੱਧਰੀ ਸੇਵਾਵਾਂ ਦਾ ਵਿਭਾਗ ਵੱਖਰਾ ਹੈ। ਕੰਮ ਵੰਡ ਵਧੀਆ ਗੱਲ ਹੁੰਦੀ ਹੈ ਪਰ ਤਾਲਮੇਲ ਦੀ ਘਾਟ ਉਸ ਮਕਸਦ ਨੂੰ ਪੂਰਾ ਨਹੀਂ ਕਰਦੇ ਜਾਂ ਬਹੁਤੀ ਵਾਰੀ ਅੜਿੱਕਾ ਬਣਦੇ ਹਨ।

### ਪੰਜਾਬ ਦਾ ਸਿਹਤ ਢਾਂਚਾ ਨਿਘਰਿਆ

ਕੌਮੀ ਪੱਧਰ ਦੀ ਵਿਉਂਤਬੰਦੀ ਹੇਠ ਪੰਜਾਬ ਕੋਲ 2900 ਸਬ ਸੈਂਟਰ ਹਨ ਜਿਨ੍ਹਾਂ ਨੂੰ ਹੁਣ ਵੈਲਨੈੱਸ ਸੈਂਟਰ ਦਾ ਨਾਂ ਦਿੱਤਾ ਜਾ ਰਿਹਾ ਹੈ। ਮੁੱਢਲੇ ਸਿਹਤ ਕੇਂਦਰਾਂ ਦੀ ਗਿਣਤੀ 233 ਅਤੇ ਸਮੂਹਿਕ ਸਿਹਤ ਕੇਂਦਰਾਂ ਦੀ ਗਿਣਤੀ 139 ਹੈ। ਜ਼ਿਲ੍ਹਾ ਅਤੇ ਤਹਿਸੀਲ ਪੱਧਰੀ ਹਸਪਤਾਲ 64 ਹਨ ਅਤੇ ਚਾਰ ਸਰਕਾਰੀ ਮੈਡੀਕਲ ਕਾਲਜ ਹਨ। ਇਹ ਤਸੱਲੀਬਖ਼ਸ਼ ਤਸਵੀਰ ਜਾਪਦੀ ਹੈ ਪਰ ਇਮਾਰਤ ਤੋਂ ਵੱਧ ਜ਼ਰੂਰੀ ਹੁੰਦਾ ਹੈ ਡਾਕਟਰ, ਨਰਸ, ਸਾਜ਼ੋ-ਸਮਾਨ, ਦਵਾਈਆਂ ਆਦਿ। ਇਹ ਕਹਿਣ ਵਿਚ ਕੋਈ ਹਰਜ ਨਹੀਂ ਕਿ ਬਹੁਤੀਆਂ ਸੰਸਥਾਵਾਂ, ਪਿੰਡ ਤੋਂ ਲੈ ਕੇ ਮੈਡੀਕਲ ਕਾਲਜ ਤੱਕ, ਸਹੂਲਤਾਂ ਪੱਖੋਂ ਸੰਪੂਰਨ ਨਹੀਂ ਹਨ।

ਜ਼ਾਹਿਰ ਹੈ ਕਿ ਆਮ ਲੋਕਾਂ ਤੋਂ ਜਨਤਕ ਸਿਹਤ ਸਹੂਲਤਾਂ ਦੂਰ ਜਾ ਰਹੀਆਂ ਹਨ ਤੇ ਲੋਕ ਪ੍ਰਾਈਵੇਟ ਖੇਤਰ ਦੀਆਂ ਮਹਿੰਗੀਆਂ ਸਿਹਤ ਸਹੂਲਤਾਂ ਲੈਣ ਲਈ ਮਜਬੂਰ ਹਨ ਜਿਸ ਕਾਰਨ ਕਰਜ਼ਿਆਂ ਦਾ ਬੋਝ ਵਧਣਾ ਲਾਜ਼ਮੀ ਹੈ। ਅਸਲ ਵਿਚ, ਅਜੋਕੀ ਸਿਹਤ ਨੀਤੀ ਬਾਰੇ ਸਰਕਾਰਾਂ ਨੂੰ ਤਬਦੀਲੀ ਦੀ ਦਿਸ਼ਾ ਵੱਲ ਕਦਮ ਵਧਾਉਣਾ ਚਾਹੀਦਾ ਹੈ।

# ਦਿੱਲੀ ਦੇ ਮੁੱਖ ਮੰਤਰੀ ਦਫ਼ਤਰ ਤੋਂ ਬਾਬਾ ਸਾਹਿਬ ਅਤੇ ਭਗਤ ਸਿੰਘ ਦੀਆਂ ਫੋਟੋਆਂ ਹਟਾ ਕੇ ਲਗਾਈ ਗਈ ਪੀ.ਐਮ ਮੋਦੀ ਦੀ ਫੋਟੋ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਵਿੱਚ ਅੱਜ ਤੋਂ ਵਿਧਾਨ ਸਭਾ ਸੈਸ਼ਨ ਸ਼ੁਰੂ ਹੋ ਗਿਆ ਹੈ। ਇਸ ਦੌਰਾਨ, ਸਦਨ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੇ ਭਾਜਪਾ ਸਰਕਾਰ 'ਤੇ ਵੱਡਾ ਦੋਸ਼ ਲਗਾਇਆ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਦਫ਼ਤਰ ਤੋਂ ਬਾਬਾ ਸਾਹਿਬ ਅਤੇ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਹਨ।

ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ, 'ਦਿੱਲੀ ਦੀ ਨਵੀਂ ਭਾਜਪਾ ਸਰਕਾਰ ਨੇ ਬਾਬਾ ਸਾਹਿਬ ਦੀ ਫੋਟੋ ਹਟਾ ਦਿੱਤੀ ਹੈ ਅਤੇ ਇਸਦੀ ਥਾਂ ਪ੍ਰਧਾਨ ਮੰਤਰੀ ਮੋਦੀ ਦੀ ਫੋਟੋ ਲਗਾ ਦਿੱਤੀ ਹੈ।' ਇਹ ਸਹੀ ਨਹੀਂ ਹੈ। ਇਸ ਨਾਲ ਬਾਬਾ ਸਾਹਿਬ ਦੇ ਲੱਖਾਂ ਪੈਰੋਕਾਰਾਂ ਨੂੰ ਦੁੱਖ ਪਹੁੰਚਿਆ ਹੈ। ਮੇਰੀ ਭਾਜਪਾ ਨੂੰ ਇੱਕ ਬੇਨਤੀ ਹੈ। ਤੁਸੀਂ ਪ੍ਰਧਾਨ ਮੰਤਰੀ ਦੀ ਫੋਟੋ ਲਗਾ ਸਕਦੇ ਹੋ, ਪਰ ਬਾਬਾ ਸਾਹਿਬ ਦੀ ਫੋਟੋ ਨਾ ਹਟਾਓ। ਉਸਦੀ ਫੋਟੋ ਉੱਥੇ ਹੀ ਰਹਿਣ ਦਿਓ। ਆਪ' ਨੇਤਾ ਆਤਿਸ਼ੀ ਨੇ ਕਿਹਾ ਕਿ ਭਾਜਪਾ ਦੀ ਦਲਿਤ ਵਿਰੋਧੀ ਮਾਨਸਿਕਤਾ ਸਭ ਨੂੰ ਪਤਾ ਹੈ। ਅੱਜ ਭਾਜਪਾ ਨੇ ਆਪਣੀ ਅਸਲ ਮਾਨਸਿਕਤਾ ਦਾ ਸਬੂਤ ਦੇਸ਼ ਦੇ ਸਾਹਮਣੇ ਰੱਖਿਆ ਹੈ।

ਆਤਿਸ਼ੀ ਨੇ ਕਿਹਾ ਕਿ ਭਾਜਪਾ ਨੇ ਆਪਣਾ ਅਸਲੀ ਦਲਿਤ ਅਤੇ ਸਿੱਖ ਵਿਰੋਧੀ ਚਿਹਰਾ ਵਿਖਾ ਦਿੱਤਾ ਹੈ। ਦਿੱਲੀ ਵਿਧਾਨ ਸਭਾ ਦੇ ਮੁੱਖ ਮੰਤਰੀ ਦਫ਼ਤਰ ਤੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਹਨ।

# ਪੰਚ ਪ੍ਰਧਾਨੀ ਯੂਕੇ ਵੱਲੋਂ ਡਾਕਟਰ ਬੂਟਾ ਸਿੰਘ ਬਰਾੜ ਦੇ ਪੰਜਾਬੀ ਭਾਸ਼ਾ ਸਬੰਧੀ ਬਿਆਨ ਦੀ ਸ਼ਲਾਘਾ

ਲੈਸਟਰ-ਪੰਚ ਪ੍ਰਧਾਨੀ ਯੂਕੇ ਪੰਜਾਬੀ ਦੇ ਭਾਸ਼ਾ ਵਿਗਿਆਨੀ ਡਾਕਟਰ ਬੂਟਾ ਸਿੰਘ ਬਰਾੜ ਵੱਲੋਂ ਪੰਜਾਬੀ ਭਾਸ਼ਾ ਦੇ ਸੰਸਕ੍ਰਿਤ ਭਾਸ਼ਾ ਵਿੱਚੋਂ ਪੈਦਾ ਹੋਣ ਦੇ ਵਿਚਾਰ ਨੂੰ ਨਕਾਰਨ ਦਾ ਸਵਾਗਤ ਕਰਦੀ ਹੈ । ਡਾ: ਬੂਟਾ ਸਿੰਘ ਵੱਲੋਂ ਪੰਜਾਬੀ ਭਾਸ਼ਾ ਨੂੰ ਪੰਜਾਬ ਦੀ ਆਦਿ ਭਾਸ਼ਾ ਵਜੋਂ ਪੱਕਿਆਂ ਕਰਨ ਲਈ ਇਸ ਨੂੰ ਪੰਜਾਬ ਦੀ ਪਾਕਿ ਪ੍ਰਾਕਿਰਤ ਭਾਸ਼ਾ ਵਿੱਚੋਂ ਜਨਮੀ ਹੋਣ ਦਾ ਵਿਚਾਰ ਵੀ ਸਲਾਹੁਣਯੋਗ ਹੈ ਅਤੇ ਇਸ ਨੁਕਤੇ ਉੱਤੇ ਭਾਸ਼ਾ ਵਿਗਿਆਨਿਕ ਪੱਧਰ ਉੱਤੇ ਗੰਭੀਰ ਖੋਜਾਂ ਹੋਣੀਆਂ ਚਾਹੀਦੀਆਂ ਹਨ।

ਪੰਚ ਪ੍ਰਧਾਨੀ ਯੂਕੇ ਦਾ ਹਮੇਸ਼ਾ ਇਹ ਵਿਚਾਰ ਰਿਹਾ ਹੈ ਕਿ ਸੰਸਕ੍ਰਿਤ ਭਾਸ਼ਾ ਰਾਹੀਂ ਸਿਰਜਿਆ ਗਿਆ ਵੈਦਿਕ ਗਿਆਨ ਪ੍ਰਬੰਧ ਪ੍ਰਾਚੀਨ ਕਾਲ ਤੋਂ ਹੀ ਪੰਜਾਬ ਦੇ ਹਿੰਦੂ ਸਮਾਜਿਕ ਅਤੇ ਧਾਰਮਿਕ ਬਸਤੀਵਾਦ ਦਾ ਸਰੋਤ ਰਿਹਾ ਹੈ। ਗੁਰੂ ਨਾਨਕ ਸਾਹਿਬ ਵੱਲੋਂ ਸਿਰਜਿਆ ਗਿਆ ਸਿੱਖ ਧਰਮ ਇਸੇ ਵੈਦਿਕ ਗਿਆਨ ਪ੍ਰਬੰਧ ਉੱਤੇ ਅਧਾਰਿਤ ਹਿੰਦੂ ਧਾਰਮਿਕ ਅਤੇ ਸਮਾਜਿਕ ਬਸਤੀਵਾਦ ਦੇ ਵਿਰੋਧ ਦੀ ਉਪਜ ਹੈ । ਸਾਰਾ ਗੁਰੂ ਕਾਲ ਇਸ ਹਿੰਦੂ ਬਸਤੀਵਾਦੀ ਢਾਂਚੇ ਨੂੰ ਤੋੜ ਕੇ ਪੰਜਾਬ ਵਿੱਚ ਨਵਾਂ ਗੁਰਮੁਖੀ ਲਿੱਪੀ ਉੱਤੇ ਅਧਾਰਿਤ ਭਾਸ਼ਾਈ ਸਿੱਖ ਸੱਭਿਆਚਾਰਕ ਅਤੇ ਧਾਰਮਿਕ ਢਾਂਚਾ ਸਿਰਜਣ ਦਾ ਵਰਤਾਰਾ ਹੈ । ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਸਿਰਜੀ ਗੁਰਮੁੱਖੀ ਲਿਪੀ ਦੀ ਸੰਸਕ੍ਰਿਤ ਭਾਸ਼ਾ ਅਤੇ ਨਾਗਰੀ ਲਿਪੀ ਉੱਤੇ ਅਧਾਰਿਤ ਵੈਦਿਕ ਗਿਆਨ ਪ੍ਰਬੰਧ ਦੀਆਂ ਮਨੁੱਖਤਾ ਵਿਰੋਧੀ ਨੀਤੀਆਂ ਅਤੇ ਸਿਧਾਂਤਾਂ ਦੇ ਵਿਰੋਧ ਲਈ ਸਫਲ ਵਰਤੋਂ ਕੀਤੀ ਗਈ। ਪਰ ਗੁਰੂ ਕਾਲ ਤੋਂ ਬਾਅਦ ਸਾਡੀ ਬੌਧਿਕਤਾ ਦਾ ਅਮਲ ਗੁਰੂ ਸਾਹਿਬਾਨਾਂ ਵੱਲੋਂ ਸਿਰਜੇ ਸਿੱਖ ਗਿਆਨ ਪ੍ਰਬੰਧ ਦੇ ਮਿਆਰ ਦਾ ਨਾਂ ਹੋ ਸਕਿਆ । ਖਾਸ ਕਰਕੇ ਸ਼ਬਦ ਤੋਂ ਪੈਦਾ ਹੋਇਆ ਅਤੇ ਸ਼ਬਦ ਦੇ ਆਧਾਰ ਉੱਤੇ ਕਾਇਮ ਭਾਈਚਾਰਾ ਭਾਸ਼ਾ ਵਿਗਿਆਨ ਦੀ ਕੌਮੀ ਹਿੱਤਾਂ ਲਈ ਵਰਤੋਂ ਕਰਨ ਤੋਂ ਪੂਰੀ ਤਰਾਂ ਉਕਿਆ ਰਿਹਾ।

ਪੰਚ ਪ੍ਰਧਾਨੀ ਯੂਕੇ ਮਹਿਸੂਸ ਕਰਦੀ ਹੈ ਕਿ ਪੰਜਾਬੀ ਭਾਸ਼ਾ ਦਾ ਪੰਜਾਬ ਦੀ ਪਾਕ-ਪ੍ਰਾਕਿਰਤ ਭਾਸ਼ਾ ਨਾਲ ਜੁੜਨਾ ਸਾਨੂੰ ਆਪਣੇ ਆਦਿ ਪੁਰਖਿਆਂ ਨਾਲ ਜੋੜ ਦੇਵੇਗਾ । ਇਹ ਨੁਕਤਾ ਸਾਨੂੰ ਹਿੰਦੂ ਬੌਧਿਕ ਬਸਤੀਵਾਦ ਨਾਲ ਸਾਡੀ ਮੌਜੂਦਾ ਸੱਭਿਆਚਾਰਕ ਜੰਗ ਵਿੱਚ ਤਾਕਤਵਰ ਬਣਾਏਗਾ । ਪੰਚ ਪ੍ਰਧਾਨੀ ਯੂਕੇ ਇਸ ਸੰਦਰਭ ਵਿੱਚ ਹੋਰ ਅਕਾਦਮਿਕ ਖੋਜ ਕਾਰਜ ਕਰਨ ਲਈ ਸਿੱਖ ਭਾਸ਼ਾ ਵਿਗਿਆਨ ਨੂੰ ਪ੍ਰਣਾਲੀਬੱਧ ਰੂਪ ਵਿੱਚ ਵਿਕਸਿਤ ਕਰਨ ਲਈ ਗੰਭੀਰ ਸੋਚ ਵਿਚਾਰ ਕਰੇਗੀ।

# ਸਾਊਦੀ ਅਰਬ ਅੰਦਰ ਭੇਦ ਭਰੀ ਹਾਲਤ ਵਿਚ ਮਰੇ ਔਸਫ਼ ਅਹਿਮਦ ਦੀ ਦੇਹ ਭਾਰਤ ਲਿਆਉਣ ਲਈ ਅਪੀਲ: ਗੰਭੀਰ

## ਔਸਫ਼ ਅਹਿਮਦ ਦਾ ਪਰਿਵਾਰ ਗਰੀਬ ਤੱਬਕੇ ਦਾ ਅਤੇ ਕੰਪਨੀ ਨਹੀਂ ਦੇ ਰਹੀ ਸਹਿਯੋਗ

**ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਰਦਾਰ ਸਤਨਾਮ ਸਿੰਘ ਗੰਭੀਰ ਜੋ ਕਿ ਜਮਸ਼ੇਦਪੁਰ ਵਿਚ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੁੱਖੀ ਅਤੇ ਸਮਾਜਿਕ ਕਾਰਕੁਨ ਹਨ ਨੇ ਜਮਸ਼ੇਦਪੁਰ ਵਾਸੀ ਔਸਫ਼ ਅਹਿਮਦ ਜੋ ਕਿ ਸਾਊਦੀ ਅਰਬ ਰੋਜ਼ੀ ਰੋਟੀ ਵਾਸਤੇ ਗਿਆ ਸੀ ਦੀ ਭੇਦਭਰੀ ਹਾਲਾਤ ਵਿਚ ਹੋਈ ਮੌਤ ਤੇ ਦੁੱਖ ਪ੍ਰਗਟ ਕਰਦਿਆਂ ਉਥੇ ਸਮਾਜਿਕ ਕਾਰਕੁਨ ਸਰਦਾਰ ਐਸ ਪੀ ਸਿੰਘ ਓਬਰਾਏ, ਆਪ ਪਾਰਟੀ ਦੇ ਸਾਂਸਦ ਵਿਕਰਮਜੀਤ ਸਿੰਘ ਸਾਹਨੀ ਅਤੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਔਸਫ਼ ਅਹਿਮਦ ਦਾ ਪਰਿਵਾਰ ਗਰੀਬ ਤੱਬਕੇ ਦਾ ਹੋਣ ਕਰਕੇ ਓਸਦੀ ਦੇਹ ਨੂੰ ਭਾਰਤ ਲੈ ਕੇ ਆਣ ਵਿਚ ਅਸਮਰਥ ਹੈ ਤੇ ਜਿੱਥੇ ਓਹ ਨੌਕਰੀ ਕਰਦਾ ਸੀ ਓਹ ਕੰਪਨੀ ਵੀ ਉਨ੍ਹਾਂ ਦਾ ਸਾਥ ਨਹੀਂ ਦੇ ਰਹੀ ਹੈ, ਦੀ ਮਦਦ ਕੀਤੀ ਜਾਏ । ਉਨ੍ਹਾਂ ਦਸਿਆ ਕਿ ਔਸਫ਼ ਅਹਿਮਦ 28 ਸਾਲਾ ਵਾਸੀ ਕਬੀਰ ਕਲੋਨੀ, ਪੁਰਾਣੀ ਪੁਰੂਲੀਆ ਰੋਡ ਦੀ 14 ਫਰਵਰੀ ਨੂੰ ਸਾਊਦੀ ਅਰਬ ਵਿੱਚ ਮੌਤ ਹੋ ਗਈ ਸੀ। ਜਦੋਂ ਕੰਪਨੀ ਨੇ ਪਰਿਵਾਰਕ ਮੈਂਬਰਾਂ ਨੇ ਦੀ ਕੋਈ ਗੱਲ ਨਹੀਂ ਸੁਣੀ ਤਾਂ ਉਨ੍ਹਾਂ ਨੇ ਜਾਣਕਾਰੀ ਲੈਣੀ ਸ਼ੁਰੂ ਕਰ ਦਿੱਤੀ ਤੇ ਦੋ ਦਿਨ ਬਾਅਦ 16 ਫਰਵਰੀ ਨੂੰ ਔਸਫ਼ ਦੀ ਮੌਤ ਦੀ ਸੂਚਨਾ ਮਿਲੀ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਓਸਦੀ ਮਾਂ, ਭੈਣ ਅਤੇ ਭਰਾ ਦਾ ਰੋ-ਰੋ ਕੇ ਬੁਰਾ ਹਾਲ ਹੈ। ਪਰਿਵਾਰਕ ਮੈਂਬਰ ਔਸਫ਼ ਦੀ ਮ੍ਰਿਤਕ ਦੇਹ ਨੂੰ ਕਿਸੇ ਵੀ ਹਾਲਤ ਵਿੱਚ ਭਾਰਤ ਲਿਆਉਣਾ ਚਾਹੁੰਦੇ ਹਨ ਪਰ 10 ਦਿਨ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਕੋਈ ਮਦਦ ਨਹੀਂ ਮਿਲ ਰਹੀ। ਇਸ ਲਈ ਸਾਡੀ ਸਰਦਾਰ ਐਸ ਪੀ ਸਿੰਘ ਓਬਰਾਏ, ਆਪ ਪਾਰਟੀ ਦੇ ਸਾਂਸਦ ਵਿਕਰਮਜੀਤ ਸਿੰਘ ਸਾਹਨੀ ਅਤੇ ਕੇਂਦਰ ਸਰਕਾਰ ਨੂੰ ਅਪੀਲ ਹੈ ਕਿ ਇਸ ਮਾਮਲੇ ਦੀ ਗੰਭੀਰਤਾ ਸਮਝਦਿਆਂ ਤੁਰੰਤ ਇਸ ਤੇ ਕਾਰਵਾਈ ਕਰਦਿਆਂ ਔਸਫ਼ ਦੀ ਮ੍ਰਿਤਕ ਦੇਹ ਨੂੰ ਭਾਰਤ ਲੈ ਕੇ ਆਉਣ ਦਾ ਪ੍ਰਬੰਧ ਕਰਵਾਂਦਿਆਂ ਮਨੁੱਖਤਾ ਦੀ ਸੇਵਾ ਵਿਚ ਬਣਦਾ ਯੋਗਦਾਨ ਦਿੱਤਾ ਜਾਏ ।**

# ਟਰੰਪ ਵੱਲੋਂ 6 ਲੱਖ ਜਵਾਕ ਡਿਪੋਰਟ ਕਰਨ ਦੇ ਹੁਕਮ

ਵਾਸ਼ਿੰਗਟਨ : ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਦੇ ਇੱਛਤ ਨਤੀਜੇ ਨਾ ਮਿਲਣ ਤੋਂ ਖਿਝੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਅਮਰੀਕਾ ਵਿਚ ਨਾਜਾਇਜ਼ ਤਰੀਕੇ ਨਾਲ ਮੌਜੂਦ ਉਨ੍ਹਾਂ 6 ਲੱਖ ਬੱਚਿਆਂ ਨੂੰ ਕਾਬੂ ਕਰਨ ਦੇ ਹੁਕਮ ਦਿਤੇ ਗਏ ਹਨ ਜਿਨ੍ਹਾਂ ਨੇ ਬਗੈਰ ਮਾਪਿਆਂ ਨੂੰ ਬਾਰਡਰ ਪਾਰ ਕੀਤਾ। ਇੰਮੀਗ੍ਰੇਸ਼ਨ ਅਦਾਲਤਾਂ ਦੇ ਅੰਕੜਿਆਂ ਮੁਤਾਬਕ 31 ਹਜ਼ਾਰ ਜਵਾਕ ਸੁਣਵਾਈ ਦੌਰਾਨ ਗੈਰਹਾਜ਼ਰ ਹੋ ਚੁੱਕੇ ਹਨ ਅਤੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਡਿਪੋਰਟ ਕਰਨ ਦਾ ਹੱਕ ਆਈ. ਸੀ. ਈ. ਵਾਲਿਆਂ ਨੂੰ ਮਿਲ ਗਿਆ ਹੈ। ਟਰੰਪ ਦੇ ਬਾਰਡਰ ਜ਼ਾਰ ਟੌਮ ਹੋਮਨ ਦਾ ਕਹਿਣਾ ਹੈ ਕਿ ਬਾਇਡਨ ਦੇ ਕਾਰਜਕਾਲ ਦੌਰਾਨ ਤਿੰਨ ਲੱਖ ਬੱਚਿਆਂ ਨੇ ਬਗੈਰ ਮਾਪਿਆਂ ਤੋਂ ਅਮਰੀਕਾ ਦੀ ਸਰਹੱਦ ਪਾਰ ਕੀਤੀ ਜਦਕਿ ਇੰਮੀਗ੍ਰੇਸ਼ਨ ਮਾਹਰਾਂ ਦਾ ਮੰਨਣਾ ਹੈ ਕਿ 2019 ਮਗਰੋਂ 6 ਲੱਖ ਤੋਂ ਵੱਧ ਪ੍ਰਵਾਸੀ ਬੱਚੇ ਮੈਕਸੀਕੋ ਦਾ ਬਾਰਡਰ ਪਾਰ ਕਰ ਕੇ ਅਮਰੀਕਾ ਵਿਚ ਦਾਖਲ ਹੋਏ। ਇਨ੍ਹਾਂ ਵਿਚੋਂ ਹਜ਼ਾਰਾਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ। ਉਧਰ ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ ਅਤੇ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਵਿਭਾਗ ਵੱਲੋਂ ਫਿਲਹਾਲ ਇਸ ਮੁੱਦੇ ਤੇ ਕੋਈ ਹੁੰਗਾਰਾ ਨਹੀਂ ਦਿਤਾ ਗਿਆ। ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਬੱਚਿਆਂ ਨੂੰ ਮਾਪਿਆਂ ਤੋਂ ਵੱਖ ਕਰਨ ਦੀ ਨੀਤੀ ਅਖਤਿਆਰ ਕੀਤੀ ਗਈ।

# ਟਰੰਪ ਨੇ ਬਰਖਾਸਤ ਕੀਤਾ ਫੌਜ ਦਾ ਚੋਟੀ ਦਾ ਅਫ਼ਸਰ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਮੁਲਕ ਦੇ ਸਭ ਤੋਂ ਵੱਡੇ ਫੌਜੀ ਅਫ਼ਸਰ ਨੂੰ ਬਰਖਾਸਤ ਕਰ ਦਿਤਾ ਹੈ। ਯੂ.ਐਸ. ਜੁਆਇੰਟ ਚੀਫ਼ਸ ਆਫ਼ ਸਟਾਫ਼ ਦੇ ਚੇਅਰਮੈਨ ਚਾਰਲਸ ਸੀ.ਕਿਊ. ਬ੍ਰਾਊਨ ਦੀ ਬਰਖਾਸਤਗੀ ਪੈਂਟਾਗਨ ਵਾਸਤੇ ਵੱਡਾ ਝਟਕਾ ਮੰਨੀ ਜਾ ਰਹੀ ਹੈ ਜੋ ਇਸ ਅਹੁਦੇ ਤੇ ਪੁੱਜਣ ਵਾਲੇ ਅਫ਼ਰੀਕੀ ਮੂਲ ਦੇ ਦੂਜੇ ਅਫ਼ਸਰ ਸਨ। ਜਨਰਲ ਬ੍ਰਾਊਨ ਨੇ ਏਅਰ ਫੋਰਸ ਦਾ ਮੁਖੀ ਹੁੰਦਿਆਂ 2020 ਵਿਚ ਬਲੈਕ ਲਾਈਵਜ਼ ਮੈਟਰ ਅੰਦੋਲਨ ਦੀ ਹਮਾਇਤ ਕੀਤੀ ਸੀ ਜੋ ਪੁਲਿਸ ਅਫ਼ਸਰਾਂ ਵੱਲੋਂ ਧੌਣ ਤੇ ਗੋਡਾ ਰੱਖ ਕੇ ਮਾਰੇ ਗਏ ਜਾਰਜ ਫਲਾਇਡ ਦੇ ਪਰਵਾਰ ਨੂੰ ਇਨਸਾਫ਼ ਦਿਵਾਉਣ ਲਈ ਆਰੰਭਿਆ ਗਿਆ।ਪੈਂਟਗਨ ਦੇ 5,400 ਮੁਲਾਜ਼ਮ ਕੱਢਣ ਦੀ ਤਿਆਰੀ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਇਕ ਪੋਸਟ ਜਾਰੀ ਕਰਦਿਆਂ ਕਿਹਾ, ਸਾਡੇ ਮੁਲਕ ਲਈ 40 ਸਾਲ ਸੇਵਾਵਾਂ ਨਿਭਾਉਣ ਵਾਲੇ ਜਨਰਲ ਚਾਰਲਸ ਸੀ.ਕਿਊ. ਬ੍ਰਾਊਨ ਦਾ ਮੈਂ ਸ਼ੁਕਰੀਆ ਅਦਾ ਕਰਨਾ ਚਾਹੁੰਦਾ ਹਾਂ। ਉਹ ਇਕ ਸ਼ਾਨਦਾਰ ਇਨਸਾਨ ਅਤੇ ਲਾਮਿਸਾਲ ਆਗੂ ਹਨ। ਮੈਂ, ਉਨ੍ਹਾਂ ਦੇ ਬਿਹਤਰ ਭਵਿੱਖ ਦੀ ਅਰਦਾਸ ਕਰਦਾ ਹਾਂ। ਜਨਰਲ ਬ੍ਰਾਊਨ ਦੀ ਬਰਖਾਸਤਗੀ ਪੈਂਟਾਗਨ ਵਿਖੇ ਹੋਣ ਵਾਲੀ ਛਾਂਟੀ ਦਾ ਪਹਿਲਾ ਕਦਮ ਹੈ ਜਿਥੇ 5,400 ਤੋਂ ਵੱਧ ਸਿਵੀਲੀਅਨ ਪ੍ਰੋਬੇਸ਼ਨਰੀ ਮੁਲਾਜ਼ਮਾਂ ਨੂੰ ਕੱਢਿਆ ਜਾ ਸਕਦਾ ਹੈ ਅਤੇ ਅਗਲੇ ਸਾਲ 50 ਅਰਬ ਡਾਲਰ ਦੀਆਂ ਯੋਜਨਾਵਾਂ ਵਿਚ ਕਟੌਤੀ ਕੀਤੀ ਜਾ ਸਕਦੀ ਹੈ। ਟਰੰਪ ਨੇ ਅੱਗੇ ਕਿਹਾ ਕਿ ਏਅਰ ਫੋਰਸ ਦੇ ਲੈਫ਼ਟੀਨੈਂਟ ਜਨਰਲ ਡੈਨ ਕੇਨ ਨੂੰ ਨਵਾਂ ਚੇਅਰਮੈਨ ਥਾਪਿਆ ਜਾ ਰਿਹਾ ਹੈ। ਜਨਰਲ ਬ੍ਰਾਊਨ ਤੋਂ ਇਲਾਵਾ ਪੰਜ ਹੋਰਨਾਂ ਅਫ਼ਸਰਾਂ ਨੂੰ ਵੀ ਹਟਾਇਆ ਗਿਆ ਹੈ ਜਿਨ੍ਹਾਂ ਵਿਚ ਚੀਫ਼ ਆਫ਼ ਨਵਲ ਅਪ੍ਰੇਸ਼ਨਜ਼ ਐਡਮਨਿਸਟ੍ਰੇਸ਼ਨ ਲਿਜ਼ਾ ਫ੍ਰੈਂਚੈਟੀ ਅਤੇ ਏਅਰ ਫੋਰਸ ਦੇ ਵਾਇਸ ਚੀਫ਼ ਆਫ਼ ਸਟਾਫ਼ ਜਿਮ ਸਲਾਈਫ਼ ਸ਼ਾਮਲ ਹਨ।

# ਯੂਐਸਏ ਏਡ ਕਾਰਣ ਭਾਜਪਾ ਤੇ ਕਾਂਗਰਸ ਵਿਚਾਲੇ ਜੰਗ ਛਿੜੀ

## ਖਾਸ ਖਬਰ ਮੋਦੀ ਸਰਕਾਰ ਨੂੰ 750 ਮਿਲੀਅਨ ਡਾਲਰ ਦਿੱਤੇ, ਹੁਣ ਭਾਜਪਾ ਹੀ ਫਸੀ ?

ਯੂਨਾਈਟਿਡ ਸਟੇਟਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈੱਲਪਮੈਂਟ (ਯੂ ਐੱਸ ਏਡ) ਦਾ ਗਠਨ ਅਮਰੀਕੀ ਸੰਸਦ ਨੇ 3 ਨਵੰਬਰ 1961 ਨੂੰ ਕੀਤਾ ਸੀ, ਜਿਸ ਦਾ ਮਕਸਦ ਵੱਖ-ਵੱਖ ਖੇਤਰਾਂ ਵਿੱਚ ਸੁਧਾਰ ਲਈ ਹੋਰਨਾਂ ਦੇਸ਼ਾਂ ਦੀ ਮਦਦ ਕਰਨਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬਣਾਏ ਗਏ ਸਲਾਹਕਾਰ ਐਲਨ ਮਸਕ ਵੱਲੋਂ ਭਾਰਤ ਵਿੱਚ ਵੋਟਿੰਗ ਫੀਸਦੀ ਵਧਾਉਣ ਲਈ ਦਿੱਤੀ ਜਾ ਰਹੀ ਲਗਭਗ 182 ਕਰੋੜ ਦੀ ਮਦਦ ਬੰਦ ਕਰਨ ਦੇ 15 ਫਰਵਰੀ ਨੂੰ ਕੀਤੇ ਗਏ ਐਲਾਨ ਤੋਂ ਬਾਅਦ ਭਾਜਪਾ ਤੇ ਕਾਂਗਰਸ ਵਿਚਾਲੇ ਜੰਗ ਛਿੜ ਗਈ।

ਭਾਜਪਾ ਨੇ ਯੂ ਐੱਸ ਏਡ ਦਾ ਲਿੰਕ ਅਮਰੀਕੀ ਖਰਬਾਂਪਤੀ ਜਾਰਜ ਸੋਰੋਸ ਦੀ ਐੱਨ ਜੀ ਓ ਨਾਲ ਜੋੜ ਕੇ ਰਾਹੁਲ ਗਾਂਧੀ ਤੇ ਕਾਂਗਰਸ ਨੂੰ ਕਟਹਿਰੇ ਵਿੱਚ ਖੜ੍ਹੇ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਦ ਫੰਡਿੰਗ ਦੀ ਪੜਤਾਲ ਹੋਈ ਹੈ ਤਾਂ ਭਾਜਪਾ ਨਾਲ ਜੁੜੇ ਆਗੂਆਂ, ਸਾਬਕਾ ਮੰਤਰੀਆਂ ਦੇ ਨਾਲ-ਨਾਲ ਨੀਤੀ ਆਯੋਗ ਦੇ ਵੀ ਯੂ ਐੱਸ ਏਡ ਨਾਲ ਲਿੰਕ ਨਿਕਲ ਆਏ ਹਨ। ਹੁਣ ਸਰਕਾਰ ਦੱਸ ਨਹੀਂ ਰਹੀ ਕਿ ਯੂ ਐੱਸ ਏਡ ਤੇ ਨੀਤੀ ਆਯੋਗ ਦੀਆਂ ਸਕੀਮਾਂ ਵਿਚਾਲੇ ਕੀ ਲਿੰਕ ਹਨ ? ਅਮਰੀਕਾ ਵੱਲੋਂ ਫੰਡਿੰਗ ਰੋਕਣ ਦੇ ਛੇਤੀ ਬਾਅਦ ਭਾਜਪਾ ਦੇ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਕਿਹਾ ਕਿ ਇਹ ਫੰਡਿੰਗ ਭਾਰਤ ਦੀ ਚੋਣ ਪ੍ਰਕਿਰਿਆ ਵਿਚ ਬਾਹਰੀ ਦਖਲ ਦੇ ਬਰਾਬਰ ਹੈ। ਇਸ ਨਾਲ ਕਿਸ ਨੂੰ ਲਾਭ ਮਿਲਦਾ ?

ਵਿੱਤ ਮੰਤਰਾਲੇ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਯੂਐਸਏ ਏਡ ਨੇ ਵਿੱਤੀ ਸਾਲ 24 ਵਿੱਚ ਭਾਰਤ ਨੂੰ 750 ਮਿਲੀਅਨ ਡਾਲਰ, ਯਾਨੀ ਲਗਭਗ 6,500 ਕਰੋੜ ਰੁਪਏ ਦਾ ਫੰਡ ਦਿੱਤਾ ਗਿਆ ਸੀ। ਇਹ ਫੰਡ ਭਾਰਤ ਸਰਕਾਰ ਨੂੰ ਭਾਰਤ ਵਿੱਚ ਸੱਤ ਪ੍ਰੋਜੈਕਟਾਂ ਲਈ ਦਿੱਤਾ ਗਿਆ ਸੀ। ਇਹਨਾਂ ਵਿੱਚੋਂ ਕੋਈ ਵੀ ਫੰਡ ਵੋਟਿੰਗ ਲਈ ਨਹੀਂ ਸੀ। ਸੁਆਲ ਇਹ ਹੈ ਕਿ ਕੀ ਹੁਣ ਭਾਜਪਾ, ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੇ ਲੋਕਾਂ ਦਾ ਝੂਠ ਫੜਿਆ ਗਿਆ ਹੈ ?

ਘੱਟੋ-ਘੱਟ ਇਹੀ ਕਾਂਗਰਸ ਨੇ ਇਹੀ ਦੋਸ਼ ਲਗਾਇਆ ਹੈ ਕਿ ਸੀਨੀਅਰ ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਵਿੱਤ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਵਿੱਤ ਮੰਤਰਾਲੇ ਦੀ 2023-24 ਦੀ ਸਾਲਾਨਾ ਰਿਪੋਰਟ ਦੇ ਅਨੁਸਾਰ, ਯੂਐਸ ਏਡ ਇਸ ਸਮੇਂ ਭਾਰਤ ਸਰਕਾਰ ਦੇ ਸਹਿਯੋਗ ਨਾਲ ਸੱਤ ਪ੍ਰੋਜੈਕਟ ਚਲਾ ਰਹੀ ਸੀ।' ਉਨ੍ਹਾਂ ਦਾ ਕੁੱਲ ਬਜਟ ਲਗਭਗ 750 ਮਿਲੀਅਨ ਡਾਲਰ ਸੀ। ਇਨ੍ਹਾਂ ਵਿੱਚੋਂ ਕਿਸੇ ਵੀ ਪ੍ਰੋਜੈਕਟ ਦਾ ਵੋਟਿੰਗ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਸਾਰੇ ਪ੍ਰੋਜੈਕਟ ਕੇਂਦਰ ਸਰਕਾਰ ਅਤੇ ਉਨ੍ਹਾਂ ਰਾਹੀਂ ਚਲਾਏ ਜਾ ਰਹੇ ਸਨ।

ਮੰਤਰਾਲੇ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਵਿੱਤੀ ਸਾਲ 2023-24 ਲਈ ਸੱਤ ਪ੍ਰੋਜੈਕਟਾਂ ਤਹਿਤ ਯੂਐਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂਐਸ ਏਡ) ਦੁਆਰਾ ਕੁੱਲ 97 ਮਿਲੀਅਨ ਅਮਰੀਕੀ ਡਾਲਰ, ਜਾਂ ਲਗਭਗ 825 ਕਰੋੜ ਰੁਪਏ ਦਿੱਤੇ ਗਏ ਸਨ। ਵਿੱਤ ਮੰਤਰਾਲੇ ਦੇ ਅਨੁਸਾਰ ਇਹ ਫੰਡ ਖੇਤੀਬਾੜੀ ਅਤੇ ਖੁਰਾਕ ਸੁਰੱਖਿਆ ਪ੍ਰੋਗਰਾਮਾਂ ਲਈ ਵਰਤੇ ਜਾਣਗੇ; ਪਾਣੀ, ਸੈਨੀਟੇਸ਼ਨ ਅਤੇ ਸਿਹਤ; ਨਵਿਆਉਣਯੋਗ ਊਰਜਾ; ਆਫ਼ਤ ਪ੍ਰਬੰਧਨ ਅਤੇ ਸਿਹਤ ਨਾਲ ਸਬੰਧਤ ਪ੍ਰੋਜੈਕਟਾਂ ਲਈ ਦਿੱਤਾ ਗਿਆ ਸੀ। ਇਹ ਬਿਲਕੁਲ ਸਪੱਸ਼ਟ ਹੈ ਕਿ ਇਨ੍ਹਾਂ ਸੱਤ ਪ੍ਰੋਜੈਕਟਾਂ ਵਿੱਚੋਂ ਕੋਈ ਵੀ ਵੋਟਿੰਗਨਾਲ ਜੁੜਿਆ ਨਹੀਂ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ, ਦੇਸ਼ ਵਿੱਚ ਇੱਕ ਰਾਜਨੀਤਿਕ ਵਿਵਾਦ ਸ਼ੁਰੂ ਹੋ ਗਿਆ ਸੀ ਜਦੋਂ ਐਲੋਨ ਮਸਕ ਦੀ ਅਗਵਾਈ ਵਾਲੀ ਡੀਓਜੀਈ ਨੇ ਕਥਿਤ ਤੌਰ 'ਤੇ ਭਾਰਤ ਵਿੱਚ ਵੋਟਰਾਂ ਟਰਨ ਆਊਟ ਲਈ 21 ਮਿਲੀਅਨ ਡਾਲਰ ਯਾਨੀ ਲਗਭਗ 180 ਕਰੋੜ ਰੁਪਏ ਦੇ ਫੰਡ ਰੱਦ ਕਰ ਦਿੱਤੇ ਸਨ। ਇਸ ਤੋਂ ਬਾਅਦ ਦੇਸ਼ ਵਿੱਚ ਇੱਕ ਰਾਜਨੀਤਿਕ ਤੂਫਾਨ ਉੱਠ ਪਿਆ ਸੀ। ਜਦੋਂ ਤੋਂ ਅਮਰੀਕੀ ਪ੍ਰਸ਼ਾਸਨ ਨੇ ਫੰਡਿੰਗ ਬੰਦ ਕਰ ਦਿੱਤੀ ਸੀ, ਭਾਜਪਾ ਚੋਣਾਂ ਵਿੱਚ ਅਮਰੀਕੀ ਸਹਾਇਤਾ ਫੰਡਿੰਗ ਨੂੰ ਲੈ ਕੇ ਕਾਂਗਰਸ 'ਤੇ ਹਮਲਾ ਕਰ ਰਹੀ ਸੀ। ਭਾਜਪਾ ਕਾਂਗਰਸ ਲੀਡਰਸ਼ਿਪ 'ਤੇ ਜਾਰਜ ਸੋਰੋਸ ਦੇ ਏਜੰਟ ਹੋਣ ਦਾ ਦੋਸ਼ ਵੀ ਲਗਾਉਂਦੀ ਰਹੀ ਹੈ, ਜੋ ਆਪਣੇ ਭਾਰਤ ਵਿਰੋਧੀ ਰੁਖ਼ ਲਈ ਜਾਣੇ ਜਾਂਦੇ ਹਨ।

ਭਾਜਪਾ ਆਈਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਦਾਅਵਾ ਕੀਤਾ ਕਿ ਇਹ ਫੰਡਿੰਗ ਭਾਰਤ ਦੀ ਚੋਣ ਪ੍ਰਕਿਰਿਆ ਵਿੱਚ ਬਾਹਰੀ ਦਖਲਅੰਦਾਜ਼ੀ ਦੇ ਬਰਾਬਰ ਹੈ। ਉਸਨੇ ਐਕਸ 'ਤੇ ਪੋਸਟ ਕੀਤਾ ਕਿ ਵੋਟਰਾਂ ਦੀ ਗਿਣਤੀ ਵਧਾਉਣ ਲਈ 21 ਮਿਲੀਅਨ ਡਾਲਰ ? ਇਹ ਯਕੀਨੀ ਤੌਰ 'ਤੇ ਭਾਰਤ ਦੀ ਚੋਣ ਪ੍ਰਕਿਰਿਆ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਹੈ। ਇਸ ਤੋਂ ਕਿਸਨੂੰ ਫਾਇਦਾ ਹੋਵੇਗਾ ? ਯਕੀਨਨ ਸੱਤਾਧਾਰੀ ਪਾਰਟੀ ਨਹੀਂ !' ਇਸ ਨਾਲ ਮਾਲਵੀਆ ਨੇ ਕਾਂਗਰਸ ਅਤੇ ਜਾਰਜ ਸੋਰੋਸ ਨੂੰ ਜੋੜਿਆ। ਉਨ੍ਹਾਂ ਕਿਹਾ, '2012 ਵਿੱਚ, ਐਸਵਾਈ ਕੁਰੈਸ਼ੀ ਦੀ ਅਗਵਾਈ ਹੇਠ ਚੋਣ ਕਮਿਸ਼ਨ ਨੇ ਇੰਟਰਨੈਸ਼ਨਲ ਫਾਊਂਡੇਸ਼ਨ ਫਾਰ ਇਲੈਕਟੋਰਲ ਸਿਸਟਮਜ਼ ਨਾਲ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ ਸਨ।' ਇਹ ਸੰਸਥਾ ਜਾਰਜ ਸੋਰੋਸ ਦੀ ਓਪਨ ਸੋਸਾਇਟੀ ਫਾਊਂਡੇਸ਼ਨ ਨਾਲ ਜੁੜੀ ਹੋਈ ਹੈ। ਇਸਨੂੰ ਮੁੱਖ ਤੌਰ 'ਤੇ ਯੂਐਸ ਏਡ ਦੁਆਰਾ ਫੰਡ ਦਿੱਤਾ ਜਾਂਦਾ ਹੈ।

ਯੂਐਸ ਏਡ ਅਤੇ ਸੋਰੋਸ ਦੇ ਨਾਵਾਂ ਨੂੰ ਜੋੜਨ ਦੇ ਦੋਸ਼ ਲੱਗਣ ਤੋਂ ਬਾਅਦ, ਕਾਂਗਰਸ ਨੇ ਵੀ ਭਾਜਪਾ 'ਤੇ ਲਗਾਤਾਰ ਹਮਲਾ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਯੂਐਸ ਏਡ ਫੰਡ ਵੀ ਮੋਦੀ ਸਰਕਾਰ ਕੋਲ ਆ ਰਹੇ ਹਨ ਅਤੇ ਭਾਜਪਾ ਨੇਤਾ ਸਮ੍ਰਿਤੀ ਈਰਾਨੀ ਨੇ ਯੂਐਸ ਏਡ ਲਈ ਕੰਮ ਕੀਤਾ ਸੀ। ਕਾਂਗਰਸ ਨੇ ਦੋਸ਼ ਲਾਇਆ ਕਿ ਈਰਾਨੀ ਅਤੇ ਭਾਜਪਾ ਸੋਰੋਸ ਦੇ 'ਸੱਚੇ ਏਜੰਟ' ਹਨ। ਕਾਂਗਰਸ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਈਰਾਨੀ ਨੇ ਅਮਰੀਕੀ ਸਹਾਇਤਾ ਲਈ "ਸਦਭਾਵਨਾ ਰਾਜਦੂਤ" ਵਜੋਂ ਸੇਵਾ ਨਿਭਾਈ ਹੈ। ਐਕਸ 'ਤੇ ਇੱਕ ਪੋਸਟ ਵਿੱਚ, ਕਾਂਗਰਸ ਨੇਤਾ ਪ੍ਰਿਯਾਂਕ ਖੜਗੇ ਨੇ ਕਿਹਾ ਕਿ 'ਸਰਕਾਰੀ ਵੈੱਬਸਾਈਟ ਦੇ ਅਨੁਸਾਰ, ਸਮ੍ਰਿਤੀ ਈਰਾਨੀ ਦੀ ਬਾਇਓ ਵਿੱਚ ਦੱਸਿਆ ਗਿਆ ਹੈ ਕਿ ਉਸਨੇ ਭਾਰਤ ਵਿੱਚ ਯੂਐਸ ਏਡ ਦੀ ਸਦਭਾਵਨਾ ਰਾਜਦੂਤ ਵਜੋਂ ਸੇਵਾ ਨਿਭਾਈ ਸੀ।' ਉਸਨੇ ਪੁੱਛਿਆ, 'ਕੀ ਇਸਦਾ ਮਤਲਬ ਇਹ ਹੈ ਕਿ ਭਾਜਪਾ ਦੇ ਸਿਆਸਤਦਾਨ ਜਾਰਜ ਸੋਰੋਸ ਦੇ ਅਸਲੀ ਏਜੰਟ ਹਨ ?'

ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਵਾਰ-ਵਾਰ ਦਾਅਵਾ ਕੀਤਾ ਹੈ ਕਿ ਜੋਅ ਬਿਡੇਨ ਦੀ ਅਗਵਾਈ ਵਾਲੇ ਪਿਛਲੇ ਪ੍ਰਸ਼ਾਸਨ ਦੇ ਤਹਿਤ, ਯੂਐਸ ਏਡ ਨੇ ਵੋਟਰ ਟਰਨ ਆਊਟ ਦੀ ਵੋਟਿੰਗ ਲਈ ਭਾਰਤ ਨੂੰ 21 ਮਿਲੀਅਨ ਡਾਲਰ ਅਲਾਟ ਕੀਤੇ ਸਨ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਵੀ ਸ਼ਨੀਵਾਰ ਨੂੰ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਚਿੰਤਾਜਨਕ ਹੈ ਅਤੇ ਸਰਕਾਰ ਇਸ ਦੀ ਜਾਂਚ ਕਰ ਰਹੀ ਹੈ। ਕਾਂਗਰਸ ਨੇ ਐਤਵਾਰ ਨੂੰ ਭਾਜਪਾ 'ਤੇ ਅਮਰੀਕਾ ਤੋਂ ਜਾਅਲੀ ਖ਼ਬਰਾਂ ਫੈਲਾ ਕੇ ਦੇਸ਼ ਵਿਰੋਧੀ ਕੰਮ ਕਰਨ ਦਾ ਦੋਸ਼ ਲਗਾਇਆ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਵੀ ਜਵਾਬ ਦੇਣਾ ਪਵੇਗਾ ਕਿ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਐਲੋਨ ਮਸਕ ਵਾਰ-ਵਾਰ ਭਾਰਤ ਦਾ ਅਪਮਾਨ ਕਰ ਰਹੇ ਹਨ ਤਾਂ ਸਰਕਾਰ ਚੁੱਪ ਕਿਉਂ ਹੈ ? ਕੀ ਸੱਚਮੁੱਚ ਵੋਟਰਾਂ ਦੀ ਵੋਟਿੰਗ ਲਈ ਫੰਡ ਪ੍ਰਾਪਤ ਹੋਏ ਸਨ ?

ਟਰੰਪ ਦੇ ਲਗਾਤਾਰ ਦਾਅਵਿਆਂ ਦੇ ਵਿਚਕਾਰ, ਵਾਸ਼ਿੰਗਟਨ ਪੋਸਟ ਦੀ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ 21 ਮਿਲੀਅਨ ਡਾਲਰ, ਜਾਂ ਲਗਭਗ 180 ਕਰੋੜ ਰੁਪਏ, ਭਾਰਤ ਵਿੱਚ ਵੋਟਿੰਗ ਲਈ ਜਾਂ ਕਿਸੇ ਹੋਰ ਉਦੇਸ਼ ਲਈ ਖਰਚ ਕੀਤੇ ਜਾਣੇ ਸਨ। ਇਹ ਦਾਅਵਾ ਤਿੰਨ ਲੋਕਾਂ ਦਾ ਹਵਾਲਾ ਦਿੰਦੇ ਹੋਏ ਕੀਤਾ ਗਿਆ ਹੈ ਜਿਨ੍ਹਾਂ ਨੂੰ ਖੇਤਰੀ ਸਹਾਇਤਾ ਪ੍ਰੋਗਰਾਮਾਂ ਦਾ ਗਿਆਨ ਹੈ। ਵਾਸ਼ਿੰਗਟਨ ਪੋਸਟ ਨੇ ਲਿਖਿਆ, 'ਅਮਰੀਕਾ ਦੇ ਊਰਜਾ ਵਿਭਾਗ, ਡੀਓਜੀਈ ਨੇ ਇਸ ਖ਼ਬਰ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।' ਵ੍ਹਾਈਟ ਹਾਊਸ ਅਤੇ ਵਿਦੇਸ਼ ਵਿਭਾਗ ਨੇ ਕੋਈ ਜਵਾਬ ਨਹੀਂ ਦਿੱਤਾ। ਜਿਸ ਕੰਸੋਰਟੀਅਮ ਫਾਰ ਇਲੈਕਸ਼ਨਜ਼ ਐਂਡ ਪੋਲੀਟੀਕਲ ਪ੍ਰੋਸੈਸ ਸਟ੍ਰੈਂਥਨਿੰਗ (ਸੀਈਪੀਪੀਐਸ) ਦੇ ਅਧਿਕਾਰੀਆਂ, ਜਿਸ ਰਾਹੀਂ ਅਜਿਹੇ ਫੰਡ ਖਰਚ ਕੀਤੇ ਜਾਂਦੇ ਹਨ, ਨੇ ਅਮਰੀਕੀ ਅਖਬਾਰ ਨੂੰ ਦੱਸਿਆ ਕਿ ਡੀਓਜੀਈ ਦੇ ਵਰਣਨ ਨਾਲ ਮੇਲ ਖਾਂਦੀ ਗ੍ਰਾਂਟ ਦਾ ਕੋਈ ਰਿਕਾਰਡ ਨਹੀਂ ਹੈ। ਸਾਡੇ ਕੋਲ 21 ਮਿਲੀਅਨ ਡਾਲਰ ਦਾ ਇਕਰਾਰਨਾਮਾ ਸੀ, ਪਰ ਇਹ ਭਾਰਤ ਲਈ ਨਹੀਂ ਸਗੋਂ ਗੁਆਂਢੀ ਬੰਗਲਾਦੇਸ਼ ਲਈ ਸੀ। ਸੀਈਪੀਪੀਐਸ ਦੇ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਇੰਝ ਲੱਗਦਾ ਹੈ ਕਿ ਉਹ ਦੂਜੇ ਪ੍ਰੋਗਰਾਮਾਂ ਦੇ ਅੰਕੜਿਆਂ ਨੂੰ ਮਿਲਾ ਰਹੇ ਹਨ। ਅਸੀਂ ਭਾਰਤ ਵਿੱਚ ਚੋਣਾਂ ਬਾਰੇ ਬਹੁਤ ਸਾਵਧਾਨ ਹਾਂ।

ਅਮਰੀਕੀ ਅਧਿਕਾਰੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਵੀ ਜਵਾਬ ਦੇਣਾ ਪਵੇਗਾ ਕਿ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਐਲੋਨ ਮਸਕ ਵਾਰ-ਵਾਰ ਭਾਰਤ ਦਾ ਅਪਮਾਨ ਕਰ ਰਹੇ ਹਨ ਤਾਂ ਸਰਕਾਰ ਚੁੱਪ ਕਿਉਂ ਹੈ। ਕੀ ਸੱਚਮੁੱਚ ਵੋਟਰਾਂ ਦੀ ਵੋਟਿੰਗ ਲਈ ਫੰਡ ਪ੍ਰਾਪਤ ਹੋਏ ਸਨ? ਟਰੰਪ ਦੇ ਲਗਾਤਾਰ ਦਾਅਵਿਆਂ ਦੇ ਵਿਚਕਾਰ, ਵਾਸ਼ਿੰਗਟਨ ਪੋਸਟ ਦੀ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ 21 ਮਿਲੀਅਨ ਡਾਲਰ, ਜਾਂ ਲਗਭਗ 180 ਕਰੋੜ ਰੁਪਏ, ਭਾਰਤ ਵਿੱਚ ਵੋਟਿੰਗ ਲਈ ਜਾਂ ਕਿਸੇ ਹੋਰ ਉਦੇਸ਼ ਲਈ ਖਰਚ ਕੀਤੇ ਜਾਣੇ ਸਨ। ਇਹ ਦਾਅਵਾ ਤਿੰਨ ਲੋਕਾਂ ਦਾ ਹਵਾਲਾ ਦਿੰਦੇ ਹੋਏ ਕੀਤਾ ਗਿਆ ਹੈ ਜਿਨ੍ਹਾਂ ਨੂੰ ਖੇਤਰੀ ਸਹਾਇਤਾ ਪ੍ਰੋਗਰਾਮਾਂ ਦਾ ਗਿਆਨ ਹੈ।

ਵਾਸ਼ਿੰਗਟਨ ਪੋਸਟ ਨੇ ਲਿਖਿਆ, 'ਅਮਰੀਕਾ ਦੇ ਊਰਜਾ ਵਿਭਾਗ, ਡੀਓਜੀਈ ਨੇ ਇਸ ਖ਼ਬਰ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।'

ਵ੍ਹਾਈਟ ਹਾਊਸ ਅਤੇ ਵਿਦੇਸ਼ ਵਿਭਾਗ ਨੇ ਕੋਈ ਜਵਾਬ ਨਹੀਂ ਦਿੱਤਾ। ਕੰਸੋਰਟੀਅਮ ਫਾਰ ਇਲੈਕਸ਼ਨਜ਼ ਐਂਡ ਪੋਲੀਟੀਕਲ ਪ੍ਰੋਸੈਸ ਸਟ੍ਰੈਂਥਨਿੰਗ (ਸੀਈਪੀਪੀਐਸ) ਦੇ ਅਧਿਕਾਰੀਆਂ, ਜਿਸ ਰਾਹੀਂ ਅਜਿਹੇ ਫੰਡ ਖਰਚ ਕੀਤੇ ਜਾਂਦੇ ਹਨ, ਨੇ ਅਮਰੀਕੀ ਅਖਬਾਰ ਨੂੰ ਦੱਸਿਆ ਕਿ ਡੀਓਜੀਈ ਦੇ ਵਰਣਨ ਨਾਲ ਮੇਲ ਖਾਂਦੀ ਗ੍ਰਾਂਟ ਦਾ ਕੋਈ ਰਿਕਾਰਡ ਨਹੀਂ ਹੈ। ਸਾਡੇ ਕੋਲ 21 ਮਿਲੀਅਨ ਡਾਲਰ ਦਾ ਇਕਰਾਰਨਾਮਾ ਸੀ, ਪਰ ਇਹ ਭਾਰਤ ਲਈ ਨਹੀਂ ਸਗੋਂ ਗੁਆਂਢੀ ਬੰਗਲਾਦੇਸ਼ ਲਈ ਸੀ। "ਇੰਝ ਲੱਗਦਾ ਹੈ ਕਿ ਉਹ ਦੂਜੇ ਪ੍ਰੋਗਰਾਮਾਂ ਦੇ ਅੰਕੜਿਆਂ ਨੂੰ ਮਿਲਾ ਰਹੇ ਹਨ," ਸੀਈਪੀਪੀਐਸ ਦੇ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਸਾਨੂੰ ਭਾਰਤ ਵਿੱਚ ਚੋਣਾਂ ਬਾਰੇ ਕੁਝ ਨਹੀਂ ਪਤਾ ਕਿਉਂਕਿ ਅਸੀਂ ਕਦੇ ਵੀ ਉਨ੍ਹਾਂ ਵਿੱਚ ਸ਼ਾਮਲ ਨਹੀਂ ਹੋਏ।

ਸਹਾਇਤਾ ਪ੍ਰੋਗਰਾਮਾਂ ਤੋਂ ਜਾਣੂ ਇੱਕ ਅਮਰੀਕੀ ਅਧਿਕਾਰੀ ਨੇ ਕਿਹਾ ਸੀ ਕਿ ਸੀਈਪੀਪੀਐਸ 'ਤੇ ਅਸੀਂ ਸਾਰੇ ਡੀਓਜੀਈ ਦੇ ਇਸ ਦਾਅਵੇ ਨੂੰ ਦੇਖ ਕੇ ਹੈਰਾਨ ਰਹਿ ਗਏ। ਵਾਸ਼ਿੰਗਟਨ ਪੋਸਟ ਨੇ ਲਿਖਿਆ - ਇਹ ਝੂਠਾ ਦਾਅਵਾ ਭਾਜਪਾ ਦੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਇਸ ਕਥਾ ਨਾਲ ਮੇਲ ਖਾਂਦਾ ਹੈ ਕਿ ਅਮਰੀਕਾ ਸਮੇਤ ਵਿਦੇਸ਼ੀ ਸ਼ਕਤੀਆਂ ਮੋਦੀ ਸਰਕਾਰ ਨੂੰ ਕਮਜ਼ੋਰ ਕਰਨ ਅਤੇ ਘਰੇਲੂ ਮਾਮਲਿਆਂ ਵਿੱਚ ਦਖਲ ਦੇਣ ਲਈ ਕੰਮ ਕਰ ਰਹੀਆਂ ਹਨ। ਟਵਿੱਟਰ ਅਤੇ ਹੋਰ ਸੋਸ਼ਲ ਪਲੇਟਫਾਰਮਾਂ 'ਤੇ, ਪ੍ਰਧਾਨ ਮੰਤਰੀ ਦੇ ਕੁਝ ਸੱਜੇ-ਪੱਖੀ ਸਮਰਥਕਾਂ ਨੇ ਸਮਾਜਿਕ ਨਿਵੇਸ਼ਕ ਜਾਰਜ ਸੋਰੋਸ ਅਤੇ 'ਡੂੰਘੀ ਸਥਿਤੀ' ਬਾਰੇ ਸਾਜ਼ਿਸ਼ ਦੇ ਸਿਧਾਂਤ ਫੈਲਾਏ ਹਨ। ਇੰਡੀਅਨ ਐਕਸਪ੍ਰੈਸ ਨੇ ਵੀ ਇੱਕ ਜਾਂਚ ਕੀਤੀ ਅਤੇ ਰਿਪੋਰਟ ਦਿੱਤੀ ਕਿ 21 ਮਿਲੀਅਨ ਡਾਲਰ ਦਾ ਕੋਈ ਫੰਡ ਭਾਰਤ ਨਹੀਂ ਆਇਆ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰਿਕਾਰਡ ਦਰਸਾਉਂਦੇ ਹਨ ਕਿ 2022 ਵਿੱਚ 21 ਮਿਲੀਅਨ ਡਾਲਰ ਦੀ ਰਕਮ ਭਾਰਤ ਲਈ ਨਹੀਂ ਸਗੋਂ ਬੰਗਲਾਦੇਸ਼ ਲਈ ਮਨਜ਼ੂਰ ਕੀਤੀ ਗਈ ਸੀ। ਇਸ ਵਿੱਚੋਂ, 13.4 ਮਿਲੀਅਨ ਡਾਲਰ ਪਹਿਲਾਂ ਹੀ ਵੰਡੇ ਜਾ ਚੁੱਕੇ ਹਨ।

ਹਕੀਕਤ ਇਹ ਹੈ ਕਿ ਯੂ ਐੱਸ ਏਡ ਵਰਗੀਆਂ ਏਜੰਸੀਆਂ ਪਰਉਪਕਾਰ ਦੇ ਨਾਂਅ ਹੇਠ ਵੱਖ-ਵੱਖ ਦੇਸ਼ਾਂ ਵਿੱਚ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਨਾਲ ਸੰਪਰਕ ਰੱਖਦੀਆਂ ਹਨ। ਜੇ ਭਾਜਪਾ ਕਾਂਗਰਸ ਨੂੰ ਘੇਰ ਰਹੀ ਹੈ ਤਾਂ ਉਸ ਦੀ ਯੂ ਐੱਸ ਏਡ ਨਾਲ ਯਾਰੀ ਵੀ ਘੱਟ ਨਹੀਂ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਮਿਡਲਸੈਕਸ (ਇੰਗਲੈਂਡ) ਦੀ

# ਜਨਰਲ ਬਾਡੀ ਮੀਟਿੰਗ ਬਾਰੇ ਜ਼ਰੂਰੀ ਸੂਚਨਾ

## ਤਾਰੀਕ ਤੇ ਸਮਾਂ: ਐਤਵਾਰ 2 ਮਾਰਚ 2025 ਨੂੰ ਸ਼ਾਮ 3:30 ਵਜੇ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੰਘ ਸਭਾ ਦੇ ਸੰਵਿਧਾਨ ਅਨੁਸਾਰ ਸਿੰਘ ਸਭਾ ਸਾਊਥਾਲ ਦੇ ਸਾਰੇ ਮੈਂਬਰਾਂ ਦੀ ਜਨਰਲ ਬਾਡੀ ਮੀਟਿੰਗ ਦਿਨ ਐਤਵਾਰ 2 ਮਾਰਚ 2025 ਨੂੰ ਸ਼ਾਮ ਦੇ 3:30 ਵਜੇ ਆਯੋਜਿਤ ਕੀਤੀ ਜਾ ਰਹੀ ਹੈ। ਇਹ ਮੀਟਿੰਗ ਸਿੰਘ ਸਭਾ ਗੁਰਦੁਆਰਾ ਸਾਹਿਬ 2–8 ਪਾਰਕ ਐਵੇਨਿਊ, ਸਾਊਥਾਲ, ਮਿਡਲਸੈਕਸ, ਯੂ ਬੀ 1 3 ਏ ਜੀ ਵਿਖੇ ਮੁੱਖ ਦੀਵਾਨ ਹਾਲ ਵਿੱਚ ਹੋਵੇਗੀ। ਮੈਂਬਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

**ਏਜੰਡਾ :**

1) ਜਪੁਜੀ ਸਾਹਿਬ ਪਾਠ 2) ਅਰਦਾਸ ਅਤੇ ਹੁਕਮਨਾਮਾ 3) ਪ੍ਰਧਾਨ ਵੱਲੋਂ ਸਵਾਗਤ 4) ਜਨਰਲ ਸੈਕਟਰੀ ਦੀ ਰਿਪੋਰਟ 5) ਖਜ਼ਾਨਚੀ ਦੀ ਰਿਪੋਰਟ

ਸਿੰਘ ਸਭਾ ਦੇ ਸੰਵਿਧਾਨ (ਜੋ ਕਿ 18 ਫਰਵਰੀ 2024 ਨੂੰ ਸੋਧਿਆ ਗਿਆ ਸੀ) ਅਨੁਸਾਰ ਮੈਂਬਰਸ਼ਿਪ ਅਤੇ ਚੋਣ ਕਮੇਟੀ ਦੇ ਮੈਂਬਰਾਂ ਦੀ ਘੋਸ਼ਣਾ ਕੀਤੀ ਜਾਵੇਗੀ।

* ਆਪਣਾ ਮੌਜੂਦਾ ਮੈਂਬਰਸ਼ਿੱਪ ਕਾਰਡ ਜ਼ਰੂਰ ਲੈ ਕੇ ਆਓ, ਦਾਖਲਾ ਕੇਵਲ ਮੈਂਬਰਸ਼ਿੱਪ ਦੇ ਸਬੂਤ ਨਾਲ ਹੀ ਹੋ ਸਕੇਗਾ। ਅਸੀਂ ਸਾਰੇ ਮੈਂਬਰਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਮੀਟਿੰਗ ਵਿੱਚ ਜ਼ਰੂਰ ਆਓ ਅਤੇ ਆਪਣਾ ਬਣਦਾ ਯੋਗਦਾਨ ਪਾਓ। ਕੋਈ ਪੱਤਰ ਵਿਹਾਰ ਕਰਨਾ ਹੋਵੇ ਤਾਂ ਗੁਰਦੁਆਰਾ ਸਿੰਘ ਸਭਾ ਸਾਊਥਾਲ ਦੇ ਹੇਠਾਂ ਦਿੱਤੇ ਹੋਏ ਈਮੇਲ 'ਤੇ 23 ਫਰਵਰੀ 2025 ਤੱਕ ਭੇਜਿਆ ਜਾ ਸਕਦਾ ਹੈ। ਜੇਕਰ ਤੁਸੀਂ ਈਮੇਲ ਨਹੀਂ ਕਰ ਸਕਦੇ ਤਾਂ ਤੁਸੀਂ ਗੁਰਦੁਆਰਾ ਸਾਹਿਬ ਦੇ ਦਫ਼ਤਰ ਵਿੱਚ ਆ ਕੇ ਸਟਾਫ਼ ਮੈਂਬਰ ਦੀ ਈਮੇਲ ਕਰਨ ਵਿੱਚ ਮਦਦ ਲੈ ਸਕਦੇ ਹੋ।

ਜਨਰਲ ਸੈਕਟਰੀ ਦੀ ਰਿਪੋਰਟ ਸਿੰਘ ਸਭਾ ਦੀ ਵੈਬਸਾਈਟ ਉਤੇ ਉਪਲੱਬਧ ਹੋਵੇਗੀ ਜਾਂ ਪਾਰਕ ਐਵੇਨਿਊ ਦੇ ਆਫ਼ਿਸ ਤੋਂ ਲਈ ਜਾ ਸਕਦੀ ਹੈ। ਵੈਬਸਾਈਟ ਦਾ ਪਤਾ:

www.sgsss.org/constitution-report/

Harmeet Singh Gill
General Secretary
Sri Guru Singh Sabha Southall
gensec@sgsss.org

# IMPORTANT NOTICE - AGM MEETING on SUNDAY 2nd March 2025 at 3:30PM

## GURDWARA SRI GURU SINGH SABHA SOUTHALL Charity No 280707

This notice, dated 8th February 2025, is hereby given that the General Body Meeting of the Sabha will be convened on Sunday the 2nd of March 2025 at 3.30 pm in the main hall of the Gurdwara at 2–8 Park Avenue, Southall, Middlesex UB1 3AG.

**Agenda:**

1. Japji Sahib Path
2. Ardas and Hukamnama
3. Welcome by the President
4. General Secretary's Report
5. Treasurer's Report

In accordance with clause 1 of the Second Schedule of the Sabha's constitution (as most recently amended on Feb 18th 2024), an announcement of the members of the Membership and Election Committee will also be made.

Entry is strictly by way of proof of membership, please bring your current membership card.

We sincerely and humbly ask all members to attend, take part and contribute.

If any member wishes to address the General Body, they must email gensec@sgsss.org by the 23rd of Feb 2025. If you are unable to use email, you can visit either Gurdwara office where staff will lodge your request via emali for you.

The General Secretary's report will be made available on the Gurdwara website. This can be accessed by visiting: www.sgsss.org/constitution-report/ or collected from the Park Ave office.

Harmeet Singh Gill General Secretary
Sri Guru Singh Sabha Southall
gensec@sgsss.org

ਬੇਨਤੀ ਕਰਤਾ – ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਟਰੱਸਟੀ ਸਾਹਿਬਾਨ ਸਿੰਘ ਸਭਾ ਸਾਊਥਾਲ

## GURDWARA SRI GURU SINGH SABHA, SOUTHALL

2-8 Park Avenue, Southall, Middlesex, UB1 3AG
Tel: 020 8574 8901, Fax: 020 8574 8902

Guru Nanak Road Southall, Middlesex, UB2 4NP
Tel: 020 8574 4311 Fax: 020 8574 8902

# ਵਿਜੈ ਮਾਲਿਆ ਨੇ ਬਰਤਾਨੀਆ ਚ ਦੀਵਾਲੀਆ ਹੁਕਮ ਰੱਦ ਕਰਨ ਦੀ ਮੰਗ ਕੀਤੀ

ਲੰਡਨ-ਸੰਕਟ ਚ ਘਿਰੇ ਕਾਰੋਬਾਰੀ ਵਿਜੈ ਮਾਲਿਆ ਨੇ ਕਿਹਾ ਕਿ ਭਾਰਤ ਦੀ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦੇ ਸੰਸਦ ਵਿੱਚ ਹਾਲੀਆ ਬਿਆਨ ਦੇ ਮੱਦੇਨਜ਼ਰ ਭਾਰਤੀ ਬੈਂਕਾਂ ਵੱਲੋਂ ਬਰਤਾਨੀਆ ਦੀਆਂ ਅਦਾਲਤਾਂ ਚ ਉਸ ਖ਼ਿਲਾਫ਼ ਜਾਰੀ ਦੀਵਾਲੀਆ (bankruptcy) ਕਾਰਵਾਈ ਦੀ ਵੈਧਤਾ ਨਹੀਂ ਰਹੀ ਅਤੇ ਉਸ ਨੇ ਆਪਣੇ ਵਕੀਲਾਂ ਨੂੰ ਇਸ ਨੂੰ ਰੱਦ ਕਰਨ ਸਬੰਧੀ ਅਰਜ਼ੀ ਅੱਗੇ ਵਧਾਉਣ ਦੀ ਹਦਾਇਤ ਕੀਤੀ ਹੈ।

ਇਸ ਹਫ਼ਤੇ ਲੰਡਨ ਦੀ ਹਾਈ ਕੋਰਟ ਚ ਮਾਲਿਆ ਦੇ ਦੀਵਾਲੀਆ ਹੁਕਮ ਸਬੰਧੀ ਤਿੰਨ ਅਪੀਲਾਂ ਤੇ ਸੁਣਵਾਈ ਪੂਰੀ ਹੋਈ ਹੈ। ਇਹ ਘਟਨਾਕ੍ਰਮ ਜਸਟਿਸ ਐਂਥਨੀ ਮਾਨ ਵੱਲੋਂ ਆਪਣਾ ਫ਼ੈਸਲਾ ਰਾਖਵਾਂ ਰੱਖੇ ਜਾਣ ਮਗਰੋਂ ਸਾਹਮਣੇ ਆਇਆ, ਜਿਸ ਨੂੰ ਇਸ ਹਫ਼ਤੇ ਲੰਡਨ ਦੀ ਹਾਈ ਕੋਰਟ ਚ ਮਾਲਿਆ ਦੇ ਦੀਵਾਲੀਆ ਹੁਕਮ ਸਬੰਧੀ ਤਿੰਨ ਅਪੀਲਾਂ ਫ਼ਰਸਤੋਤੇ ਸੁਣਵਾਈ ਤੋਂ ਬਾਅਦ ਵਾਲੀ ਤਾਰੀਕ ਤੇ ਸੁਣਾਇਆ ਜਾਵੇਗਾ। ਜੱਜ ਨੇ ਐੱਸਬੀਆਈ ਦੀ ਅਗਵਾਈ ਵਾਲੀਆਂ ਬੈਂਕਾਂ ਦੇ ਕਨਸੋਰਟੀਅਮ ਨਾਲ ਸਬੰਧਤ ਗੁੰਝਲਦਾਰ ਦਲੀਲਾਂ ਦੀ ਸੁਣਵਾਈ ਕੀਤੀ, ਜਿਸ ਚ ਵਿਜੈ ਮਾਲਿਆ ਦੀ ਬੰਦ ਹੋ ਚੁੱਕੀ ਕਿੰਗਫਿਸ਼ਰ ਏਅਰਲਾਈਨ ਵੱਲੋਂ ਬਕਾਇਆ ਲਗਪਗ 1.05 ਅਰਬ ਪੌਂਡ ਦੇ ਅੰਦਾਜ਼ਨ ਕਰਜ਼ ਦੀ ਅਦਾਇਗੀ ਦੀ ਮੰਗ ਕੀਤੀ ਗਈ ਸੀ।

ਜ਼ਾਏਵਾਲਾ ਐਂਡ ਕੰਪਨੀ ਦੇ ਮੈਨੇਜਿੰਗ ਪਾਰਟਨਰ ਤੇ ਮਾਲਿਆ ਵੱਲੋਂ ਹਾਲ ਚ ਨਿਯੁਕਤ ਵਕੀਲ ਲੀਹ ਕਰਸਟੋਹਲ ਨੇ ਕਿਹਾ, ਡਾ. ਮਾਲਿਆ ਦੇ ਨਜ਼ਰੀਏ



ਮੁਤਾਬਕ ਬਰਤਾਨੀਆ ਦੀ ਇਸ ਦੀਵਾਲੀਆ ਕਰਵਾਈ ਦਾ ਕੋਈ ਤਰਕ ਨਹੀਂ ਹੈ। ਉਨ੍ਹਾਂ ਕਿਹਾ, ਹੁਣ ਅਜਿਹੇ ਸਬੂਤ ਸਾਹਮਣੇ ਆਏ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਬੈਂਕਾਂ ਨੇ ਮਾਲਿਆ ਤੋਂ ਬਾਕਾਇਆ ਰਾਸ਼ੀ ਤੋਂ ਵੱਧ ਦੀ ਵਸੂਲੀ ਕੀਤੀ ਹੈ। ਇਸ ਦੀ ਪੁਸ਼ਟੀ ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 17 ਦਸੰਬਰ 2024 ਨੂੰ ਭਾਰਤ ਦੀ ਸੰਸਦ ਦੀ ਸੰਸਦ ਚ ਕੀਤੀ ਜਿਸ ਵਿੱਚ ਉਨ੍ਹਾਂ ਕਿਹਾ ਕਿ 14,131 .6 ਕਰੋੜ ਰੁਪਏ ਦੀ ਰਾਸ਼ੀ ਇਕੱਤਰ ਕੀਤੀ ਗਈ ਅਤੇ ਬੈਂਕਾਂ ਨੂੰ ਵਾਪਸ ਕੀਤੀ ਗਈ ਹੈ।

ਲੀਹ ਕਰਸਟੋਹਲ ਨੇ ਕਿਹਾ, ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਜਨਤਕ ਖੇਤਰ ਦੀਆਂ ਬੈਂਕਾਂ ਸੰਸਦ ਚ ਦਿੱਤੇ ਗਏ ਮੰਤਰੀ ਦੇ ਬਿਆਨ ਦੀ ਹਕੀਕਤ ਨੂੰ ਸਵੀਕਾਰ ਕਰਨਗੀਆਂ।

# ਨਿਊਯਾਰਕ ਵਿਚ ਪਾਕਿਸਤਾਨੀ ਹੋਟਲ ਨੂੰ ਲਾਇਆ ਤਾਲਾ

ਡੋਨਾਲਡ ਟ੍ਰੰਪ ਦੀ ਫੰਡਿੰਗ 'ਤੇ ਪਕੜ ਰੱਖਣ ਦੇ ਫੈਸਲੇ ਨੇ ਪਾਕਿਸਤਾਨ ਦੀ ਸ਼ਾਹਬਾਜ਼ ਸਰਕਾਰ ਨੂੰ ਵੱਡਾ ਝਟਕਾ ਦਿੱਤਾ ਹੈ। ਨਿਊਯਾਰਕ ਵਿੱਚ ਪਾਕਿਸਤਾਨੀ ਹੋਟਲ ਬੰਦ: ਨਿਊਯਾਰਕ ਨੇ ਪਾਕਿਸਤਾਨ ਦੀ ਮਲਕੀਅਤ ਵਾਲੇ ਰੂਜ਼ਵੈਲਟ ਹੋਟਲ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਇਹ ਹੋਟਲ ਪ੍ਰਵਾਸੀਆਂ ਲਈ ਆਸਰਾ ਸਥਾਨ ਵਜੋਂ ਵਰਤਿਆ ਜਾ ਰਿਹਾ ਸੀ। ਅਮਰੀਕੀ ਟੈਕਸਦਾਤਾ ਫੰਡ ਦੇ ਰੂਪ ਵਿੱਚ ਭੁਗਤਾਨ: ਨਿਊਯਾਰਕ ਸਿਟੀ ਰੂਜ਼ਵੈਲਟ ਹੋਟਲ ਨੂੰ ਚਲਾਉਣ ਲਈ ਸਾਲਾਨਾ $220 ਮਿਲੀਅਨ ਦੇ ਰੂਪ ਵਿੱਚ ਭੁਗਤਾਨ ਕਰ ਰਿਹਾ ਸੀ। ਇਹ ਫੰਡ ਅਮਰੀਕੀ ਟੈਕਸਦਾਤਾਵਾਂ ਦੇ ਪੈਸੇ ਨਾਲ ਦਿੱਤੇ ਜਾ ਰਹੇ ਸਨ।

ਡੈਮੋਕ੍ਰੇਟ ਮੇਅਰ ਐਰਿਕ ਐਡਮਜ਼ ਨੇ ਇਸ ਹੋਟਲ ਨੂੰ ਬੰਦ ਕਰਨ ਦਾ ਐਲਾਨ ਕੀਤਾ। ਇਹ ਫੈਸਲਾ ਟ੍ਰੰਪ ਅਤੇ MAGA ਸਮੂਹ ਦੇ ਦਬਾਅ ਕਾਰਨ ਹੋਇਆ। MAGA ਸਮੂਹ ਦੀ ਪ੍ਰਤਿਕ੍ਰਿਆ: 2023 ਵਿੱਚ, ਹੋਟਲ ਦੇ ਬਾਹਰ ਬੈਠੇ ਪ੍ਰਵਾਸੀਆਂ ਦੀਆਂ ਤਸਵੀਰਾਂ ਨੇ ਅਘਅ ਸਮਰਥਕਾਂ ਨੂੰ ਨਾਰਾਜ਼ ਕਰ ਦਿੱਤਾ।

ਟ੍ਰੰਪ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਡੈਮੋਕ੍ਰੇਟਿਕ ਸਰਕਾਰ 'ਤੇ "ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲਗਜ਼ਰੀ ਹੋਟਲਾਂ ਵਿੱਚ ਰੱਖਣ" ਦਾ ਦੋਸ਼ ਲਗਾਇਆ। ਵਿਰੋਧੀ ਧਿਰ ਦਾ ਭਾਰਤ ਗੱਠਜੋੜ: ਵਿਵੇਕ ਰਾਮਾਸਵਾਮੀ ਨੇ ਵੀ ਇਸ ਮੁੱਦੇ ਨੂੰ ਚੁੱਕਿਆ ਸੀ ਅਤੇ ਕਿਹਾ ਸੀ ਕਿ "ਇੱਕ ਵਿਦੇਸ਼ੀ ਸਰਕਾਰ ਦੀ ਮਲਕੀਅਤ ਵਾਲਾ ਹੋਟਲ ਅਮਰੀਕੀ ਟੈਕਸਦਾਤਾਵਾਂ ਦੇ ਪੈਸੇ ਨਾਲ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਨਾਹ ਦੇ ਰਿਹਾ ਹੈ।"

# ਵਿਸ਼ਵ ਭਰ ਦੇ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾ ਦੀ ਪਾਲਣਾ ਕਰਨ ਲਈ ਵਚਨਬੱਧ ਹਨ - ਅਕਾਲੀ ਦਲ (ਅ) ਯੂ ਕੇ



ਸ਼੍ਰੋਮਣੀ ਅਕਾਲੀ ਦਲ (ਅ) ਯੂ ਕੇ ਦੇ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) - ਵਿਦੇਸ਼ ਯਾਤਰਾ ਅਤੇ ਲੰਬੀ ਚੁੱਪ ਤੋਂ ਬਾਅਦ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਜੋ ਵਿਚਾਰ ਮੁੜ ਦਿੱਤੇ ਹਨ ਉਹਨਾਂ ਤੋਂ ਇੰਝ ਪ੍ਰਤੀਤ ਹੁੰਦਾ ਹੈ ਕੇ ਅਜੇ ਵੀ ਉਨ੍ਹਾ ਨੂੰ ਅਯੋਗ ਕਰਾਰ ਦਿੱਤਿਆਂ ਹੋਇਆਂ ਤੋਂ ਕੋਈ ਪੰਥਕ ਹਿੱਤਾਂ ਦੀ ਪਹਿਰੇਦਾਰੀ ਦੀ ਉਮੀਦ ਹੈ। ਲੰਬੇ ਸਮੇਂ ਤੋਂ ਜਿਸ ਕਦਰ ਤਖਤ ਸਾਹਿਬਾਨ ਦੇ ਜਥੇਦਾਰਾਂ ਨਾਲ ਕੀਤੇ ਜਾਂਦੇ ਵਿਵਹਾਰ ਕਾਰਨ ਹੀ ਅੰਤ੍ਰਿੰਗ ਕਮੇਟੀ ਵੱਲੋਂ ਜਥੇਦਾਰ ਸਾਹਿਬਾਨ ਦੇ ਦਾਇਰੇ ਨਿਸ਼ਚਿਤ ਕਰਨ ਦੀ ਜੁਰਅੱਤ ਕੀਤੀ ਗਈ ਹੈ।

ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਯੂ ਕੇ (ਰਜਿ.) ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰਪਾਲ ਸਿੰਘ ਮੰਗੂਵਾਲ, ਆਰਗੇਨਾਈਜ਼ਰ ਪ੍ਰੀਤ ਕਮਲ ਸਿੰਘ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧੀਨ ਸ਼ਾਇਦ ਇਸ ਸਮੇਂ ਪੰਜਾਬ ਤੇ ਹਿਮਾਚਲ ਦੇ ਇਤਿਹਾਸਕ ਗੁਰਦਵਾਰਿਆਂ ਦਾ ਪ੍ਰਬੰਧ ਹੀ ਰਹਿ ਗਿਆ ਹੈ ਜਦ ਕਿ ਭਾਰਤ ਵਿੱਚ ਹੀ ਹੋਰ ਕਮੇਟੀਆਂ ਅਤੇ ਪ੍ਰਬੰਧਕੀ ਬੋਰਡ ਹਨ, ਪਾਕਿਸਤਾਨ ਵਿੱਚ 173 ਦੇ ਕਰੀਬ ਇਤਿਹਾਸਕ ਗੁਰਦਵਾਰੇ ਹਨ, ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਦੇਸ਼ਾਂ ਵਿੱਚ ਇਤਿਹਾਸਕ ਗੁਰਦਵਾਰੇ ਹਨ ਅਤੇ ਵਿਸ਼ਵ ਭਰ ਵਿੱਚ ਸਿੱਖ ਕੌਮ ਵਸਦੀ ਹੈ। ਹੁਣ ਤੱਕ ਇਹ ਸਪੱਸ਼ਟ ਹੋ ਚੁੱਕਾ ਹੈ ਕੇ ਇਸ ਰਵਾਇਤੀ ਅਕਾਲੀ ਦਲ ਨੇ ਆਪਣੀ ਭਰਤੀ ਮੁਤਾਬਕ 1 ਮਾਰਚ ਨੂੰ ਆਪਣੇ ਢਾਂਚੇ ਦਾ ਐਲਾਨ ਕਰ ਦੇਣਾ ਹੈ। ਉਕਤ ਆਗੂਆਂ ਨੇ ਅਪੀਲ ਕੀਤੀ ਕਿ ਬਾਜ ਵਾਂਗ ਲੰਬੀ ਉਡਾਰੀ ਅਤੇ ਬੱਬਰ ਸ਼ੇਰ ਵਰਗੀ ਦਹਾੜ ਨਾਲ ਹੁਕਮ ਅਦੂਲੀ ਕਰਨ ਵਾਲਿਆਂ ਅਤੇ ਦਾਇਰੇ ਦੱਸਣ ਵਾਲਿਆਂ ਨੂੰ ਤਨਖਾਹੀਏ ਕਰਾਰ ਦੇ ਕੇ ਖਾਲਸਾ ਸਾਜਨਾ ਦਿਵਸ 'ਤੇ ਸਰਬੱਤ ਖਾਲਸਾ ਬੁਲਾ ਲੈਣਾ ਚਾਹੀਦਾ ਹੈ ਤਾਂ ਕਿ ਸਪੱਸ਼ਟ ਫੈਸਲਾ ਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਦੇ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾ ਦੀ ਪਾਲਣਾ ਕਰਨ ਲਈ ਵਚਨਬੱਧ ਹਨ ਭਾਵੇਂ ਉਹ ਕਿਸੇ ਵੀ ਅਹੁਦੇ ਤੇ ਹੋਣ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਭਾਰਤੀ ਹਾਈਕਮਿਸ਼ਨ ਲੰਡਨ ਵੱਲੋਂ ਮਾਂ ਬੋਲੀ ਦਿਵਸ ਮੌਕੇ ਵਿਸ਼ਾਲ ਸਮਾਗਮ



ਮਾਂ ਬੋਲੀ ਦਿਵਸ ਮੌਕੇ ਭਾਰਤੀ ਭਵਨ ਲੰਡਨ ਵਿਖੇ ਭਾਰਤੀ ਭਾਸ਼ਾਵਾਂ ਦੇ ਹਿਤੈਸ਼ੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਹਾਈਕਮਿਸ਼ਨ ਲੰਡਨ ਅਤੇ ਇੰਡੀਆ ਭਾਸ਼ਾ ਚੇਤਨਾ ਬੋਰਡ ਦੇ ਸਾਂਝੇ ਯਤਨਾਂ ਸਦਕਾ ਬੀਤੇ ਕੱਲ ਲੰਡਨ ਨਹਿਰੂ ਸੈਂਟਰ ਵਿਖੇ ਮਾਂ ਬੋਲੀ ਦਿਵਸ ਮਨਾਇਆ ਗਿਆ। ਜਿਸ ਵਿੱਚ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਤੋਂ ਆਏ ਬੁੱਧੀਜੀਵੀਆਂ ਅਤੇ ਚਿੰਤਕਾਂ ਨੇ ਭਾਗ ਲਿਆ। ਭਾਰਤੀ ਹਾਈਕਮਿਸ਼ਨ ਦੇ ਕੋਆਰਡੀਨੇਟਰ ਦੀਪਕ ਚੌਧਰੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਕਿਹਾ ਕਿ ਭਾਰਤ ਬਹੁ ਭਾਸ਼ੀ ਦੇਸ਼ ਹੈ। ਇਸ ਦੀਆਂ ਬੋਲੀਆਂ ਅਤੇ ਸੱਭਿਆਚਾਰਕ ਭਿੰਨਤਾਵਾਂ ਇਸ ਦੀ ਖ਼ੂਬਸੂਰਤੀ ਹੈ। ਉਹਨਾਂ ਕਿਹਾ ਕਿ ਬਰਤਾਨੀਆਂ ਵਿੱਚ ਭਾਰਤੀ ਭਾਸ਼ਾਵਾਂ ਅਤੇ ਵਿਰਸੇ ਨੂੰ ਕਾਇਮ ਰੱਖਣ ਲਈ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਭਾਰਤੀ ਹਾਈਕਮਿਸ਼ਨ ਹਮੇਸ਼ਾਂ ਵੱਚਨਵੱਧ ਹੈ। ਭਾਸ਼ਾ ਮਾਹਿਰ ਵਰਿੰਦਰ ਕੁਮਾਰ ਨੇ ਯੂ ਕੇ ਵਿੱਚ ਭਾਰਤੀ ਭਾਸ਼ਾਵਾਂ ਨੂੰ ਸਕੂਲਾਂ ਵਿੱਚ ਪੜ੍ਹਾਏ ਜਾਣ ਨੂੰ ਲੈ ਕੇ ਵੱਖ ਵੱਖ ਨੁਕਤੇ ਸਾਂਝੇ ਕੀਤੇ ਉਹਨਾਂ ਕਿਹਾ ਕਿ ਵੱਧ ਤੋਂ ਵੱਧ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਸਕੂਲਾਂ ਤੋਂ ਅਧਿਆਪਕਾਂ ਦੀ ਮੰਗ ਕਰਨੀ ਚਾਹੀਦੀ ਹੈ। ਭਾਰਤੀ ਭਾਸ਼ਾ ਚੇਤਨਾ ਬੋਰਡ ਵੱਲੋਂ ਰਾਜਸਥਾਨੀ ਅਤੇ ਕੁਝ ਹੋਰ ਭਾਸ਼ਾਵਾਂ ਨੂੰ ਮੁੱਖ ਭਾਰਤੀ ਭਾਸ਼ਾਵਾਂ 'ਚ ਸ਼ਾਮਿਲ ਕਰਨ ਲਈ ਯਾਦਪੱਤਰ ਦਿੱਤਾ। ਇਸ ਤੋਂ ਇਲਾਵਾ ਹਰਮੀਤ ਸਿੰਘ ਭੱਕਨਾਂ ਵੱਲੋਂ ਯੂ ਕੇ ਦੇ ਸਕੂਲਾਂ ਵਿੱਚ ਪੰਜਾਬੀ ਸਮੇਤ ਭਾਰਤੀ ਭਾਸ਼ਾਵਾਂ ਨੂੰ ਵਿਸ਼ੇ ਦੇ ਤੌਰ ਤੇ ਪੜ੍ਹਾਉਣ ਦੀ ਮੁਹਿੰਮ ਨੂੰ ਜਾਰੀ ਰੱਖਣ ਲਈ ਚਰਚਾ ਹੋਈ।

ਇਸ ਮੌਕੇ ਬਲਜਿੰਦਰ ਸਿੰਘ ਰਾਠੌਰ, ਚੰਦਾ ਝਾਅ, ਇੰਦਰਪਾਲ ਓਹਰੀ, ਸਰਬਜੀਤ ਢੱਕ, ਡਾ: ਮਾਹੀ ਸਦਿਕੀ, ਅੰਨੂੰ ਫਲੋਰਾ, ਅਨਿਲ ਚੰਦੇਲ, ਰਮੇਸ਼ ਕਲੇਰ, ਕੌਂਸਲਰ ਗੁਰਚਰਨ ਸਿੰਘ ਸਮੇਤ ਵੱਖ ਵੱਖ ਭਾਸ਼ਾਵਾਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਭਰੀ।

## ਬਰਤਾਨੀਆ ਦੇ ਐਮ ਪੀ ਨੂੰ ਮੁੱਕਾ ਮਾਰਨ ਦੇ ਦੋਸ਼ ਵਿੱਚ ਕੈਦ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਐਮ ਪੀ ਮਾਈਕ ਐਮਸਬਰੀ ਨੂੰ ਪਿਛਲੇ ਸਾਲ ਆਪਣੇ ਹਲਕੇ ਵਿੱਚ ਇੱਕ ਆਦਮੀ 'ਤੇ ਹਮਲਾ ਕਰਨ ਦੇ ਦੋਸ਼ ਵਿੱਚ ਚੈਸਟਰ ਮੈਜਿਸਟ੍ਰੇਟ ਦੀ ਅਦਾਲਤ ਵਿੱਚ 10 ਹਫਤੇ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਸਾਬਕਾ ਲੇਬਰ ਐਮ ਪੀ ਅਕਤੂਬਰ ਵਿੱਚ ਫਰੋਡਸ਼ਮ, ਚੈਸ਼ਾਇਰ ਵਿੱਚ ਇੱਕ ਆਦਮੀ ਨੂੰ ਮੁੱਕਾ ਮਾਰਿਆ ਸੀ ਅਤੇ ਇਹ ਘਟਨਾ ਕੈਮਰੇ ਵਿੱਚ ਕੈਦ ਹੋ ਗਈ ਸੀ। ਆਦਮੀ ਨੂੰ ਮੁੱਕਾ ਮਾਰਨ ਤੋਂ ਬਾਅਦ, ਰਨਕੋਰਨ ਅਤੇ ਹੇਲਸਬੀ ਦੇ ਐਮ ਪੀ ਨੇ ਚੀਕਦੇ ਕਿਹਾ ਕਿ "ਤੁਸੀਂ ਐਮ ਪੀ ਨੂੰ ਦੁਬਾਰਾ ਕਦੇ ਧਮਕੀ ਨਹੀਂ ਦਿਓਗੇ?" ਐਮਸਬਰੀ ਦੇ ਬਚਾਅ ਪੱਖ ਦੇ ਵਕੀਲ ਨੇ ਅਦਾਲਤ ਨੂੰ ਉਸ ਦੀਆਂ "ਮਿਸਾਲੀ" ਜਨਤਕ ਸੇਵਾਵਾਂ ਬਾਰੇ ਦੱਸਿਆ, ਜਿਸਨੂੰ ਮੈਜਿਸਟ੍ਰੇਟ ਨੇ ਸਵੀਕਾਰ ਕਰ ਲਿਆ। ਪਰ ਨਾਲ ਹੀ 10 ਹਫਤੇ ਕੈਦ ਦੀ ਸਜ਼ਾ ਸੁਣਾਈ।ਐਮਸਬਰੀ, 55, ਨੂੰ ਲੇਬਰ ਦੁਆਰਾ ਮੁਅੱਤਲ ਕਰ ਦਿੱਤਾ ਗਿਆ ਸੀ, ਅਤੇ ਪਿਛਲੇ ਮਹੀਨੇ ਅਦਾਲਤ ਵਿੱਚ 45 ਸਾਲਾ ਹਲਕੇ ਦੇ ਪਾਲ ਫੈਲੋਜ਼ 'ਤੇ ਹਮਲਾ ਕਰਨ ਦੀ ਗੱਲ ਸਵੀਕਾਰ ਕੀਤੀ ਸੀ।

## ਬਾਈਡਨ ਪ੍ਰਸ਼ਾਸਨ ਨੇ ਭਾਰਤ ਨੂੰ ਚੋਣਾਂ ਚ ਮਦਦ ਲਈ 1.8 ਕਰੋੜ ਅਮਰੀਕੀ ਡਾਲਰ ਦਿਤੇ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਬਾਈਡਨ ਪ੍ਰਸ਼ਾਸਨ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਸ ਨੇ ਚੋਣਾਂ ਚ ਭਾਰਤ ਦੀ ਮਦਦ ਲਈ 1.8 ਕਰੋੜ ਡਾਲਰ ਅਲਾਟ ਕੀਤੇ ਸਨ, ਜਦਕਿ ਉਸ ਨੂੰ ਇਸ ਦੀ ਜ਼ਰੂਰਤ ਨਹੀਂ ਹੈ। ਟਰੰਪ ਨੇ ਸਨਿਚਰਵਾਰ ਨੂੰ ਕੰਜ਼ਰਵੇਟਿਵ ਪੋਲੀਟੀਕਲ ਐਕਸ਼ਨ ਕਾਨਫਰੰਸ (ਸੀ. ਪੀ. ਏ. ਸੀ.) ਵਿਚ ਅਪਣੇ ਭਾਸ਼ਣ ਦੌਰਾਨ ਇਹ ਟਿਪਣੀ ਕੀਤੀ। ਉਹ ਪਹਿਲਾਂ ਵੀ ਕਈ ਵਾਰ ਦਾਅਵਾ ਕਰ ਚੁਕੇ ਹਨ ਕਿ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਭਾਰਤ ਨੂੰ 2.1 ਕਰੋੜ ਡਾਲਰ ਦਿਤੇ ਗਏ ਸਨ ਅਤੇ ਇਸ ਲਈ ਉਨ੍ਹਾਂ ਨੇ ਅਮਰੀਕਾ ਸਥਿਤ ਯੂ.ਐਸ.ਏਡ ਨੂੰ ਨਿਸ਼ਾਨਾ ਬਣਾਇਆ ਹੈ। ਟਰੰਪ ਦੇ ਦਾਅਵੇ ਤੋਂ ਬਾਅਦ ਭਾਰਤ ਚ ਵਿਵਾਦ ਖੜਾ ਹੋ ਗਿਆ ਹੈ।

ਟਰੰਪ ਨੇ ਕਿਹਾ, ਅਸੀਂ ਚੋਣਾਂ ਲਈ ਭਾਰਤ ਨੂੰ ਭੁਗਤਾਨ ਕਰ ਰਹੇ ਹਾਂ। ਉਨ੍ਹਾਂ ਨੂੰ ਪੈਸੇ ਦੀ ਲੋੜ ਨਹੀਂ ਹੈ। ਉਹ ਸਾਡਾ ਬਹੁਤ ਫਾਇਦਾ ਉਠਾਉਂਦੇ ਹਨ। ਉਹ ਦੁਨੀਆਂ ਦੇ ਸੱਭ ਤੋਂ ਵੱਧ ਟੈਕਸ ਲਗਾਉਣ ਵਾਲੇ ਦੇਸ਼ਾਂ ਚੋਂ ਇਕ ਹਨ ... ਉਹ 200 ਫ਼ੀ ਸਦੀ (ਟੈਕਸ) ਲੈਂਦੇ ਹਨ ਅਤੇ ਫਿਰ ਅਸੀਂ ਉਨ੍ਹਾਂ ਨੂੰ ਚੋਣਾਂ ਚ ਮਦਦ ਕਰਨ ਲਈ ਬਹੁਤ ਸਾਰਾ ਪੈਸਾ ਦੇ ਰਹੇ ਹਾਂ।

ਟਰੰਪ ਨੇ ਬੰਗਲਾਦੇਸ਼ ਨੂੰ 29 ਮਿਲੀਅਨ ਡਾਲਰ ਦੇਣ ਲਈ ਵੀ ਯੂ.ਐਸ.ਏਡ ਦੀ ਆਲੋਚਨਾ ਕੀਤੀ। ਉਨ੍ਹਾਂ ਨੇ ਕਿਸੇ ਦਾ ਨਾਂ ਲਏ ਬਿਨਾਂ ਕਿਹਾ ਕਿ 2.9 ਕਰੋੜ ਡਾਲਰ ਦੀ ਵਰਤੋਂ ਸਿਆਸੀ ਦ੍ਰਿਸ਼ ਨੂੰ ਮਜ਼ਬੂਤ ਕਰਨ ਅਤੇ ਬੰਗਲਾਦੇਸ਼ ਚ ਕੱਟੜਪੰਥੀ ਖੱਬੇਪੱਖੀ ਕਮਿਊਨਿਸਟਾਂ ਨੂੰ ਵੋਟ ਦੇਣ ਚ ਮਦਦ ਕਰਨ ਲਈ ਕੀਤੀ ਜਾਵੇਗੀ।


PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95
1 YEAR ---- £180

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME............................................
ADDRESS............................................
............................................POST CODE............................
TEL.

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*
TEL: 020 8570 8351
*Email: Kingswaylondon@icloud.com, www.kingswaybanqueting.com*

# ਕੈਨੇਡਾ ਤੋਂ ਆਏ ਕਿਸਾਨ ਪਰਿਵਾਰ ਦੇ ਬੱਚਿਆਂ ਨੇ ਵਿਲੱਖਣ ਤੇ ਸਾਦੇ ਢੰਗ ਨਾਲ ਕਰਵਾਈ ਸ਼ਾਦੀ

## ✪ ਬਿਨਾਂ ਫਸਲਾਂ ਕੱਟੇ ਖੇਤਾਂ ਵਿਚਕਾਰ ਤੰਬੂ ਲਾ ਕੇ ਪੈਲੇਸ ਦਾ ਖਰਚਾ ਬਚਾਇਆ



ਪੰਜਾਬ ਟਾਈਮਜ ਅਨੁਸਾਰ ਅੱਜ ਕੱਲ ਵੇਖਾ ਵੇਖੀ ਕੁੱਝ ਲੋਕ ਜਿਥੇ ਵਿਆਹਾਂ ’ਤੇ ਲੱਖਾਂ-ਕਰੋੜਾਂ ਰੁਪਏ ਦੀ ਫਜ਼ੂਲ ਖਰਚੀ ਕਰਦੇ ਹਨ ਅਤੇ ਵੱਡੇ ਮੈਰਿਜ ਪੈਲੇਸਾਂ ’ਚ ਜਾਂ ‘ਡੈਸਟੀਨੇਸ਼ਨ ਰਿਜ਼ੋਰਟ’ ’ਚ ਵਿਆਹ ਕਰਵਾ ਰਹੇ ਹਨ। ਉਥੇ ਇਸ ਜੋੜੇ ਨੇ ਲੋਕਾਂ ਨੂੰ ਸਿੱਖ ਦਿੰਦਿਆਂ ਵਿਖਾਇਆ ਕਿ ਵਿਆਹ ਫਜ਼ੂਲ ਖਰਚਾਂ ਤੋਂ ਬਿਨਾਂ ਵੀ ਸਾਦਗੀ ਨਾਲ ਵੀ ਵਿਲੱਖਣ ਅਤੇ ਖੂਬਸੂਰਤ ਢੰਗ ਨਾਲ ਕੀਤਾ ਜਾ ਸਕਦਾ ਹੈ।

ਫਿਰੋਜ਼ਪੁਰ-ਕੈਨੇਡਾ ਵਿੱਚ ਰਹਿੰਦੇ ਕਿਸਾਨ ਪਰਿਵਾਰ ਦੇ ਬੱਚਿਆਂ ਨੇ ਜਦੋਂ ਆਪਣੀ ਜ਼ਿੰਦਗੀ ਦਾ ਨਵਾਂ ਸਫਰ ਸ਼ੁਰੂ ਕਰਨ ਲਈ ਵਿਆਹ ਕਰਵਾਉਣ ਦਾ ਫ਼ੈਸਲਾ ਕੀਤਾ, ਤਾਂ ਉਨ੍ਹਾਂ ਨੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹੋਏ ਰਵਾਇਤੀ ਦੇਸੀ ਤਰੀਕੇ ਨਾਲ ਖੇਤਾਂ ਵਿੱਚ ਹੀ ਟੈਂਟ ਲਗਵਾ ਕੇ ਸਾਦਗੀ ਨਾਲ ਵਿਆਹ ਕਰਵਾਇਆ। ਵਿਆਹ ਦੀ ਖਾਸੀਅਤ ਇਹ ਰਹੀ ਕਿ ਇਹ ਵਿਆਹ ਜਿਥੇ ਇਕ “ਡੈਸਟੀਨੇਸ਼ਨ ਵੈਡਿੰਗ” ਵਰਗਾ ਲੱਗ ਰਿਹਾ ਸੀ, ਉਥੇ ਇਸ ਦੀ ਵਿਲੱਖਣਤਾ ਇਹ ਵੀ ਸੀ ਕਿ ਜਿੱਥੇ ਜ਼ਿਆਦਾ ਜ਼ਰੂਰੀ ਸੀ, ਉਥੋਂ ਹੀ ਫ਼ਸਲ ਕੱਟੀ ਗਈ ਸੀ, ਅਤੇ ਬਾਕੀ ਥਾਵਾਂ ’ਤੇ ਫ਼ਸਲ ਨੂੰ ਹੀ ਸਜਾਵਟ ਦਾ ਹਿੱਸਾ ਬਣਾਇਆ ਗਿਆ ਸੀ। ਆਮ ਵਿਆਹਾਂ ਤੋਂ ਹੱਟ ਕੇ ਜੋ ਇਸ ਵਿਆਹ ਵਿਚ ਨਜ਼ਰ ਆਇਆ ,ਉਹ ਇਹ ਸੀ ਕਿ ਕੈਨਡਾ ਦੇ ਬਰੈਂਪਟਨ ਤੋਂ ਪਰਤੇ ਜੋੜੇ ਵਿਚੋਂ ਫਿਰੋਜ਼ਪੁਰ ਦੀ ਲੜਕੀ ਹਰਮਨ ਸਿੱਧੂ ਲੜਕੇ ਦੁਰਲੱਭ ਸਿੰਘ ਸੰਧੂ ਦੇ ਪਿੰਡ ਕਰੀ ਕਲਾਂ ਬਰਾਤ ਲੈ ਕੇ ਪਹੁੰਚੀ, ਜਿਥੇ ਧਾਰਮਿਕ ਰਸਮਾਂ ਅਨੁਸਾਰ ਉਨ੍ਹਾਂ ਦਾ ਵਿਆਹ ਹੋਇਆ। ਰਵਾਇਤੀ ਢੰਗ ਨਾਲ ਵਿਆਹ ਕਰਵਾਉਣ ਸਬੰਧੀ ਦੁਰਲੱਭ ਸਿੰਘ ਸੰਧੂ ਅਤੇ ਹਰਮਨ ਸਿੱਧੂ ਸੰਧੂ ਨੇ ਦੱਸਿਆ ਕਿ ਉਹ ਦਿੱਲੀ ਸਰਹੱਦ ’ਤੇ ਹੋਏ ਕਿਸਾਨ ਸੰਘਰਸ਼ ਤੋਂ ਪ੍ਰੇਰਿਤ ਹੋਏ ਸਨ। ਉਨ੍ਹਾਂ ਨੇ ਕਿਹਾ ਕਿ ਉਹ ਲੋਕਾਂ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਆਪਣੀ ਜ਼ਮੀਨ ਅਤੇ ਆਪਣੀ ਮੂਲ-ਪਛਾਣ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ। ਇਹ ਵਿਆਹ ਨਾ ਸਿਰਫ਼ ਪੁਰਾਣੀਆਂ ਰਵਾਇਤਾਂ ਦੀ ਯਾਦ ਦਿਵਾਉਂਦਾ ਹੈ, ਪਰ ਇਹ ਵੀ ਦਿਖਾਉਂਦਾ ਹੈ ਕਿ ਸਾਦਗੀ ’ਚ ਵੀ ਇੱਕ ਅਲੱਗ ਸੋਹਣਾਪਨ ਹੁੰਦਾ ਹੈ। ਵਿਆਹ ਸਮਾਰੋਹ ਤੋਂ ਬਾਅਦ ਮਹਿਮਾਨਾਂ ਨੂੰ ਪੌਦੇ ਦੇ ਕੇ ਵਿਦਾਇਗੀ ਦਿੱਤੀ ਗਈ। ਇਹ ਕਿਸਾਨੀ ਅਤੇ ਵਾਤਾਵਰਣ ਸੰਭਾਲ ਪ੍ਰਤੀ ਜੋੜੇ ਦੀ ਸ਼ਰਧਾ ਦਾ ਪ੍ਰਤੀਕ ਸੀ।

### ਕਿਸਾਨੀ ਤੋਂ ਪ੍ਰੇਰਿਤ ਰਿਹਾ ਵਿਆਹ ਦਾ ਹਰ ਪਹਿਲੂ

ਕਿਸਾਨੀ ਥੀਮ ’ਤੇ ਆਧਾਰਿਤ ਵਿਆਹ ਦਾ ਹਰ ਪਹਿਲੂ ਕਿਸਾਨੀ ਤੋਂ ਪ੍ਰੇਰਿਤ ਸੀ। ਵਿਆਹ ਦੇ ਸੱਦੇ-ਕਾਰਡਾਂ ਨਾਲ ਦਿੱਤੇ ਗਏ ਡੱਬਿਆਂ ’ਤੇ ਕਿਸਾਨੀ ਦੀਆਂ ਤਸਵੀਰਾਂ ਛਪੀਆਂ ਹੋਈਆਂ ਸਨ। ਇਨ੍ਹਾਂ ਡੱਬਿਆਂ ਵਿੱਚ ਮਿੱਠਾਈ ਦੇ ਨਾਲ-ਨਾਲ ਸ਼ਹਿਦ ਦੇ ਕੰਟੇਨਰ ਵੀ ਸ਼ਾਮਲ ਕੀਤੇ ਗਏ ਸਨ।


GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED
How much is your home worth ?
More properties wanted for qualified applicants
We can sell or let your properties fast
2-3 year rent guarantee schemes available
ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ ’ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ ।
ਗਰੰਟੀ ’ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫ਼ੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ
EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved


# ਦਿੱਲੀ ਦੇ ਸੱਤ ਮੰਤਰੀਆਂ ਵਿੱਚੋਂ ਪੰਜ ਅਪਰਾਧਿਕ ਮਾਮਲੇ ਦਰਜ

## ✪ ਦਾਗੀ ਮੰਤਰੀਆਂ ਵਿਚ ਮੁੱਖ ਮੰਤਰੀ ਰੇਖਾ ਗੁਪਤਾ ਵੀ ਸ਼ਾਮਲ

## ✪ ਮਨਜਿੰਦਰ ਸਿਰਸਾ ਸਣੇ ਦੋ ਵਜ਼ੀਰ ਹਨ ਅਰਬਪਤੀ



ਨਵੀਂ ਦਿੱਲੀ-ਚੋਣ ਅਧਿਕਾਰ ਸੰਸਥਾ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਮੁਤਾਬਕ ਦਿੱਲੀ ਵਿੱਚ ਵੀਰਵਾਰ ਨੂੰ ਮੁੱਖ ਮੰਤਰੀ ਰੇਖਾ ਗੁਪਤਾ ਸਣੇ ਸਹੁੰ ਚੁੱਕਣ ਵਾਲੇ ਸੱਤ ਨਵੇਂ ਮੰਤਰੀਆਂ ਵਿੱਚੋਂ ਮੁੱਖ ਮੰਤਰੀ ਸਮੇਤ ਪੰਜ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲਿਆਂ ਚੱਲਦੇ ਹੋਣ ਦਾ ਹਲਫ਼ਨਾਮਾ ਦਿੱਤਾ ਹੈ। ਸੰਸਥਾ ਦੇ ਇਹ ਸਿੱਟੇ ਇਨ੍ਹਾਂ ਮੰਤਰੀਆਂ ਵਲੋਂ 2025 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਲੜਨ ਲਈ ਜਮ੍ਹਾਂ ਕੀਤੇ ਗਏ ਹਲਫਨਾਮਿਆਂ ’ਤੇ ਆਧਾਰਿਤ ਹਨ।

ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ ਸੱਤ ਮੰਤਰੀਆਂ ਵਿੱਚੋਂ ਪੰਜ (71 ਫ਼ੀਸਦੀ) ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲਿਆਂ ਦਾ ਐਲਾਨ ਕੀਤਾ ਹੈ, ਜਦੋਂ ਕਿ ਦੋ ਮੰਤਰੀ (29 ਫ਼ੀਸਦੀ) ਅਰਬਪਤੀ ਹਨ। ਰਿਪੋਰਟ ਵਿੱਚ ਇਹ ਗੱਲ ਉਜਾਗਰ ਕੀਤੀ ਗਈ ਹੈ ਕਿ ਮੁੱਖ ਮੰਤਰੀ ਰੇਖਾ ਗੁਪਤਾ ਸਮੇਤ ਪੰਜ ਮੰਤਰੀਆਂ ਨੇ ਆਪਣੇ ਵਿਰੁੱਧ ਅਪਰਾਧਿਕ ਮੁਕੱਦਮੇ ਚੱਲਦੇ ਹੋਣ ਦਾ ਐਲਾਨ ਕੀਤਾ ਹੈ।

ਇਨ੍ਹਾਂ ਵਿੱਚੋਂ ਇੱਕ ਮੰਤਰੀ ਆਸ਼ੀਸ਼ ਸੂਦ ਸੰਗੀਨ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਵਿੱਤੀ ਮੋਰਚੇ ’ਤੇ ਦੋ ਮੰਤਰੀ, ਜੋ ਕਿ ਕੈਬਨਿਟ ਦਾ 29 ਫ਼ੀਸਦੀ ਹਨ, ਅਰਬਪਤੀ ਹਨ। ਸਭ ਤੋਂ ਵੱਧ ਘੋਸ਼ਿਤ ਕੁੱਲ ਜਾਇਦਾਦ ਵਾਲੇ ਮੰਤਰੀ ਰਾਜੌਰੀ ਗਾਰਡਨ ਹਲਕੇ ਤੋਂ ਮਨਜਿੰਦਰ ਸਿੰਘ ਸਿਰਸਾ ਹਨ, ਜਿਨ੍ਹਾਂ ਦੀ ਜਾਇਦਾਦ 248.85 ਕਰੋੜ ਰੁਪਏ ਹੈ।

ਛੇ ਮੰਤਰੀਆਂ (86 ਫ਼ੀਸਦੀ) ਨੇ ਗ੍ਰੈਜੂਏਟ ਪੱਧਰ ਜਾਂ ਇਸ ਤੋਂ ਵੱਧ ਦੀ ਵਿਦਿਅਕ ਯੋਗਤਾ ਐਲਾਨੀ ਹੈ, ਜਦੋਂ ਕਿ ਇੱਕ ਮੰਤਰੀ ਨੇ ਸਿਰਫ਼ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ ਹੈ।

ਉਮਰ ਦੇ ਮਾਮਲੇ ਵਿੱਚ, ਪੰਜ ਮੰਤਰੀ (71 ਫ਼ੀਸਦੀ) 41 ਤੋਂ 50 ਸਾਲ ਦੇ ਵਿਚਕਾਰ ਹਨ, ਜਦੋਂ ਕਿ ਬਾਕੀ ਦੋ (29 ਫ਼ੀਸਦੀ) 51 ਤੋਂ 60 ਸਾਲ ਦੇ ਵਿਚਕਾਰ ਹਨ। ਕੈਬਨਿਟ ਵਿੱਚ ਸਿਰਫ਼ ਇੱਕ ਮਹਿਲਾ ਮੰਤਰੀ ਸ਼ਾਮਲ ਹੈ ਜੋ ਖੁਦ ਮੁੱਖ ਮੰਤਰੀ ਹੈ।

# ਜਰਮਨੀ ਚੋਣਾਂ ਵਿਚ ਅੱਗੇ ਰਹੇ ਫਰੈਡਰਿਕ ਮਰਜ਼

## ✪ ਫਰੈਡਰਿਕ ਵੱਲੋਂ ਟਰੰਪ ਨੂੰ ਫਤਿਹ ਬੁਲਾਉਣ ਦਾ ਸੱਦਾ ✪ ਕਿਹਾ ਕਿ ਯੂਰਪ ਨੂੰ ਨਾਟੋ ਦੀ ਥਾਂ ਨਵਾਂ ਡਿਫੈਂਸ ਢਾਂਚਾ ਕਾਇਮ ਕਰਨਾ ਪਵੇਗਾ

ਬਰਲਿਨ-ਜਰਮਨੀ ਦੀਆਂ ਆਮ ਚੋਣਾਂ ਵਿੱਚ ਕੋਈ ਵੀ ਪਾਰਟੀ ਸਪੱਸ਼ਟ ਬਹੁਮਤ ਹਾਸਲ ਨਹੀਂ ਕਰ ਸਕੀ, ਪਰ ਕੰਜ਼ਰਵੇਟਿਵ ਆਪੋਜ਼ੀਸ਼ਨ ਆਗੂ ਫਰੈਡਰਿਕ ਮਰਜ਼ ਦੀ ਕਿ, ਸਚੀਅਨ ਡੈਮੋਕਰੇਟਿਕ ਯੂਨੀਅਨ (ਸੀ ਡੀ ਯੂ) ਦਾ ਗੱਠਜੋੜ 630 ਵਿੱਚੋਂ ਸਭ ਤੋਂ ਵੱਧ 208 ਸੀਟਾਂ ਜਿੱਤਣ ਵਿੱਚ ਸਫਲ ਰਿਹਾ। ਉਸ ਨੂੰ 28.5 ਫੀਸਦੀ ਵੋਟਾਂ ਮਿਲੀਆਂ।

ਜਰਮਨੀ ਦੇ ਚਾਂਸਲਰ ਓਲਫ ਸ਼ੁਲਜ਼ ਦੀ ਸੈਂਟਰ ਲੈੱਫਟ ਸੋਸ਼ਲ ਡੈਮੋਕਰੇਟਸ ਪਾਰਟੀ (ਐੱਸ ਡੀ ਪੀ) ਨੂੰ ਸੰਸਦੀ ਚੋਣਾਂ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾ ਦੀ ਪਾਰਟੀ ਤੀਜੇ ਸਥਾਨ ’ਤੇ ਰਹੀ। ਉਸ ਨੇ ਸਿਰਫ 16.5 ਫੀਸਦੀ ਵੋਟਾਂ ਨਾਲ 121 ਸੀਟਾਂ ਜਿੱਤੀਆਂ ਹਨ।

ਅੱਤ ਕੱਟੜਪੰਥੀ ਅਲਟਰਨੇਟਿਵ ਫਾਰ ਜਰਮਨੀ (ਏ ਐੱਫ ਡੀ) ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਮਜ਼ਬੂਤ ਪ੍ਰਦਰਸ਼ਨ ਵਿੱਚ ਆਪਣੀ ਹਮਾਇਤ ਦੁੱਗਣੀ ਕੀਤੀ ਹੈ। ਉਸ ਨੇ 20.8 ਫੀਸਦੀ ਵੋਟਾਂ ਨਾਲ 151 ਸੀਟਾਂ ਜਿੱਤ ਲਈਆਂ। ਦੂਜੀ ਸੰਸਾਰ ਜੰਗ ਤੋਂ ਬਾਅਦ ਕਿਸੇ ਕੱਟੜਪੰਥੀ ਪਾਰਟੀ ਨੇ ਏਨੀਆਂ ਸੀਟਾਂ ਜਿੱਤੀਆਂ ਹਨ। ਇਹ 2021 ਨਾਲੋਂ ਲਗਭਗ ਦੁੱਗਣੀਆਂ ਹਨ। ਬਹੁਮਤ ਲਈ 316 ਸੀਟਾਂ ਦੀ ਲੋੜ ਹੈ ਤੇ ਗੱਠਜੋੜ ਸਰਕਾਰ ਹੀ ਬਣੇਗੀ।

ਚਾਂਸਲਰ (ਪ੍ਰਧਾਨ ਮੰਤਰੀ) ਦੇ ਅਹੁਦੇ ਲਈ ਉਮੀਦਵਾਰ ਐਲਿਸ ਵੀਡੇਲ ਦੀ ਏ ਐੱਫ ਡੀ ਦੇ ਆਗੂ ਟੀਨੋ ਕਰੂਪਾਲਾ ਨੇ ਸੀ ਡੀ ਯੂ ਨਾਲ ਗੱਠਜੋੜ ਦੀ ਪੇਸ਼ਕਸ਼ ਕੀਤੀ ਹੈ, ਪਰ ਮਰਜ਼ ਨੇ ਉਸ ਨਾਲ ਗੱਠਜੋੜ ਤੋਂ ਸਾਫ ਨਾਂਹ ਕਰ ਦਿੱਤੀ ਹੈ। ਟਰੰਪ ਦੇ ਸਲਾਹਕਾਰ ਐਲਨ ਮਸਕ ਨੇ ਏ ਐੱਫ ਡੀ ਦੀ ਖੁੱਲ੍ਹ ਕੇ ਹਮਾਇਤ ਕੀਤੀ ਸੀ, ਪਰ ਉਹ ਸਰਕਾਰ ਬਣਾਉਣ ਦੇ ਨੇੜੇ ਨਹੀਂ ਪੁੱਜੀ। ਗਰੀਨ ਪਾਰਟੀ ਨੂੰ 12 ਫੀਸਦੀ, ਫਰੀ ਡੈਮੋਕਰੇਟਿਕ ਪਾਰਟੀ (ਐੱਫ ਡੀ ਪੀ) ਨੂੰ 5 ਫੀਸਦੀ (ਸੰਸਦ ਵਿੱਚ ਦਾਖਲੇ ਲਈ ਘੱਟੋ-ਘੱਟ ਫੀਸਦੀ, ਇਸ ਤੋਂ ਘੱਟ ਫੀਸਦੀ ਵਾਲੀ ਪਾਰਟੀ ਸੰਸਦ ਮੈਂਬਰੀ ਲਈ ਗਿਣੀ ਨਹੀਂ ਜਾਂਦੀ), ਖੱਬੀ ਪਾਰਟੀ ਡੀ ਲਿੰਕੇ ਨੂੰ 9 ਫੀਸਦੀ ਅਤੇ ਬੀ ਐੱਸ ਡਬਲਿਊ (ਸਹਰਾ ਵਾਗੇਨਕਨੇਚ ਨਾਲੋਂ ਟੁੱਟੀ ਖੱਬੀ ਪਾਰਟੀ) ਨੂੰ 5 ਫੀਸਦੀ ਵੋਟਾਂ ਮਿਲੀਆਂ ਹਨ। ਖੱਬੀਆਂ ਪਾਰਟੀਆਂ ਨੇ ਵੀ ਪੁਜ਼ੀਸ਼ਨ ਕਾਫੀ ਸੁਧਾਰੀ ਹੈ। ਬਰਲਿਨ ਵਿੱਚ ਤਾਂ ਖੱਬੇ-ਪੱਖੀ ਨੰਬਰ ਇੱਕ ’ਤੇ ਰਹੇ ਹਨ।

ਚਾਂਸਲਰ ਓਲਫ ਸ਼ੁਲਜ਼ ਨੇ ਲੋਕਾਂ ਦੇ ਫਤਵੇ ਨੂੰ ‘ਕੌੜਾ ਚੋਣ ਨਤੀਜਾ’ ਦੱਸਦਿਆਂ ਆਪਣੀ ਪਾਰਟੀ ਸੈਂਟਰ-ਲੈੱਫਟ ਸੋਸ਼ਲ ਡੈਮੋਕਰੇਟਸ ਲਈ ਹਾਰ ਮੰਨ ਲਈ। ਉਨ੍ਹਾ ਦੀ ਪਾਰਟੀ ਆਲਮੀ ਜੰਗ ਤੋਂ ਬਾਅਦ ਸੰਸਦੀ ਚੋਣਾਂ ਵਿੱਚ ਸਭ ਤੋਂ ਮਾੜੇ ਨਤੀਜੇ ਨਾਲ ਤੀਜੇ ਸਥਾਨ ’ਤੇ ਰਹੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਨਤੀਜਿਆਂ ਦਾ ਦਿਨ ਜਰਮਨੀ ਤੇ ਅਮਰੀਕਾ ਦੋਹਾਂ ਲਈ ਸ਼ਾਨਦਾਰ ਹੈ। ਅਮਰੀਕਾ ਦੀ ਤਰ੍ਹਾਂ ਜਰਮਨੀ ਦੇ ਲੋਕ ਵੀ ਐਨਰਜੀ ਤੇ




ਇਮੀਗ੍ਰੇਸ਼ਨ ’ਤੇ ਸਰਕਾਰ ਦੀਆਂ ਬੇਤੁਕੀਆਂ ਨੀਤੀਆਂ ’ਤੋਂ ਤੰਗ ਆ ਚੁੱਕੇ ਸਨ। ਮਰਜ਼ ਨੇ ਕਿਹਾ ਹੈ ਕਿ ਉਹ ਈਸਟਰ ਤੱਕ ਗੱਠਜੋੜ ਸਰਕਾਰ ਬਣਾਉਣ ਦੀ ਉਮੀਦ ਕਰਦੇ ਹਨ, ਪਰ ਇਹ ਬਹੁਤ ਚੁਣੌਤੀਪੂਰਨ ਹੋਣ ਦੀ ਸੰਭਾਵਨਾ ਹੈ। ਦੱਸ ਦੇਈਏ ਕਿ ਜਰਮਨੀ ਵਿੱਚ ਸੰਸਦੀ ਚੋਣਾਂ ਨਿਰਧਾਰਤ ਸਮੇਂ ਤੋਂ ਸੱਤ ਮਹੀਨੇ ਪਹਿਲਾਂ ਹੋਈਆਂ ਹਨ, ਕਿਉਂਕਿ ਸ਼ੁਲਜ਼ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਨਵੰਬਰ ਵਿੱਚ ਡਿੱਗ ਗਈ ਸੀ। ਜਰਮਨੀ 27 ਦੇਸ਼ਾਂ ਵਾਲੇ ਯੂਰਪੀਅਨ ਯੂਨੀਅਨ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ ਅਤੇ ਨਾਟੋ ਦਾ ਇੱਕ ਪ੍ਰਮੁੱਖ ਮੈਂਬਰ ਹੈ। ਇਹ ਅਮਰੀਕਾ ਤੋਂ ਬਾਅਦ ਯੂਕਰੇਨ ਦਾ ਦੂਜਾ ਸਭ ਤੋਂ ਵੱਡਾ ਹਥਿਆਰ ਸਪਲਾਇਰ ਰਿਹਾ ਹੈ।

ਮਰਜ਼ ਨੇ ਚੋਣ ਨਤੀਜਿਆਂ ਦੇ ਰੁਝਾਨਾਂ ਮਗਰੋਂ ਆਪਣੇ ਹਮਾਇਤੀਆਂ ਨੂੰ ਕਿਹਾ, ‘ਮੈਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੈ। ਮੈਂ ਇਸ ਕੰਮ ਦੇ ਪੈਮਾਨੇ ਤੋਂ ਵੀ ਜਾਣੂ ਹਾਂ, ਜੋ ਹੁਣ ਸਾਡੇ ਸਾਹਮਣੇ ਹੈ। ਮੈਂ ਇਸ ਨੂੰ ਬਹੁਤ ਸਤਿਕਾਰ ਨਾਲ ਲੈਂਦਾ ਹਾਂ ਅਤੇ ਮੈਨੂੰ ਪਤਾ ਹੈ ਕਿ ਇਹ ਆਸਾਨ ਨਹੀਂ ਹੋਵੇਗਾ।’

ਮਰਜ਼ ਨੇ ਅਹਿਮ ਬਿਆਨ ਵਿੱਚ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਯੂਰਪ ਦੀ ਪ੍ਰਵਾਹ ਨਹੀਂ ਕਰ ਰਿਹਾ ਅਤੇ ਰੂਸ ਨਾਲ ਆੜੀ ਪਾ ਰਿਹਾ ਹੈ। ਉਨ੍ਹਾ ਖਬਰਦਾਰ ਕੀਤਾ ਕਿ ਯੂਰਪ ਨੂੰ ਨਾਟੋ ਦਾ ਬਦਲ ਲੱਭਣ ਲਈ ਆਪਣੀ ਰੱਖਿਆ ਤੇ ਸਮਰਥਾਵਾਂ ਨੂੰ ਮਹੀਨਿਆਂ ਵਿੱਚ ਹੀ ਮਜ਼ਬੂਤ ਕਰਨਾ ਪਵੇਗਾ। (ਦਰਅਸਲ ਯੂਰਪ 1945 ਤੋਂ ਅਮਰੀਕੀ ਸੁਰੱਖਿਆ ਗਰੰਟੀਆਂ ’ਤੇ ਚਲਦਿਆਂ ਆਇਆ ਹੈ ਤੇ ਹੁਣ ਮਹਿਸੂਸ ਕਰ ਰਿਹਾ ਹੈ ਕਿ ਟਰੰਪ ਦਾ ਅਮਰੀਕਾ ਉਸ ਦੀ ਪ੍ਰਵਾਹ ਨਹੀਂ ਕਰ ਰਿਹਾ।) ਮਰਜ਼ ਨੇ ਕਿਹਾ ਕਿ ਮੇਰੀ ਪਹਿਲੀ ਤਰਜੀਹ ਯੂਰਪ ਨੂੰ ਛੇਤੀ ਤੋਂ ਛੇਤੀ ਮਜ਼ਬੂਤ ਬਣਾਉਣ ਦੀ ਹੋਵੇਗੀ, ਤਾਂ ਜੋ ਅਸੀਂ ਅਮਰੀਕਾ ਤੋਂ ਆਜ਼ਾਦ ਹੋ ਸਕੀਏ। ਮੈਂ ਟੀ ਵੀ ’ਤੇ ਇਹ ਗੱਲ ਕਹਿਣ ਬਾਰੇ ਕਦੇ ਸੋਚਿਆ ਨਹੀਂ, ਪਰ ਜਿਸ ਤਰ੍ਹਾਂ ਟਰੰਪ ਆਏ ਦਿਨ ਬਿਆਨ ਦਾਗ ਰਿਹਾ ਹੈ, ਉਸ ਤੋਂ ਸਪੱਸ਼ਟ ਹੈ ਕਿ ਅਮਰੀਕਾ ਯੂਰਪ ਦੀ ਪ੍ਰਵਾਹ ਨਹੀਂ ਕਰ ਰਿਹਾ। ਯੂਰਪ ਨੂੰ ਨਾਟੋ ਦੀ ਥਾਂ ਨਵਾਂ ਡਿਫੈਂਸ ਢਾਂਚਾ ਕਾਇਮ ਕਰਨਾ ਪੈਣਾ ਹੈ। ਕਿਸੇ ਵੀ ਪੱਛਮੀ ਆਗੂ ਨੇ ਟਰੰਪ ਨੂੰ ਲੈ ਕੇ ਅਜੇ ਤੱਕ ਅਜਿਹਾ ਬਿਆਨ ਨਹੀਂ ਦਿੱਤਾ। ਮਰਜ਼ ਨੇ ਇਸ ਤੋਂ ਪਹਿਲਾਂ ਸ਼ੁੱਕਰਵਾਰ ਕਿਹਾ ਸੀ ਕਿ ਰੂਸੀ ਹਮਲੇ ਤੋਂ ਯੂਰਪ ਨੂੰ ਬਚਾਉਣ ਦੀ ਗਰੰਟੀ ਦਿੰਦੀ ਅਮਰੀਕੀ ਪ੍ਰਮਾਣੂ ਛਤਰੀ ਦੀ ਥਾਂ ਫਰਾਂਸ, ਯੂ ਕੇ, ਜਰਮਨੀ ਤੇ ਹੋਰਨਾਂ ਲਈ ਆਪਣਾ ਪ੍ਰਮਾਣੂ ਮਿਲਵਰਤਨ ਢਾਂਚਾ ਬਣਾਉਣ ਦਾ ਸਮਾਂ ਆ ਗਿਆ ਹੈ।

ਜੇਕਰ ਮਰਜ਼ ਆਪਣੀ ਸਰਕਾਰ ਬਣਾਉਣ ਤੋਂ ਬਾਅਦ ਆਪਣੇ ਬਿਆਨ ਉੱਤੇ ਅਮਲ ਕਰਦੇ ਹਨ ਤਾਂ ਇਹ ਯੂਰਪ ਨੂੰ ਨਵੀਂ ਦਿਸ਼ਾ ਵਿੱਚ ਲੈ ਜਾਵੇਗਾ। ਅਮਰੀਕੀ ਰਾਸ਼ਟਰਪਤੀ ਦੇ ਯੂਰਪ ਤੇ ਯੂਕਰੇਨ ਵਿਰੁੱਧ ਦਿੱਤੇ ਬਿਆਨ ਦੇ ਜਵਾਬ ਵਿੱਚ ਮਰਜ਼ ਨੇ ਕਿਹਾ, “ਫਰਾਂਸ, ਬਰਤਾਨੀਆ ਤੇ ਜਰਮਨੀ ਵਿੱਚ ਪ੍ਰਮਾਣੂ ਸਹਿਯੋਗ ਦਾ ਪਤਾ ਲਾਉਣ ਦਾ ਸਮਾਂ ਆ ਗਿਆ ਹੈ, ਤਾਂ ਜੋ ਅਮਰੀਕਾ ਦੇ ਪ੍ਰਮਾਣੂ ਪ੍ਰਭਾਵ ਨੂੰ ਬਦਲਿਆ ਜਾ ਸਕੇ।”

ਮਰਜ਼ ਦੀ ਅਗਵਾਈ ਵਾਲੇ ਗੱਠਜੋੜ ਨੂੰ ਆਉਣ ਵਾਲੇ ਦਿਨਾਂ ਦੌਰਾਨ ਘੱਟੋ-ਘੱਟ ਇੱਕ ਕੇਂਦਰੀ ਤੇ ਖੱਬੇ-ਪੱਖੀ ਪਾਰਟੀ ਨਾਲ ਗੱਠਜੋੜ ਬਣਾਉਣਾ ਪਵੇਗਾ। ਇਹ ਪਾਰਟੀਆਂ 85 ਸੀਟਾਂ ਵਾਲੀ ਗਰੀਨ ਤੇ 64 ਸੀਟਾਂ ਵਾਲੀਆਂ ਖੱਬੇ-ਪੱਖੀ ਹੋ ਸਕਦੀਆਂ ਹਨ ਤੇ ਮੌਜੂਦਾ ਚਾਂਸਲਰ ਓਲਾਫ ਦੀ 120 ਸੀਟਾਂ ਵਾਲੀ ਸੋਸ਼ਲ ਡੈਮੋਕਰੇਟਿਕ ਪਾਰਟੀ ਵੀ। ਫਰੈਡਰਿਕ ਮਰਜ਼ ਨੇ 152 ਸੀਟਾਂ ਵਾਲੀ ਦੱਖਣਪੰਥੀ ਪਾਰਟੀ ‘ਅਲਟਰਨੇਟਿਵ ਫਾਰ ਜਰਮਨੀ’ ਨਾਲ ਕਿਸੇ ਤਰ੍ਹਾਂ ਦਾ ਵੀ ਗਠਜੋੜ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

# ਪੰਜਾਬ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਏਗੀ ਮੁਹਿੰਮ

## ✪ ਮੁੱਖ ਸਕੱਤਰ ਨੇ ਡਿਪਟੀ ਕਮਿਸ਼ਨਰਾਂ ਨੂੰ ਨਸ਼ਿਆਂ ਦਾ ਸਫ਼ਾਇਆ ਕਰਨ ਲਈ ਕਿਹਾ



ਚੰਡੀਗੜ੍ਹ-ਪੰਜਾਬ ਨੂੰ ਨਸ਼ਿਆਂ ਦੀ ਲਾਹਨਤ ਤੋਂ ਨਿਜਾਤ ਦਿਵਾਉਣ ਲਈ ਸੂਬਾ ਸਰਕਾਰ ਨੇ ਆਉਣ ਵਾਲੇ ਦਿਨਾਂ ’ਚ ਨਸ਼ਿਆਂ ਖ਼ਿਲਾਫ਼ ਵੱਡੀ ਮੁਹਿੰਮ ਵਿੱਢਣ ਦਾ ਫ਼ੈਸਲਾ ਕੀਤਾ ਹੈ। ਇਸ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ ਸੂਬਾ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਸੂਬੇ ਭਰ ਦੇ ਡਿਪਟੀ ਕਮਿਸ਼ਨਰਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਆਪਣੇ ਪੱਤਰ ਵਿਚ ਮੁੱਖ ਸਕੱਤਰ ਨੇ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿਚੋਂ ਨਸ਼ਿਆਂ ਦੀ ਅਲਾਮਤ ਦਾ ਸਫ਼ਾਇਆ ਕਰਨ ਲਈ ਕਿਹਾ ਹੈ। ਸ੍ਰੀ ਸਿਨਹਾ ਨੇ ਡਿਪਟੀ ਕਮਿਸ਼ਨਰਾਂ ਨੂੰ ਤਾਕੀਦ ਕੀਤੀ ਹੈ ਕਿ ਸਾਰੇ ਮੁੜ ਵਸੇਬਾ ਅਤੇ ਨਸ਼ਾ ਛਡਾਊ ਕੇਂਦਰਾਂ ਵਿਚ ਲੋੜੀਂਦੇ ਉਪਕਰਨਾਂ ਅਤੇ ਦਵਾਈਆਂ ਜਿਸ ਵਿਚ ਬੁਪ੍ਰੇਨੋਰਫਾਈਨ, ਟੈਸਟਿੰਗ ਕਿੱਟਾਂ, ਲੋੜੀਂਦਾ ਸਟਾਫ਼ ਆਦਿ ਸ਼ਾਮਲ ਹਨ, ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾਵੇ। ਮੁੱਖ ਸਕੱਤਰ ਨੇ ਨਿਰਦੇਸ਼ ਦਿੱਤੇ ਹਨ ਕਿ ਨਸ਼ਿਆਂ ਦੀ ਅਲਾਮਤ ਨੂੰ ਖ਼ਤਮ ਕਰਨ ਲਈ ਤਿਆਰੀਆਂ ਜੰਗੀ ਪੱਧਰ ’ਤੇ ਕੀਤੀਆਂ ਜਾਣ ਅਤੇ ਹਰੇਕ ਡਿਪਟੀ ਕਮਿਸ਼ਨਰ ਆਉਣ ਵਾਲੇ ਦਿਨਾਂ ਵਿਚ ਇਕ ਪੁਖਤਾ ਯੋਜਨਾ ਨਾਲ ਤਿਆਰ ਰਹੇ ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਜਾਂ ਲਾਪਰਵਾਹੀ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਇਸ ਸਾਰੀ ਕਾਰਵਾਈ ਦੀ ਨਿੱਜੀ ਤੌਰ ’ਤੇ ਨਿਗਰਾਨੀ ਕਰਨਗੇ।



ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੀ ਪੰਜਾਬ ਵਿਚ 'ਆਪ' ਸਰਕਾਰ ਬਗਾਵਤ ਕਾਰਣ ਟੁੱਟ ਜਾਵੇਗੀ ?

## ✪ ਬਾਜਵਾ ਨੇ ਕਿਹਾ ਕਿ ਆਪ ਦੇ ਤੀਹ ਵਿਧਾਇਕ ਉਨ੍ਹਾਂ ਦੇ ਸੰਪਰਕ ਵਿਚ ਤੇ ਭਗਵੰਤ ਮਾਨ ਭਾਜਪਾ ਦੇ ਸੰਪਰਕ ਵਿਚ ✪ ਕੀ ਸੋਚਿਆ ਹੈ ਸਿਆਸੀ ਪਾਰਟੀਆਂ ਤੇ ਸਰਕਾਰ ਨੇ ਵਿਦੇਸ਼ਾਂ ਤੋਂ ਉਜੜ ਕੇ ਆ ਰਹੇ ਪੰਜਾਬੀਆਂ ਬਾਰੇ



ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਦੋ ਰੋਜ਼ਾ ਵਿਸ਼ੇਸ਼ ਇਜਲਾਸ ਤੋਂ ਪਹਿਲਾਂ ਕਿਹਾ ਸੀ ਕਿ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੇ 32 ਵਿਧਾਇਕ ਉਨ੍ਹਾਂ ਦੇ ਸੰਪਰਕ ਵਿਚ ਹਨ, ਜੋ ਪਾਲਾ ਬਦਲ ਕੇ ਕਾਂਗਰਸ ਵਿਚ ਆਉਣਾ ਚਾਹੁੰਦੇ ਹਨ। ਉਹ ਇੱਥੇ ਹੀ ਨਹੀਂ ਰੁਕੇ ,ਸਗੋਂ ਉਨ੍ਹਾਂ ਇਹ ਵੀ ਕਿਹਾ ਕਿ ਵਿਧਾਇਕਾਂ ਦੇ ਨਾਲ-ਨਾਲ ਕੁਝ ਮੰਤਰੀ ਵੀ ਮੇਰੇ ਸੰਪਰਕ ਵਿਚ ਹਨ। ਇਸ ਬਿਆਨ ਵਿਚ ਕਿੰਨੀ ਸੱਚਾਈ ਹੈ, ਇਸ ਸੰਬੰਧੀ ਸਵਾਲ ਕੀਤੇ ਜਾਣ 'ਤੇ ਉਨ੍ਹਾਂ ਕਿਹਾ ਕਿ ਮੇਰਾ 40 ਸਾਲ ਦਾ ਸਿਆਸਤ ਦਾ ਤਜ਼ਰਬਾ ਹੈ, ਮੈਂ ਅੱਜ ਤੱਕ ਕੋਈ ਅਜਿਹਾ ਬਿਆਨ ਨਹੀਂ ਦਿੱਤਾ ਜਿਸ ਦਾ ਕੋਈ ਆਧਾਰ ਨਾ ਹੋਵੇ ਅਤੇ ਇਸ ਗੱਲ ਦਾ ਪਤਾ ਸਾਰੀਆਂ ਸਿਆਸੀ ਪਾਰਟੀਆਂ ਨੂੰ ਹੈ ਕਿ ਜੇਕਰ ਮੈਂ ਇਹ ਬਿਆਨ ਦੇ ਰਿਹਾ ਹਾਂ ਤਾਂ ਇਸ ਦੇ ਪਿੱਛੇ ਵੱਡਾ ਆਧਾਰ ਹੈ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪ੍ਰਸਿੱਧ ਗਾਇਕ ਦਲਜੀਤ ਦੋਸਾਂਝ ਦੇ ਅਗਲੇ ਸਾਲ ਹੋਣ ਵਾਲੇ ਸ਼ੋਅ ਦੀਆਂ ਅਗਾਊਂ ਟਿਕਟਾਂ ਬੁੱਕ ਹੋ ਗਈਆਂ ਹਨ, ਉਵੇਂ ਹੀ ਸਾਡੇ ਕੋਲ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਵੀ ਅਗਾਊਂ ਬੁਕਿੰਗ ਚੱਲ ਰਹੀ ਹੈ, ਉਨ੍ਹਾਂ ਕਿਹਾ ਕਿ ਮੈਂ ਸਿਰਫ਼ ਗਿਣਤੀ ਦੱਸ ਸਕਦਾ ਹਾਂ ਕਿਸੇ ਵਿਧਾਇਕ ਦਾ ਨਾਮ ਨਹੀਂ ਅਤੇ ਇਹ ਗਿਣਤੀ ਆਉਂਦੇ ਦਿਨਾਂ ਵਿਚ ਵੱਧ ਸਕਦੀ ਹੈ। ਇਸ ਦੇ ਇਲਾਵਾ ਉਨ੍ਹਾਂ ਕਿਹਾ ਕਿ ਭਾਜਪਾ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਜ਼ਰੀਏ ਪੰਜਾਬ ਦੇ ਮੁੱਖ ਮੰਤਰੀ ਨਾਲ ਲਗਾਤਾਰ ਸੰਪਰਕ ਵਿਚ ਹਨ ਅਤੇ ਉਨ੍ਹਾਂ ਦਾਅਵਾ ਕੀਤਾ ਕਿ ਬਿੱਟੂ ਦੀ ਮੁੱਖ ਮੰਤਰੀ ਨਾਲ ਤਿੰਨ ਚਾਰ ਵਾਰ ਗੱਲ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਮੇਰੇ ਸੰਪਰਕ ਵਿਚ ਹਨ ਉਸੇ ਤਰ੍ਹਾਂ ਭਾਜਪਾ ਦੇ ਸੰਪਰਕ ਵਿਚ ਵੀ ਹਨ।

ਉਧਰ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਕਿਹਾ ਸੀ ਕਿ ਸੀ ਉਨ੍ਹਾਂ ਨੂੰ ਬੜਾ ਅਫ਼ਸੋਸ ਹੈ ਕਿ ਪੰਜਾਬ ਸਰਕਾਰ ਲੰਬੇ ਸੈਸ਼ਨ ਕਰਵਾਉਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਜਲਦੀ ਹੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਦਲ ਦਿੱਤਾ ਜਾਵੇਗਾ।

ਬਾਜਵਾ ਦੇ ਇਸ ਬਿਆਨ ਮਗਰੋਂ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਨੇ ਪਲਟਵਾਰ ਕਰਦਿਆਂ ਕਿਹਾ ਕਿ ਪਹਿਲੀ ਗੱਲ ਤਾਂ ਪ੍ਰਤਾਪ ਸਿੰਘ ਬਾਜਵਾ ਦੇ ਬਿਆਨ ਵਿਚ ਕੋਈ ਸੱਚਾਈ ਨਹੀਂ ਹੈ ਪਰ ਜੇਕਰ ਇਹ ਸੱਚ ਵੀ ਹੋਵੇ ਤਾਂ 32 ਵਿਧਾਇਕਾਂ ਨੂੰ ਆਪਣੇ ਨਾਲ ਰਲਾ ਕੇ ਪ੍ਰਤਾਪ ਸਿੰਘ ਬਾਜਵਾ ਸਰਕਾਰ ਨਹੀਂ ਬਣਾ ਸਕਦੇ ਨਾ ਹੀ ਸਾਡੀ ਸਰਕਾਰ ਨੂੰ ਕੋਈ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਉਹ ਇਹ ਜ਼ਰੂਰ ਦਾਅਵਾ ਕਰਦੇ ਹਨ ਅਤੇ ਚੈਲਿੰਜ ਕਰਦੇ ਹਨ ਕਿ ਪ੍ਰਤਾਪ ਸਿੰਘ ਬਾਜਵਾ ਖ਼ੁਦ ਭਾਜਪਾ ਦੇ ਸੰਪਰਕ ਵਿਚ ਹਨ ਅਤੇ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਪ੍ਰਤਾਪ ਸਿੰਘ ਬਾਜਵਾ ਬੈਂਗਲੁਰੂ ਵਿਚ ਪਿਛਲੇ ਦਿਨੀਂ ਕਿਸ ਨਾਲ ਮੁਲਾਕਾਤ ਕਰਕੇ ਆਏ ਹਨ।ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਆਪਣੇ ਬਿਆਨ ਨੂੰ ਸਾਬਤ ਕਰਨ ਜਾਂ ਫਿਰ ਰੋਜ਼-ਰੋਜ਼ ਅਜਿਹੀ ਬਿਆਨਬਾਜ਼ੀ ਕਰਨਾ ਬੰਦ ਕਰ ਦੇਣ।ਉਨ੍ਹਾਂ ਕਿਹਾ ਕਿ ਆਪਣੇ ਕਾਂਗਰਸ ਵਿਧਾਇਕਾਂ ਨੂੰ ਸੰਪਰਕ ਵਿਚ ਰੱਖਣ ਅਤੇ ਚੰਗਾ ਹੁੰਦਾ ਜੇ ਆਪਣੇ ਭਰਾ ਨੂੰ ਸੰਪਰਕ ਵਿਚ ਰੱਖਦੇ ਜੋ ਭਾਜਪਾ 'ਚ ਸ਼ਾਮਿਲ ਹੋ ਗਿਆ।

ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਕੱਲ੍ਹਾ-ਕੱਲ੍ਹਾ ਵਿਧਾਇਕ ਅਰਵਿੰਦ ਕੇਜਰੀਵਾਲ ਦੇ ਨਾਲ ਖੜ੍ਹਾ ਹੈ ਅਤੇ ਪ੍ਰਤਾਪ ਸਿੰਘ ਬਾਜਵਾ ਜੋ ਬਿਆਨਬਾਜ਼ੀ ਕਰ ਰਹੇ ਹਨ ਉਸ ਵਿਚ ਕੋਈ ਸੱਚਾਈ ਨਹੀਂ ਪਰ ਕਾਂਗਰਸ ਦੇ ਅੱਧੇ ਤੋਂ ਜ਼ਿਆਦਾ ਵਿਧਾਇਕ ਭਾਜਪਾ ਦੇ ਸੰਪਰਕ ਵਿਚ ਹਨ ਅਤੇ ਕਿਸੇ ਵੇਲੇ ਵੀ ਕਾਂਗਰਸ ਛੱਡ ਕੇ ਭਾਜਪਾ ਵਿਚ ਜਾ ਸਕਦੇ ਹਨ। ਇਸ ਲਈ ਬਾਜਵਾ ਨੂੰ ਆਪਣੇ ਵਿਧਾਇਕਾਂ ਦੀ ਫ਼ਿਕਰ ਕਰਨੀ ਚਾਹੀਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਉਂਦੇ ਸਮੇਂ ਵਿਚ ਪ੍ਰਤਾਪ ਸਿੰਘ ਬਾਜਵਾ ਖ਼ੁਦ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਿਲ ਹੋਣਗੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੇਜਰੀਵਾਲ ਤੇ ਭਗਵੰਤ ਮਾਨ ਦੀ ਕੁੜਤਨ ਕਾਰਣ ਆਪ ਦੇ ਵਿਧਾਇਕ ਨਿਰਾਸ਼ ਹਨ ਤੇ ਦੋ ਧੜਿਆਂ ਵਿਚ ਵੰਡੇ ਹੋਏ ਹਨ।ਪੰਜਾਬ ਦੇ ਹਿਤ ਵਿਚ ਕੋਈ ਸਟੈਂਡ ਨਾ ਲਏ ਜਾਣ ਕਾਰਣ ਪੰਜਾਬੀਆਂ ਵਿਚ ਆਪ ਸਰਕਾਰ ਵਿਰੁਧ ਨਿਰਾਸ਼ਤਾ ਫੈਲ ਰਹੀ ਹੈ।

ਸ੍ਰੀ ਬਾਜਵਾ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਹਨ, ਕਈ ਜ਼ਿੰਮੇਵਾਰ ਅਹੁਦਿਆਂ 'ਤੇ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਇਸ ਸਮੇਂ ਵੀ ਉਹ ਵਿਰੋਧੀ ਧਿਰ ਦੇ ਆਗੂ ਦੇ ਜ਼ਿੰਮੇਵਾਰ ਅਹੁਦੇ 'ਤੇ ਬਿਰਾਜਮਾਨ ਹਨ। ਉਨ੍ਹਾਂ ਨੂੰ ਕਿਸੇ ਵੀ ਸਿਆਸੀ ਜਾਂ ਗ਼ੈਰ-ਸਿਆਸੀ ਮਾਮਲੇ ਬਾਰੇ ਬਿਆਨ ਦੇਣ ਜਾਂ ਚੁੱਪ ਰਹਿਣ ਦਾ ਪੂਰਾ ਹੱਕ ਹੈ ਪਰ ਬੇਤੁਕੀ ਬਿਆਨਬਾਜ਼ੀ ਨਾਲ ਕਿਸੇ ਪਾਰਟੀ ਜਾਂ ਆਗੂ ਨੂੰ ਕੁਝ ਵੀ ਹਾਸਿਲ ਨਹੀਂ ਹੁੰਦਾ, ਸਗੋਂ ਇਸ ਨਾਲ ਪੰਜਾਬ ਦਾ ਸਿਆਸੀ ਸਭਿਆਚਾਰ ਹੋਰ ਗੰਧਲਾ ਹੀ ਹੁੰਦਾ ਹੈ। ਜੇ ਉਨ੍ਹਾਂ ਦਾ ਦਾਅਵਾ ਸਹੀ ਵੀ ਮੰਨ ਲਿਆ ਜਾਵੇ ਤਾਂ ਵੀ ਇਸ ਨਾਲ ਕਾਂਗਰਸ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਦੇ ਸਮੱਰਥ ਨਹੀਂ ਹੋ ਸਕੇਗੀ। ਜੇ ਬਾਕੀ ਦੀਆਂ ਪਾਰਟੀਆਂ ਦੇ ਮੈਂਬਰ ਅਤੇ ਆਜ਼ਾਦ ਵਿਧਾਇਕ ਵੀ ਉਨ੍ਹਾਂ ਨਾਲ ਆ ਜਾਣ ਤਾਂ ਵੀ ਉਨ੍ਹਾਂ ਨੂੰ ਸਰਕਾਰ ਬਣਾਉਣ ਲਈ ਲੋੜੀਂਦਾ ਬਹੁਮਤ ਜੁਟਾਉਣ ਵਾਸਤੇ ਚਾਰ ਪੰਜ ਹੋਰ ਵਿਧਾਇਕ ਤੋੜਨੇ ਪੈਣਗੇ। ਦੂਜੇ ਪਾਸੇ, ਸੱਤਾਧਾਰੀ ਪਾਰਟੀ ਦੇ ਆਗੂ ਵੀ ਅਜਿਹੇ ਦਾਅਵਿਆਂ ਤੋਂ ਤੈਸ਼ ਵਿੱਚ ਆ ਕੇ ਜਵਾਬੀ ਦਾਅਵੇ ਕਰਨ ਲੱਗ ਪੈਂਦੇ ਹਨ ਜਿਸ ਨਾਲ ਸਰਕਾਰ ਦਾ ਵੱਕਾਰ ਨਹੀਂ ਵਧਦਾ ਸਗੋਂ ਪੰਜਾਬ ਵਿੱਚ ਸਿਆਸੀ ਸੰਵਾਦ ਦਾ ਪੱਧਰ ਹੀ ਨੀਵਾਂ ਹੁੰਦਾ ਹੈ। ਇਸ ਸਮੇਂ ਅਮਰੀਕਾ ਵਿਖੇ ਗ਼ੈਰ-ਕਾਨੂੰਨੀ ਢੰਗ ਨਾਲ ਪਹੁੰਚੇ ਜਾਂ ਬਿਨਾਂ ਕਾਗਜ਼ਾਤ ਤੋਂ ਪਰਵਾਸੀ ਭਾਰਤੀਆਂ ਨੂੰ ਫ਼ੌਜੀ ਜਹਾਜ਼ਾਂ ਵਿੱਚ ਲੱਦ ਕੇ ਵਾਪਸ ਵਤਨ ਭੇਜਿਆ ਜਾ ਰਿਹਾ ਹੈ।

ਪੰਜਾਬ ਟਾਈਮਜ ਅਨੁਸਾਰ ਜੇਕਰ ਦਸ ਲੱਖ ਦੇ ਕਰੀਬ ਨੌਜਵਾਨ ਵਿਦੇਸ਼ਾਂ ਤੋਂ ਉਜੜਕੇ ਪੰਜਾਬ ਆ ਜਾਂਦਾ ਹੈ ਤਾਂ ਸਰਕਾਰ ਉਨ੍ਹਾਂ ਦੇ ਰੁਜ਼ਗਾਰ ਦਾ ਕੀ ਪ੍ਰਬੰਧ ਕਰੇਗੀ? ਜੇਕਰ ਰੁਜਗਾਰ ਦਾ ਪ੍ਰਬੰਧ ਨਹੀਂ ਹੁੰਦਾ ਤਾਂ ਕੀ ਉਹ ਗੈਂਗਸਟਰਾਂ ਦੀਆਂ ਸਰਗਰਮੀਆਂ ਵਿਚ ਸ਼ਾਮਿਲ ਨਹੀਂ ਹੋ ਜਾਣਗੇ ? ਕੀ ਉਹ ਨਸ਼ਿਆਂ ਵਿਚ ਨਹੀਂ ਡੁਬ ਜਾਣਗੇ ? ਇਸ ਤੋਂ ਇਲਾਵਾ ਪੰਜਾਬ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਦਾ ਸਿਲਸਿਲਾ ਬਾਦਸਤੂਰ ਚੱਲ ਰਿਹਾ ਹੈ। ਨਸ਼ਿਆਂ ਦਾ ਤੰਦੂਆ ਜਾਲ ਅਜੇ ਵੀ ਸਾਡੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਿਗਲ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਬੇਰੁਜ਼ਗਾਰੀ ਦੀ ਸਮੱਸਿਆ ਭਿਆਨਕ ਰੂਪ ਧਾਰ ਰਹੀ ਹੈ।

*ਪੰਜਾਬ ਟਾਈਮਜ ਅਨੁਸਾਰ ਪੰਜਾਬੀਆਂ ਦੇ ਚੁਣੇ ਹੋਏ ਨੁਮਾਇੰਦਿਆਂ ਅਤੇ ਆਗੂਆਂ ਨੂੰ ਵਿਧਾਨ ਸਭਾ ਦੇ ਸੈਸ਼ਨਾਂ ਵਿੱਚ ਸਿਰ ਜੋੜ ਕੇ ਮੰਥਨ ਅਤੇ ਆਤਮ-ਝਾਤ ਮਾਰਨ ਦੀ ਲੋੜ ਹੈ ਕਿ ਉਹ ਪੰਜਾਬ ਨੂੰ ਇਸ ਸੰਕਟ ਕਾਲ ਵਿੱਚ ਅਗਵਾਈ ਕਿਵੇਂ ਦੇ ਸਕਦੇ ਹਨ? ਬਾਜਵਾ ਦੀ ਬਿਆਨਬਾਜ਼ੀ ਅਰਥਹੀਣ ਹੈ ਤੇ ਇਸ ਵਿਚ ਪੰਜਾਬ ਦੇ ਹਿੱਤਾਂ ਦਾ ਕੋਈ ਦਾਅਵਾ ਨਹੀਂ ਹੈ।*

## ਇੰਗਲੈਂਡ ਦਾ ਵਰਕ ਪਰਮਿਟ, ਛੱਡਕੇ ਪੰਜਾਬ ਵਿਚ ਫੁੱਲਾਂ ਦੀ ਖੇਤੀ ਕਰਨ ਲੱਗਾ ਕਿਸਾਨ

### ✪ 13 ਏਕੜ ਜ਼ਮੀਨ 'ਤੇ ਫੁੱਲਾਂ ਦੀ ਖੇਤੀ ਕਰਕੇ ਲੱਖਾਂ ਦੀ ਕਮਾਈ ਕਰ ਰਿਹੈ ਬਲਬੀਰ ਸਿੰਘ

ਅੰਮ੍ਰਿਤਸਰ ਦੇ ਕੋਟ ਖਾਲਸਾ ਖੇਤਰ ਦੇ ਬਲਬੀਰ ਸਿੰਘ ਨੇ ਇੰਗਲੈਂਡ ਦਾ ਵਰਕ ਪਰਮਿਟ ਛੱਡ ਕੇ ਪੰਜਾਬ ਪਰਤਣ ਤੋਂ ਬਾਅਦ ਆਪਣੀ 13 ਏਕੜ ਜ਼ਮੀਨ 'ਤੇ ਫੁੱਲਾਂ ਦੀ ਖੇਤੀ ਕਰਨੀ ਸ਼ੁਰੂ ਕੀਤੀ। 2014 ਤੱਕ ਇੰਗਲੈਂਡ ਵਿਚ ਵੇਟਰ ਸਨ। ਅੰਮ੍ਰਿਤਸਰ ਵਾਪਸ ਆਉਂਦੇ ਹੀ ਖੇਤੀ ਸ਼ੁਰੂ ਕੀਤੀ ਅਤੇ ਹੁਣ ਸਲਾਨਾ 8 ਲੱਖ ਰੁਪਏ ਕਮਾਈ ਕਰ ਰਹੇ ਹਨ। ਇਸ ਦੇ ਨਾਲ ਹੀ 7 ਪਰਿਵਾਰਾਂ ਨੂੰ ਰੁਜ਼ਗਾਰ ਵੀ ਦਿੱਤਾ। ਜਦੋਂ ਉਨ੍ਹਾਂ ਨੇ ਗੇਂਦੇ ਦੇ ਫੁੱਲਾਂ ਦੀ ਖੇਤੀ ਸ਼ੁਰੂ ਕੀਤੀ ਤਾਂ ਉਨ੍ਹਾਂ ਪਰਿਵਾਰ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਪਰ ਉਸ ਨੇ ਹਿੰਮਤ ਨਹੀਂ ਹਾਰੀ। ਹੁਣ ਪਰਿਵਾਰ ਵੀ ਸਾਥ ਦੇ ਰਿਹਾ ਹੈ। ਪਹਿਲਾਂ ਇਹ ਗੇਂਦੇ ਅਤੇ ਗੇਂਦੇ ਦੇ ਫੁੱਲ ਕੋਲਕਾਤਾ ਤੋਂ ਪੰਜਾਬ ਲਿਆਂਦੇ ਜਾਂਦੇ ਸਨ। ਉਹ ਵੀ 8 ਗ੍ਰਾਮ ਤੋਂ ਵੱਡਾ ਨਹੀਂ ਹੁੰਦਾ ਸੀ ਅਤੇ ਉੱਥੋਂ ਲਿਆਉਣ ਨਾਲ ਇਸ ਦੀ ਤਾਜ਼ਗੀ ਵੀ ਖ਼ਤਮ ਹੋ ਜਾਂਦੀ ਸੀ। ਉਥੇ ਹੀ ਬਲਬੀਰ 28 ਗ੍ਰਾਮ ਗੇਂਦੇ ਦਾ ਫੁੱਲ ਉਗਾਉਣ ਵਿੱਚ ਸਫ਼ਲ ਹੋਇਆ, ਜਿਸ ਨੂੰ ਇਕ ਪੁਰਸਕਾਰ ਵੀ ਮਿਲਿਆ ਹੈ। ਉਹ ਹੁਣ ਝੋਨੇ ਦੀ ਖੇਤੀ ਨੂੰ ਅਲਵਿਦਾ ਕਹਿ ਕੇ ਦੁੱਗਣੀ ਕਮਾਈ ਕਰ ਰਿਹਾ ਹੈ। ਇਥੇ ਜ਼ਿਕਰਯੋਗ ਹੈ ਕਿ ਫੁੱਲਾਂ ਦੀ ਖੇਤੀ ਕਰਨਾ ਬਹੁਤ ਲਾਭਦਾਇਕ ਹੈ। ਇਸ ਧੰਦੇ ਨੂੰ ਛੋਟੇ ਤੋਂ ਛੋਟਾ ਕਿਸਾਨ ਵੀ ਅਪਨਾ ਸਕਦੇ ਹਨ। ਕਿਹਾ ਜਾਂਦਾ ਹੈ ਕੇ ਇਸ ਛੋਟੇ ਧੰਦੇ ਨਾਲ ਵਧੇਰੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਕਿਉਂਕਿ ਫੁਲਾਂ ਦਾ ਨਿਰਯਾਤ ਕਾਫੀ ਵੱਡੇ ਪੱਧਰ ਤੇ ਕੀਤਾ ਜਾਂਦਾ ਹੈ। ਫਲੋਰੀਕਲਚਰ, ਜਾਂ ਫੁੱਲਾਂ ਦੀ ਕਾਸ਼ਤ, ਬਗੀਚੇ ਅਤੇ ਬਾਗ ਲਈ ਫੁੱਲਾਂ ਅਤੇ ਸਜਾਵਟੀ ਪੌਦਿਆਂ ਦੀ ਖੇਤੀ ਅਤੇ ਫਲੋਰਿਸਟਰੀ ਲਈ ਅਨੁਸ਼ਾਸਨ ਹੈ, ਜਿਸ ਵਿਚ ਫੁੱਲਾਂ ਦੇ ਉਦਯੋਗ ਸ਼ਾਮਲ ਹਨ। ਫੁੱਲਾਂ ਦੀਆਂ ਨਵੀਆਂ ਕਿਸਮਾਂ ਦੇ ਪਲਾਂਟ ਪ੍ਰਜਨਨ ਦੇ ਦੁਆਰਾ ਵਿਕਾਸ, ਫੁੱਲਾਂ ਦੀ ਖੇਤੀ ਦੇ ਮੁਖ ਕਿੱਤੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਆਦਿ ਵੱਲੋਂ ਕੀਤੇ ਜਾ ਰਹੇ ਸਾਂਝੇ ਉੱਪਰਾਲਿਆਂ ਸਦਕਾ, ਪੰਜਾਬ ਦੇ ਕਿਸਾਨਾਂ ਦਾ ਰੁਝਾਨ ਸਤਰੰਗੇ ਇਨਕਲਾਬ ਭਾਵ 'ਫੁੱਲਾ ਦੀ ਕਾਸ਼ਤ' ਵੱਲ ਵੱਧ ਰਿਹਾ ਹੈ। ਫੁੱਲਾਂ ਦਾ ਵਪਾਰ ਵਿਸ਼ਵ ਪੱਧਰ 'ਤੇ ਸਨਅਤੀ ਦਰਜਾ ਰੱਖਦਾ ਹੈ। ਘਰੇਲੂ ਮੰਡੀਆਂ ਵਿੱਚ ਵੀ ਫੁੱਲਾਂ ਦੀ ਖਪਤ ਕਾਫੀ ਜ਼ਿਆਦਾ ਰਹਿੰਦੀ ਹੈ ਜਿਸ ਕਰ ਕੇ ਫੁੱਲਾਂ ਦੀ ਖੇਤੀ ਦੀਆਂ ਕਾਫੀ ਜ਼ਿਆਦਾ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਪੰਜਾਬ ਦਾ ਪੌਣ ਪਾਣੀ ਫੁੱਲਾਂ ਦੀ ਕਾਸ਼ਤ ਲਈ ਬਹੁਤ ਅਨੁਕੂਲ ਹੋਣ ਕਰ ਕੇ ਪੰਜਾਬ ਦੇ ਹੋਰ ਕਿਸਾਨ ਵੀਰਾਂ ਨੂੰ ਵੀ ਚਾਹੀਦਾ ਹੈ ਕਿ ਆਪਣੀ ਖੇਤੀ ਹੇਠੋਂ ਕੁੱਝ ਰਕਬਾ ਘਟਾ ਕੇ ਫੁੱਲਾਂ ਦੀ ਕਾਸ਼ਤ ਜ਼ਰੂਰ ਕਰਨੀ ਚਾਹੀਦੀ ਹੈ।



ਪੰਜਾਬ ਟਾਈਮਜ ਅਨੁਸਾਰ ਇਹ ਇੱਕ ਬਹੁਤ ਲਾਹੇਵੰਦ ਸੌਦਾ ਹੈ ਕਿਉਂਕਿ ਫੁੱਲਾਂ ਦੀ ਕਾਸ਼ਤ ਕਰ ਕੇ ਤਾਜੇ-ਫੁੱਲ, ਸੁਕਾਏ ਹੋਏ ਫੁੱਲ, ਫੁੱਲਾਂ ਦੇ ਬੀਜ਼, ਫੁੱਲਾਂ ਦੇ ਗੰਢੇ, ਟਿਸ਼ੂ ਕਲਚਰ ਰਾਹੀਂ ਤਿਆਰ ਜਾਂ ਗਮਲਿਆਂ ਵਿੱਚ ਵੀ ਫੁੱਲਾਂ ਦੇ ਪੌਦੇ ਤਿਆਰ ਕਰ ਕੇ ਵੇਚੇ ਜਾ ਸਕਦੇ ਹਨ। ਫੁੱਲਾਂ ਤੋਂ ਤਿਆਰ ਕੀਤਾ ਇਤਰ ਵੀ ਬਹੁਤ ਮਹਿੰਗਾ ਵਿਕਦਾ ਹੈ ਅਤੇ ਚੋਖਾ ਮੁਨਾਫ਼ਾ ਦੇ ਦਿੰਦਾ ਹੈ। ਪੰਜਾਬ ਵਿੱਚ ਪੈਦਾ ਕੀਤੇ ਹੋਏ ਫੁੱਲਾਂ ਦੇ ਬੀਜ਼ ਹਾਲੈਂਡ, ਅਮਰੀਕਾ, ਜਾਪਾਨ ਆਦਿ ਦੇਸ਼ਾਂ ਵਿੱਚ ਭੇਜੇ ਜਾ ਰਹੇ ਹਨ। ਸੋ, ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਖੇਤੀ ਦੀ ਨਵਾਂ ਉਭਰਦਾ ਰੂਪ 'ਫੁੱਲਾਂ ਦੀ ਕਾਸ਼ਤ' ਵੱਲ ਵੀ ਉਚੇਚਾ ਧਿਆਨ ਦੇਣ।

# ਕੰਗਨਾ ਰਣੌਤ ਭਾਜਪਾ ਗਤੀਵਿਧੀਆਂ ਵਿਚੋਂ ਗਾਇਬ ਕਿਉਂ ?

**ਵਿਸ਼ੇਸ਼ ਰਿਪੋਟ**

**✪ ਕੰਗਨਾ ਭਾਜਪਾ ਦੀ ਪਸੰਦੀਦਾ ਸੰਸਦ ਮੈਂਬਰ ਕਿਵੇਂ ਬਣੀ ? ✪ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨੇ ਕੰਗਨਾ ਦੇ ਬੜਬੋਲੇਪਨ ਕਾਰਣ ਦੂਰੀ ਬਣਾਈ ✪ ਕੰਗਨਾ ਦੀ ਐਮਰਜੈਂਸੀ ਫਿਲਮ ਵੀ ਭਾਜਪਾ ਹਾਈਕਮਾਂਡ ਨੇ ਪ੍ਰਮੋਟ ਨਾ ਕੀਤੀ**

ਇੱਕ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ ਹੋਈਆਂ ਆਮ ਚੋਣਾਂ ਤੱਕ, ਕੰਗਨਾ ਰਣੌਤ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਪੋਸਟਰ ਗਰਲ ਸੀ। ਅਦਾਕਾਰਾ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ, ਪਾਰਟੀ ਨੇ 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਮਜ਼ਾਕ ਉਡਾਉਣ ਲਈ ਕੰਗਨਾ ਦੀ ਪ੍ਰਸ਼ੰਸਾ ਕੀਤੀ, ਪਰ ਪਿਛਲੇ ਕੁਝ ਮਹੀਨਿਆਂ ਦੌਰਾਨ, ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਪਾਰਟੀ ਸੰਸਦ ਮੈਂਬਰ ਆਪਣੇ ਹਲਕੇ ਅਤੇ ਸੰਸਦ ਦੋਵਾਂ ਤੋਂ ਲਗਾਤਾਰ ਗਾਇਬ ਹੈ। ਪੀਆਰਐਸ ਲੈਜਿਸਲੇਟਿਵ ਰਿਸਰਚ ਦੇ ਅੰਕੜਿਆਂ ਅਨੁਸਾਰ, 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਆਪਣੇ ਪਹਿਲੇ ਸੰਸਦੀ ਸੈਸ਼ਨ ਵਿੱਚ 100 ਪ੍ਰਤੀਸ਼ਤ ਹਾਜ਼ਰੀ ਦਰਜ ਕਰਾਉਣ ਤੋਂ ਬਾਅਦ, ਕੰਗਨਾ ਦੀ 2025 ਦੇ ਬਜਟ ਸੈਸ਼ਨ ਵਿੱਚ ਜ਼ੀਰੋ ਹਾਜ਼ਰੀ ਸੀ। ਪਿਛਲੇ ਸਾਲ ਦੇ ਬਜਟ ਸੈਸ਼ਨ ਵਿੱਚ ਉਨ੍ਹਾਂ ਦੀ ਹਾਜ਼ਰੀ 80 ਪ੍ਰਤੀਸ਼ਤ ਅਤੇ ਸਰਦੀਆਂ ਦੇ ਸੈਸ਼ਨ ਵਿੱਚ 90 ਪ੍ਰਤੀਸ਼ਤ ਸੀ। ਕੰਗਨਾ ਨਾ ਸਿਰਫ਼ ਸੰਸਦ ਤੋਂ ਗਾਇਬ ਸੀ, ਸਗੋਂ ਦਿੱਲੀ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੀ ਹਾਈ-ਵੋਲਟੇਜ ਮੁਹਿੰਮ ਤੋਂ ਵੀ ਗਾਇਬ ਸੀ। ਇਸ ਤੋਂ ਇਲਾਵਾ, ਉਹ ਅਦਾਲਤੀ ਸੁਣਵਾਈਆਂ ਤੋਂ ਵੀ ਦੂਰ ਰਹੀ ਅਤੇ ਆਪਣੇ ਹਲਕੇ ਤੋਂ ਵੀ ਗੈਰਹਾਜ਼ਰ ਰਹੀ।

ਭਾਜਪਾ ਦੇ ਮੰਡੀ ਜ਼ਿਲ੍ਹਾ ਮੁਖੀ ਨਿਹਾਲ ਚੰਦ ਸ਼ਰਮਾ ਦਾ ਕਹਿਣਾ ਹੈ ਕਿ ਉਹ ਆਪਣੇ ਹਲਕੇ ਵਿੱਚ ਬਹੁਤ ਘੱਟ ਆਉਂਦੀ ਹੈ। ਕੰਗਨਾ 5 ਫਰਵਰੀ ਨੂੰ ਮੁੰਬਈ ਵਿੱਚ ਗੀਤਕਾਰ ਅਤੇ ਲੇਖਕ ਜਾਵੇਦ ਅਖਤਰ ਵੱਲੋਂ ਦਾਇਰ ਮਾਣਹਾਨੀ ਦੇ ਮਾਮਲੇ ਵਿੱਚ ਅਦਾਲਤ ਦੀ ਸੁਣਵਾਈ ਵਿੱਚ ਵੀ ਸ਼ਾਮਲ ਨਹੀਂ ਹੋਈ। ਉਸਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਹ ਆਪਣੀਆਂ "ਸੰਸਦੀ ਵਚਨਬੱਧਤਾਵਾਂ" ਕਾਰਨ ਪੇਸ਼ ਨਹੀਂ ਹੋ ਸਕਦੀ, ਪਰ ਅਖਤਰ ਦੇ ਵਕੀਲ ਜੈ ਭਾਰਦਵਾਜ ਦੁਆਰਾ ਦਾਇਰ ਕੀਤੀ ਗਈ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਉਹ ਪਹਿਲਾਂ ਹੀ 40 ਅਦਾਲਤੀ ਤਾਰੀਖਾਂ ਉਪਰ ਹਾਜ਼ਰ ਨਹੀਂ ਹੋਈ ।

## ਕੰਗਨਾ ਰਣੌਤ ਕਿੱਥੇ ਹੈ ?

ਉਸਦੇ ਦਫ਼ਤਰ ਨੇ ਕਿਹਾ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਮੁੰਬਈ ਅਤੇ ਮਨਾਲੀ ਵਿਚਕਾਰ ਆ-ਜਾ ਰਹੀ ਹੈ। ਜਨਵਰੀ ਵਿੱਚ, ਕੰਗਨਾ ਆਪਣੀ ਬਹੁਤ-ਉਡੀਕੀ ਜਾ ਰਹੀ ਫਿਲਮ ਐਮਰਜੈਂਸੀ ਦੀ ਰਿਲੀਜ਼ ਵਿੱਚ ਰੁੱਝੀ ਹੋਈ ਸੀ, ਜੋ - ਭਾਵੇਂ ਉਸਦੀਆਂ ਪਿਛਲੀਆਂ ਕੁਝ ਫਿਲਮਾਂ ਨਾਲੋਂ ਘੱਟ ਫਲਾਪ ਸੀ - ਬਾਕਸ ਆਫਿਸ 'ਤੇ ਉਮੀਦ ਅਨੁਸਾਰ ਪ੍ਰਦਰਸ਼ਨ ਕਰਨ ਵਿੱਚ ਅਸਫਲ ਰਹੀ। ਫਿਰ, ਜਦੋਂ ਫਰਵਰੀ ਵਿੱਚ ਬਜਟ ਸੈਸ਼ਨ ਸ਼ੁਰੂ ਹੋਇਆ, ਕੰਗਨਾ ਬਚਪਨ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਰੁੱਝੀ ਹੋਈ ਸੀ, ਮਨਾਲੀ ਵਿੱਚ ਆਪਣਾ ਪਹਿਲਾ ਰੈਸਟੋਰੈਂਟ, ਮਾਊਂਟੇਨ ਸਟੋਰੀ, ਖੋਲ੍ਹ ਰਹੀ ਸੀ।



## ਭਾਜਪਾ ਦੀ ਸਟਾਰ ਉਮੀਦਵਾਰ

ਜਦੋਂ ਪਿਛਲੇ ਸਾਲ ਕੰਗਨਾ ਰਣੌਤ ਨੂੰ ਮੰਡੀ ਸੀਟ ਤੋਂ ਲੋਕ ਸਭਾ ਚੋਣਾਂ ਲੜਨ ਲਈ ਚੁਣਿਆ ਗਿਆ ਸੀ, । ਇਹ ਸੀਟ ਲੰਬੇ ਸਮੇਂ ਤੋਂ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਪਰਿਵਾਰ ਦਾ ਗੜ੍ਹ ਰਹੀ ਹੈ। ਉਨ੍ਹਾਂ ਦੀ ਪਤਨੀ, ਕਾਂਗਰਸ ਨੇਤਾ ਪ੍ਰਤਿਭਾ ਸਿੰਘ ਨੇ ਇਸ ਸੀਟ ਦੀ ਨੁਮਾਇੰਦਗੀ ਕੀਤੀ ਸੀ। ਕੰਗਨਾ ਨੇ ਵੀਰਭੱਦਰ ਸਿੰਘ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਨੂੰ 74,755 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਸੀ, ਜਿਸ ਨਾਲ ਭਾਜਪਾ ਨੂੰ ਹਿਮਾਚਲ ਪ੍ਰਦੇਸ਼ ਵਿੱਚ ਇੱਕ ਮਹੱਤਵਪੂਰਨ ਜਿੱਤ ਮਿਲੀ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਡੀ ਲੋਕ ਸਭਾ ਹਲਕੇ ਵਿੱਚ ਚੋਣ ਪ੍ਰਚਾਰ ਕਰਨ ਗਏ ਸਨ, ਤਾਂ ਉਨ੍ਹਾਂ ਪ੍ਰਤੀ ਉਨ੍ਹਾਂ ਦਾ ਸਮਰਥਨ ਸਪੱਸ਼ਟ ਸੀ। ਪ੍ਰਧਾਨ ਮੰਤਰੀ ਨੇ ਕਾਂਗਰਸ ਦੀ ਸੋਸ਼ਲ ਮੀਡੀਆ ਚੇਅਰਪਰਸਨ ਸੁਪ੍ਰੀਆ ਸ਼੍ਰੀਨੇਤ 'ਤੇ ਕੰਗਨਾ ਬਾਰੇ ਵਿਵਾਦਪੂਰਨ ਪੋਸਟ ਪਾਉਣ ਲਈ ਵੀ ਆਲੋਚਨਾ ਕੀਤੀ ਸੀ।

ਮੋਦੀ ਨੇ 24 ਮਈ ਨੂੰ ਇੱਕ ਜਨਤਕ ਮੀਟਿੰਗ ਵਿੱਚ ਕਿਹਾ, "ਤੁਸੀਂ ਦੇਖਿਆ ਹੋਵੇਗਾ ਕਿ ਕਾਂਗਰਸ ਪਾਰਟੀ ਉਨ੍ਹਾਂ ਧੀਆਂ ਦਾ ਕਿਵੇਂ ਅਪਮਾਨ ਕਰਦੀ ਹੈ ਜਿਨ੍ਹਾਂ ਨੇ ਆਪਣੀ ਮਿਹਨਤ ਨਾਲ ਸਫਲਤਾ ਪ੍ਰਾਪਤ ਕੀਤੀ ਹੈ, ਕਾਂਗਰਸ ਪਾਰਟੀ ਨੇ ਕੰਗਨਾ ਜੀ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਕਿਵੇਂ ਕੀਤੀ। ਇਹ ਮੰਡੀ ਦਾ ਅਪਮਾਨ ਹੈ, ਹਿਮਾਚਲ ਦਾ ਅਪਮਾਨ ਹੈ ਅਤੇ ਤੁਹਾਨੂੰ ਇਸ ਅਪਮਾਨ ਲਈ ਕਾਂਗਰਸ ਪਾਰਟੀ ਨੂੰ ਜਵਾਬ ਦੇਣਾ ਪਵੇਗਾ।"

ਇਹ ਵਿਵਾਦ ਕੁਝ ਮਹੀਨੇ ਪਹਿਲਾਂ ਮਾਰਚ ਵਿੱਚ ਸ਼ੁਰੂ ਹੋਇਆ ਸੀ, ਜਦੋਂ ਸ਼੍ਰੀਨੇਟ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਲਿਖਿਆ ਸੀ, "ਬਾਜ਼ਾਰ ਵਿੱਚ ਕੀ ਕੀਮਤ ਚੱਲ ਰਹੀ ਹੈ ?"

ਇਸ ਟਿੱਪਣੀ ਤੋਂ ਨਾਰਾਜ਼ ਭਾਜਪਾ ਨੇ ਕੰਗਨਾ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਇਹ ਅਪਮਾਨਜਨਕ ਹੈ। ਸ਼੍ਰੀਨੇਤ ਨੇ ਮੁਆਫੀ ਮੰਗੀ ਅਤੇ ਪੋਸਟ ਨੂੰ ਡਿਲੀਟ ਕਰ ਦਿੱਤਾ, ਨਾਲ ਇਹ ਕਿਹਾ ਕਿ ਉਸਦੇ ਖਾਤੇ ਨਾਲ ਛੇੜਛਾੜ ਵੀ ਕੀਤੀ ਗਈ ਸੀ।

## ਤਿੱਖੀ ਬਾਈਟ ਦੇਣ ਵਿਚ ਮਸ਼ਹੂਰ ਕੰਗਨਾ

ਸੰਸਦ ਵਿੱਚ ਆਪਣੇ ਪਹਿਲੇ ਸੈਸ਼ਨ ਵਿੱਚ, ਕੰਗਨਾ ਹਰ ਜਗ੍ਹਾ ਸੀ - ਅਤੇ ਟੀਵੀ 'ਤੇ ਰਾਹੁਲ ਗਾਂਧੀ ਬਾਰੇ ਰੋਜ਼ਾਨਾ ਤਿੱਖੀ ਬਾਈਟ ਦਿੰਦੀ ਸੀ। ਉਸਨੇ ਕਦੇ ਵੀ ਕਾਂਗਰਸੀ ਨੇਤਾ ਰਾਹੁਲ ਦਾ ਮਜ਼ਾਕ ਉਡਾਉਣ ਦਾ ਮੌਕਾ ਨਹੀਂ ਗੁਆਇਆ। ਜਦੋਂ ਗਾਂਧੀ ਨੇ ਵਿਰੋਧੀ ਧਿਰ ਦੇ ਨੇਤਾ ਵਜੋਂ ਆਪਣਾ ਪਹਿਲਾ ਭਾਸ਼ਣ ਦਿੱਤਾ, ਤਾਂ ਕੰਗਨਾ ਨੇ ਤੁਰੰਤ ਇਸਨੂੰ "ਸਟੈਂਡਅੱਪ ਕਾਮੇਡੀ" ਕਿਹਾ ਅਤੇ ਉਨ੍ਹਾਂ ਨੂੰ "ਥੈਰੇਪੀ" ਲੈਣ ਦੀ ਅਪੀਲ ਵੀ ਕੀਤੀ।

ਪੀਆਰਐਸ ਲੈਜਿਸਲੇਟਿਵ ਰਿਸਰਚ ਦੇ ਅਨੁਸਾਰ, ਉਸਨੇ ਛੇ ਬਹਿਸਾਂ ਵਿੱਚ ਹਿੱਸਾ ਲਿਆ ਜਿਸ ਵਿੱਚ ਉਸਨੇ ਆਪਣੇ ਹਲਕੇ ਨਾਲ ਸਬੰਧਤ ਮੁੱਦੇ ਉਠਾਏ।

## ਭਾਜਪਾ ਨੇ ਕੰਗਨਾ ਤੋਂ ਦੂਰੀ ਕਿਉਂ ਬਣਾਈ

ਭਾਜਪਾ ਨੇ ਕੰਗਨਾ ਤੋਂ ਅਚਾਨਕ ਦੂਰੀ ਨਹੀਂ ਬਣਾਈ, ਸਗੋਂ ਲੋਕ ਸਭਾ ਚੋਣਾਂ ਤੋਂ ਨੌਂ ਮਹੀਨੇ ਬਾਅਦ ਇਹ ਕਦਮ ਚੁੱਕਿਆ। ਇਸਦਾ ਇੱਕ ਮੁੱਖ ਕਾਰਨ ਪਾਰਟੀ ਦਾ ਉਨ੍ਹਾਂ ਦੇ ਵਾਰ-ਵਾਰ ਵਿਵਾਦਪੂਰਨ ਬਿਆਨਾਂ, ਖਾਸ ਕਰਕੇ ਕਿਸਾਨਾਂ ਅਤੇ ਸਿੱਖਾਂ ਨਾਲ ਸਬੰਧਤ ਬਿਆਨਾਂ ਤੋਂ ਨਾਰਾਜ਼ ਹੋਣਾ ਸੀ। ਉਹ ਉਦੋਂ ਮੁਸੀਬਤ ਵਿੱਚ ਫਸ ਗਈ ਜਦੋਂ ਉਸਨੇ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਦੇ ਵਿਚਕਾਰ ਕਿਸਾਨਾਂ ਦੇ ਮੁੱਦਿਆਂ 'ਤੇ ਗੱਲ ਕੀਤੀ, ਜਿੱਥੇ ਕਿਸਾਨ ਵਿਰੋਧ ਪ੍ਰਦਰਸ਼ਨ ਇੱਕ ਰਾਜਨੀਤਿਕ ਤੌਰ 'ਤੇ ਸੰਵੇਦਨਸ਼ੀਲ ਮੁੱਦਾ ਸੀ ਅਤੇ ਸਿੱਖ ਆਬਾਦੀ ਦਾ ਪੰਜ ਪ੍ਰਤੀਸ਼ਤ ਤੋਂ ਵੱਧ ਹਨ।

ਅਗਸਤ ਵਿੱਚ, ਕੰਗਨਾ ਨੇ ਇੱਕ ਹਿੰਦੀ ਅਖਬਾਰ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਸੀ ਕਿ 2020-2021 ਦੇ ਕਿਸਾਨ ਅੰਦੋਲਨ ਦੌਰਾਨ, "ਲਾਸ਼ਾਂ ਲਟਕ ਰਹੀਆਂ ਸਨ ਅਤੇ ਬਲਾਤਕਾਰ ਹੋ ਰਹੇ ਸਨ" ਅਤੇ "ਭਾਰਤ ਵਿੱਚ ਬੰਗਲਾਦੇਸ਼ ਵਰਗੀ ਸਥਿਤੀ ਪੈਦਾ ਕਰਨ ਦੀ ਯੋਜਨਾ ਸੀ"। ਉਨ੍ਹਾਂ ਦੀਆਂ ਟਿੱਪਣੀਆਂ ਨੇ ਇੱਕ ਰਾਜਨੀਤਿਕ ਤੂਫਾਨ ਖੜ੍ਹਾ ਕਰ ਦਿੱਤਾ, ਜਿਸ ਨਾਲ ਹਰਿਆਣਾ ਅਤੇ ਪੰਜਾਬ ਦੇ ਭਾਜਪਾ ਨੇਤਾਵਾਂ ਨੇ ਹਾਈਕਮਾਨ ਕੋਲ ਆਪਣੀਆਂ ਚਿੰਤਾਵਾਂ ਦਰਜ ਕਰਵਾਈਆਂ। ਵਿਰੋਧੀ ਧਿਰ ਨੇ ਕੰਗਨਾ ਦੀ ਟਿੱਪਣੀ ਨੂੰ "ਕਿਸਾਨਾਂ ਦਾ ਘੋਰ ਅਪਮਾਨ" ਕਿਹਾ।

ਭਾਜਪਾ ਪ੍ਰਧਾਨ ਜੇ.ਪੀ. ਨੱਡਾ ਨੇ ਨਾ ਸਿਰਫ਼ ਕੰਗਨਾ ਨੂੰ ਤਲਬ ਕੀਤਾ, ਸਗੋਂ ਪਾਰਟੀ ਨੇ ਵੀ ਉਸ ਦੇ ਬਿਆਨ ਤੋਂ ਦੂਰੀ ਬਣਾਈ ਅਤੇ ਉਸ ਨੂੰ ਭਵਿੱਖ ਵਿੱਚ ਅਜਿਹੀਆਂ ਟਿੱਪਣੀਆਂ ਨਾ ਕਰਨ ਲਈ ਚਿਤਾਵਨੀ ਦਿੱਤੀ। ਪੰਜਾਬ ਭਾਜਪਾ ਦੇ ਮੁਖੀ ਸੁਨੀਲ ਜਾਖੜ ਨੇ ਅਦਾਕਾਰਾ ਦੀ ਨਿੰਦਾ ਕੀਤੀ ਅਤੇ ਉਸਨੂੰ ਪੰਜਾਬੀਆਂ ਅਤੇ ਕਿਸਾਨਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਵਿਰੁੱਧ ਚੇਤਾਵਨੀ ਦਿੱਤੀ। ਪਾਰਟੀ ਦੀ ਝਿੜਕ ਅਤੇ ਸਖ਼ਤ ਹਦਾਇਤਾਂ ਦੇ ਬਾਵਜੂਦ, ਕੰਗਨਾ ਨੇ ਇੱਕ ਮਹੀਨੇ ਬਾਅਦ ਤਿੰਨ ਖੇਤੀ ਕਾਨੂੰਨਾਂ ਨੂੰ ਦੁਬਾਰਾ ਲਾਗੂ ਕਰਨ ਦੀ ਮੰਗ ਕਰਕੇ ਇੱਕ ਹੋਰ ਰਾਜਨੀਤਿਕ ਤੂਫ਼ਾਨ ਖੜ੍ਹਾ ਕਰ ਦਿੱਤਾ, ਜੋ ਬਾਅਦ ਵਿਚ ਕੰਗਨਾ ਨੇ ਵਾਪਸ ਲੈ ਲਿਆ ਸੀ।

ਕੰਗਨਾ ਹੌਲੀ-ਹੌਲੀ ਸਿੱਖ ਭਾਈਚਾਰੇ ਵਿੱਚ ਸਭ ਤੋਂ ਵੱਧ ਨ਼ਫਰਤਯੋਗ ਸ਼ਖਸੀਅਤਾਂ ਵਿੱਚੋਂ ਇੱਕ ਬਣ ਗਈ ਹੈ, ਜਿਸਦਾ ਖੁਲਾਸਾ ਉਦੋਂ ਹੋਇਆ ਜਦੋਂ ਇੱਕ ਹਵਾਈ ਅੱਡੇ ਉਪਰ ਮਹਿਲਾ ਕਾਂਸਟੇਬਲ ਨੇ ਉਸਨੂੰ ਥੱਪੜ ਮਾਰਿਆ। ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ 'ਤੇ ਉਸਦੇ ਲਗਾਤਾਰ ਤਿੱਖੀ ਬਿਆਨਬਾਜ਼ੀ ਅਤੇ ਪ੍ਰਦਰਸ਼ਨਕਾਰੀਆਂ ਨੂੰ ਖਾਲਿਸਤਾਨੀ ਕਹਿਣ ਕਾਰਣ ਕੰਗਨਾ ਵਿਰੁੱਧ ਭਾਰੀ ਗੁੱਸਾ ਪੈਦਾ ਕੀਤਾ। ਉਸਨੂੰ ਲੱਗਿਆ ਕਿ ਇਹ ਉਸਦੀ ਵਿਸ਼ੇਸ਼ਤਾ ਹੈ, ਪਰ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਚੋਟੀ ਦੇ ਆਗੂਆਂ ਨੇ ਉਸਨੂੰ ਪ੍ਰਮੋਟ ਨਾ ਕਰਨ ਅਤੇ ਸਿੱਖ ਭਾਈਚਾਰੇ ਨੂੰ ਹੋਰ ਨਰਾਜ਼ ਨਾ ਕਰਨ ਦਾ ਫੈਸਲਾ ਕੀਤਾ। ਆਪਣੀ ਫਿਲਮ ਐਮਰਜੈਂਸੀ ਦਾ ਹਵਾਲਾ ਦਿੰਦੇ ਹੋਏ, ਨੇਤਾ ਨੇ ਕਿਹਾ, "ਜਦੋਂ ਉਨ੍ਹਾਂ ਦੀ ਫਿਲਮ ਭਾਜਪਾ ਦੀ ਮਦਦ ਕਰ ਰਹੀ ਸੀ, ਤਾਂ ਵੀ ਸਾਵਧਾਨ ਭਾਜਪਾ ਨੇ ਸਿੱਖ ਭਾਈਚਾਰੇ ਵਿੱਚ ਇਸਦੇ ਨਤੀਜਿਆਂ ਨੂੰ ਜਾਣਦੇ ਹੋਏ ਕੰਗਨਾ ਦੀ ਫਿਲਮ ਦਾ ਪ੍ਰਚਾਰ ਨਹੀਂ ਕੀਤਾ।"

ਕੰਗਨਾ ਨਾਲ ਭਾਜਪਾ ਦੀ ਬੇਚੈਨੀ ਉਦੋਂ ਸਪੱਸ਼ਟ ਹੋ ਗਈ ਜਦੋਂ ਉਸਦੀ ਫਿਲਮ ਐਮਰਜੈਂਸੀ, ਜਿਸ ਵਿੱਚ ਉਸਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਭੂਮਿਕਾ ਨਿਭਾਈ ਸੀ, ਨੂੰ ਸਤੰਬਰ ਵਿੱਚ ਆਪਣੀ ਨਿਰਧਾਰਤ ਰਿਲੀਜ਼ ਤੋਂ ਪਹਿਲਾਂ ਦੇਰੀ ਦਾ ਸਾਹਮਣਾ ਕਰਨਾ ਪਿਆ। ਹਰਿਆਣਾ ਚੋਣ ਪ੍ਰਚਾਰ ਨੇੜੇ ਆਉਣ ਕਰਕੇ, ਭਾਜਪ ਪਾਰਟੀ ਸਿੱਖ ਵੋਟਰਾਂ ਦੇ ਗੁੱਸੇ ਦੇ ਡਰੋਂ ਫਿਲਮ ਨੂੰ ਰਿਲੀਜ਼ ਹੋਣ ਦੀ ਇਜਾਜ਼ਤ ਦੇ ਕੇ ਸਿੱਖ ਭਾਵਨਾਵਾਂ ਨੂੰ ਭੜਕਾਉਣ ਦੇ ਮੂਡ ਵਿੱਚ ਨਹੀਂ ਸੀ।

ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ ਦੀ ਅਗਵਾਈ ਭਾਜਪਾ ਦੁਆਰਾ ਨਿਯੁਕਤ ਮੁਖੀ ਪ੍ਰਸੂਨ ਜੋਸ਼ੀ ਕਰ ਰਹੇ ਹਨ ਅਤੇ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੈ, ਫਿਰ ਵੀ ਫਿਲਮ ਨੂੰ ਸੈਂਸਰ ਬੋਰਡ ਦੁਆਰਾ ਮਨਜ਼ੂਰੀ ਨਹੀਂ ਦਿੱਤੀ ਗਈ। ਸਿੱਖ ਭਾਈਚਾਰੇ ਦੇ ਚਿੱਤਰਣ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਵਿਰੋਧ ਦਾ ਸਾਹਮਣਾ ਕਰਦਿਆਂ,

ਬਾਕੀ ਹਿਸਾ ਸਫਾ 21 ਤੇ ਪੜ੍ਹੋ

**20 ਸਫ਼ੇ ਦੀ ਬਾਕੀ**

ਸੈਂਸਰ ਬੋਰਡ ਨੇ ਕਈ ਕਟੌਤੀਆਂ ਦੀ ਮੰਗ ਕਰਦੇ ਹੋਏ, ਇਸਦਾ ਪ੍ਰਮਾਣ ਪੱਤਰ ਰੋਕ ਦਿੱਤਾ। ਹਰਿਆਣਾ ਅਤੇ ਪੰਜਾਬ ਦੇ ਭਾਜਪਾ ਆਗੂਆਂ ਨੇ ਵੀ ਹਾਈ ਕਮਾਂਡ ਨੂੰ ਪੁਰਾਣੇ ਜ਼ਖ਼ਮਾਂ ਨੂੰ ਦੁਬਾਰਾ ਖੋਲ੍ਹਣ ਤੋਂ ਬਚਣ ਲਈ ਕੰਗਨਾ ਦੀ ਫਿਲਮ ਰਿਲੀਜ਼ ਨਾ ਕਰਨ ਦੀ ਅਪੀਲ ਕੀਤੀ। ਐਮਰਜੈਂਸੀ, ਜੋ ਕਿ 6 ਸਤੰਬਰ 2022 ਵਿੱਚ ਰਿਲੀਜ਼ ਹੋਣ ਵਾਲੀ ਸੀ, ਆਖਰਕਾਰ ਜਨਵਰੀ 2025 ਵਿੱਚ ਸਿਨੇਮਾਘਰਾਂ ਵਿੱਚ ਆਈ, ਪਰ ਕਈ ਕਟਾਂ ਤੋਂ ਬਾਅਦ ਅਤੇ ਹਰਿਆਣਾ ਚੋਣਾਂ ਖਤਮ ਹੋਣ ਤੋਂ ਬਾਅਦ। ਪਰ ਕਈ ਵਾਰ ਰਾਸ਼ਟਰੀ ਫਿਲਮ ਪੁਰਸਕਾਰ ਜੇਤੂ ਨੂੰ ਹੈਰਾਨੀ ਹੋਈ ਕਿ ਫਿਲਮ ਦਾ ਪ੍ਰਚਾਰ ਭਾਜਪਾ ਅਤੇ ਸੱਜੇ-ਪੱਖੀ ਸਰਕਲਾਂ ਦੁਆਰਾ ਨਹੀਂ ਕੀਤਾ ਗਿਆ ਸੀ। ਪਾਰਟੀ ਦੇ ਵਿਚਾਰਧਾਰਕ ਸੰਦੇਸ਼ ਨਾਲ ਜੁੜੀਆਂ ਹੋਰ ਫਿਲਮਾਂ ਦੇ ਉਲਟ, ਇਸਦੀ ਰਾਸ਼ਟਰੀ ਰਾਜਧਾਨੀ ਵਿੱਚ ਕੋਈ ਉੱਚ-ਪ੍ਰੋਫਾਈਲ ਸਕ੍ਰੀਨਿੰਗ ਨਹੀਂ ਹੋਈ ਸੀ ਅਤੇ ਭਾਜਪਾ ਦੀ ਅਗਵਾਈ ਵਾਲੀ ਕਿਸੇ ਵੀ ਰਾਜ ਸਰਕਾਰ ਦੁਆਰਾ ਇਸਨੂੰ ਟੈਕਸ-ਮੁਕਤ ਨਹੀਂ ਕੀਤਾ ਗਿਆ ਸੀ। ਨਾ ਤਾਂ ਮੋਦੀ ਅਤੇ ਨਾ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਮਰਜੈਂਸੀ ਦੀਆਂ ਵਧੀਕੀਆਂ ਨੂੰ ਉਜਾਗਰ ਕਰਨ ਲਈ ਫਿਲਮ ਦੀ ਪ੍ਰਸ਼ੰਸਾ ਕੀਤੀ।

ਇਸ ਦੇ ਉਲਟ, ਜਦੋਂ ਫਿਲਮ ਨਿਰਮਾਤਾ ਵਿਵੇਕ ਅਗਨੀਹੋਤਰੀ ਨੇ 2022 ਵਿੱਚ ਕਸ਼ਮੀਰੀ ਪੰਡਿਤਾਂ ਦੇ ਪਲਾਇਨ ਨੂੰ ਦਰਸਾਉਂਦੀ ਵਿਵਾਦਪੂਰਨ "ਦਿ ਕਸ਼ਮੀਰ ਫਾਈਲਜ਼" ਰਿਲੀਜ਼ ਕੀਤੀ, ਤਾਂ ਮੋਦੀ ਨੇ ਨਾ ਸਿਰਫ਼ ਅਗਨੀਹੋਤਰੀ ਦੀ ਫਿਲਮ ਬਣਾਉਣ ਦੀ ਪ੍ਰਸ਼ੰਸਾ ਕੀਤੀ, ਸਗੋਂ ਭਾਜਪਾ ਸੰਸਦੀ ਪਾਰਟੀ ਦੀ ਮੀਟਿੰਗ ਵਿੱਚ ਇਸਦਾ ਸਮਰਥਨ ਵੀ ਕੀਤਾ। ਕਈ ਭਾਜਪਾ ਰਾਜ ਸਰਕਾਰਾਂ ਨੇ ਫਿਲਮ ਨੂੰ ਪ੍ਰਦਰਸ਼ਿਤ ਕੀਤਾ ਅਤੇ ਇਸਨੂੰ ਟੈਕਸ-ਮੁਕਤ ਐਲਾਨਿਆ। ਇਸੇ ਤਰ੍ਹਾਂ, ਜਦੋਂ 2002 ਦੀ ਗੋਧਰਾ ਟ੍ਰੇਨ ਅੱਗ ਨੂੰ ਦਰਸਾਉਂਦੀ ਅਦਾਕਾਰ ਵਿਕਰਾਂਤ ਮੈਸੀ ਅਭਿਨੀਤ "ਦ ਸਾਬਰਮਤੀ ਰਿਪੋਰਟ" ਰਿਲੀਜ਼ ਹੋਈ, ਤਾਂ ਅਸ਼ਵਨੀ ਵੈਸ਼ਨਵ ਦੀ ਅਗਵਾਈ ਹੇਠ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ 3 ਦਸੰਬਰ ਨੂੰ ਸੰਸਦ ਲਾਇਬ੍ਰੇਰੀ ਵਿੱਚ ਇੱਕ ਵਿਸ਼ੇਸ਼ ਸਕ੍ਰੀਨਿੰਗ ਦਾ ਆਯੋਜਨ ਕੀਤਾ। ਮੋਦੀ ਨੱਡਾ, ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਪੂਰੇ ਮੰਤਰੀ ਮੰਡਲ ਦੇ ਨਾਲ ਸਕ੍ਰੀਨਿੰਗ ਵਿੱਚ ਸ਼ਾਮਲ ਹੋਏ।

ਪੰਜਾਬ ਦੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਅਨੁਸਾਰ ਰਾਜਨੀਤੀ ਵਿਚ ਉਸਦੀ ਦਿਲਚਸਪੀ ਨਹੀਂ ਹੈ। ਉਸਨੂੰ ਫਿਲਮਾਂ ਅਤੇ ਅਦਾਕਾਰੀ 'ਤੇ ਧਿਆਨ ਦੇਣਾ ਚਾਹੀਦਾ ਹੈ। ਆਪਣੀਆਂ ਤਿੱਖੀਆਂ ਟਿੱਪਣੀਆਂ ਕਾਰਨ, ਉਸਨੇ ਅਕਸਰ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਪੰਜਾਬ ਦੇ ਭਾਜਪਾ ਆਗੂ ਹਰਜੀਤ ਗਰੇਵਾਲ ਨੇ ਕਿਹਾ: "ਉਸਨੂੰ ਹਰ ਮੁੱਦੇ 'ਤੇ ਟਿੱਪਣੀ ਨਹੀਂ ਕਰਨੀ ਚਾਹੀਦੀ। ਕੰਗਨਾ ਅਤੇ ਪਾਰਟੀ ਲੀਡਰਸ਼ਿਪ ਵਿਚਕਾਰ ਵਧਦੀ ਦਰਾਰ ਦੇ ਬਾਵਜੂਦ, ਬਹੁਤ ਸਾਰੇ ਭਾਜਪਾ ਨੇਤਾ ਅਜੇ ਵੀ ਮੰਨਦੇ ਹਨ ਕਿ ਕੰਗਨਾ ਰਣੌਤ ਦਾ ਰਾਜਨੀਤਿਕ ਕਰੀਅਰ ਅਜੇ ਖਤਮ ਨਹੀਂ ਹੋਇਆ ਹੈ।"

# ਪੈਸੇ ਦੁੱਗਣੇ ਕਰਨ ਦਾ ਲਾਲਚ ਦੇ ਕੇ ਤਾਂਤਰਿਕ ਬਾਬਿਆਂ ਨੇ ਮਾਰੀ ਸਾਢੇ 9 ਲੱਖ ਦੀ ਠੱਗੀ

**○ ਬਾਕਸ ਖੋਲਿਆ ਰੁਪਈਆਂ ਦੀ ਥਾਂ ਸਵਾਹ ਨਿਕਲੀ, ਤਿੰਨ ਦੋਸ਼ੀ ਗ੍ਰਿਫ਼ਤਾਰ**

ਚੰਡੀਗੜ੍ਹ-ਪੂਜਾ-ਪਾਠ ਤੇ ਤੰਤਰ-ਮੰਤਰ ਰਾਹੀਂ ਪੈਸੇ ਦੁੱਗਣੇ ਕਰਨ ਦਾ ਲਾਲਚ ਦੇ ਕੇ ਸਾਢੇ 9 ਲੱਖ ਰੁਪਏ ਦੀ ਧੋਖਾਧੜੀ ਦੇ ਮਾਮਲੇ 'ਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ



ਦੀ ਪਛਾਣ ਕੁਰਾਲੀ ਸਥਿਤ ਹਾਲੀਵੁੱਡ ਕਾਲੋਨੀ ਵਾਸੀ ਬਲਬੀਰ ਸਿੰਘ ਉਰਫ਼ ਕੇ. ਪੀ., ਮੋਗਾ ਵਾਸੀ ਸਤਨਪ੍ਰੀਤ ਸਿੰਘ ਤੇ ਲੁਧਿਆਣਾ ਵਾਸੀ ਗੁਰਮੀਤ ਸਿੰਘ ਵਜੋਂ ਹੋਈ ਹੈ। ਮੁਲਜ਼ਮਾਂ ਨੇ ਪੈਸੇ ਘਰਾਂ ਵਿਚ ਲੁਕੋ ਕੇ ਰੱਖੇ ਹਨ। ਸਾਰੰਗਪੁਰ ਥਾਣਾ ਇੰਚਾਰਜ ਹਰਮਿੰਦਰ ਸਿੰਘ ਅਨੁਸਾਰ ਗੱਡੀ ਨੰਬਰ ਤੇ ਮੋਬਾਇਲ ਫੋਨ ਰਾਹੀਂ ਠੱਗਾਂ ਨੂੰ ਕਾਬੂ ਕੀਤਾ। ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਠੱਗ ਬਾਬੇ ਪਹਿਲਾਂ ਵੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਧੋਖਾਧੜੀ ਦੀਆਂ ਵਾਰਦਾਤਾਂ ਕਰ ਚੁੱਕੇ ਹਨ। ਬਲਬੀਰ 'ਤੇ ਫ਼ਿਰੋਜ਼ਪੁਰ, ਰਾਜਪੁਰਾ, ਲੁਧਿਆਣਾ, ਸਮਰਾਲਾ ਤੇ ਗੁਰਦਾਸਪੁਰ 'ਚ ਪੰਜ ਮਾਮਲੇ ਦਰਜ ਹਨ। ਸਤਨਪ੍ਰੀਤ ਸਿੰਘ 'ਤੇ ਦੋ ਮਾਮਲੇ ਫਰੀਦਕੋਟ ਤੇ ਇਕ ਕੇਸ ਲੁਧਿਆਣਾ ਵਿਚ ਹੈ, ਜਦਕਿ ਗੁਰਮੀਤ 'ਤੇ ਚਾਰ ਮਾਮਲੇ ਦਰਜ ਹਨ, ਜਿਸ 'ਚ 2 ਲੁਧਿਆਣਾ, ਬਠਿੰਡਾ ਤੇ ਮਾਨਸਾ 'ਚ 1-1 ਦਰਜ ਹੈ। ਖੁੱਡਾ ਜੱਸੂ ਵਾਸੀ ਦਿਲਬਾਗ ਸਿੰਘ ਨੇ ਸ਼ਿਕਾਇਤ ਵਿਚ ਦੱਸਿਆ ਕਿ ਉਹ ਐਂਬੂਲੈਂਸ ਚਲਾਉਂਦਾ ਹੈ। 10 ਫਰਵਰੀ ਨੂੰ ਦੋਸਤ ਬਲਬੀਰ ਘਰ ਆਇਆ। ਉਸ ਨੇ ਤੰਤਰ-ਮੰਤਰ ਤੇ ਪੂਜਾ ਪਾਠ ਰਾਹੀਂ ਆਰਥਿਕ ਹਾਲਤ ਸੁਧਾਰਨ ਲਈ ਵਿਸ਼ੇਸ਼ ਪੂਜਾ ਕਰਵਾਉਣ ਦਾ ਲਾਲਚ ਦਿੱਤਾ। ਇਸ ਤੋਂ ਬਾਅਦ ਪੈਸੇ ਦੁੱਗਣੇ ਕਰਨ ਵਾਲੇ 2 ਜਣਿਆਂ ਨੂੰ ਬੁਲਾਇਆ, ਜਿਨ੍ਹਾਂ ਨੇ ਨਕਲੀ ਨੋਟ ਇਨਾਮ ਵਜੋਂ ਦਿੱਤੇ। ਦਿਲਬਾਗ ਨੇ 9 ਲੱਖ ਰੁਪਏ ਇਕੱਠੇ ਕਰ ਕੇ ਦੋਵਾਂ ਨੂੰ ਦੇ ਦਿੱਤੇ। ਠੱਗਾਂ ਨੇ 3 ਲੱਖ 55 ਹਜ਼ਾਰ ਰੁਪਏ ਨਕਦ ਤੇ ਕੁੱਝ ਗਹਿਣੇ ਪੂਜਾ ਸਮੱਗਰੀ ਵਜੋਂ ਇਕ ਜਗ੍ਹਾਂ 'ਤੇ ਰੱਖ ਕੇ ਵਿਸ਼ੇਸ਼ ਪੂਜਾ ਕਰਨ ਦਾ ਦਾਅਵਾ ਕੀਤਾ। ਤਾਂਤਰਿਕ ਠੱਗ ਬਾਬਿਆਂ ਨੇ ਕਿਹਾ ਕਿ 6 ਲੱਖ ਰੁਪਏ ਲੋਹੇ ਦੇ ਛੋਟੇ ਬਾਕਸ 'ਚ ਰੱਖ ਦਿੱਤੇ ਹਨ। ਜਦੋਂ ਦਿਲਬਾਗ ਨੇ ਬਾਕਸ ਖੋਲ੍ਹਿਆ ਤਾਂ ਅੰਦਰ ਸੁਆਹ ਸੀ।

# ਡਰਗ ਸਮਗਲਰਾਂ ਨੇ ਪੰਜ ਦੇ ਕਰੀਬ ਪਿੰਡ ਵਾਸੀਆਂ ਨੂੰ ਕੀਤਾ ਜ਼ਖ਼ਮੀ

**○ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਘਰਾਂ ਨੂੰ ਜਿੰਦਰੇ ਲਾ ਕੇ ਫਰਾਰ ਹੋਏ ਦੋਸ਼ੀ**



ਪਾਤੜਾਂ-ਪਟਿਆਲਾ ਜ਼ਿਲ੍ਹੇ ਦੀ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਦਿਉਗੜ੍ਹ ਵਿਖੇ ਪੰਚਾਇਤ ਦੀ ਅਗਵਾਈ ਵਿਚ ਪਿੰਡ ਵਾਸੀਆਂ ਵਲੋਂ ਨਸ਼ਾ ਤਸਕਰਾਂ ਖਿਲਾਫ ਧਰਨਾ ਦੇ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਪਿੰਡ ਦੇ ਕੁਝ ਘਰਾਂ ਵਿਚ ਰਹਿਣ ਵਾਲੇ ਲੋਕਾਂ 'ਤੇ ਨਸ਼ਾ ਤਸਕਰੀ ਕਰਨ ਅਤੇ ਰੋਕੇ ਜਾਣ 'ਤੇ ਪਿੰਡ ਦੀਆਂ ਦੋ ਔਰਤਾਂ ਅਤੇ ਤਿੰਨ ਮਰਦਾਂ ਨੂੰ ਜ਼ਖਮੀ ਕਰਨ ਦੇ ਦੋਸ਼ ਲਾ ਰਹੇ ਪਿੰਡ ਵਾਸੀਆਂ ਵਲੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਜੁਗਨਦੀਪ ਸਿੰਘ ਸੇਖੋਂ ਸਰਪੰਚ ਅਤੇ ਗੁਲਾਬ ਸਿੰਘ ਸਾਬਕਾ ਸਰਪੰਚ ਨੇ ਦੱਸਿਆ ਕਿ ਪਿੰਡ ਵਿਚ ਕੁਝ ਨਸ਼ਾ ਤਸਕਰ ਪਿੰਡ ਦੇ ਨੌਜਵਾਨਾਂ ਨੂੰ ਅਤੇ ਬੱਚਿਆਂ ਨੂੰ ਚਿੱਟਾ ਸਮੈਕ ਅਤੇ ਹੋਰ ਨਸ਼ੇ ਵੇਚ ਕੇ ਉਨ੍ਹਾਂ ਦੀਆਂ ਜਿੰਦਗੀਆਂ ਨਰਕ ਬਣਾ ਰਹੇ ਹਨ। ਪੰਚਾਇਤ ਨੇ ਗ੍ਰਾਮ ਸਭਾ ਵਿਚ ਮਤਾ ਪਾ ਕੇ ਨਸ਼ਾ ਰੋਕੂ ਕਮੇਟੀ ਦਾ ਗਠਨ ਕੀਤਾ ਹੈ ਅਤੇ ਸਾਡੇ ਪਿੰਡ ਦੇ ਹੀ ਰਹਿਣ ਵਾਲੇ ਜੋ ਨਸ਼ਾ ਵੇਚ ਰਹੇ ਹਨ ਉਨ੍ਹਾਂ ਨੂੰ ਪੰਚਾਇਤ ਅਤੇ ਨਸ਼ਾ ਰੋਕੂ ਕਮੇਟੀ ਇਨ੍ਹਾਂ ਦੇ ਘਰ ਨਸ਼ੇ ਵੇਚਣੇ ਬੰਦ ਕਰਨ ਲਈ ਕਹਿਣ ਗਈ ਸੀ ਪਰ ਇਨ੍ਹਾਂ ਨਸ਼ਾ ਤਸਕਰਾਂ ਨੇ ਕਲੱਬ ਪ੍ਰਧਾਨ ਨਿਰਪਾਲ ਸਿੰਘ, ਰਮਨ ਸਿੰਘ, ਕੁਲਦੀਪ ਸਿੰਘ, ਚਰਨਜੀਤ ਕੌਰ ਅਤੇ ਸ਼ੇਰੋ ਕੌਰ ਨੂੰ ਜ਼ਖਮੀ ਕਰ ਦਿੱਤਾ ਅਤੇ ਅਸੀਂ ਇਨ੍ਹਾਂ ਨੂੰ ਹਸਪਤਾਲ ਵਿਚ ਰਾਤ ਸਮੇਂ ਦਾਖਲ ਕਰਵਾਉਣ ਜਦੋਂ ਚਲੇ ਗਏ ਤਾਂ ਇਨ੍ਹਾਂ ਨਸ਼ਾ ਤਸਕਰਾਂ ਨੇ ਬਾਹਰਲੇ ਪਿੰਡਾਂ ਦੇ ਵਿਅਕਤੀ ਸੱਦ ਕੇ ਸਾਰੇ ਪਿੰਡ ਦੀਆਂ ਗਲੀਆਂ ਵਿਚ ਗੁੰਡਾਗਰਦੀ ਕਰਦਿਆਂ ਪਿੰਡ ਵਾਸੀਆਂ ਨੂੰ ਗਾਲੀ ਗਲੋਚ ਕੀਤਾ ਅਤੇ ਭੋਲਾ ਸਿੰਘ ਦੇ ਘਰ 'ਤੇ ਹਮਲਾ ਕਰਕੇ ਉਨ੍ਹਾਂ ਦਾ ਦਰਵਾਜੇ ਨੂੰ ਤੋੜਿਆ। ਸੂਚਨਾ ਦਿੱਤੇ ਜਾਣ 'ਤੇ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਘਰਾਂ ਨੂੰ ਜਿੰਦਰੇ ਲਾ ਕੇ ਫਰਾਰ ਹੋ ਗਏ।

ਧਰਨਾ ਦੇ ਰਹੇ ਪਿੰਡ ਦੇ ਲੋਕਾਂ ਨੇ ਕਿਹਾ ਕਿ ਉਹ ਉਦੋਂ ਤੱਕ ਧਰਨਾ ਜਾਰੀ ਰੱਖਣਗੇ ਜਦੋਂ ਤੱਕ ਪੁਲਿਸ ਇਨ੍ਹਾਂ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਲੈਂਦੀ।

ਇਸ ਬਾਰੇ ਪੜਤਾਲੀਆ ਅਫਸਰ ਤੇਜਾ ਸਿੰਘ ਨੇ ਕਿਹਾ ਕਿ ਪਿੰਡ ਦਿਉਗੜ੍ਹ ਵਿਚ ਨਸ਼ੇ ਵੇਚਣ ਵਾਲੇ ਇਨ੍ਹਾਂ ਵਿਅਕਤੀਆਂ ਖਿਲਾਫ ਪਹਿਲਾਂ ਵੀ ਕੇਸ ਦਰਜ ਹਨ ਅਤੇ ਬੀਤੇ ਦਿਨ ਇਨ੍ਹਾਂ ਵਲੋਂ 2 ਔਰਤਾਂ ਸਮੇਤ ਜ਼ਖਮੀ ਕੀਤੇ 5 ਲੋਕਾਂ ਦੇ ਮਾਮਲੇ ਵਿਚ ਇਨ੍ਹਾਂ ਖਿਲਾਫ ਡਾਕਟਰੀ ਰਿਪੋਰਟ ਆਉਣ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਗੁੰਡੇ ਦੀ ਛੇੜਖਾਨੀ ਤੋਂ ਦੁਖੀ ਨਾਬਾਲਗ ਲੜਕੀ ਵਲੋਂ ਪਿਤਾ ਸਮੇਤ ਆਤਮਹੱਤਿਆ ਦੀ ਕੋਸ਼ਿਸ਼, ਪੁਲਿਸ ਵਲੋਂ ਟਾਲਮਟੋਲ

ਲੁਧਿਆਣਾ-ਥਾਣਾ ਬਸਤੀ ਜੋਧੇਵਾਲ ਦੇ ਅਧੀਨ ਪੈਂਦੇ ਇਲਾਕੇ ਕਾਲੀ ਸੜਕ 'ਤੇ ਇਕ ਨਾਬਾਲਗ ਲੜਕੀ ਵਲੋਂ ਆਪਣੇ ਪਿਤਾ ਨਾਲ ਮਿਲ ਕੇ ਜ਼ਹਿਰੀਲਾ ਪਦਾਰਥ ਨਿਗਲ ਲਿਆ, ਜਿਨ੍ਹਾਂ ਨੂੰ ਕਿ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ ਕਿ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਜਾਣਕਾਰੀ ਅਨੁਸਾਰ ਕਾਲੀ ਸੜਕ 'ਤੇ ਰਹਿਣ ਵਾਲੀ ਨਾਬਾਲਗ ਲੜਕੀ ਨੂੰ ਸਕੂਲ ਜਾਣ ਸਮੇਂ ਅਕਸਰ ਇਕ ਗੁੰਡਾ ਤੰਗ ਪਰੇਸ਼ਾਨ ਕਰਦਾ ਸੀ ਤੇ ਉਹ ਇਸ ਕਰਕੇ ਬਹੁਤ ਦੁਖੀ ਸੀ। ਉਸਨੇ ਇਸ ਸਬੰਧੀ ਆਪਣੇ ਪਿਤਾ ਨੂੰ ਵੀ ਦੱਸਿਆ ਅਤੇ ਪਿਤਾ ਨੇ ਵੀ ਉਕਤ ਲੜਕੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਕਥਿਤ ਤੌਰ 'ਤੇ ਗੁੰਡਾਗਰਦੀ 'ਤੇ ਉਤਰ ਆਇਆ, ਜਿਸ 'ਤੇ ਉਸ ਦੇ ਪਿਤਾ ਨੇ ਇਸ ਦੀ ਸ਼ਿਕਾਇਤ ਥਾਣਾ ਬਸਤੀ ਜੋਧੇਵਾਲ ਨੂੰ ਦਿੱਤੀ, ਪਰ ਪੁਲਿਸ ਵਲੋਂ ਸ਼ਿਕਾਇਤ ਮਿਲਣ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ 'ਤੇ ਬੀਤੀ ਦੇਰ ਰਾਤ ਪਿਓ ਧੀ ਨੇ ਇਸ ਤੋਂ ਦੁਖੀ ਹੋ ਕੇ ਜ਼ਹਿਰੀਲਾ ਪਦਾਰਥ ਖਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਲੜਕੀ ਦੀ ਮਾਂ ਨੂੰ ਪਤਾ ਲੱਗਣ 'ਤੇ ਉਸ ਨੇ ਮੁਹੱਲੇ ਦੇ ਲੋਕਾਂ ਨੂੰ ਨਾਲ ਲਿਜਾ ਕੇ ਦੋਵਾਂ ਨੂੰ ਸਿਵਲ ਹਸਪਤਾਲ ਲਿਆਂਦਾ, ਜਿੱਥੇ ਕਿ ਇਹਨਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ ਲੜਕੀ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਿਸ ਨੂੰ ਵੀ ਸ਼ਿਕਾਇਤ ਕੀਤੀ ਸੀ, ਪਰ ਪੁਲਿਸ ਵਲੋਂ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਤੋਂ ਨਿਰਾਸ਼ ਹੋ ਕੇ ਉਨ੍ਹਾਂ ਨੇ ਇਹ ਕਦਮ ਚੁੱਕਿਆ ਹੈ। ਦੂਸਰੇ ਪਾਸੇ ਜਾਂਚ ਕਰ ਰਹੇ ਐਸ.ਐਚ.ਓ. ਜਸਵੀਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਇਸ ਸਬੰਧੀ ਸ਼ਿਕਾਇਤ ਮਿਲੀ ਸੀ ਤੇ ਦੋਵਾਂ ਧਿਰਾਂ ਨੂੰ ਥਾਣੇ ਬੁਲਾਇਆ ਸੀ, ਪਰ ਇਹ ਧਿਰਾਂ ਥਾਣੇ ਨਹੀਂ ਆਈਆਂ। ਬਾਅਦ ਵਿਚ ਉਨ੍ਹਾਂ ਨੂੰ ਲੜਕੀ ਅਤੇ ਉਸ ਦੇ ਪਿਤਾ ਵਲੋਂ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਬਾਰੇ ਪਤਾ ਲੱਗਿਆ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ ਤੋਂ 200 ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਪਹਿਲਾ ਜਹਾਜ਼ ਕੋਸਟਾ ਰੀਕਾ ਪੁੱਜਾ

## ✪ ਪਨਾਮਾ ਗੁਆਟੇਮਾਲਾ ਵਾਂਗ ਕੋਸਟਾ ਰੀਕਾ ਵੀ ਪ੍ਰਵਾਸੀਆਂ ਦੀ ਵਤਨ ਵਾਪਿਸੀ ਵਿਚ ਕਰੇਗਾ ਸਹਿਯੋਗ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਪਨਾਮਾ ਤੇ ਗੁਆਟੇਮਾਲਾ ਵਾਂਗ ਕੋਸਟਾ ਰੀਕਾ ਵੀ ਅਮਰੀਕਾ ਤੋਂ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਵਤਨ ਵਾਪਿਸੀ ਵਿਚ ਸਹਿਯੋਗ ਕਰੇਗਾ। ਮੀਡੀਆ ਸੂਤਰਾਂ ਅਨੁਸਾਰ ਆਉਣ ਵਾਲੇ ਸਮੇ ਵਿਚ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਕੰਮ ਵਿਚ ਤੇਜੀ ਆਉਣ ਦੀ ਸੰਭਾਵਨਾ ਦੇ ਮੱਦੇਨਜਰ ਪਨਾਮਾ, ਗੁਆਟੇਮਾਲਾ ਤੇ ਕੋਸਟਾ ਰੀਕਾ ਵਿਚ ਆਰਜੀ ਠਹਿਰਾਅ ਦੀ ਵਿਵਸਥਾ ਕੀਤੀ ਗਈ ਹੈ।

ਗੈਰ ਕਾਨੂੰਨੀ ਪ੍ਰਵਾਸੀ ਇਕ ਦੇਸ਼ ਨਾਲ ਸਬੰਧਤ ਨਹੀਂ ਹਨ ਇਸ ਲਈ ਉਨਾਂ ਨੂੰ ਅਮਰੀਕਾ ਤੋਂ ਸਿੱਧੀਆਂ ਉਡਾਣਾਂ ਰਾਹੀਂ ਵਾਪਿਸ ਭੇਜਣਾ ਮੁਸ਼ਕਿਲ ਕੰਮ ਹੈ। ਆਰਜ਼ੀ ਠਹਿਰਾਅ ਦੌਰਾਨ ਆਉਣ ਵਾਲਾ ਸਾਰਾ ਖਰਚ ਅਮਰੀਕਾ ਹੀ ਕਰੇਗਾ। ਕੇਂਦਰੀ ਅਮਰੀਕੀ ਦੇਸ਼ ਕੋਸਟਾ ਰੀਕਾ ਦੇ ਰਾਸ਼ਟਰਪਤੀ ਦੇ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕੇਂਦਰੀ ਏਸ਼ੀਆ ਤੇ ਭਾਰਤ ਦੇ 200 ਗੈਰ ਕਾਨੂੰਨੀ ਪ੍ਰਵਾਸੀ ਅਮਰੀਕਾ ਤੋਂ ਇਕ ਵਪਾਰਕ ਉਡਾਣ ਰਾਹੀਂ ਛੇਤੀ ਦੇਸ਼ ਦੀ ਰਾਜਧਾਨੀ ਸੈਨਹੋਜੇ ਵਿਖੇ ਪੁੱਜ ਜਾਣਗੇ। ਉਨਾਂ ਕਿਹਾ ਕਿ ਇਨਾਂ ਪ੍ਰਵਾਸੀਆਂ ਨੂੰ ਪਨਾਮਾ ਸਰਹੱਦ ਨੇੜੇ ਇਕ ਆਰਜੀ ਪ੍ਰਵਾਸ ਦੇਖਭਾਲ ਸੈਂਟਰ ਵਿਚ ਭੇਜਿਆ ਜਾਵੇਗਾ ਜਿਥੋਂ ਇਨਾਂ ਨੂੰ ਇਨਾਂ ਦੇ ਮੂਲ ਦੇਸ਼ਾਂ ਵਿਚ ਭੇਜਣ ਦੇ ਪ੍ਰਬੰਧ ਕੀਤੇ ਗਏ ਹਨ।

ਕੋਸਟਾ ਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਇਸ ਪ੍ਰਕ੍ਰਿਆ ਉਪਰ ਆਉਣ ਵਾਲਾ ਸਾਰਾ ਖਰਚ ਅਮਰੀਕਾ ਕਰੇਗਾ ਤੇ ਇਹ ਪ੍ਰਕ੍ਰਿਆ ਪ੍ਰਵਾਸ ਬਾਰੇ ਕੌਮਾਂਤਰੀ ਸੰਸਥਾ (ਆਈ ਏ ਐਮ) ਦੀ ਨਿਗਰਾਨੀ ਹੇਠ ਪੂਰੀ ਕੀਤੀ ਜਾਵੇਗੀ। ਪਨਾਮਾ ਦੇ ਅਧਿਕਾਰੀਆਂ ਅਨੁਸਾਰ ਪਿਛਲੇ ਹਫਤੇ ਭਾਰਤ, ਚੀਨ, ਪਾਕਿਸਤਾਨ, ਅਫਗਾਨਿਸਤਾਨ, ਈਰਾਨ, ਨੇਪਾਲ, ਸ਼੍ਰੀਲੰਕਾ, ਤੁਰਕੀ, ਉਜਬੇਕਿਸਤਾਨ ਤੇ ਵੀਅਤਨਾਮ ਦੇ 119 ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਇਕ ਜਹਾਜ਼ ਪਨਾਮਾ ਪੁੱਜਾ ਹੈ। ਏ ਐਫ ਪੀ ਦੀ ਇਕ ਰਿਪੋਰਟ ਅਨੁਸਾਰ ਲਤਿਨ ਅਮਰੀਕਾ ਬਿਨਾਂ ਦਸਤਾਵੇਜ ਜਿਆਦਾਤਰ ਪ੍ਰਵਾਸੀਆਂ ਦਾ ਘਰ ਹੈ। ਤਕਰੀਬਨ 1.10 ਕਰੋੜ ਇਹ ਪ੍ਰਵਾਸੀ ਖਤਰਨਾਕ ਰਸਤਿਆਂ ਰਾਹੀਂ ਲੱਖਾਂ ਰੁਪਏ ਖਰਚ ਕੇ ਇਥੇ ਪੁੱਜੇ ਹਨ।

## ਕੈਲੀਫੋਰਨੀਆ ਵਿਚ 6 ਹੱਤਿਆਵਾਂ ਦੇ ਮਾਮਲੇ ਵਿਚ ਗ੍ਰਿਫਤਾਰ ਬਲਾਗਰ ਜ਼ਿਜ਼ ਨੂੰ ਬਿਨਾਂ ਜਮਾਨਤ ਜੇਲ ਭੇਜਿਆ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮੈਰੀਲੈਂਡ ਦੀ ਇਕ ਅਦਾਲਤ ਵੱਲੋਂ ਇਕ ਅੱਤਵਾਦੀ ਗਰੁੱਪ ਜਿਸ ਦਾ ਸਬੰਧ 6 ਹੱਤਿਆਵਾਂ ਨਾਲ ਜੁੜਿਆ ਹੋਇਆ ਹੈ, ਦੇ ਸਰਗਨੇ ਬਲਾਗਰ ਜਿਸ ਨੂੰ ਜ਼ਿਜ਼ ਵਜੋਂ ਜਾਣਿਆ ਜਾਂਦਾ ਹੈ, ਨੂੰ ਬਿਨਾਂ ਜਮਾਨਤ ਜੇਲ ਭੇਜ ਦੇਣ ਦੀ ਖਬਰ ਹੈ। ਬਰਕਲੇ, ਕੈਲੀਫੋਰਨੀਆ ਵਾਸੀ ਬਲਾਗਰ ਜੈਕ ਲਾਸੋਟਾ (34) ਨੂੰ ਬੀਤੇ ਦਿਨ ਮੀਡੀਆ, ਪੈਨਸਿਲਵਾਨੀਆ ਵਾਸੀ ਮਿਸ਼ੈਲ ਜ਼ਾਕੋ (32) ਤੇ ਸੈਕਰਾਮੈਂਟੋ, ਕੈਲੀਫੋਰਨੀਆ ਵਾਸੀ ਡੈਨੀਏਲ ਬਲੈਂਕ (26) ਸਮੇਤ ਫਰਾਸਟਬਰਗ, ਮੈਰੀਲੈਂਡ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ। ਜ਼ਿਜ਼ ਨੂੰ ਇਸ ਸਾਲ ਜਨਵਰੀ ਵਿਚ ਕੈਨੇਡਾ ਦੀ ਸਰਹੱਦ ਨੇੜੇ ਯੂ ਐਸ ਬਾਰਡਰ ਗਸ਼ਤੀ ਦਲ ਦੇ ਏਜੰਟ ਡੇਵਿਡ ਮਲਾਂਡ ਤੇ 3 ਹੋਰ ਰਾਜਾਂ ਵਿਚ 5 ਹੱਤਿਆਵਾਂ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਜੱਜ ਨੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਲਾਸੋਟਾ ਲੋਕਾਂ ਦੀ ਸੁਰੱਖਿਆ ਲਈ ਖਤਰਾ ਹੈ ਇਸ ਲਈ ਇਸ ਨੂੰ ਬਿਨਾਂ ਜਮਾਨਤ ਜੇਲ ਭੇਜਿਆ ਜਾਂਦਾ ਹੈ। ਵਕੀਲਾਂ ਅਨੁਸਾਰ ਸਮਝਿਆ ਜਾਂਦਾ ਹੈ ਕਿ ਲਾਸੋਟਾ ਜ਼ਿਜ਼ੀਅਨਜ ਦੇ ਨਾਂ ਨਾਲ ਜਾਣੇ ਜਾਂਦੇ ਇਕ ਅੱਤਵਾਦੀ ਗਰੁੱਪ ਦਾ ਲੀਡਰ ਹੈ ਜਿਸ ਗਰੁੱਪ ਦਾ ਸਬੰਧ ਹੱਤਿਆਵਾਂ ਨਾਲ ਜੁੜਿਆ ਹੋਇਆ ਹੈ।

## ਕਾਲੇ ਕੈਦੀ ਦੀ ਜੇਲ ਵਿਚ ਕੁੱਟਮਾਰ ਦੌਰਾਨ ਹੋਈ ਮੌਤ ਦੇ ਮਾਮਲੇ ਵਿਚ 6 ਜੇਲ ਅਫਸਰਾਂ ਵਿਰੁੱਧ ਹੱਤਿਆ ਦੇ ਦੋਸ਼ ਤੈਅ




ਜੇਲ ਵਿਚ ਰਾਬਰਟ ਬਰੁੱਕਸ ਦੀ ਕੁੱਟਮਾਰ ਦਾ ਇਕ ਦ੍ਰਿਸ਼ ਤੇ ਸੱਜੇ ਬਰੁੱਕਸ ਦੀ ਫਾਈਲ ਤਸਵੀਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਿਊ ਯਾਰਕ ਵਿਚ ਹੱਥ ਕੜੀਆਂ ਵਿਚ ਜਕੜੇ ਇਕ ਕੈਦੀ ਦੀ ਕੁੱਟਮਾਰ ਦੌਰਾਨ ਹੋਈ ਮੌਤ ਦੇ ਮਾਮਲੇ ਵਿਚ ਜੇਲ ਦੇ 6 ਅਫਸਰਾਂ ਵਿਰੁੱਧ ਹੱਤਿਆ ਦੇ ਦੋਸ਼ ਦਰਜ ਹੋਣ ਦੀ ਖਬਰ ਹੈ। ਸਾਇਰਾਕੂਜ, ਨਿਊ ਯਾਰਕ ਦੇ ਪੂਰਬ ਵਿਚ 50 ਮੀਲ ਦੂਰ ਸਥਿੱਤ ਮਰਸੀ ਦੀ ਸਟੇਟ ਜੇਲ ਵਿੱਚ 43 ਸਾਲਾ ਕਾਲੇ ਵਿਅਕਤੀ ਰਾਬਰਟ ਬਰੁੱਕਸ ਦੀ ਪਿਛਲੇ ਸਾਲ 10 ਦਸੰਬਰ ਨੂੰ ਮੌਤ ਹੋ ਗਈ ਸੀ।

ਇਸ ਜੇਲ ਵਿਚ ਕੇਵਲ ਮਰਦ ਕੈਦੀ ਹੀ ਰਖੇ ਜਾਂਦੇ ਹਨ। ਬਰੁੱਕਸ ਜੋ ਇਕ ਹਮਲੇ ਦੇ ਮਾਮਲੇ ਵਿਚ 12 ਸਾਲ ਦੀ ਕੈਦ ਕਟ ਰਿਹਾ ਸੀ, ਨੂੰ ਉਸੇ ਰਾਤ ਨਾਲ ਲੱਗਦੀ ਮੋਹਾਕ ਜੇਲ ਤੋਂ ਮਰਸੀ ਦੀ ਜੇਲ ਵਿਚ ਤਬਦੀਲ ਕੀਤਾ ਗਿਆ ਸੀ। ਜਿਨਾਂ ਅਫਸਰਾਂ ਵਿਰੁੱਧ ਦੂਸਰਾ ਤੇ ਪਹਿਲਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਹਨ ਉਨਾਂ ਵਿਚ ਨਿਕੋਲਸ ਐਂਜ਼ਾਲੋਨ, ਡੇਵਿਡ ਕਿੰਗਸਲੇ, ਐਨਥਨੀ ਫਾਰੀਨਾ, ਕ੍ਰਿਸਟੋਫਰ ਵਾਲਰਥ, ਮੈਥੀਊ ਗਾਲੀਹਰ ਤੇ ਇਕ ਹੋਰ ਪੁਲਿਸ ਅਫਸਰ ਸ਼ਾਮਿਲ ਹੈ। ਗਰੈਂਡ ਜਿਊਰੀ ਨੇ ਦੋਸ਼ ਤੈਅ ਕਰਨ ਸਬੰਧੀ ਦਿੱਤੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਮੁਲਜ਼ਿਮਾਂ ਨੇ ਮਨੁੱਖੀ ਜੀਵਨ ਪ੍ਰਤੀ ਕਰੂਰਤਾ ਵਾਲਾ ਰਵੱਈਆ ਅਪਣਾਇਆ ਤੇ ਕੁਝ ਹੋਰਨਾਂ ਨੇ ਉਨਾਂ ਨੂੰ ਕੁੱਟਮਾਰ ਕਰਨ ਤੋਂ ਰੋਕਿਆ ਨਹੀਂ ਤੇ ਉਨਾਂ ਨੇ ਬਰੁੱਕਸ ਨੂੰ ਤੁਰੰਤ ਡਾਕਟਰੀ ਸਹਾਇਤਾ ਦੇਣ ਲਈ ਕੋਈ ਯਤਨ ਨਹੀਂ ਕੀਤਾ।

## ਸੈਨੇਟ ਵਿਚ ਅੰਤਿਮ ਵੋਟਿੰਗ ਦੌਰਾਨ ਐਫ ਬੀ ਆਈ ਦੇ ਮੁੱਖੀ ਵਜੋਂ ਕਾਸ਼ ਪਟੇਲ ਦੇ ਨਾਂ ਦੀ ਪੁਸ਼ਟੀ, 2 ਰਿਪਬਲੀਕਨ ਮੈਂਬਰਾਂ ਨੇ ਪਾਈ ਪਟੇਲ ਵਿਰੁੱਧ ਵੋਟ



ਕਾਸ਼ ਪਟੇਲ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਭਾਰਤੀ ਮੂਲ ਦੇ ਕਾਸ਼ ਪਟੇਲ ਅਮਰੀਕਾ ਦੀ ਚੋਟੀ ਦੀ ਲਾਅ ਇਨਫੋਰਸਮੈਂਟ ਏਜੰਸੀ ਐਫ ਬੀ ਆਈ ਦੇ ਅਗਲੇ ਮੁਖੀ ਹੋਣਗੇ। ਸੈਨੇਟ ਵਿਚ ਅੰਤਿਮ ਵੋਟਿੰਗ ਦੌਰਾਨ ਐਫ ਬੀ ਆਈ ਦੇ ਡਾਇਰੈਕਟਰ ਵਜੋਂ ਉਨਾਂ ਦੇ ਨਾਂ ਦੀ ਪੁਸ਼ਟੀ ਕਰ ਦਿੱਤੀ ਗਈ ਹੈ ਹਾਲਾਂ ਕਿ 2 ਰਿਪਬਲੀਕਨ ਮੈਂਬਰਾਂ ਨੇ ਪਟੇਲ ਵਿਰੁੱਧ ਵੋਟ ਪਾਈ। ਰਿਪਬਲੀਕਨ ਸੈਨੇਟ ਮੈਂਬਰ ਸੁਸਾਨ ਕੋਲਿਨਸ ਤੇ ਲੀਸਾ ਮੁਰਕੋਵਸਕੀ ਨੇ ਡੈਮੋਕਰੈਟਸ ਦਾ ਸਾਥ ਦਿੱਤਾ ਤੇ ਉਨਾਂ ਨੇ ਪਟੇਲ ਵਿਰੁੱਧ ਵੋਟ ਪਾਈ। ਪਟੇਲ ਦੇ ਹੱਕ ਵਿਚ 51 ਤੇ ਵਿਰੋਧ ਵਿਚ 49 ਵੋਟਾਂ ਪਈਆਂ। ਪਹਿਲੀ ਵੋਟਿੰਗ ਦੌਰਾਨ ਪਟੇਲ ਦੇ ਹੱਕ ਵਿਚ 48 ਤੇ ਵਿਰੋਧ ਵਿਚ 45 ਵੋਟਾਂ ਭੁਗਤੀਆਂ ਸਨ। ਵੋਟਿੰਗ ਤੋਂ ਪਹਿਲਾਂ ਪਟੇਲ ਨੇ ਕਿਹਾ ਕਿ ਉਹ ਐਫ ਬੀ ਆਈ ਦਾ ਰਾਜਸੀਕਰਨ ਨਹੀਂ ਹੋਣ ਦੇਣਗੇ ਤੇ ਨਿਰਪੱਖਤਾ ਨਾਲ ਕੰਮ ਕਰਨਗੇ। ਪਟੇਲ ਨੇ ਡੈਮੋਕਰੈਟਸ ਉਪਰ ਦੋਸ਼ ਲਾਇਆ ਕਿ ਉਹ ਉਸ ਦੇ ਪੁਰਾਣੇ ਬਿਆਨਾਂ ਨੂੰ ਆਧਾਰ ਬਣਾ ਕੇ ਉਸ ਦਾ ਵਿਰੋਧ ਕਰ ਰਹੇ ਹਨ। ਰਿਪਬਲੀਕਨ ਮੈਂਬਰਾਂ ਨੇ ਐਫ ਬੀ ਆਈ ਦੇ ਮੁੱਖੀ ਵਜੋਂ ਟਰੰਪ ਦੀ ਚੋਣ ਦਾ ਸਮਰਥਨ ਕਰਦਿਆਂ ਕਿਹਾ ਕਿ ਪਟੇਲ ਏਜੰਸੀ ਦੇ ਕੰਮਕਾਜ ਵਿਚ ਪਾਰਦਰਸ਼ਤਾ ਲਿਆਉਣਗੇ। ਉਨਾਂ ਨੇ ਪਟੇਲ ਵੱਲੋਂ ਅਤੀਤ ਵਿਚ ਦਿੱਤੇ ਵਿਵਾਦਤ ਬਿਆਨਾਂ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਬਿਆਨ ਵਧਾ ਚੜਾ ਕੇ ਪੇਸ਼ ਕੀਤੇ ਗਏ ਹਨ।

# ਮਾਮਲਾ ਕੋਟਕਪੂਰਾ ਗੋਲੀ ਕਾਂਡ ਦਾ ਹਾਈ ਕੋਰਟ ਵਲੋਂ 10 ਮਾਰਚ ਤੱਕ ਮੁਕੱਦਮੇ 'ਤੇ ਲਗੀ ਰੋਕ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਫਰੀਦਕੋਟ ਦੀ ਅਦਾਲਤ ਵਿਚ ਚੱਲ ਰਹੇ ਕੋਟਕਪੂਰਾ ਗੋਲੀਬਾਰੀ ਮਾਮਲੇ ਦੀ ਸੁਣਵਾਈ 'ਤੇ 10 ਮਾਰਚ ਤੱਕ ਰੋਕ ਲਗਾ ਦਿੱਤੀ ਹੈ। ਹਾਈ ਕੋਰਟ ਨੇ ਇਹ ਹੁਕਮ ਮਾਮਲੇ ਦੇ ਦੋਸ਼ੀ ਸੇਵਾਮੁਕਤ ਐਸ. ਐਸ. ਪੀ. ਚਰਨਜੀਤ ਸ਼ਰਮਾ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਦਿੱਤਾ ਹੈ। ਚਰਨਜੀਤ ਸ਼ਰਮਾ ਨੇ ਆਪਣੀ ਪਟੀਸ਼ਨ ਵਿਚ ਕਿਹਾ ਸੀ ਕਿ ਹਾਈ ਕੋਰਟ ਪਹਿਲਾਂ ਹੀ ਸਪੱਸ਼ਟ ਕਰ ਚੁੱਕੀ ਹੈ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਬਾਰੀ ਦੇ ਮਾਮਲੇ ਆਪਸ ਵਿਚ ਜੁੜੇ ਹੋਏ ਹਨ, ਇਸ ਲਈ ਦੋਵਾਂ ਮਾਮਲਿਆਂ ਦੀ ਸੁਣਵਾਈ ਇੱਕੋ ਅਦਾਲਤ ਵਿਚ ਹੋਣੀ ਚਾਹੀਦੀ ਹੈ।



ਪਿਛਲੇ ਸਾਲ ਹਾਈ ਕੋਰਟ ਨੇ ਬਹਿਬਲ ਕਲਾਂ ਗੋਲੀਬਾਰੀ ਮਾਮਲੇ ਦੀ ਸੁਣਵਾਈ ਚੰਡੀਗੜ੍ਹ ਤਬਦੀਲ ਕਰ ਦਿੱਤੀ ਸੀ, ਪਰ ਕੋਟਕਪੂਰਾ ਗੋਲੀਬਾਰੀ ਦਾ ਮਾਮਲਾ ਅਜੇ ਵੀ ਫਰੀਦਕੋਟ ਦੀ ਅਦਾਲਤ ਵਿਚ ਚੱਲ ਰਿਹਾ ਹੈ। ਚਰਨਜੀਤ ਸ਼ਰਮਾ ਨੇ ਮੰਗ ਕੀਤੀ ਕਿ ਇਸ ਕੇਸ ਨੂੰ ਵੀ ਚੰਡੀਗੜ੍ਹ ਤਬਦੀਲ ਕੀਤਾ ਜਾਵੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਹਾਈ ਕੋਰਟ ਨੇ ਫਰੀਦਕੋਟ ਦੀ ਅਦਾਲਤ ਵਿਚ ਚੱਲ ਰਹੇ ਕੋਟਕਪੂਰਾ ਗੋਲੀਬਾਰੀ ਮਾਮਲੇ ਦੀ ਸੁਣਵਾਈ 'ਤੇ 10 ਮਾਰਚ ਤੱਕ ਰੋਕ ਲਗਾ ਦਿੱਤੀ ਅਤੇ ਅਗਲੀ ਸੁਣਵਾਈ ਵਿਚ ਇਸ ਮੁੱਦੇ 'ਤੇ ਬਹਿਸ ਕਰਨ ਦੇ ਹੁਕਮ ਦਿਤੇ ਹਨ।

### ਬੇਅਦਬੀ ਦਾ ਰੋਸ ਬਨਾਮ ਗੋਲੀਕਾਂਡ

- ਸਾਲ 2015 ਵਿੱਚ ਫ਼ਰੀਦਕੋਟ ਦੇ ਬੁਰਜ ਜਵਾਹਰ ਸਿੰਘ ਵਾਲਾ ਗੁਰਦੁਆਰੇ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਇਆ ਸੀ ਅਤੇ ਕਈ ਮਹੀਨਿਆਂ ਬਾਅਦ ਅੰਗ ਨਜ਼ਦੀਕੀ ਪਿੰਡ ਬਰਗਾੜੀ ਤੋਂ ਮਿਲੇ ਸਨ। ਇਸ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਕਰ ਰਹੇ ਪ੍ਰਦਰਸ਼ਨਕਾਰੀਆਂ ਉੱਪਰ ਪੁਲਿਸ ਵੱਲੋਂ ਪਿੰਡ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਖੇ ਗੋਲੀ ਚਲਾਈ ਗਈ ਸੀ।
- ਬਹਿਬਲ ਕਲਾਂ ਗੋਲ਼ੀਕਾਂਡ ਵਿੱਚ ਦੋ ਪ੍ਰਦਰਸ਼ਨਕਾਰੀਆਂ- ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ।
- 1986 ਵਿੱਚ ਨਕੋਦਰ ਵਿਖੇ 2015 ਦੀਆਂ ਘਟਨਾਵਾਂ ਨਾਲ ਹੀ ਮਿਲਦੀ ਜੁਲਦੀ ਘਟਨਾ ਵਾਪਰੀ ਸੀ।
- ਗੁਰਦੁਆਰਾ ਗੁਰੂ ਅਰਜਨ ਦੇਵ, ਨਕੋਦਰ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਉੱਪਰ ਪੰਜਾਬ ਪੁਲਿਸ ਵੱਲੋਂ ਗੋਲੀ ਚਲਾਈ ਗਈ ਸੀ, ਜਿਸ ਵਿੱਚ 4 ਨੌਜਵਾਨਾਂ ਦੀ ਮੌਤ ਹੋ ਗਈ ਸੀ।
- 1986 ਅਤੇ 2015 ਦੀਆਂ ਘਟਨਾਵਾਂ ਸਮੇਂ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ।
- ਪੰਜਾਬ ਸਰਕਾਰ ਵੱਲੋਂ 2015 ਦੀ ਜਾਂਚ ਲਈ ਕਈ ਜਾਂਚ ਟੀਮਾਂ ਦੀ ਸਮੇਂ ਸਮੇਂ 'ਤੇ ਗਠਿਤ ਕੀਤੀਆਂ ਗਈਆਂ ਹਨ।
- 2015 ਦੀਆਂ ਇਨ੍ਹਾਂ ਘਟਨਾਵਾਂ ਨੇ ਪੰਜਾਬ ਦੀ ਸਿਆਸਤ ਨੂੰ ਵੀ ਪ੍ਰਭਾਵਿਤ ਕੀਤਾ ਹੈ।
- ਕੋਟਕਪੂਰਾ ਵਿਖੇ ਗੋਲੀ ਦੀ ਘਟਨਾ ਲਈ ਏਡੀਜੀਪੀ ਐਲ ਕੇ ਯਾਦਵ ਦੀ ਅਗਵਾਈ ਵਿੱਚ ਐੱਸਆਈਟੀ ਬਣੀ ਹੈ।
- ਬੁਰਜ ਜਵਾਹਰ ਸਿੰਘ ਅਤੇ ਬਰਗਾੜੀ ਦੀਆਂ ਘਟਨਾਵਾਂ ਦੀ ਜਾਂਚ ਆਈਜੀ ਸੁਰਿੰਦਰਪਾਲ ਸਿੰਘ ਪਰਮਾਰ ਦੀ ਟੀਮ ਨੇ ਕੀਤੀ ਹੈ।
- ਇਸੇ ਜਾਂਚ ਦੀ ਰਿਪੋਰਟ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 2 ਜੁਲਾਈ 2022 ਨੂੰ ਸਿੱਖ ਅਤੇ ਧਾਰਮਿਕ ਆਗੂਆਂ ਨੂੰ ਸੌਂਪੀ ਗਈ ਸੀ।
- ਰਿਪੋਰਟ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 2 ਜੁਲਾਈ ਨੂੰ ਸਿੱਖ ਅਤੇ ਧਾਰਮਿਕ ਆਗੂਆਂ ਨੂੰ ਸੌਂਪੀ ਗਈ ਸੀ।
- ਇਸ ਤੋਂ ਇਲਾਵਾ ਡੀਆਈਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਿੱਚ ਇੱਕ ਐਸਆਈਟੀ ਨੇ ਵੀ ਬੇਅਦਬੀ ਦੀ ਘਟਨਾ ਦੀ ਜਾਂਚ ਕੀਤੀ ਸੀ।
- ਆਈਪੀਐੱਸ ਅਰਪਿਤ ਸ਼ੁਕਲਾ ਦੀ ਅਗਵਾਈ ਵਿੱਚ ਵੀ ਪੰਜਾਬ ਸਰਕਾਰ ਵੱਲੋਂ ਐੱਸਆਈਟੀ ਬਣਾਈ ਗਈ ਸੀ।
- ਇਸ ਐੱਸਆਈਟੀ ਵਿੱਚ ਸਾਬਕਾ ਆਈਜੀ ਅਤੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਵੀ ਕੋਟਕਪੂਰਾ ਗੋਲੀਕਾਂਡ ਦੀ ਜਾਂਚ ਕਰ ਰਹੇ ਸਨ ਜਦੋਂਕਿ ਆਈਜੀ ਅਰੁਣਪਾਲ ਸਿੰਘ ਬਹਿਬਲ ਕਲਾਂ ਘਟਨਾ ਦੀ ਜਾਂਚ ਵਿੱਚ ਸ਼ਾਮਿਲ ਸਨ। ਕੁੰਵਰ ਵਿਜੇ ਪ੍ਰਤਾਪ ਦੀ ਜਾਂਚ ਨੂੰ ਹਾਈ ਕੋਰਟ ਵੱਲੋਂ ਰੱਦ ਕਰਕੇ ਨਵੀਂ ਐੱਸਆਈਟੀ ਦੇ ਗਠਨ ਦੇ ਹੁਕਮ ਪੰਜਾਬ ਸਰਕਾਰ ਨੂੰ ਦਿੱਤੇ ਗਏ ਸਨ।
- ਬੇਅਦਬੀ ਦੇ ਮਾਮਲਿਆਂ ਦੀ ਜਾਂਚ ਦੀ ਜ਼ਿੰਮੇਵਾਰੀ ਸੀਬੀਆਈ ਨੂੰ ਵੀ ਸੌਂਪੀ ਗਈ ਸੀ ਪਰ ਜ਼ਿਕਰਯੋਗ ਹੈ ਕਿ ਬਹਿਬਲ ਕਲਾਂ ਨਾਲ ਜੁੜੀ ਜਾਂਚ ਦੀ ਜ਼ਿੰਮੇਵਾਰੀ ਸੀਬੀਆਈ ਕੋਲ ਕਦੇ ਨਹੀਂ ਗਈ।
- ਇਸ ਤੋਂ ਇਲਾਵਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਅਤੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਨੇ ਵੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਰਿਪੋਰਟ ਸੂਬਾ ਸਰਕਾਰਾਂ ਨੂੰ ਸੌਂਪੀਆਂ ਸਨ।

### ਬੇਅਦਬੀ ਦਾ ਮੁੱਦਾ ਪੰਜਾਬ ਵਿਧਾਨ ਸਭਾ ਵਿੱਚ ਕਿੰਨਾ ਅਹਿਮ ਰਿਹਾ ਹੈ ?

ਬੇਅਦਬੀ ਦਾ ਮੁੱਦਾ ਪੰਜਾਬ ਵਿਧਾਨ ਸਭਾ ਵਿੱਚ ਵਾਰ-ਵਾਰ ਗੂੰਜਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 5 ਜੁਲਾਈ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ "ਜਦੋਂ ਤੱਕ ਬੇਅਦਬੀ ਦੇ ਦੋਸ਼ੀਆਂ ਨੂੰ ਜੇਲ੍ਹ ਨਹੀਂ ਪਹੁੰਚਾ ਦਿੰਦੇ ਉਹ ਚੈਨ ਨਾਲ ਨਹੀਂ ਬੈਠਣਗੇ।"

ਪਰ ਉਹ ਸਿਖਾਂ ਨੂੰ ਨਿਆਂ ਦੇਣ ਵਿਚ ਨਖਿਧ ਸਾਬਤ ਹੋਏ।

## ਪਾਕਿ ਆਧਾਰਿਤ ਰਿੰਦਾ ਨਾਲ ਸਬੰਧਿਤ ਦੋ ਖਾੜਕੂ ਗ੍ਰਿਫ਼ਤਾਰ

### ✪ ਮੁਲਜ਼ਮਾਂ ਕੋਲੋਂ ਦੋ 32 ਬੋਰ ਪਿਸਤੌਲ ਅਤੇ ਪੰਜ ਰੌਂਦ ਬਰਾਮਦ

ਮੋਹਾਲੀ-ਪੰਜਾਬ ਪੁਲੀਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਪਾਬੰਦੀਸ਼ੁਦਾ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਦੋ ਮੁੱਖ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੇ ਪਾਕਿਸਤਾਨ ਆਧਾਰਿਤ ਖਾੜਕੂ ਹਰਵਿੰਦਰ ਸਿੰਘ ਰਿੰਦਾ ਅਤੇ ਯੂਐੱਸ-ਆਧਾਰਿਤ ਗੈਂਗਸਟਰ ਹੈਪੀ ਪੱਸੀਆਂ ਨਾਲ ਸਿੱਧੇ ਸਬੰਧ ਹਨ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ, ਜਗਦੀਸ਼ ਸਿੰਘ ਉਰਫ਼ ਜੱਗਾ ਅਤੇ ਸ਼ੁਭਦੀਪ ਸਿੰਘ ਔਲਖ ਉਰਫ਼ ਸ਼ੁਭ ਨੂੰ ਇੱਕ ਵੱਡੇ ਖਾੜਕੂ ਆਪ੍ਰੇਸ਼ਨ ਦੇ ਹਿੱਸੇ ਵਜੋਂ ਪੰਜਾਬ ਵਿੱਚ ਮਿਥ ਕੇ ਕਤਲ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਡੀਜੀਪੀ ਗੌਰਵ ਯਾਦਵ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, "ਇੱਕ ਖੁਫੀਆ ਜਾਣਕਾਰੀ 'ਤੇ ਆਧਾਰਿਤ ਕਾਰਵਾਈ ਦੌਰਾਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਮੁਹਾਲੀ ਨੇ ਬੱਬਰ ਖਾਲਸਾ ਦੇ ਦੋ ਮੁੱਖ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਸਿੱਧੇ ਤੌਰ 'ਤੇ ਪਾਕਿਸਤਾਨ-ਖਾੜਕੂ ਹਰਵਿੰਦਰ ਸਿੰਘ ਰਿੰਦਾ ਅਤੇ ਅਮਰੀਕਾ-ਆਧਾਰਿਤ ਹੈਪੀ ਪੱਸੀਆਂ ਨਾਲ ਜੁੜੇ ਹੋਏ ਹਨ ਅਤੇ ਇਹ ਸਰਹੱਦ ਪਾਰਲੇ ਖਾੜਕੂ ਨੈੱਟਵਰਕਾਂ ਲਈ ਇੱਕ ਵੱਡਾ ਝਟਕਾ ਹੈ।" ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਸ਼ੁਰੂਆਤੀ ਪੁੱਛ ਪੜਤਾਲ ਦੌਰਾਨ ਖੁਲਾਸਾ ਕੀਤਾ ਕਿ ਉਨ੍ਹਾਂ ਰਿੰਦਾ ਦੇ ਨਿਰਦੇਸ਼ਾਂ 'ਤੇ ਇਸ ਮਹੀਨੇ 10 ਫਰਵਰੀ ਨੂੰ ਮਹਾਰਾਸ਼ਟਰ ਦੇ ਨਾਂਦੇੜ ਵਿੱਚ ਇੱਕ ਕਤਲ ਕੀਤਾ ਅਤੇ ਇੱਕ ਹੋਰ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਡੀਜੀਪੀ ਨੇ ਕਿਹਾ, "ਉਨ੍ਹਾਂ ਨੂੰ ਇੱਕ ਵੱਡੇ ਤਾਲਮੇਲ ਵਾਲੇ ਅਤਿਵਾਦੀ ਆਪ੍ਰੇਸ਼ਨ ਦੇ ਹਿੱਸੇ ਵਜੋਂ ਪੰਜਾਬ ਵਿੱਚ ਮਿਥ ਕੇ ਕਤਲ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਸਨ।"

ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਕੋਲੋਂ ਦੋ 32 ਬੋਰ ਪਿਸਤੌਲ ਅਤੇ ਪੰਜ ਰੌਂਦ ਬਰਾਮਦ ਕੀਤੇ ਗਏ ਹਨ ਅਤੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਜਾਂਚ ਜਾਰੀ ਹੈ। ਪੁਲੀਸ ਨੇ ਕਿਹਾ ਕਿ ਮੁਲਜ਼ਮ ਜਗਦੀਸ਼ ਅਤੇ ਸ਼ੁਭਦੀਪ ਦੋਵੇਂ ਸੂਬੇ ਦੇ ਤਰਨਤਾਰਨ ਜ਼ਿਲ੍ਹੇ ਤੋਂ ਹਨ।

## ਹਥਿਆਰ ਬਰਾਮਦ ਕਰਵਾਉਣ ਲਈ ਲਿਆਂਦੇ ਗੈਂਗਸਟਰ ਤੇ ਪੁਲੀਸ ਵਿੱਚ ਮੁਕਾਬਲਾ

### ✪ ਸੰਗਰੂਰ ਪੁਲੀਸ ਵੱਲੋਂ ਲੱਤ ਵਿਚ ਗੋਲੀ ਮਾਰਕੇ ਗੈਂਗਸਟਰ ਨੂੰ ਕੀਤਾ ਜ਼ਖ਼ਮੀ

ਭਵਾਨੀਗੜ੍ਹ-ਇੱਥੋਂ ਨੇੜਲੇ ਪਿੰਡ ਨਦਾਮਪੁਰ ਤੋਂ ਪਿੰਡ ਝੁੰਮਣਵਾਲ ਨੂੰ ਜਾਣ ਵਾਲੀ ਵਾਲੀ ਨਹਿਰ ਦੀ ਪੱਕੀ ਪਟੜੀ ਨੇੜੇ ਬੀਤੇ ਦਿਨੀਂ ਪੁਲੀਸ ਵੱਲੋਂ ਅਸਲੇ ਦੀ ਰਿਕਵਰੀ ਲਈ ਲਿਆਂਦੇ ਗੈਂਗਸਟਰ ਅਤੇ ਪੁਲੀਸ ਵਿਚਕਾਰ ਮੁਕਾਬਲਾ ਹੋ ਗਿਆ। ਇਸ ਮੁਕਾਬਲੇ ਦੌਰਾਨ ਗੈਂਗਸਟਰ ਲੱਤ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ। ਸੰਗਰੂਰ ਦੇ ਐੱਸਪੀ ਪਲਵਿੰਦਰ ਸਿੰਘ ਚੀਮਾ ਨੇ ਦੱਸਿਆ ਕਿ ਸੀਆਈਏ ਸਟਾਫ਼ ਦੇ ਇੰਚਾਰਜ ਸੰਦੀਪ ਸਿੰਘ ਦੀ ਅਗਵਾਈ ਹੇਠ ਪੁਲੀਸ ਵੱਲੋਂ ਗੈਂਗਸਟਰ ਮਨਿੰਦਰ ਸਿੰਘ ਮੁਹਾਲੀ ਨੂੰ ਅਸਲੇ ਦੀ ਰਿਕਵਰੀ ਲਈ ਪਿੰਡ ਨਾਦਮਪੁਰ ਤੋਂ ਪਿੰਡ ਝੁੰਮਣਵਾਲ ਨੂੰ ਜਾਣ ਵਾਲੀ ਨਹਿਰ ਦੀ ਪਟੜੀ ਵਾਲੀ ਸੜਕ 'ਤੇ ਲਿਆਂਦਾ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪੁਲੀਸ ਪਾਰਟੀ ਜਦੋਂ ਮਨਿੰਦਰ ਸਿੰਘ ਮੁਹਾਲੀ ਨੂੰ ਇੱਥੇ ਲੈ ਕੇ ਆਈ ਤਾਂ ਉਸ ਨੇ ਤੁਰੰਤ ਇੱਥੇ ਖਤਾਨਾਂ ਵਿੱਚ ਪਹਿਲਾਂ ਤੋਂ ਲੁਕਾ ਕੇ ਰੱਖੀ ਇਕ ਲੋਡਿਡ ਵਿਦੇਸ਼ੀ ਪਿਸਤੌਲ ਨਾਲ ਪੁਲੀਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ। ਹਾਲਾਂਕਿ ਮੁਸਤੈਦ ਪੁਲੀਸ ਮੁਲਾਜ਼ਮਾਂ ਨੇ ਆਪਣਾ ਬਚਾਅ ਕਰਨ ਦੇ ਨਾਲ-ਨਾਲ ਜਵਾਬੀ ਫਾਇਰਿੰਗ ਕਰਦਿਆਂ ਗੈਂਗਸਟਰ ਨੂੰ ਲੱਤ ਵਿਚ ਗੋਲੀ ਮਾਰ ਕੇ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਗੈਂਗਸਟਰ ਵੱਲੋਂ ਪੁਲੀਸ ਪਾਰਟੀ 'ਤੇ ਕੀਤੀ ਗਈ ਫਾਇਰਿੰਗ ਵਿਚ ਇਕ ਗੋਲੀ ਇਕ ਪੁਲੀਸ ਮੁਲਾਜ਼ਮ ਦੀ ਪੱਗ ਨੂੰ ਛੂੰਹਦੀ ਹੋਈ ਲੰਘੀ ਅਤੇ ਇਕ ਪੁਲੀਸ ਦੀ ਗੱਡੀ ਉੱਪਰ ਲੱਗੀ। ਜ਼ਖ਼ਮੀ ਗੈਂਗਸਟਰ ਨੂੰ ਇਲਾਜ ਲਈ ਸੰਗਰੂਰ ਹਸਪਤਾਲ ਭੇਜਿਆ ਗਿਆ ਹੈ।

ਐੱਸਪੀ ਪਲਵਿੰਦਰ ਸਿੰਘ ਚੀਮਾ ਨੇ ਦੱਸਿਆ ਕਿ ਬੀਤੇ ਦਿਨੀਂ ਕੁਝ ਵਿਅਕਤੀਆਂ ਨੂੰ ਗ੍ਰਿਫ਼ਤਾਰ ਸੀ, ਜਿਨ੍ਹਾਂ ਦੇ ਕਬਜ਼ੇ 'ਚੋਂ ਪੁਲੀਸ ਨੂੰ ਵਿਦੇਸ਼ੀ ਪਿਸਤੌਲ ਬਰਾਮਦ ਹੋਏ ਸਨ। ਇਨ੍ਹਾਂ ਤੋਂ ਕੀਤੀ ਪੁੱਛ-ਗਿੱਛ ਦੌਰਾਨ ਪਤਾ ਲੱਗਾ ਕਿ ਸਾਰੇ ਜੇਲ੍ਹ 'ਚ ਬੈਠੇ ਇਕ ਗੈਂਗਸਟਰ ਦੇ ਸੰਪਰਕ ਵਿਚ ਹਨ, ਜੋ ਇਨ੍ਹਾਂ ਨੂੰ ਟਾਰਗੈੱਟ ਕਿਲਿੰਗ ਕਰਨ ਲਈ ਨਿਰਦੇਸ਼ ਦਿੰਦਾ ਹੈ।

# ਵਿਆਹ ਸਮਾਗਮ ਵਿਚ ਗੋਲ਼ੀ ਚੱਲਣ ਕਾਰਣ ਮਹਿਲਾ ਸਰਪੰਚ ਦੇ ਪਤੀ ਦੀ ਹੋਈ ਮੌਤ

## ✪ ਮ੍ਰਿਤਕ ਦੇ ਬਚੇ ਨੇ ਭੇਦ ਖੋਲੇ ਕਿ ਮੌਤ ਹਾਰਟ ਅਟੈਕ ਨਾਲ ਨਹੀਂ ਗੋਲੀ ਚਲਾਉਣ ਨਾਲ ਹੋਈ, ਦੋਸ਼ੀ ਫਰਾਰ

ਫਿਲੌਰ-ਫਿਲੌਰ ਦੇ ਇਕ ਨੇੜਲੇ ਪਿੰਡ ਦੇ ਅਮੀਰ ਘਰਾਣੇ ਦੇ ਘਰ ਚੱਲ ਰਹੇ ਵਿਆਹ ਸਮਾਗਮ 'ਚ ਭੰਗੜਾ ਪਾਉਂਦੇ ਹੋਏ ਗੋਲ਼ੀ ਚੱਲਣ ਮਗਰੋਂ ਮਹਿਲਾ ਸਰਪੰਚ ਦੇ ਪਤੀ ਦੀ ਹੋਈ ਮੌਤ ਦੇ ਮਾਮਲੇ 'ਚ ਵੱਡਾ ਖ਼ੁਲਾਸਾ ਹੋਇਆ ਹੈ। ਸੂਚਨਾ ਮੁਤਾਬਕ ਨੇੜਲੇ ਪਿੰਡ ਚੱਕ ਦੇਸ ਰਾਜ ਦੇ ਰਹਿਣ ਵਾਲੇ ਇਕ ਅਮੀਰ ਘਰਾਣੇ ਵਿਚ ਵਿਆਹ ਸਮਾਗਮ ਚੱਲ ਰਿਹਾ ਸੀ। 5 ਦਿਨ ਪਹਿਲਾਂ 17 ਫਰਵਰੀ ਦੀ ਸ਼ਾਮ ਨੂੰ ਉਨ੍ਹਾਂ ਨੇ ਜਾਗੋ ਦਾ ਪ੍ਰੋਗਰਾਮ ਰੱਖਿਆ ਸੀ, ਜਿਸ ਵਿਚ ਰਿਸ਼ਤੇਦਾਰਾਂ ਤੋਂ ਇਲਾਵਾ ਪਿੰਡ ਦੀ ਮਹਿਲਾ ਸਰਪੰਚ ਦਾ ਪਤੀ ਪਰਮਜੀਤ ਪੰਮਾ ਆਪਣੇ ਪੂਰੇ ਪਰਿਵਾਰ ਨਾਲ ਮੌਜੂਦ ਹੋ ਕੇ ਖ਼ੁਸ਼ੀ ਵਿਚ ਭੰਗੜਾ ਪਾ ਰਿਹਾ ਸੀ।

ਉਸੇ ਪ੍ਰੋਗਰਾਮ 'ਚ ਹਿੱਸਾ ਲੈਣ ਆਇਆ ਨੇੜਲੇ ਬੜਾ ਪਿੰਡ ਦਾ ਇਕ ਨੌਜਵਾਨ ਜੋ ਰਿਟਾਇਰਡ ਸਰਕਾਰੀ ਅਧਿਕਾਰੀ ਦਾ ਬੇਟਾ ਜੋ ਵਿਦੇਸ਼ ਤੋਂ ਆਇਆ ਦੱਸਿਆ ਜਾ ਰਿਹਾ ਹੈ, ਹਵਾ ਵਿਚ ਗੋਲ਼ੀਆਂ ਚਲਾ ਰਿਹਾ ਸੀ। ਵੀਡੀਓ ਤੋਂ ਸਾਫ਼ ਪਤਾ ਲੱਗ ਰਿਹਾ ਹੈ ਕਿ ਜਿਉਂ ਹੀ ਗੋਲ਼ੀ ਚਲਾਉਣ ਵਾਲੇ ਨੌਜਵਾਨ ਨੇ ਆਪਣਾ ਹੱਥ ਥੱਲੇ ਕੀਤਾ ਤਾਂ ਉਸ ਦੇ ਹੱਥੋਂ ਇਕ ਗੋਲ਼ੀ ਚਲਦੀ ਹੈ, ਜੋ ਸਿੱਧੀ ਉਸ ਦੇ ਸਾਹਮਣੇ ਭੰਗੜਾ ਪਾ ਰਹੇ ਪਰਮਜੀਤ ਪੰਮਾ ਦੇ ਦਿਲ ਵਿਚ ਲਗਦੀ ਹੈ। ਜਿਉਂ ਹੀ ਉਹ ਜ਼ਮੀਨ 'ਤੇ ਡਿੱਗਦਾ ਹੈ ਤਾਂ ਉਸ ਦੇ ਨਾਲ ਭੰਗੜਾ ਪਾ ਰਹੇ ਲੋਕ ਉਸ ਨੂੰ ਸੰਭਾਲਣ ਦਾ ਯਤਨ ਕਰਦੇ ਹਨ ਤਾਂ ਪਰਮਜੀਤ ਮਰਨ ਤੋਂ ਪਹਿਲਾਂ ਸਾਰਿਆਂ ਨੂੰ ਇਸ਼ਾਰਾ ਕਰ ਰਿਹਾ ਹੈ ਕਿ ਇਸ ਕਾਤਲ ਨੇ ਉਸ ਨੂੰ ਗੋਲ਼ੀ ਮਾਰੀ ਹੈ, ਜਿਸ ਦੇ ਹੱਥ ਵਿਚ ਰਿਵਾਲਵਰ ਫੜੀ ਹੋਈ ਵਿਖਾਈ ਦੇ ਰਹੀ ਹੈ।



**ਮੌਤ ਤੋਂ ਇਕ ਘੰਟੇ ਬਾਅਦ ਹੀ ਪਰਮਜੀਤ ਦੇ ਕਤਲ ਦਾ ਪੂਰਾ ਸੀਨ ਹਾਰਟ ਅਟੈਕ 'ਚ ਕਰ ਦਿੱਤਾ ਤਬਦੀਲ**

ਗੋਲ਼ੀ ਲੱਗਣ ਤੋਂ ਬਾਅਦ ਘਟਨਾ ਸਥਾਨ 'ਤੇ ਹੀ ਪਰਮਜੀਤ ਦੀ ਮੌਤ ਹੋ ਗਈ। ਪਰਮਜੀਤ ਦੀ ਮੌਤ ਤੋਂ ਤੁਰੰਤ ਬਾਅਦ ਕਾਤਲ ਨੂੰ ਬਚਾਉਣ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ। ਸੂਤਰਾਂ ਮੁਤਾਬਕ ਘਟਨਾ ਤੋਂ ਬਾਅਦ ਮ੍ਰਿਤਕ ਦੀ ਪਤਨੀ ਜੋ ਮੌਜੂਦ ਪਿੰਡ ਦੀ ਮਹਿਲਾ ਸਰਪੰਚ ਹੈ, ਉਸ ਨੂੰ ਅਤੇ ਉਸ ਦੇ ਬੱਚਿਆਂ ਨੂੰ ਘਰ ਦੇ ਅੰਦਰ ਲੈ ਗਏ। ਬੈਂਡ ਵਾਜੇ ਅਤੇ ਡੀ. ਜੇ. ਸਾਰੇ ਬੰਦ ਹੋ ਗਏ ਅਤੇ ਇਹ ਅਫ਼ਵਾਹ ਫੈਲਾ ਦਿੱਤੀ ਗਈ ਕਿ ਪਰਮਜੀਤ ਦੀ ਭੰਗੜਾ ਪਾਉਂਦੇ ਦੀ ਹਾਰਟ ਅਟੈਕ ਕਾਰਨ ਮੌਤ ਹੋ ਗਈ।

ਸੂਤਰਾਂ ਮੁਤਾਬਕ ਸਮਾਗਮ ਪਿੰਡ ਦੇ ਸਭ ਤੋਂ ਅਮੀਰ ਘਰਾਣੇ 'ਚ ਸੀ ਤਾਂ ਮੋਟਾ ਲੈਣ-ਦੇਣ ਕਰਕੇ ਸਵੇਰੇ ਕਤਲ ਨੂੰ ਹਾਰਟ ਅਟੈਕ 'ਚ ਬਦਲ ਕੇ ਉਸ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ। ਸਭ ਤੋਂ ਹੈਰਾਨੀ ਦੀ ਗੱਲ ਹੈ ਕਿ ਪੂਰੇ ਘਟਨਾਚੱਕਰ ਵਿਚ ਪੁਲਸ ਵੀ ਮੂਕ ਦਰਸ਼ਕ ਬਣੀ ਰਹੀ।

ਘਟਨਾ ਤੋਂ 3 ਦਿਨ ਬਾਅਦ ਮ੍ਰਿਤਕ ਦਾ 11 ਸਾਲ ਦਾ ਮਾਸੂਮ ਬੇਟਾ ਜੋ ਸਮਾਗਮ ਵਿਚ ਮੌਜੂਦ ਸੀ ਅਤੇ ਚਸ਼ਮਦੀਦ ਸੀ, ਜਦੋਂ ਉਹ ਸਕੂਲ ਗਿਆ ਤਾਂ ਉਥੇ ਪੁੱਛਣ 'ਤੇ ਆਪਣੇ ਸਾਥੀ ਬੱਚਿਆਂ ਨੂੰ ਬੋਲਦਾ ਰਿਹਾ ਕਿ ਉਹ ਇਕ ਵਿਆਹ ਵਿਚ ਗਏ ਸਨ, ਉਥੇ ਉਸ ਦੇ ਪਿਤਾ ਨੂੰ ਕਿਸੇ ਨੇ ਗੋਲ਼ੀ ਮਾਰ ਦਿੱਤੀ। ਬੱਚੇ ਵੱਲੋਂ ਦਿੱਤੀ ਜਾਣਕਾਰੀ 'ਤੇ ਕੋਈ ਵੀ ਯਕੀਨ ਕਰਨ ਲਈ ਤਿਆਰ ਨਹੀਂ ਸੀ। ਬੀਤੇ ਦਿਨੀਂ ਜਿਉਂ ਹੀ ਘਟਨਾ ਦੀ ਪੂਰੀ ਵੀਡੀਓ ਕਿਸੇ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀ ਤਾਂ ਪਰਮਜੀਤ ਦੇ ਮਾਸੂਮ ਬੱਚੇ ਦੀ ਕਹੀ ਗਈ ਗੱਲ 'ਤੇ ਹਰ ਕਿਸੇ ਪਿੰਡ ਵਾਸੀ ਨੂੰ ਯਕੀਨ ਹੋ ਗਿਆ। ਵੀਡੀਓ ਵੇਖਣ ਤੋਂ ਬਾਅਦ ਸਾਰੇ ਪਿੰਡ ਵਾਸੀ ਆਪਣੇ ਘਰਾਂ ਤੋਂ ਬਾਹਰ ਨਿਕਲ ਆਏ। ਪੂਰਾ ਦਿਨ ਉਨ੍ਹਾਂ ਨੇ ਜਲੰਧਰ ਦਿਹਾਤੀ ਪੁਲਸ ਖ਼ਿਲਾਫ਼ ਮ੍ਰਿਤਕ ਨੂੰ ਇਨਸਾਫ਼ ਦਿਵਾਉਣ ਲਈ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਰਾਤ ਦੌਰਾਨ ਉਨ੍ਹਾਂ ਨੇ ਪਿੰਡ ਵਿਚ ਇਕ ਕੈਂਡਲ ਮਾਰਚ ਵੀ ਕੱਢਿਆ। ਹੈਰਾਨੀ ਦੀ ਗੱਲ ਹੈ ਕਿ ਮ੍ਰਿਤਕ ਦੀ ਪਤਨੀ ਜੋ ਪਹਿਲਾਂ ਆਪਣੇ ਪਤੀ ਦੀ ਮੌਤ ਨੂੰ ਹਾਰਟ ਅਟੈਕ ਦੱਸ ਰਹੀ ਸੀ, ਕੈਂਡਲ ਮਾਰਚ 'ਚ ਸ਼ਾਮਲ ਹੋ ਕੇ ਇਨਸਾਫ਼ ਲੈਣ ਦੀ ਮੰਗ ਕਰਨ ਲੱਗ ਪਈ।

ਇਸ ਸਬੰਧੀ ਜਦੋਂ ਚੌਕੀ ਇੰਚਾਰਜ ਸੁਭਾਸ਼ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਦੱਸਿਆ ਕਿ ਹੁਣ ਤੱਕ ਕੀਤੀ ਪੁੱਛਗਿੱਛ 'ਚ ਉਨ੍ਹਾਂ ਨੂੰ ਜੋ ਪਤਾ ਲੱਗਾ ਹੈ ਮ੍ਰਿਤਕ ਦੀ ਮੌਤ ਹਾਰਟ ਅਟੈਕ ਕਾਰਨ ਹੋਈ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਉਨ੍ਹਾਂ ਨੇ ਘਟਨਾ ਦੀ ਪੂਰੀ ਵੀਡੀਓ ਦੇਖੀ ਹੈ, ਜਿਸ ਵਿਚ ਮ੍ਰਿਤਕ ਨੂੰ ਇਕ ਨੌਜਵਾਨ ਹਵਾ 'ਚ ਗੋਲੀਆਂ ਚਲਾਉਂਦਾ ਹੋਇਆ ਗੋਲੀ ਮਾਰ ਰਿਹਾ ਹੈ ਤਾਂ ਫਿਰ ਮ੍ਰਿਤਕ ਹਾਰਟ ਅਟੈਕ ਨਾਲ ਕਿਵੇਂ ਮਰ ਸਕਦਾ ਹੈ, ਤਾਂ ਉਨ੍ਹਾਂ ਦੱਸਿਆ ਕਿ ਅਜਿਹੀ ਉਨ੍ਹਾਂ ਕੋਲ ਕੋਈ ਸ਼ਿਕਾਇਤ ਆਈ ਹੀ ਨਹੀਂ। ਜਦੋਂ ਉਨ੍ਹਾਂ ਨੂੰ ਘਟਨਾ ਦੀ ਵੀਡੀਓ ਵਿਖਾਈ ਤਾਂ ਉਨ੍ਹਾਂ ਦੱਸਿਆ ਕਿ ਉਹ ਹੁਣ ਇਸ ਦੀ ਜਾਂਚ ਕਰਨਗੇ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਗੋਲ਼ੀ ਚਲਾਉਣ ਵਾਲਾ ਨੌਜਵਾਨ ਜੋ ਨੇੜੇ ਦੇ ਪਿੰਡ ਬੜਾ ਪਿੰਡ ਦਾ ਹੈ, ਉਹ ਘਟਨਾ ਤੋਂ ਬਾਅਦ ਅੰਡਰਗਰਾਊਂਡ ਹੋ ਗਿਆ ਹੈ। ਕੁਝ ਇਹ ਵੀ ਦੱਸ ਰਹੇ ਹਨ ਕਿ ਉਹ ਵਿਦੇਸ਼ ਭੱਜ ਗਿਆ।

# ਪਤੀ ਨੂੰ ਨਸ਼ਾ ਸਪਲਾਈ ਕਰਨ ਵਾਲੀ ਔਰਤ ਫੜੀ



ਲੁਧਿਆਣਾ-ਐਨਡੀਪੀਐਸ ਐਕਟ ਦੇ ਮਾਮਲੇ ਵਿੱਚ ਲੁਧਿਆਣਾ ਕੇਂਦਰੀ ਜੇਲ੍ਹ ਵਿੱਚ ਬੰਦ ਹਵਾਲਾਤੀ ਸਵਰਨਜੀਤ ਸਿੰਘ ਨੂੰ ਮਿਲਣ ਆਈ ਉਸਦੀ ਪਤਨੀ ਦੇ ਕਬਜ਼ੇ ਚੋਂ 0.2 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕੀਤਾ ਗਿਆ। ਇਸ ਮਾਮਲੇ ਵਿੱਚ ਥਾਣਾ ਡਵੀਜ਼ਨ ਨੰਬਰ 7 ਦੀ ਪੁਲਿਸ ਨੇ ਸਹਾਇਕ ਸੁਪਰਡੈਂਟ ਦੀ ਸ਼ਿਕਾਇਤ ਤੇ ਪਿੰਡ ਵੜੈਚ ਮੁੱਲਾਪੁਰ ਦਾਖਾ ਜਗਰਾਉਂ ਦੀ ਰਹਿਣ ਵਾਲੀ ਗੁਰਪ੍ਰੀਤ ਕੌਰ ਦੇ ਖਿਲਾਫ ਮੁਕਦਮਾ ਦਰਜ ਕਰ ਲਿਆ ਹੈ।

# ਮੋਹਾਲੀ ਦੇ ਗਭਰੂ ਦੀ ਡੰਕੀ ਰੂਟ 'ਤੇ ਮੌਤ

## ✪ ਅਮਰੀਕਾ ਜਾਣ ਲਈ ਏਜੰਟ ਨੇ 43 ਲੱਖ ਰੁਪਏ ਠੱਗੇ, 8 ਮਹੀਨੇ ਕੰਬੋਡੀਆ ਵਿੱਚ ਫਸਾਇਆ

ਮੋਹਾਲੀ-ਪੰਜਾਬ ਦੇ ਮੋਹਾਲੀ ਜ਼ਿਲ੍ਹੇ ਦੇ ਇੱਕ ਨੌਜਵਾਨ ਦਾ ਅਮਰੀਕਾ ਜਾਣ ਦਾ ਸੁਪਨਾ ਸੀ। ਹਰਿਆਣਾ ਦੇ ਅੰਬਾਲਾ ਦੇ ਏਜੰਟ ਨੇ ਉਸਨੂੰ ਕੈਨੇਡਾ ਰਾਹੀਂ ਡੌਂਕੀ ਰੂਟ ਰਾਹੀਂ ਅਮਰੀਕਾ ਲਿਜਾਣ ਦਾ ਦਾਅਵਾ ਕੀਤਾ ਸੀ। ਬਦਲੇ ਵਿੱਚ, ਉਸਨੇ ਲਗਭਗ 43.50 ਲੱਖ ਰੁਪਏ ਲਏ, ਪਰ ਉਸਨੂੰ ਪਹਿਲਾਂ ਵੀਅਤਨਾਮ ਅਤੇ ਫਿਰ ਕੰਬੋਡੀਆ ਵਿੱਚ ਅੱਠ ਮਹੀਨਿਆਂ ਤੱਕ ਫਸਾਈ ਰੱਖਿਆ। ਪਰਿਵਾਰਕ ਮੈਂਬਰਾਂ ਅਨੁਸਾਰ ਉੱਥੇ ਉਸਦੀ ਲੱਤ 'ਤੇ ਫੋੜਾ ਹੋ ਗਿਆ ਅਤੇ ਸਹੀ ਇਲਾਜ ਦੀ ਘਾਟ ਕਾਰਨ ਇਨਫੈਕਸ਼ਨ ਵਧ ਗਈ ਅਤੇ ਸ਼ਨੀਵਾਰ ਨੂੰ ਉਸਦੀ ਜਾਨ ਚਲੀ ਗਈ। ਹੁਣ ਪਰਿਵਾਰ ਨੇ ਪੰਜਾਬ ਸਰਕਾਰ ਨੂੰ ਪੁੱਤਰ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਦੀ ਅਪੀਲ ਕੀਤੀ ਹੈ। ਨਾਲ ਹੀ ਦੋਸ਼ੀ ਏਜੰਟ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਡੇਰਾਬੱਸੀ ਦੇ ਪਿੰਡ ਸ਼ੇਖਪੁਰਾ ਕਲਾਂ ਦਾ 24 ਸਾਲਾ ਰਣਦੀਪ ਸਿੰਘ 10ਵੀਂ ਪਾਸ ਸੀ ਅਤੇ ਪਰਿਵਾਰ ਵਿੱਚ ਸਭ ਤੋਂ ਛੋਟਾ ਸੀ। ਉਸਨੇ ਆਪਣੇ ਘਰ ਦੀ ਹਾਲਤ ਸੁਧਾਰਨ ਲਈ ਅਮਰੀਕਾ ਜਾਣ ਬਾਰੇ ਸੋਚਿਆ। ਇਸ ਲਈ ਉਸਨੇ ਹਰਿਆਣਾ ਦੇ ਅੰਬਾਲਾ ਵਿੱਚ ਰਹਿਣ ਵਾਲੇ ਇੱਕ ਰਿਸ਼ਤੇਦਾਰ ਟ੍ਰੈਵਲ ਏਜੰਟ ਨਾਲ ਸੰਪਰਕ ਕੀਤਾ।



ਏਜੰਟ ਨੇ ਪਹਿਲਾਂ 50 ਲੱਖ ਰੁਪਏ ਮੰਗੇ। ਫਿਰ ਏਜੰਟ ਨੇ 43 ਲੱਖ ਰੁਪਏ ਦੀ ਗੱਲ ਕੀਤੀ। ਪਰਿਵਾਰ ਬੇਸ਼ੱਕ ਮਜ਼ਦੂਰੀ ਦਾ ਕੰਮ ਕਰਦਾ ਹੈ। ਪਰ ਕਿਸੇ ਤਰ੍ਹਾਂ ਪੁੱਤਰ ਲਈ ਪੈਸੇ ਦਾ ਪ੍ਰਬੰਧ ਕਰਨ ਵਿੱਚ ਕਾਮਯਾਬ ਹੋ ਗਿਆ, ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਤੋਂ ਪੈਸੇ ਉਧਾਰ ਲਏ। ਉਹ 1 ਜੂਨ, 2024 ਨੂੰ ਅਮਰੀਕਾ ਲਈ ਰਵਾਨਾ ਹੋਣਗੇ ਪਰ ਇਸ ਦੌਰਾਨ ਅਮਰੀਕਾ ਵਿੱਚ ਟਰੰਪ ਦੀ ਸਰਕਾਰ ਸੱਤਾ ਵਿੱਚ ਆ ਗਈ।

ਏਜੰਟ ਨੂੰ ਇਹ ਵੀ ਪਤਾ ਲੱਗਾ ਕਿ ਟਰੰਪ ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲਿਆਂ ਵਿਰੁੱਧ ਕਾਰਵਾਈ ਕਰਨਗੇ। ਸਰਹੱਦ 'ਤੇ ਵੀ ਸਖ਼ਤੀ ਸੀ। ਏਜੰਟ ਨੇ ਉਸਨੂੰ ਉੱਥੇ ਹੀ ਰੋਕ ਲਿਆ। ਉਹ ਨਾ ਤਾਂ ਉਨ੍ਹਾਂ ਨੂੰ ਅੱਗੇ ਭੇਜ ਰਿਹਾ ਸੀ ਅਤੇ ਨਾ ਹੀ ਵਾਪਸ ਭਾਰਤ। ਰਣਦੀਪ ਦੇ ਪਰਿਵਾਰ ਵੱਲੋਂ 20 ਫਰਵਰੀ ਨੂੰ ਪੁਲਿਸ ਕੋਲ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਕਿਹਾ ਗਿਆ ਸੀ ਕਿ ਉਹ ਅੱਠ ਮਹੀਨਿਆਂ ਤੋਂ ਕੰਬੋਡੀਆ ਵਿੱਚ ਫਸਿਆ ਹੋਇਆ ਸੀ। ਏਜੰਟ ਉਸਦਾ ਰਿਸ਼ਤੇਦਾਰ ਹੈ, ਜੋ ਅੰਬਾਲਾ ਦਾ ਰਹਿਣ ਵਾਲਾ ਹੈ। ਇਨ੍ਹਾਂ ਲੋਕਾਂ ਨੂੰ ਭਾਰਤ ਵਾਪਸ ਭੱਜਣ ਤੋਂ ਰੋਕਣ ਲਈ, ਏਜੰਟ ਨੇ ਉਨ੍ਹਾਂ ਦੇ ਪਾਸਪੋਰਟ ਵੀ ਜ਼ਬਤ ਕਰ ਲਏ। ਇਸ ਦੌਰਾਨ ਰਣਦੀਪ ਨਾਲ ਇਹ ਭਾਣਾ ਵਾਪਰ ਗਿਆ।

# ਚੀਨੀ ਵਿਗਿਆਨੀਆਂ ਨੂੰ ਨਵਾਂ ਚਾਮਚੜਿੱਕ ਕੋਰੋਨਾ ਵਾਇਰਸ ਮਿਲਿਆ




ਬੀਜਿੰਗ-ਚੀਨੀ ਵਿਗਿਆਨੀਆਂ ਦੀ ਟੀਮ ਨੇ ਵੀਂ ਕਿਸਮ ਦੇ ਕੋਰੋਨਾ ਵਾਇਰਸ ਦਾ ਪਤਾ ਲਾਇਆ ਹੈ, ਜਿਸ ਦੇ ਤੇਜ਼ੀ ਨਾਲ ਫੈਲਣ ਦਾ ਜੋਖਮ ਹੋ ਸਕਦਾ ਹੈ। ਇਹ ਵਾਇਰਸ ਵੀ ਪਿਛਲੇ ਵਾਇਰਸ 'ਸਾਰਸ-ਸੀ ਓ ਵੀ-2' ਦੀ ਤਰ੍ਹਾਂ ਚਾਮਚੜਿੱਕਾਂ ਵਿੱਚ ਦੇਖਿਆ ਗਿਆ ਹੈ।

2019 ਦੇ ਆਖਰੀ ਮਹੀਨੇ ਚੀਨ ਤੋਂ ਸ਼ੁਰੂ ਹੋਈ ਨੋਵੇਲ ਕੋਰੋਨਾ ਵਾਇਰਸ ਦੀ ਲਾਗ ਨੇ ਕਰੀਬ ਤਿੰਨ ਸਾਲ ਦੁਨੀਆ ਭਰ ਨੂੰ ਬਿਪਤਾ ਪਾਈ ਰੱਖੀ ਸੀ। ਲਾਗ ਦੇ ਮਾਮਲੇ ਫਿਲਹਾਲ ਕਾਫੀ ਕੰਟਰੋਲ ਵਿੱਚ ਹਨ, ਹਾਲਾਂਕਿ ਸਿਹਤ ਮਾਹਿਰ ਕਹਿੰਦੇ ਹਨ ਕਿ ਜਿਸ ਤਰ੍ਹਾਂ ਵਾਇਰਸ ਦੀ ਪ੍ਰਕਿਰਤੀ ਰਹੀ ਹੈ, ਇਸ ਵਿੱਚ ਨਵੇਂ ਮਿਊਟੇਸ਼ਨ ਹੋਣ ਤੇ ਕਿਸੇ ਨਵੇਂ ਵੈਰੀਐਂਟ ਦੇ ਆਉਣ ਦੇ ਖਤਰੇ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਮਸਲਨ ਕੋਵਿਡ-19 ਦੇ ਮਾਮਲੇ ਭਾਵੇਂ ਹੁਣ ਸਾਹਮਣੇ ਨਹੀਂ ਆ ਰਹੇ, ਫਿਰ ਵੀ ਇਸ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਮੰਨਿਆ ਜਾ ਸਕਦਾ।

ਚੀਨੀ ਵਿਗਿਆਨੀਆਂ ਨੇ ਜਿਹੜੇ ਨਵੇਂ ਵਾਇਰਸ ਦਾ ਪਤਾ ਲਾਇਆ ਹੈ, ਉਹ ਵੀ ਪਹਿਲਾਂ ਦੀ ਤਰ੍ਹਾਂ ਲਾਗ ਫੈਲਾਉਣ ਲਈ ਮਨੁੱਖੀ ਰਿਸੈਪਟਰ ਦੀ ਵਰਤੋਂ ਕਰਦਾ ਹੈ। ਮਾਹਰਾਂ ਨੇ ਸੰਭਾਵਤ ਖਤਰੇ ਨੂੰ ਲੈ ਕੇ ਸਭ ਨੂੰ ਅਲਰਟ ਕੀਤਾ ਹੈ। ਚੀਨੀ ਵਿਗਿਆਨੀਆਂ ਮੁਤਾਬਕ ਐੱਚ ਕੇ ਯੂ 5-ਕੋਵ-2 ਨਾਂਅ ਦਾ ਨਵਾਂ ਵਾਇਰਸ ਮਨੁੱਖਾਂ ਵਿੱਚ ਤੇਜ਼ੀ ਨਾਲ ਫੈਲਣ ਤੇ ਗੰਭੀਰ ਰੋਗਾਂ ਦਾ ਖਤਰਾ ਵਧਾਉਣ ਵਾਲਾ ਹੋ ਸਕਦਾ ਹੈ।

ਵਾਇਰਸ ਵਿਗਿਆਨੀ ਸ਼ੀ ਜ਼ੇਂਗਲੀ ਦੀ ਅਗਵਾਈ ਵਾਲੀ ਟੀਮ ਨੇ ਵੂਹਾਨ ਇੰਸਟੀਚਿਊਟ ਆਫ ਵਾਇਰੋਲੋਜੀ ਵਿੱਚ ਨਵੇਂ ਵਾਇਰਸ ਦੀ ਖੋਜ ਕੀਤੀ ਹੈ। ਪਹਿਲਾ ਵਾਇਰਸ ਇਸ ਲੈਬੋਰੇਟਰੀ ਵਿਚੋਂ ਹੀ ਲੀਕ ਹੋਣ ਦੇ ਦੋਸ਼ ਲੱਗੇ ਸਨ। ਜ਼ੇਂਗਲੀ ਨੂੰ ਕੋਰੋਨਾ ਵਾਇਰਸ 'ਤੇ ਕੰਮ ਲਈ 'ਬੈਟਵੂਮੈਨ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਮਾਹਿਰਾਂ ਦੀ ਟੀਮ ਨੇ ਦੱਸਿਆ ਕਿ ਨਵਾਂ ਵਾਇਰਸ ਮੈਰਬੇਕੋਵਾਇਰਸ ਸਬ ਜੀਨਜ਼ ਨਾਲ ਸੰਬੰਧਤ ਹੈ। ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ (ਮਰਸ) ਨੂੰ ਵੀ ਇਸੇ ਨਾਲ ਸੰਬੰਧਤ ਮੰਨਿਆ ਜਾਂਦਾ ਰਿਹਾ ਹੈ। ਇਸ ਨਵੇਂ ਵਾਇਰਸ ਦੀ ਪ੍ਰਕਿਰਤੀ ਨੂੰ ਲੈ ਕੇ ਰਸਾਲੇ 'ਸੇਲ' ਵਿੱਚ ਪ੍ਰਕਾਸ਼ਤ ਇੱਕ ਪੇਪਰ 'ਚ ਵਿਗਿਆਨੀਆਂ ਨੇ ਲਿਖਿਆ ਹੈ ਕਿ 'ਬੈਟ ਮੈਰਬੇਕੋਵਾਇਰਸ (ਐੱਚ ਕੇ ਯੂ 5-ਕੋਵ-2), ਜਿਹੜਾ ਜੈਨੇਟਿਕ ਤੌਰ 'ਤੇ ਮਰਸ-ਕੋਵ ਨਾਲ ਸੰਬੰਧਤ ਹੈ, ਮਨੁੱਖਾਂ ਵਿੱਚ ਫੈਲਣ ਦਾ ਉੱਚ ਜੋਖਮ ਪੈਦਾ ਕਰਦਾ ਹੈ। ਵਾਇਰਸ ਦੀ ਸੰਰਚਨਾ ਤੇ ਸਮਰਥਾਵਾਂ ਦੇ ਵਿਸ਼ਲੇਸ਼ਣ ਤੋਂ ਸੰਕੇਤ ਮਿਲਦਾ ਹੈ ਕਿ ਇਹ ਸਾਹ ਤੰਤਰ ਤੇ ਛੋਟੀ ਅੰਤੜੀ ਵਿੱਚ ਸੰਕਰਮਣ ਵਧਾਉਣ ਵਾਲਾ ਹੋ ਸਕਦਾ ਹੈ। ਅਧਿਐਨ ਕਰਤਿਆਂ ਨੇ ਕਿਹਾ ਹੈ ਕਿ ਇਹ ਜ਼ਰੂਰ ਇੱਕ ਕਿਸਮ ਦਾ ਨਵਾਂ ਕੋਰੋਨਾ ਵਾਇਰਸ ਹੈ, ਪਰ ਇਨਸਾਨਾਂ ਵਿੱਚ ਇਸ ਦੇ ਫੈਲਣ ਦੇ ਜੋਖਮਾਂ ਨੂੰ ਵਧਾ-ਚੜ੍ਹਾ ਕੇ ਨਹੀਂ ਦੱਸਿਆ ਜਾਣਾ ਚਾਹੀਦਾ। ਮੁੱਢਲੀ ਖੋਜ ਤੋਂ ਪਤਾ ਚਲਦਾ ਹੈ ਕਿ ਭਲੇ ਹੀ ਇਹ ਹਿਊਮਨ ਰਿਸੈਪਟਰ ਏ ਸੀ ਈ-2 ਨਾਲ ਬੱਝਾ ਹੋ ਸਕਦਾ ਹੈ, ਪਰ ਸਾਰਸ-ਕੋਵ-2 ਦੀ ਤੁਲਨਾ 'ਚ ਕਮਜ਼ੋਰ ਹੈ। ਫਿਲਹਾਲ ਇਸ ਦੀ ਪ੍ਰਕਿਰਤੀ ਨੂੰ ਵਿਸਥਾਰ ਵਿੱਚ ਸਮਝਿਆ ਜਾਣਾ ਅਜੇ ਬਾਕੀ ਹੈ, ਇਸ ਲਈ ਸ਼ੁਰੂਆਤੀ ਸਥਿਤੀਆਂ ਤੋਂ ਭਵਿੱਖ ਦੇ ਖਤਰੇ ਨੂੰ ਲੈ ਕੇ ਬਹੁਤ ਜ਼ਿਆਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ।

ਮਿਨੇਸੋਟਾ ਯੂਨੀਵਰਸਿਟੀ ਦੇ ਲਾਗ ਰੋਗ ਮਾਹਿਰ ਡਾ. ਮਾਈਕਲ ਓਸਟਰਹੋਮ ਦਾ ਕਹਿਣਾ ਹੈ ਕਿ ਅਜਿਹਾ ਕਹਿਣਾ ਅਜੇ ਅਸੰਭਵ ਹੋਵੇਗਾ। ਜਦੋਂ 2019 ਵਿੱਚ ਕੋਰੋਨਾ ਵਾਇਰਸ ਫੈਲਿਆ ਸੀ, ਉਸ ਦੀ ਤੁਲਨਾ ਵਿੱਚ ਲੋਕ ਹੁਣ ਸਾਰਸ ਤੇ ਮਰਸ ਵਾਇਰਸ ਦੇ ਟਾਕਰੇ ਲਈ ਕਾਫੀ ਤਕੜੇ ਹੋ ਚੁੱਕੇ ਹਨ। ਨਵੇਂ ਵਾਇਰਸ ਨਾਲ ਮਹਾਂਮਾਰੀ ਦਾ ਖਦਸ਼ਾ ਫਿਲਹਾਲ ਨਹੀਂ ਹੈ। ਹਾਲਾਂਕਿ ਵਾਇਰਸ ਕਿੰਨਾ ਖਤਰਨਾਕ ਹੋ ਸਕਦਾ ਹੈ, ਇਸ ਨੂੰ ਸਮਝਿਆ ਜਾਣਾ ਅਜੇ ਬਾਕੀ ਹੈ।

## ਗੈਂਗਸਟਰ ਦੀਆਂ ਫੋਨ ਕਾਲਾਂ 'ਤੇ ਫਿਰੌਤੀ ਲੈਣ ਦੇ ਮਾਮਲੇ ਵਿੱਚ ਥਾਣੇਦਾਰ ਸਣੇ ਦੋ ਬੰਦੇ ਕਾਬੂ

**O ਪੁਲੀਸ ਵਲੋਂ ਦੋਸ਼ੀਆਂ ਤੋਂ 83 ਲੱਖ ਰੁਪਏ ਨਕਦ, ਗੈਰਕਾਨੂੰਨੀ ਹਥਿਆਰ ਤੇ ਵਾਹਨ ਬਰਾਮਦ**

ਬਟਾਲਾ-ਬਟਾਲਾ ਪੁਲੀਸ ਨੇ ਇੱਕ ਵਿਦੇਸ਼ੀ ਗੈਂਗਸਟਰ ਵੱਲੋਂ ਫੋਨ ਕਾਲਾਂ 'ਤੇ ਧਮਕੀਆਂ ਦੇ ਕੇ ਫਿਰੌਤੀ ਲੈਣ ਦੇ ਮਾਮਲੇ ਵਿੱਚ ਥਾਣਾ ਸਦਰ ਬਟਾਲਾ ਵਿਚ ਤਾਇਨਾਤ ਥਾਣੇਦਾਰ ਸਣੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ 83 ਲੱਖ ਰੁਪਏ ਨਕਦ ਅਤੇ ਪਿਸਤੌਲ ਵੀ ਬਰਾਮਦ ਕੀਤਾ ਹੈ।



ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਮਰੀਕਾ ਰਹਿੰਦੇ ਗੈਂਗਸਟਰ ਗੁਰਦੇਵ ਜੱਸਲ ਵੱਲੋਂ ਚਲਾਏ ਜਾ ਰਹੇ ਫਿਰੌਤੀ ਲੈਣ ਵਾਲੇ ਗਰੋਹ ਦਾ ਪਰਦਾਫਾਸ਼ ਕਰਕੇ ਇੱਕ ਥਾਣੇਦਾਰ ਅਤੇ ਇੱਕ ਹੋਰ ਵਿਅਕਤੀ ਨੂੰ ਕਾਬੂ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਲੰਘੀ 4 ਫਰਵਰੀ ਨੂੰ ਗੁਰਦੇਵ ਸਿੰਘ ਜੱਸਲ ਦੇ ਗੁਰਗਿਆਂ ਨੇ ਕਲਾਨੌਰ ਵਿਖੇ ਇੱਕ ਪੈਟਰੋਲ ਪੰਪ 'ਤੇ ਗੋਲੀਆਂ ਚਲਾਈਆਂ ਸਨ ਅਤੇ ਫੋਨ ਕਰਕੇ ਇਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ। ਇਸ ਮਗਰੋਂ 11 ਫਰਵਰੀ ਨੂੰ ਉਕਤ ਕਾਰੋਬਾਰੀ ਨੇ 50 ਲੱਖ ਰੁਪਏ ਦੀ ਰਕਮ ਫਿਰੌਤੀ ਵਜੋਂ ਦੇ ਵੀ ਦਿੱਤੀ ਸੀ ਬਟਾਲਾ ਪੁਲੀਸ ਵੱਲੋਂ ਤਕਨੀਕੀ ਅਧਾਰ 'ਤੇ ਕੀਤੀ ਗਈ ਜਾਂਚ ਦੌਰਾਨ ਥਾਣਾ ਸਦਰ ਬਟਾਲਾ ਦੀ ਚੌਕੀ ਸ਼ੇਖੂਪੁਰ 'ਚ ਤਾਇਨਾਤ ਏਐਸਆਈ ਸੁਰਜੀਤ ਸਿੰਘ ਦੀ ਸ਼ਮੂਲੀਅਤ ਸਾਹਮਣੇ ਆਈ ਜਿਸ ਤੋਂ ਬਾਅਦ ਉਸ ਨੂੰ ਅਤੇ ਅੰਕੁਸ਼ ਮੈਨੀ ਨਾਂ ਦੇ ਇੱਕ ਵਿਅਕਤੀ ਨੂੰ ਫਿਰੌਤੀ ਦੀ ਰਕਮ ਇਕੱਠੀ ਕਰਕੇ ਆਪਣੇ ਕੋਲ ਰੱਖਣ 'ਤੇ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਮੁਲਜ਼ਮਾਂ ਕੋਲੋਂ 83 ਲੱਖ ਰੁਪਏ ਨਕਦ, ਗੈਰਕਾਨੂੰਨੀ ਹਥਿਆਰ ਅਤੇ ਲਗਜ਼ਰੀ ਵਾਹਨ ਬਰਾਮਦ ਕੀਤੇ ਹਨ।

## 14 ਮਹੀਨਿਆਂ ਤੋਂ ਪੁੱਤਰ ਪਨਾਮਾ ਦੇ ਜੰਗਲਾਂ ਵਿਚ ਹੋਇਆ ਲਾਪਤਾ

**O ਏਜੰਟ ਦੀ ਅਮਰੀਕਾ ਭੇਜਣ ਦੇ ਨਾਮ ਉਪਰ ਮਾਤਾ-ਪਿਤਾ ਨਾਲ ਕੀਤੀ ਧੋਖਾਧੜੀ**

ਪਠਾਨਕੋਟ-14 ਮਹੀਨਿਆਂ ਤੋਂ ਲਾਪਤਾ ਪੁੱਤਰ ਜਗਮੀਤ ਸਿੰਘ ਦੀ ਉਡੀਕ ਵਿਚ ਉਸ ਦੇ ਮਾਤਾ-ਪਿਤਾ ਦਾ ਰੋ-ਰੋ ਬੁਰਾ ਹਾਲ ਹੈ। ਪਠਾਨਕੋਟ ਦਾ ਜਗਮੀਤ ਸਿੰਘ ਜੋ ਐਮ.ਬੀ.ਏ. ਪਾਸ ਕਰਨ ਤੋਂ ਬਾਅਦ ਨੌਕਰੀ ਨਾ ਮਿਲਣ 'ਤੇ ਅਮਰੀਕਾ ਵਿਚ ਕੰਮ ਕਰਨ ਲਈ ਗਿਆ, ਪਰ ਲਾਪਤਾ ਹੋ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਗਮੀਤ ਦੇ ਪਿਤਾ ਕਰਨਲ ਜੋਗਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਸ ਦੇ ਬੇਟੇ ਜਗਮੀਤ ਸਿੰਘ ਨੂੰ ਕੰਮ ਨਾ ਮਿਲਿਆ ਤਾਂ ਉਸ ਨੇ ਆਪਣੇ ਮਾਤਾ-ਪਿਤਾ ਨਾਲ ਅਮਰੀਕਾ ਜਾ ਕੇ ਕੰਮ ਕਰਨ ਦੀ ਗੱਲ ਕੀਤੀ। ਜਿਸ ਦੇ ਚੱਲਦੇ ਬੇਟੇ ਦੀ ਖ਼ੁਸ਼ੀ ਲਈ ਮਾਤਾ-ਪਿਤਾ ਵਲੋਂ ਇਕ ਏਜੰਟ ਨਾਲ ਬੇਟੇ ਨੂੰ ਅਮਰੀਕਾ ਇਕ ਨੰਬਰ ਵਿਚ ਲਿਜਾਣ ਲਈ ਗੱਲਬਾਤ ਕੀਤੀ। ਜਿਸ ਦੇ ਚੱਲਦੇ ਏਜੰਟ ਵਲੋਂ ਸਾਡੇ 45 ਲੱਖ ਦੀ ਗੱਲਬਾਤ ਕੀਤੀ ਗਈ ਤੇ ਪਹਿਲਾਂ ਏਜੰਟ ਨੂੰ 15 ਲੱਖ ਰੁਪਏ ਨਕਦ ਦਿੱਤੇ ਗਏ ਤੇ ਬਾਕੀ ਪੈਸੇ ਪੁਜਣ ਤੋਂ ਬਾਅਦ ਦੇਣੇ ਤੈਅ ਹੋਏ, ਜਿਸ ਦੇ ਚੱਲਦੇ ਬੇਟੇ ਨੂੰ ਤਕਰੀਬਨ 14 ਮਹੀਨੇ ਪਹਿਲਾਂ ਅਮਰੀਕਾ ਲਈ ਰਵਾਨਾ ਕੀਤਾ ਗਿਆ ਤੇ 27 ਨਵੰਬਰ ਗੋਹਾਨਾ ਪੁੱਜਣ ਤੋਂ ਬਾਅਦ ਉਸ ਨੂੰ ਕੋਲੰਬੀਆ ਪਨਾਮਾ ਜੰਗਲਾਂ ਰਾਹੀਂ ਅਮਰੀਕਾ ਲਈ ਰਵਾਨਾ ਕੀਤਾ ਗਿਆ। ਜਿਸ ਦੇ ਚੱਲਦੇ ਜਗਮੀਤ ਵਲੋਂ ਆਪਣੇ ਮਾਤਾ-ਪਿਤਾ ਨਾਲ ਅਖੀਰਲੀ ਵਾਰ 19 ਦਸੰਬਰ ਨੂੰ ਗੱਲਬਾਤ ਹੋਈ ਤੇ ਉਸ ਤੋਂ ਬਾਅਦ



ਅੱਜ ਤੱਕ ਤਕਰੀਬਨ 14 ਮਹੀਨੇ ਲੰਘ ਜਾਣ ਤੋਂ ਬਾਅਦ ਕੋਈ ਗੱਲਬਾਤ ਨਹੀਂ ਹੋਈ। ਮਾਤਾ-ਪਿਤਾ ਨੇ ਇਸ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ, ਜਿਸ ਦੇ ਚੱਲਦੇ ਪਠਾਨਕੋਟ ਦੇ ਐਸ.ਐਸ.ਪੀ. ਦੀ ਹਦਾਇਤਾਂ 'ਤੇ ਏਜੰਟ 'ਤੇ ਐਫ.ਆਈ.ਆਰ. ਦਰਜ ਕੀਤੀ ਗਈ ਤੇ ਜਿਥੇ ਏਜੰਟ ਨੂੰ ਜੇਲ੍ਹ ਭੇਜਿਆ ਗਿਆ, ਉਥੇ ਉਨ੍ਹਾਂ ਕਿਹਾ ਕਿ ਏਜੰਟ ਤੇ ਉਸ ਦੀ ਪਤਨੀ ਵਲੋਂ ਸਾਡੇ ਕੋਲੋਂ 15 ਲੱਖ ਰੁਪਏ ਲਏ ਗਏ ਸੀ। ਪਰ ਪੁਲਿਸ ਵਲੋਂ ਏਜੰਟ ਦੀ ਪਤਨੀ ਨੂੰ ਜਿੱਥੇ ਬਾਹਰ ਕੱਢ ਦਿੱਤਾ, ਉੱਥੇ ਹੀ ਪੁਲਿਸ ਵਲੋਂ ਏਜੰਟ ਨੂੰ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾਂਦੀ ਤੇ ਸਾਡੇ ਬੇਟੇ ਬਾਰੇ ਸਾਨੂੰ ਪੂਰੀ ਜਾਣਕਾਰੀ ਵੀ ਮਿਲ ਸਕਦੀ ਸੀ। ਜਗਮੀਤ ਦੇ ਮਾਤਾ-ਪਿਤਾ ਵਲੋਂ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਅੱਗੇ ਗੁਹਾਰ ਲਗਾਈ ਕਿ ਇਸ ਤਰ੍ਹਾਂ ਦੇ ਏਜੰਟਾਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਧੋਖਾਧੜੀ ਕਰਨ ਵਾਲੇ ਏਜੰਟਾਂ ਨੂੰ ਸਬਕ ਮਿਲ ਸਕੇ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**593. ਗੁਰੂ ਤੋਂ ਬਿਨਾ ਕੀ ਹਸ਼ਰ ਹੁੰਦਾ ਹੈ? ਕੀ ਨਤੀਜਾ ਹੁੰਦਾ ਹੈ?**

ਗੁਰੂ ਤੋਂ ਬਿਨਾ ਮਾਇਆ ਦੇ ਤਿੰਨ ਗੁਣਾਂ ਤੋਂ ਛੁਟਕਾਰਾ ਨਹੀਂ ਹੁੰਦਾ; ਆਤਮਿਕ ਅਡੋਲਤਾ ਵਿਚ ਟਿਕ ਕੇ ਪ੍ਰਭੂ ਮਿਲਾਪ ਰਾਹੀਂ ਸਦੀਵੀ ਸੁਖ (ਜੰਮਣ ਮਰਨ ਤੋਂ ਛੁਟਕਾਰਾ) ਮਿਲਦਾ ਹੈ। "ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥ ਅੰਗ 18"। ਇੱਥੇ ਇਹ ਸਮਝਣ ਵਾਲੀ ਗੱਲ ਹੈ ਕਿ ਮਾਇਆ ਦੇ ਤਿੰਨ ਗੁਣਾਂ ਵਿਚ ਮਨ ਭਟਕਦਾ ਰਹਿੰਦਾ ਹੈ ਤੇ ਚੌਥੇ ਪਦ (ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ) ਸਹਿਜ (ਆਤਮਿਕ ਅਡੋਲਤਾ) ਹੈ। ਅਤੇ ਗੁਰੂ ਬਿਨਾ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੁੰਦੀ। "ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ ਅੰਗ 68"। ਗੁਰੂ ਤੋਂ ਬਿਨਾ ਮਨ ਦੀ (ਹਉਮੈ ਰੂਪੀ) ਮੈਲ਼ ਨਹੀਂ ਉਤਰਦੀ ਤੇ ਆਪਣੇ ਨਿਜ ਘਰ (ਅੰਤਰ ਆਤਮੇ) ਨਿਵਾਸ ਨਹੀਂ ਹੁੰਦਾ। "ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ ਅੰਗ 18"। ਗੁਰੂ ਤੋਂ ਬਿਨਾ ਹੰਕਾਰ ਦਾ ਖਾਤਮਾ ਨਹੀਂ ਹੋ ਸਕਦਾ। "ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਅੰਗ 225"। ਗੁਰੂ ਤੋਂ ਬਿਨਾ ਮਾਇਆ ਦੇ ਬੰਧਨ ਨਹੀਂ ਟੁੱਟਦੇ; ਗੁਰੂ ਅਨੁਸਾਰੀ ਇਹਨਾਂ ਬੰਧਨਾਂ ਤੋਂ ਮੁਕਤੀ ਦਾ ਦੁਆਰ ਪਾ ਲੈਂਦਾ ਹੈ। "ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ॥ ਅੰਗ 602"। ਕਰੋੜਾਂ ਯਤਨ ਕਰ ਰਹੇ ਹਨ, ਪਰ ਗੁਰੂ ਤੋਂ ਬਿਨਾ ਭਵ ਸਾਗਰ ਤੋਂ ਪਾਰ ਨਹੀਂ ਹੋ ਸਕਦੇ ਤੇ ਸਦੀਵੀ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। "ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥2॥ ਅੰਗ 51"। ਅਤੇ "ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥ ਅੰਗ 20"। ਗੁਰੂ ਬਿਨਾ ਇੱਜ਼ਤ ਨਹੀਂ ਮਿਲਦੀ ਤੇ ਇੱਜ਼ਤ ਬਿਨਾ (ਸੰਸਾਰ ਸਮੁੰਦਰ ਤੋਂ) ਪਾਰ ਨਹੀਂ ਹੋਇਆ ਜਾ ਸਕਦਾ। "ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥1॥ ਅੰਗ 138"। ਗੁਰੂ ਤੋਂ ਬਿਨਾ ਬੰਦਾ ਵਿਕਾਰਾਂ 'ਚ ਉਲਝ/ਫਸ ਕੇ ਮਰ ਜਾਂਦਾ ਹੈ। ਜਮ ਉਸਦੇ ਸਿਰ ਤੇ ਚੋਟਾਂ ਮਾਰਦਾ ਹੈ ਤੇ ਖੁਆਰ ਕਰਦਾ ਹੈ। "ਗੁਰ ਬਿਨੁ ਉਰਝਿ ਮਰਹਿ ਬੇਕਾਰਾ ॥ ਜਮੁ ਸਿਰਿ ਮਾਰੇ ਕਰੇ ਖੁਆਰਾ ॥ ਅੰਗ 1026"। ਮਨਮੁਖ ਸਦਾ ਹੀ ਝੂਠ ਬੋਲਦਾ ਹੈ, ਆਤਮਿਕ ਜੀਵਨ ਨੂੰ ਮਾਰ ਮੁਕਾਣ ਵਾਲਾ ਮਾਇਆ ਦੇ ਮੋਹ ਦਾ ਜ਼ਹਿਰ ਬੀਜਦਾ ਹੈ, ਤੇ ਉਹੀ ਜ਼ਹਿਰ ਖਾਂਦਾ ਹੈ (ਉਸੇ ਜ਼ਹਿਰ ਨੂੰ ਆਪਣੇ ਜੀਵਨ ਦਾ ਸਹਾਰਾ ਬਣਾਈ ਰੱਖਦਾ ਹੈ)। ਉਹ ਮਨੁੱਖ ਜਮ ਦੇ ਕਾਲ ਚੱਕ੍ਰ ਵਿਚ ਬੱਝਾ ਰਹਿੰਦਾ ਹੈ, ਤ੍ਰਿਸ਼ਨਾ ਦੀ ਅੱਗ ਨਾਲ ਸੜਿਆ ਰਹਿੰਦਾ ਹੈ, ਗੁਰੂ ਤੋਂ ਬਿਨਾ ਉਸਨੂੰ ਕੌਣ ਛਡਾਵੇ? ਭਾਵ ਕੋਈ ਨਹੀਂ ਛਡਾ ਸਕਦਾ। "ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥ ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥4॥ ਅੰਗ 753"।

ਗੁਰੂ ਤੋਂ ਬਿਨਾ ਨਾ ਪਰਮਾਤਮਾ ਨਾਲ ਪਿਆਰ ਹੁੰਦਾ ਹੈ ਨਾ ਹੀ ਉਸ ਦੀ ਭਗਤੀ ਹੋ ਸਕਦੀ ਹੈ। "ਬਿਨੁ ਗੁਰ ਭਗਤਿ ਨ ਭਾਉ ਹੋਇ ॥ ਅੰਗ 1170"। ਗੁਰੂ ਬਿਨਾ ਨਾ ਤਾਂ ਭਗਤੀ ਹੁੰਦੀ ਹੈ ਤੇ ਨਾ ਹੀ ਪ੍ਰਭੂ ਵਾਰੇ ਗਿਆਨ ਪ੍ਰਾਪਤ ਹੁੰਦਾ ਹੈ! "ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥ ਅੰਗ 31"।, "ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥ ਅੰਗ 732"।, "ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥ ਅੰਗ 59"।, "ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥5॥ ਅੰਗ 469"। ਅਤੇ "ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਅੰਗ 1140"। ਗੁਰੂ ਬਿਨਾ ਕੋਈ ਪਰਮਾਰਥ ਦਾ ਰਸਤਾ ਨਹੀਂ ਦਿਖਾਉਂਦਾ, ਗਿਆਨ ਹੀਣ ਬੰਦੇ ਜੰਮਦੇ ਮਰਦੇ ਰਹਿੰਦੇ ਹਨ। "ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥ ਅੰਗ 59"। ਮਨਮੁਖ ਮਨੁੱਖ ਮੂਰਖ ਹੈ, ਨਾਮ ਤੋਂ ਸੱਖਣਾ ਭਟਕਦਾ ਫਿਰਦਾ ਹੈ। ਸਤਿਗੁਰੂ ਤੋਂ ਬਿਨਾ ਉਸ ਦਾ ਭੈੜਾ ਮਨ ਟਿਕਦਾ ਨਹੀਂ ਤੇ ਵਾਰ ਵਾਰ ਜੂਨਾਂ ਵਿਚ ਪੈਂਦਾ ਹੈ। "ਮਨਮੁਖ ਪ੍ਰਾਣੀ ਮੁਗਧੁ ਹੈ ਨਾਮ ਹੀਣ ਭਰਮਾਇ ॥ ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥ ਅੰਗ 313"। ਜੋ ਗੁਰੂ ਦੀ ਸੇਵਾ (ਸ਼ਬਦ ਦੀ ਵਿਚਾਰ) ਕਰਦਾ ਹੈ ਉਹ ਸਮਝਦਾ ਹੈ ਕਿ ਗੁਰੂ ਬਿਨਾ ਪਰਮਾਰਥ ਦਾ ਰਸਤਾ ਨਹੀਂ ਮਿਲਦਾ। "ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥ ਅੰਗ 635"। ਅਤੇ "ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥ ਅੰਗ 535"। ਪੂਰੇ ਗੁਰੂ ਬਿਨਾ ਜੀਵ ਦਾ ਉਧਾਰ ਬਹੀਂ ਹੁੰਦਾ। "ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਅੰਗ 886"। ਗੁਰੂ ਬਿਨਾ ਇਹ ਸਮਝ ਹੀ ਨਹੀਂ ਲੱਗਦੀ, ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਸਦਾ ਥਿਰ ਪ੍ਰਭੂ ਸਭ ਜਗ੍ਹਾ ਵਿਆਪਕ ਹੈ। "ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥4॥ ਅੰਗ 355"। ਪਿਆਰੇ ਪਰਮਾਤਮਾ ਦੇ ਦਰਸ਼ਨ ਤੋਂ ਬਿਨਾ ਜੀਵ ਇਸਤ੍ਰੀ ਰਹਿ ਮਹੀਂ ਸਕਦੀ। ਪਰ ਗੁਰੂ ਬਿਨਾ ਪਰਮਾਤਮਾ ਦੇ ਮਹਿਲ ਦੀ ਪ੍ਰਾਪਤੀ ਨਹੀਂ ਹੋ ਸਕਦੀ। "ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ ॥ ਅੰਗ 243"। ਗੁਰੂ ਬਿਨਾ ਪੂਰਨ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ! "ਗੁਰ ਬਿਨੁ ਪੂਰਾ ਕੋਇ ਨ ਪਾਵੈ ॥5॥ ਅੰਗ 414"। ਗੁਰੂ ਬਿਨਾ ਅਗਿਆਨਤਾ ਦੇ ਘੁੱਪ ਹਨੇਰੇ ਵਿਚ ਮੈਂ ਮੈਂ ਕਰਦਾ ਜਗਤ ਮਰ ਜਾਂਦਾ ਹੈ। "ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥ ਅੰਗ 34"। ਅਤੇ "ਮਹਲਾ 2 ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥2॥ ਅੰਗ 463"। ਗੁਰੂ ਤੋਂ ਬਿਨਾ ਭਰਮ ਵਿਚ ਦੂਜੇ ਭਾਉ ਦਾ ਜਾਪ ਕਰਦਾ ਹੈ; ਭਾਵ ਮਾਇਆ ਮੋਹ, ਮਾਇਕ ਪਦਾਰਥਾਂ ਵਿਚ ਹੀ ਧਿਆਨ ਜੋੜੀ ਰੱਖਦਾ ਹੈ। "ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ॥ ਅੰਗ 416"। ਗੁਰੂ ਬਿਨਾ (ਮਾਇਆ ਦੇ ਭਰਮ 'ਚ) ਭੁੱਲਿਆ ਹੋਇਆ ਜੰਮਦਾ ਮਰਦਾ ਰਹਿੰਦਾ ਹੈ। "ਗੁਰ ਬਿਨੁ ਭੂਲੋ ਆਵੈ ਜਾਏ ॥ ਅੰਗ 412"। ਜਿਹੜੇ ਪ੍ਰਭੂ ਦੇ ਨਾਮ ਨਾਲ਼ ਜੁੜੇ ਹਨ ਉਹ ਮੁਕਤ ਹੁੰਦੇ ਹਨ (ਜੰਮਣ ਮਰਨ ਤੋਂ ਛੁਟਕਾਰਾ ਪਾਉਂਦੇ ਹਨ) ਅਤੇ ਗੁਰੂ ਤੋਂ ਬਿਨਾ ਕਿਸੇ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ।

"ਜਿ ਨਾਮਿ ਲਾਗੇ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥1॥ ਰਹਾਉ ॥ ਅੰਗ 880"। ਅਤੇ "ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਅੰਗ 1041"। ਗੁਰੂ ਦੇ ਸ਼ਬਦ ਬਿਨਾ ਜੀਵਨ ਮਨੋਰਥ (ਮੁਕਤੀ ਦੀ ਪ੍ਰਾਪਤੀ, ਅਸਲ ਕਾਰਜ) ਸੰਵਰਦਾ ਨਹੀਂ, ਭਾਵ ਪੂਰਨ ਨਹੀਂ ਹੁੰਦਾ। "ਬਿਨੁ ਗੁਰ ਸਬਦ ਨ ਸਵਰਸਿ ਕਾਜਾ॥7॥ ਅੰਗ 225"। ਅਤਿ ਪਿਆਰੇ ਗੁਰੂ ਬਿਨਾ ਮਾਇਆ ਮੋਹ ਦੀ ਫਾਹੀ ਗਲੋਂ ਨਹੀਂ ਲੱਥਦੀ। "ਕਿਉ ਖੂਲੇ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥ ਅੰਗ 225"। ਅਤੇ "ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥ ਅੰਗ 635"। ਗੁਰੂ ਦੇ ਤਕੜੇ ਸ਼ਬਦ ਦੇ ਬਿਨਾ ਜੀਵ ਇਸਤਰੀ ਮਾਇਆ ਮੋਹ 'ਚ ਠੱਗੀ ਜਾ ਰਹੀ ਹੈ। "ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥ ਅੰਗ 244"। ਸਤਿਗੁਰੂ ਤੋਂ ਬਿਨਾ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਨਾਮ ਤੋਂ ਬਿਨਾ ਮਾਇਆ ਦਾ ਭਰਮ ਦੂਰ ਨਹੀਂ ਹੁੰਦਾ। ਜੇ ਬੰਦਾ ਸਤਿਗੁਰੂ ਦੀ ਸੇਵਾ ਕਰੇ (ਭਾਵ ਨਾਮ ਜਪੇ) ਤਾਂ ਸਦੀਵੀ ਸੁਖ ਦੀ ਪ੍ਰਾਪਤੀ ਹੁੰਦੀ ਹੈ, ਭਾਵ ਜੰਮਣ ਮਰਨ ਮੁੱਕ ਜਾਂਦਾ ਹੈ।

**ਬਾਕੀ ਅਗਲੇ ਹਫ਼ਤੇ**


## VACANCY FOR RELIGIOUS WORKER

**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਦੀ ਲੋੜ**

***Job Title:*** **Religious Worker (Sikh Faith)** ***Location*: Derby, UK**

**We are seeking a dedicated and knowledgeable individual to serve as a Tabla (Drum player) (Religious Worker) within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***

* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***

* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** **To apply, please submit your application detailing your experience and motivation for this role.**

Deadline for Applications: Applications must be submit before 25-3-2025

Applications should be sent to Email: info@sgssderby.com

or delivered to the Gurdwara Sahib's Address below:

## Sri Guru Singh Sabha Gurdwara

1 Princes Street, Normanton, Derby. DE23 8NT. TEL: 01332 773010

PLEASE CONTACT BHAI AJIT SINGH 07533 362911



## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

**ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।**

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**

**ਜਾਣਕਾਰੀ ਲਈ ਸੰਪਰਕ:**

**01332 372 851 M: 07966 388 388**

# ਉਜਾੜਾ ਅਤੇ ਪ੍ਰਵਾਸ ਅਤਿਅੰਤ ਪੀੜਾ ਦਾਇਕ

ਗੁਰਮੀਤ ਸਿੰਘ ਪਲਾਹੀ
9815802070



ਨਿੱਤ ਦਿਹਾੜੇ ਸੈਂਕੜਿਆਂ ਦੀ ਗਿਣਤੀ 'ਚ ਜ਼ਬਰੀ ਹੱਥਾਂ 'ਚ ਹੱਥਕੜੀਆਂ ਪੈਰਾਂ 'ਚ ਬੇੜੀਆਂ ਨਾਲ ਜਕੜ ਕੇ ਪ੍ਰਵਾਸੀ ਅਮਰੀਕਾ 'ਚੋਂ ਕੱਢੇ ਜਾ ਰਹੇ ਹਨ। ਅਮਰੀਕਾ ਵਸਦੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਲੱਖਾਂ ਵਿੱਚ ਹੈ। ਮੈਕਸੀਕੋ, ਭਾਰਤ ਅਤੇ ਹੋਰ ਦੇਸ਼ਾਂ ਦੇ ਵਸ਼ਿੰਦੇ ਰੁਜ਼ਗਾਰ ਅਤੇ ਚੰਗੇ ਭਵਿੱਖ ਖ਼ਾਤਰ ਏਜੰਟਾਂ ਦੇ ਢਹੇ ਚੜ੍ਹਕੇ ਅਮਰੀਕਾ ਪੁੱਜੇ, ਸਰਕਾਰੀ ਸ਼ਿਕੰਜੇ 'ਚ ਗ਼ੈਰ-ਕਾਨੂੰਨੀ ਹੋਣ ਕਾਰਨ ਜਕੜੇ ਗਏ।

ਅਮਰੀਕਾ ਦੀ ਨਵੀਂ ਹਕੂਮਤ ਆਉਣ 'ਤੇ ਉਹਨਾਂ ਵਿੱਚੋਂ ਵੱਡੀ ਗਿਣਤੀ ਪ੍ਰਵਾਸੀਆਂ ਨੂੰ ਡਿਟੈਂਸ਼ਨ ਸੈਂਟਰ 'ਚ ਧੱਕ ਦਿੱਤਾ ਗਿਆ, ਜਿੱਥੇ ਉਹਨਾਂ ਨੂੰ ਤਸੀਹੇ ਦਿੱਤੇ ਗਏ ਅਤੇ ਮੁੜ ਉਹਨਾਂ ਨੂੰ ਉੱਥੋਂ ਦੇ ਸਖ਼ਤ ਕਾਨੂੰਨ ਅਨੁਸਾਰ ਫੌਜੀ ਹਵਾਈ ਜਹਾਜ਼ਾਂ ਰਾਹੀਂ ਉਹਨਾ ਦੇ ਆਪਣੇ ਦੇਸ਼ ਭੇਜਿਆ ਜਾ ਰਿਹਾ ਹੈ। ਇਹ ਉਹ ਪ੍ਰਵਾਸੀ ਹਨ ਜਿਹੜੇ ਲੱਖਾਂ ਰੁਪਏ ਖ਼ਰਚਕੇ ਡੌਂਕੀ ਰੂਟਾਂ ਰਾਹੀਂ ਵੱਡੇ ਕਸ਼ਟ ਝੱਲਕੇ ਅਮਰੀਕਾ ਪੁੱਜੇ ਸਨ। ਇੱਕ ਰਿਪੋਰਟ ਮੁਤਾਬਕ ਕੁਝ ਸਮੇਂ 'ਚ ਹੀ ਲਗਭਗ 18000 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀ ਦੇਸ਼ ਪਰਤਾ ਦਿੱਤੇ ਜਾਣਗੇ। ਗ਼ੈਰ-ਕਾਨੂੰਨੀ ਪ੍ਰਵਾਸੀਆਂ ਦਾ ਇਹ ਪ੍ਰਤੱਖ ਸਿੱਟਾ ਦੁਖਦਾਇਕ ਹੈ।

ਇਸ ਤੋਂ ਵੱਧ ਪੀੜਾ ਦਾਇਕ ਕੈਨੇਡਾ, ਅਮਰੀਕਾ ਵਸਦੇ ਉਹਨਾ ਲੋਕਾਂ ਦੇ ਡਗਮਗਾਉਂਦੇ ਭਵਿੱਖ ਦੀ ਵਾਰਤਾ ਹੈ, ਜੋ ਉਹਨਾ ਦੇਸ਼ਾਂ ਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ, ਜਿਹੜੇ ਇਸ ਆਸ ਨਾਲ ਉਹਨਾ ਦੇਸ਼ਾਂ 'ਚ ਚੰਗੇਰੇ ਭਵਿੱਖ ਲਈ ਵਿਦਿਆਰਥੀ ਬਣ ਕੇ ਜਾਂ ਨੌਕਰੀਆਂ ਕਰਨ ਲਈ ਗਏ ਸਨ ਅਤੇ ਹੁਣ ਬਦਲਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ। ਇਹਨਾ ਦੀ ਚਿੰਤਾ ਉੱਥੋਂ ਦੇਸ-ਨਿਕਾਲੇ ਦੀ ਹੈ।

ਅਸਲ ਵਿੱਚ ਪ੍ਰਵਾਸ ਦਾ ਦਰਦ ਇੰਨਾ ਡੂੰਘਾ ਹੈ ਮਨੁੱਖ ਲਈ ਕਿ ਉਸਨੂੰ ਝੱਲਣਾ ਔਖਾ ਹੈ। ਪਿੰਡ ਤੋਂ ਸ਼ਹਿਰ ਦਾ ਪ੍ਰਵਾਸ, ਸ਼ਹਿਰ ਦੇ ਇੱਕ ਕੋਨੇ ਤੋਂ ਦੂਜੇ ਸੂਬੇ ਦਾ ਪ੍ਰਵਾਸ, ਜਿਥੋਂ ਦੀ ਬੋਲੀ, ਸਭਿਆਚਾਰ ਦਾ ਆਪਸੀ ਵਖਰੇਵਾਂ ਹੈ ਅਤੇ ਫਿਰ ਦੇਸ਼ ਤੋਂ ਪ੍ਰਦੇਸ਼ ਦੇ ਪ੍ਰਵਾਸ ਦਾ ਦਰਦ ਮਨੁੱਖ ਨੂੰ ਭਰੇ ਮਨ ਨਾਲ ਮਜ਼ਬੂਰੀ ਬੱਸ ਹੰਡਾਉਣਾ ਪੈਂਦਾ ਹੈ। ਇਹੋ ਜਿਹੇ ਪ੍ਰਵਾਸ ਦੇ ਦਰਦ ਦੀ ਇੱਕ ਵੰਨਗੀ ਪਿਛਲੇ ਸਾਲਾਂ 'ਚ ਉਸ ਵੇਲੇ ਦੇਸ਼ 'ਚ ਵੇਖਣ ਨੂੰ ਮਿਲੀ ਜਦੋਂ ਕਰੋਨਾ ਆਫ਼ਤ ਨੇ ਦੇਸਾਂ-ਵਿਦੇਸ਼ਾਂ 'ਚ ਕਰੋੜਾਂ ਲੋਕ ਘਰੋਂ ਬੇਘਰ ਕਰ ਦਿੱਤੇ। ਸ਼ਹਿਰਾਂ 'ਚ ਰੋਜ਼ੀ ਰੋਟੀ ਕਮਾਉਣ ਗਏ ਲੋਕ ਪਿੰਡਾਂ ਵੱਲ ਪਰਤਾ ਦਿੱਤੇ। ਇਹਨਾ ਪ੍ਰਵਾਸੀਆਂ ਦੇ ਹਾਲਾਤ ਬਦ ਤੋਂ ਬਦਤਰ ਹੋਏ, ਜਿਹੜੇ ਵਰ੍ਹਿਆਂ ਬਾਅਦ ਵੀ ਸੌਖੇ ਨਹੀਂ ਹੋ ਸਕੇ।

ਵੱਡੀਆਂ ਉਜਾੜੇ ਦੀਆਂ ਇਹ ਹਾਲਤਾਂ ਭੁੱਖਮਰੀ ਦੀਆਂ ਪ੍ਰਸਥਿਤੀਆਂ ਪੈਦਾ ਕਰਦੀਆਂ ਹਨ, ਉਦੋਂ ਜਦੋਂ ਮਨੁੱਖ ਆਪਣੀਆਂ ਜੜ੍ਹਾਂ ਤੋਂ ਉਖੜਨ ਲਈ ਬੇਬਸ ਹੋ ਜਾਂਦਾ ਹੈ। ਵਸਿਆ-



**ਭਾਰਤ ਵਿੱਚ ਉਜਾੜੇ ਅਤੇ ਪ੍ਰਵਾਸ ਦੇ ਕਾਰਨ ਵੱਖ-ਵੱਖ ਖਿੱਤਿਆਂ 'ਚ ਵੱਖੋ-ਵੱਖਰੇ ਹਨ। ਇਹਨਾ ਦਾ ਕਾਰਨ ਸੋਕਾ, ਹੜ੍ਹ ਵੀ ਹੈ, ਭੋਜਨ ਦੀ ਘਾਟ ਵੀ ਅਤੇ ਹਿੰਸਾ ਅਤੇ ਸੰਘਰਸ਼ ਵੀ। ਡਾਊਨ ਟੂ ਅਰਥ ਸਟੇਟ ਆਫ਼ ਇੰਡੀਅਨਜ਼ ਇਨਵਾਇਰਨਮੈਂਟ ਦੀ ਇੱਕ ਰਿਪੋਰਟ ਇਹ ਦਾਅਵਾ ਕਰਦੀ ਹੈ ਕਿ ਸੰਘਰਸ਼ ਅਤੇ ਹਿੰਸਾ ਕਾਰਨ ਲਗਭਗ ਪਚਾਸੀ ਲੱਖ ਲੋਕ ਉਜਾੜੇ ਦਾ ਸ਼ਿਕਾਰ ਹੋਏ। ਅਸਾਮ, ਮਿਜ਼ੋਰਮ, ਕਸ਼ਮੀਰ, ਮੇਘਾਲਿਆ, ਮਨੀਪੁਰ, ਤ੍ਰਿਪੁਰਾ 'ਚ ਸਾਲ 2022 ਦੇ ਅੰਤ ਤੱਕ ਸੱਤ ਲੱਖ ਲੋਕਾਂ ਨੂੰ ਆਪਣੇ ਘਰ ਛਡਣੇ ਪਏ। ਵਿਕਾਸ ਦੀਆਂ ਕਈ ਯੋਜਨਾਵਾਂ ਵੀ ਉਜਾੜੇ ਦਾ ਕਾਰਨ ਬਣ ਰਹੀਆਂ ਹਨ।**

ਰਸਿਆ ਘਰ, ਪਰਿਵਾਰ, ਆਲਾ-ਦੁਆਲਾ ਛੱਡਣ ਲਈ ਉਹ ਮਜ਼ਬੂਰ ਹੋ ਜਾਂਦਾ ਹੈ।

ਅੱਜ ਵਿਸ਼ਵ ਭਰ 'ਚ ਜ਼ਬਰਨ ਘਰ ਛੱਡਣ-ਛੁਡਾਉਣ ਦੇ ਹਾਲਾਤਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀ ਗਿਣਤੀ ਅੱਠ ਕਰੋੜ ਚਾਲੀ ਲੱਖ ਤੋਂ ਜ਼ਿਆਦਾ ਹੋ ਚੁੱਕੀ ਹੈ। ਇਹਨਾ ਵਿੱਚ ਚਾਰ ਕਰੋੜ ਅੱਸੀ ਲੱਖ ਲੋਕ ਤਾਂ ਆਪਣੇ ਦੇਸ਼ਾਂ ਵਿੱਚ ਹੀ ਉਜਾੜੇ ਦਾ ਸ਼ਿਕਾਰ ਹਨ। ਪਰ ਅਸਲ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਸੀਆਂ ਦੀ ਗਿਣਤੀ ਸਤਾਈ ਕਰੋੜ ਵੀਹ ਲੱਖ ਪੁੱਜ ਚੁੱਕੀ ਹੈ। ਇਹਨਾ ਵਿੱਚੋਂ 9 ਕਰੋੜ 50 ਲੱਖ ਲੋਕ ਹੇਠਲੇ ਅਤੇ ਵਿਚਕਾਰਲੀ ਆਮਦਨ ਵਾਲੇ ਦੇਸ਼ਾਂ ਵਿੱਚ ਰਹਿ ਰਹੇ ਹਨ। ਉਹ ਉਜਾੜੇ ਅਤੇ ਭੁੱਖਮਰੀ ਨਾਲ ਜੂਝ ਰਹੇ ਹਨ। ਜਲਵਾਯੂ ਆਫ਼ਤ, ਭੂਚਾਲ, ਹਿੰਸਕ ਝੜਪਾਂ, ਯੁੱਧ, ਮਹਿੰਗਾਈ-ਬੇਰੁਜ਼ਗਾਰੀ, ਸਿਆਸੀ ਹਾਲਾਤ, ਸੋਕਾ ਅਤੇ ਹੜ੍ਹ ਦੇ ਚਲਦਿਆਂ ਦੁਨੀਆਂ ਦੇ ਉਜਾੜੇ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਗਿਆਰਾਂ ਕਰੋੜ ਤੋਂ ਵੀ ਵੱਧ ਹੈ, ਜਿਹਨਾ 'ਚ 40 ਫ਼ੀਸਦੀ ਬੱਚੇ ਹਨ। ਉਹ ਰਾਸ਼ਟਰੀਅਤਾ, ਸਿਖਿਆ, ਸਿਹਤ, ਰੁਜ਼ਗਾਰ, ਆਵਾਗਮਨ, ਆਜ਼ਾਦੀ ਅਤੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਹੋ ਚੁੱਕੇ ਹਨ। 2024 'ਚ ਇੱਕ ਰਿਪੋਰਟ ਇਹੋ ਜਿਹੇ ਹਾਲਾਤਾਂ ਬਾਰੇ ਛਪੀ ਹੈ, ਜੋ ਦਰਸਾਉਂਦੀ ਹੈ ਕਿ 2024 ਉਜਾੜੇ 'ਤੇ ਪ੍ਰਵਾਸ ਦੀ ਦ੍ਰਿਸ਼ਟੀ ਤੋਂ ਅਤਿਅੰਤ ਚੁਣੌਤੀ ਭਰਪੂਰ ਰਿਹਾ ਹੈ।

ਸੀਰੀਆ 'ਚ ਉਜਾੜੇ ਦੀ ਸਥਿਤੀ ਗੰਭੀਰ ਹੈ। ਯੁਕਰੇਨ ਜੰਗ ਕਾਰਨ ਇੱਕ ਕਰੋੜ ਤੇਰਾਂ ਲੱਖ ਲੋਕ ਬੇਘਰ ਹੋ ਗਏ ਹਨ। ਪੋਲੈਂਡ, ਰੁਮਾਨੀਆ, ਹੰਗਰੀ ਅਤੇ ਬੇਲਾਰੂਸ ਦੇ ਲੋਕ ਗੁਆਂਢੀ ਦੇਸ਼ਾਂ 'ਚ ਸ਼ਰਨਾਰਥੀ ਬਣੇ ਹੋਏ ਹਨ। ਅਫਗਾਨਿਸਤਾਨ ਦੇ ਇੱਕ ਕਰੋੜ ਨੱਬੇ ਲੱਖ ਲੋਕ ਭੁੱਖਮਰੀ ਵਰਗੇ ਹਾਲਾਤਾਂ ਵਿੱਚ ਹਨ। ਵੈਨੇਜ਼ੋਏਲਾ 'ਚ ਤੇਈ ਲੱਖ ਲੋਕ ਭੁੱਖਮਰੀ ਦੀ ਗੰਭੀਰ ਸਥਿਤੀ ਸੰਕਟ 'ਚ ਹਨ। ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਦੱਖਣੀ ਸੂਡਾਨ ਦੇ ਹਾਲਾਤ ਅਤਿਅੰਤ ਗੰਭੀਰ ਹਨ। ਮੀਆਂਮਾਰ ਵਿੱਚੋਂ ਉਜੜੇ ਸਤਾਰਾਂ ਲੱਖ ਲੋਕ ਆਪਣੀ ਨਾਗਰਿਕਤਾ ਗੁਆ ਕੇ ਦੁਨੀਆ ਦੇ ਸਭ ਤੋਂ ਜ਼ਿਆਦਾ ਸਤਾਏ ਜਾਣ ਵਾਲੀ ਸਥਿਤੀ 'ਚ ਘੱਟ ਗਿਣਤੀਆਂ ਦੇ ਰੂਪ 'ਚ ਜਾਣੇ ਜਾਂਦੇ ਹਨ। ਇਹਨਾ ਦੇਸ਼ਾਂ ਦੇ ਬੱਚਿਆਂ ਦੇ ਹਾਲਾਤ ਅਤਿਅੰਤ ਤਰਸਯੋਗ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਕੁਪੋਸ਼ਣ ਕਾਰਨ ਬੋਨੇਪਨ ਦਾ ਸ਼ਿਕਾਰ ਹਨ। ਦੁਨੀਆਂ 'ਚ ਇਸ ਸਮੇਂ ਸਭ ਤੋਂ ਵੱਧ ਆਬਾਦੀ ਸ਼ਰਨਾਰਥੀਆਂ ਦੀ ਹੈ, ਜਿਹਨਾ ਵਿੱਚ ਦੋ ਕਰੋੜ ਪੰਜਾਹ ਲੱਖ ਤੋਂ ਜ਼ਿਆਦਾ ਆਪਣੇ ਘਰਾਂ 'ਚੋਂ ਉਜੜਕੇ ਵਿਦੇਸ਼ਾਂ 'ਚ ਦਿਨ ਕੱਟੀ ਕਰ ਰਹੇ ਹਨ। ਇਹਨਾ ਵਿੱਚੋਂ ਇੱਕ ਕਰੋੜ ਦਸ ਲੱਖ ਬੱਚੇ ਹਨ। ਪਿਛਲੇ ਦਸ ਸਾਲਾਂ 'ਚ ਇਹ ਸੰਖਿਆ ਦੁਗਣੀ ਹੋ ਗਈ ਹੈ।

ਵਿਸ਼ਵ ਭਰ 'ਚ ਟੈਕਨੌਲੋਜੀ ਦੇ ਵਿਕਾਸ ਦੇ ਫੋਕੇ ਨਾਹਰਿਆਂ ਵਿਚਕਾਰ ਬੀਤੇ ਸਾਲ 2024 ਵਿੱਚ ਲਗਭਗ ਪੰਦਰਾਂ ਕਰੋੜ ਲੋਕ ਭੁੱਖਮਰੀ ਤੋਂ ਬੇਹਾਲ ਰਹੇ। ਕੋਵਿਡ ਦੇ ਬਾਅਦ ਹੁਣ ਤੱਕ ਇਸ ਗਿਣਤੀ 'ਚ ਪੰਦਰਾਂ ਕਰੋੜ ਦਾ ਹੋਰ ਵਾਧਾ ਹੋਇਆ। ਇੱਕ ਅਧਿਐਨ ਅਨੁਸਾਰ ਸਤਾਹਟ ਕਰੋੜ ਲੋਕਾਂ ਨੂੰ 2030 ਤੱਕ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਰਤ ਵਿੱਚ ਉਜਾੜੇ ਅਤੇ ਪ੍ਰਵਾਸ ਦੇ ਕਾਰਨ ਵੱਖ-ਵੱਖ ਖਿੱਤਿਆਂ 'ਚ ਵੱਖੋ-ਵੱਖਰੇ ਹਨ। ਇਹਨਾ ਦਾ ਕਾਰਨ ਸੋਕਾ, ਹੜ੍ਹ ਵੀ ਹੈ, ਭੋਜਨ ਦੀ ਘਾਟ ਵੀ ਅਤੇ ਹਿੰਸਾ ਅਤੇ ਸੰਘਰਸ਼ ਵੀ। ਡਾਊਨ ਟੂ ਅਰਥ ਸਟੇਟ ਆਫ਼ ਇੰਡੀਅਨਜ਼ ਇਨਵਾਇਰਨਮੈਂਟ ਦੀ ਇੱਕ ਰਿਪੋਰਟ ਇਹ ਦਾਅਵਾ ਕਰਦੀ ਹੈ ਕਿ ਸੰਘਰਸ਼ ਅਤੇ ਹਿੰਸਾ ਕਾਰਨ ਲਗਭਗ ਪਚਾਸੀ ਲੱਖ ਲੋਕ ਉਜਾੜੇ ਦਾ ਸ਼ਿਕਾਰ ਹੋਏ। ਅਸਾਮ, ਮਿਜ਼ੋਰਮ, ਕਸ਼ਮੀਰ, ਮੇਘਾਲਿਆ, ਮਨੀਪੁਰ, ਤ੍ਰਿਪੁਰਾ 'ਚ ਸਾਲ 2022 ਦੇ ਅੰਤ ਤੱਕ ਸੱਤ ਲੱਖ ਲੋਕਾਂ ਨੂੰ ਆਪਣੇ ਘਰ ਛਡਣੇ ਪਏ।

ਵਿਕਾਸ ਦੀਆਂ ਕਈ ਯੋਜਨਾਵਾਂ ਵੀ ਉਜਾੜੇ ਦਾ ਕਾਰਨ ਬਣ ਰਹੀਆਂ ਹਨ। ਸੈਂਟਰ ਫਾਰ ਸਾਇੰਜ਼ ਐਂਡ ਇਨਵਾਇਰਨਮੈਂਟ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਹੜ੍ਹ, ਸੋਕੇ ਅਤੇ ਚੱਕਰਵਾਤ ਤੂਫਾਨਾਂ ਕਾਰਨ ਭਾਰਤ ਵਿੱਚ ਵੱਡੇ ਪੈਮਾਨੇ ਉੱਤੇ ਉਜਾੜਾ ਹੋ ਰਿਹਾ ਹੈ। ਦੇਸ਼ ਦੇ ਪਹਾੜੀ ਅਤੇ ਸਮੁੰਦਰੀ ਤੱਟ ਵਰਤੀ ਖੇਤਰਾਂ ਤੋਂ ਬਿਨ੍ਹਾਂ ਬਿਹਾਰ, ਛੱਤੀਸਗੜ੍ਹ, ਝਾਰਖੰਡ 'ਚ ਵੀ ਲਗਾਤਾਰ ਇਹੋ ਜਿਹੀਆਂ ਸਥਿਤੀਆਂ ਵੇਖਣ ਨੂੰ ਮਿਲਦੀਆਂ ਹਨ।

ਬਿਨ੍ਹਾਂ ਸ਼ੱਕ ਮਨੁੱਖ ਨੂੰ ਵੱਡੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਕੁਦਰਤੀ ਆਫ਼ਤਾਂ ਹਨ, ਜਿਹਨਾ ਦਾ ਕਾਰਨ ਵਾਤਾਵਰਨ ਨਾਲ ਵੱਡੀ ਛੇੜ-ਛਾੜ ਹੈ, ਜਿਸਦਾ ਖਮਿਆਜ਼ਾ ਆਮ ਆਦਮੀ ਨੂੰ ਭੁਗਤਣਾ ਪੈਂਦਾ ਹੈ। ਆਮ ਲੋਕਾਂ ਵਿੱਚੋਂ ਵੀ ਘੱਟ ਤਾਕਤਵਰ, ਕੰਮਜ਼ੋਰ ਲੋਕ, ਖ਼ਾਸ ਕਰਕੇ ਔਰਤਾਂ ਤੇ ਬੱਚੇ ਆਫ਼ਤਾਂ, ਯੁੱਧਾਂ ਦੇ ਸਿੱਟਿਆਂ ਦਾ ਵੱਧ ਸ਼ਿਕਾਰ ਹੁੰਦੇ ਹਨ।

ਸਮਾਜ 'ਚ ਆਰਥਿਕ ਤੇ ਸਮਾਜਿਕ ਨਾ-ਬਰਾਬਰੀ, ਸਾਧਨਾਂ ਦੀ ਲੁੱਟ, ਇਹੋ ਜਿਹੇ ਕਾਰਨ ਹਨ, ਜੋ ਸਾਧਨਹੀਣ ਮਨੁੱਖ ਲਈ ਵਧੇਰੇ ਮੁਸੀਬਤਾਂ ਖੜੀਆਂ ਕਰਦੇ ਹਨ। ਹੇਠਲੇ ਵਰਗ ਵਾਲੇ, ਘੱਟ ਆਮਦਨੀ ਵਾਲੇ ਲੋਕਾਂ ਨੂੰ ਪ੍ਰਵਾਸ ਦਾ ਵੱਧ ਦਰਦ ਸਹਿਣਾ ਪੈਂਦਾ ਹੈ। ਘਰੋਂ ਬੇਘਰ ਹੋਣਾ, ਭੁੱਖਮਰੀ ਦਾ ਸ਼ਿਕਾਰ ਹੋਣਾ, ਬੇਰੁਜ਼ਗਾਰੀ ਦੀ ਮਾਰ ਹੇਠ ਆਉਣਾ, ਇਹ ਵਰਤਮਾਨ ਸਮੇਂ 'ਚ ਕਾਰਪੋਰੇਟ ਦੇ ਘਰਾਣਿਆਂ ਦੀ ਤਾਕਤ ਤੇ ਧਨ ਹਥਿਆਉਣ ਦਾ ਸਿੱਟਾ ਹੈ। ਜੋ ਕੁਦਰਤ ਦੇ ਨਾਲ ਖਿਲਵਾੜ ਕਰਕੇ ਨਵੇਂ ਪ੍ਰਾਜੈਕਟ ਲਗਾਕੇ ਸਾਧਨਾਂ ਦੀ ਲੁੱਟ ਕਰਕੇ ਆਪਣੇ ਭੜੋਲੇ ਭਰਦੇ ਹਨ, ਹਾਕਮਾਂ ਨਾਲ ਰਲਕੇ ਲੋਕਾਂ ਦੀ ਲੁੱਟ-ਖਸੁੱਟ ਕਰਦੇ ਹਨ, ਉਹਨਾ ਦਾ ਸ਼ੋਸਣ ਕਰਦੇ ਹਨ। ਇਹ ਵਰਤਾਰਾ ਦੇਸ-ਪ੍ਰਦੇਸ 'ਚ ਲਗਾਤਾਰ ਵੱਧ ਰਿਹਾ ਹੈ।

ਮਨੁੱਖ ਮੁੱਢ ਕਦੀਮ ਤੋਂ ਪ੍ਰਵਾਸ ਹੰਢਾਉਂਦਾ, ਜੰਗਲ ਬੇਲੇ ਘੁੰਮਦਾ, ਸੁਰੱਖਿਅਤ ਟਿਕਾਣਿਆਂ ਅਤੇ ਚੰਗੇ ਸੁਖਾਵੇਂ ਜੀਵਨ ਦੀ ਭਾਲ ਤੇ ਲਾਲਸਾ ਤਹਿਤ ਆਪਣੀ ਜਨਮ ਭੂਮੀ ਤੋਂ ਦੂਰ ਜਾਂਦਾ ਰਿਹਾ ਹੈ। ਜੀਵਨ ਦਾ ਉਸਦਾ ਇਹ ਸੰਘਰਸ਼ ਲਗਾਤਾਰ ਜਾਰੀ ਹੈ। ਉਸਦੀ ਤਾਂਘ ਬ੍ਰਹਿਮੰਡ 'ਚ ਵਿਸ਼ਵ ਨਾਗਰਿਕਤਾ ਪ੍ਰਾਪਤ ਕਰਨ ਨਾਲ ਜੁੜੀ ਹੈ। ਉਸਦੀ ਸੋਚ, ਭੁੱਖਮਰੀ ਤੋਂ ਛੁਟਕਾਰਾ ਪਾਕੇ ਚੰਗੀ ਸਾਵੀ ਜ਼ਿੰਦਗੀ ਜੀਊਣ ਨਾਲ ਬੱਝੀ ਹੋਈ ਹੈ। ਦੇਸਾਂ-ਵਿਦੇਸ਼ਾਂ ਦੀਆਂ ਸਰਕਾਰਾਂ ਦੇ ਨਿਯਮ ਉਸਨੂੰ ਆਪਣੀ ਖੁਲ੍ਹੀ ਸੋਚ 'ਚ ਰੁਕਾਵਟ ਜਾਪਦੇ ਹਨ। ਉਹ ਕਈ ਵੇਰ ਵੱਡੇ ਜ਼ੋਖ਼ਮ ਉਠਾਕੇ ਕਾਨੂੰਨੀ ਸੰਗਲਾਂ ਨੂੰ ਤੋੜਦਾ ਹੈ ਅਤੇ ਕਈ ਵੇਰ ਆਪ ਇਹਨਾ ਸੰਗਲਾਂ 'ਚ ਜਕੜਿਆਂ ਜਾਂਦਾ ਹੈ।

ਉਂਜ ਮਨੁੱਖ ਲਈ ਉਜਾੜਾ ਅਤੇ ਪ੍ਰਵਾਸ ਦੋਵੇਂ ਹੀ ਅਤਿਅੰਤ ਖ਼ਤਰਨਾਕ ਪੀੜਾ ਦਾਇਕ ਹਨ। ਜਿਹਨਾ ਤੋਂ ਨਿਜਾਤ ਪਾਉਣ ਲਈ ਮਨੁੱਖ ਨੂੰ ਨਿਵੇਕਲੀ ਸੋਚ ਨਾਲ ਨਵੇਂ ਦਿਸਹੱਦੇ ਸਿਰਜਣੇ ਪੈਣਗੇ ਤਾਂ ਕਿ ਚੰਗੇਰਾ ਮਨੁੱਖੀ ਜੀਵਨ ਜੀਊਣ ਦੀਆਂ ਉਸਦੀਆਂ ਆਸਾਂ ਨੂੰ ਬੂਰ ਪਵੇ।

# THE PANJAB TIMES' NEW FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



# ਪੰਜਾਬ ਟਾਈਮਜ਼ ਦਾ ਨਵਾਂ ਫੀਚਰ – ਟਵੀਟਸ ਆਫ ਦਾ ਵੀਕ



ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਪੰਜੇ ਸਿੰਘ ਸਾਹਿਬਾਨ ਜਾਂਣਦੇ ਹੋਣਗੇ ਕਿ ਚੰਗੇ ਤੇ ਭਲੇ ਪੰਥਕ ਸਿੱਖ, ਸ਼੍ਰੋਮਣੀ ਅਕਾਲੀ ਦਲ ਅਤੇ ਵਖ ਵਖ ਹੋਰਨਾਂ ਦਲਾਂ ਤੋਂ ਬਿਨਾਂ, ਦੇਸ਼-ਦੁਨੀਆਂ ਦੀਆਂ ਯੂਨੀਅਨਿਸਟ ਪਾਰਟੀਆਂ ਅਤੇ ਖਾਲਿਸਤਾਨ ਪਖੀ ਧਿਰਾਂ ਵਿਚ ਵੀ ਸਰਗਰਮ ਹਨ। ਇਹ ਸਮੂਹ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਵੀ ਹੋਂਣਗੇ। ਪਰ, ਇਹਨਾਂ ਦੀ ਸਿਆਸਤ ਵਿਭਿੰਨ ਅਤੇ ਵਿਰੋਧੀ ਹੈ। ਆਮ ਸਿੱਖ ਤਾਂ ਸ਼੍ਰੋਮਣੀ ਅਕਾਲੀ ਦਲ ਤੋਂ ਹੀ ਪੰਜਾਬ, ਪੰਜਾਬੀਅਤ, ਪੰਥ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਅਤੇ ਵਿਕਾਸ-ਵਿਸਥਾਰ ਦੀ ਤਵਕੋਂ ਰਖਦੇ ਹਨ।

ਜਥੇਦਾਰ ਸਾਹਿਬਾਨ 2 ਦਸੰਬਰ 2024 ਦੀ ਪ੍ਰਕਿਰਿਆ ਮੁਕੰਮਲ ਕਰਨ ਲਈ, ਚਲਦੀ ਮੈਂਬਰਸ਼ਿਪ ਬਾਰੇ ਵੀ ਵਿਵਾਦ ਖਤਮ ਕਰਨ ਲਈ ਉਸਤੇ ਨਜ਼ਰਸਾਨੀ, ਸੰਭਾਵਿਤ ਵਾਧੇ ਅਤੇ ਏਕੇ ਦੇ ਨਿਰਦੇਸ਼ ਕਰਕੇ, ਨਿਰਲੇਪ ਸਥਿਤੀ ਵਿਚ ਆ ਜਾਂਣ। ਵਰਨਾਂ ਵਿਰੋਧੀ ਧਿਰਾਂ ਤੇ ਮੀਡੀਏ ਅਤੇ ਸ਼ਰਾਰਤੀ ਕਿਸਮ ਦੇ ਸ਼ੋਸ਼ਲ ਮੀਡੀਆ ਨੇ ਚਲਦਾ ਘਸਮਾਂਣ ਖਤਮ ਨਹੀਂ ਹੋਂਣ ਦੇਣਾਂ।

♣ ♣ ♣

ਸਾਡੀ ਕਥਿਤ ਪੰਥਕ ਸਿਆਣਪ ਵੀ ਵਾ-ਕਮਾਲ ਹੈ। ਬੇਅਦਬੀਆਂ ਦੇ ਅਸਲ ਕਥਿਤ ਦੋਸ਼ੀ, ਸੌਦਾ-ਸਾਧ ਨੂੰ ਅਜੇ ਤੱਕ ਵੀ ਸਰਕਾਰਾਂ ਤਫਤੀਸ਼ ਤੇ ਅਦਾਲਤ ਤੱਕ ਨਹੀਂ ਲਿਆਈਆਂ। ਓਧਰ ਧਿਆਨ ਦੇਣ ਨਾਲੋਂ, ਬਹੁਤੇ 'ਸਿੱਖ-ਪੰਥਕ' ਸਿਆਸਤਦਾਨ, ਧਾਰਮਿਕ ਆਗੂ ਅਤੇ ਕਾਫੀ ਮੀਡੀਆ ਤੇ ਸ਼ੋਸ਼ਲ ਮੀਡੀਆ ਵੀ ਖਿਮਾ-ਜਾਚਨਾਂਵਾਂ ਉਪਰੰਤ ਵੀ, ਆਪਸੀ ਭਰਾ-ਭੈਂਣਾ ਮਾਰੂ ਲਾਹ-ਪਾਹ ਵਿੱਚ ਉਲਝਿਆ ਹੋਇਆ ਹੈ!

ਸਿੱਖ ਪੰਥ ਵਿੱਚ ਮੌਜੂਦਾ ਸਿਆਸਤੀ ਘਸਮਾਂਣ ਪੰਜਾਬ ਅਤੇ ਪੰਜਾਬੀਆ ਹੋਰ ਨੁਕਸਾਨ ਕਰ ਰਿਹੈ। ਸਾਰੀਆਂ ਕਥਿਤ 'ਪੰਥਕ ਧਿਰਾਂ' ਕਦੇ ਵੀ ਸਿਆਸਤੀ ਸਹਿਮਤੀ ਨਹੀਂ ਬਣਾ ਸਕੀਆਂ। ਸਿੰਘ ਸਾਹਿਬਾਨ 2 ਦਸੰਬਰ 2024 ਦੀ ਰਹਿੰਦੀ ਪ੍ਰਕਿਰਿਆ ਪੂਰੀ ਕਰਨ ਹਿੱਤ "7 ਮੈਂਬਰੀ ਕਮੇਟੀ" ਨੂੰ ਸੋਝੀ ਵਾਲੀ ਲਚਕੀਲੀ ਸੇਧ ਦੇ ਕੇ ਸਲਝਾਅ ਦਾ ਆਦੇਸ਼ ਕਰ ਦੇਣ; ਆਪ ਨਿਰਲੇਪ ਰਹਿਣ।

♣ ♣ ♣

ਬੀਤੇ 100 ਵਰਿਆਂ ਦੇ ਇਤਿਹਾਸ ਤੋਂ ਸਿਖਦਿਆਂ, ਸ਼੍ਰੋ.ਗੁ.ਪ੍ਰ.ਕ ਅਗਾਂਹ ਕਿਵੇਂ ਵਧੇ? ਨਵਿਆਏ ਤੇ ਨਵੇਂ ਵੋਟਰਾਂ ਦੀਆਂ ਜਿੰਮੇਵਾਰੀਆਂ ਅਤੇ ਭਵਿੱਖਤ ਨਵੇਂ ਹਾਊਸ ਲਈ ਵੱਡੇ ਪੰਥਕ ਚੈਲਿੰਜ ਅਤੇ ਪ੍ਰੋਗਰਾਮ ਹੋ ਸਕਦੇ ਹਨ। ਵੋਟਰ ਅਗਾਂਹ ਉਹਨਾਂ ਨੂੰ ਚੁਣਨ ਜਿਹਨਾਂ ਕੋਲ:

➢ ਵਾਰਤਾਲਾਪ, ਵਿਖਿਆਨ ਤੇ ਸੰਪਰਕ ਬਣਾਉਂਣ ਦੀ ਯੋਗਤਾ ਹੋਵੇ

➢ ਗੁਰਮਤਿ ਵਾਲਾ ਸਲੀਕਾ, ਇਖਲਾਕ ਤੇ ਕਿਰਦਾਰ-ਵਿਵਹਾਰ ਹੋਵੇ

➢ ਪ੍ਰਬੰਧਕੀ ਅਗਵਾਈ ਤੇ ਜਿੰਮੇਵਾਰੀਆਂ ਨਿਭਾਉਣ ਦੇ ਗੁਣ ਹੋਂਣ

➢ ਸਿੱਖ ਧਰਮ, ਮਰਿਆਦਾ, ਤੇ ਇਤਿਹਾਸ ਦੀ ਕੁਝ ਵਾਕਫੀ ਹੋਵੇ

➢ ਸ਼੍ਰੋ.ਗੁ.ਪ੍ਰ.ਕਮੇਟੀ ਮੈਂਬਰ ਹੁੰਦਿਆ ਰਾਜਨੀਤਕ ਲਾਲਸਾ ਨਾ ਹੋਵੇ

➢ ਬੀਬੀਆਂ, ਜਾਤਾਂ, ਸਰੀਰਿਕ ਤੇ ਮਾਨਸਿਕ ਬਰਾਬਰੀ ਲਈ ਵਚਨਬੰਧਤਾ ਹੋਵੇ

➢ ਕਮੇਟੀ ਨੂੰ ਸਰਬਹਿੰਦ ਅਤੇ ਵਿਸ਼ਵ-ਵਿਆਪਕ ਬਣਾਉਂਣ ਲਈ ਵਚਨਬੱਧਤਾ ਹੋਵੇ

➢ ਸਿੱਖ ਕੌਮ ਵਿੱਚ ਸ੍ਰੀ ਗੁਰੂ ਗ੍ਰੰਥ ਸਹਿਬ ਨਾਲ ਜੁੜਿਓ ਵਿਭਿੰਨ ਸੰਪ੍ਰਦਾਇਕ ਭਾਈਚਾਰਿਆਂ ਨੂੰ ਵੀ, ਸਿੱਖ-ਪੰਥਕ ਧਾਰਾ ਨਾਲ ਜੋੜਨ ਲਈ ਵਚਨਬੱਧਤਾ ਹੋਵੇ

➢ ਸਿੱਖ ਧਰਮ ਦੇ ਸਰਬ-ਧਰਮ ਸਤਿਕਾਰ ਫਲਸਫੇ ਅਧਾਰਤ ਸੰਪਰਕ ਅਤੇ ਸਹਿਯੋਗ ਵਧਾਉਂਣ ਲਈ ਵਚਨਬੱਧਤਾ ਹੋਵੇ

➢ ਸਮਾਜ ਵਿਚੋਂ ਨਸ਼ਿਆਂ, ਸ਼ਰਾਬਖੋਰੀ, ਹਿੰਸਾ, ਜੁਰਮਾਂ, ਸਦਾਚਾਰਕ ਹੀਣਤਾ...ਅਦਿ ਅਲਾਮਤਾਂ ਤੋਂ ਮੁਕਤੀ ਦਿਵਾਊ ਲਹਿਰ ਲਈ ਵਚਨਬੱਧਤਾ ਹੋਵੇ

➢ ਕੋਈ ਵਿਸ਼ੇਸ਼ਕ ਤਜਰਬੇਕਾਰੀ, ਮੁਹਾਰਤ, ਕਲਾ, ਵਿਦਿਆ ਜਾਂ ਤਕਨੀਕੀ ਜਾਣਕਾਰੀ ਹੋਵੇ।

♣ ♣ ♣

ਪੰਜਾਬ ਟਾਈਮਜ਼ ਵਿੱਚ 13.2.2025 ਨੂੰ ਸਫਾ 35-36 ਤੇ ਛਪੇ ਲੇਖ ਅਨੁਸਾਰ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸੰਵਿਧਾਨਕ ਸਥਾਪਤੀ ਨੂੰ 100 ਵਰੇ ਹੋਰ ਰਹੇ ਹਨ। ਵਰਤਮਾਨ ਚਿਣੌਤੀਆਂ ਤੋਂ ਅਗਾਂਹ ਵੱਡੀਆਂ ਸੰਭਾਵਨਾਵਾਂ ਬਾਰੇ ਲੇਖ ਵਿੱਚ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚੁਣਿਆ ਜਾਂਣ ਵਾਲਾ ਅਗਲਾ ਨਵਾਂ ਹਾਊਸ, ਸਿੱਖ-ਪੰਥ ਦੀ ਇਸ ਪ੍ਰਮੁੱਖ ਸੰਸਥਾਂ ਦੇ ਅਗਲੇਰੇ ਵਿਕਾਸ ਲਈ, ਹੇਠਾਂ ਅੰਕਿਤ ਪੰਜ ਪ੍ਰੋਗਰਾਮ ਲਈ ਫੈਸਲੇ ਕਰਕੇ, ਵਿਉਂਤਬੰਧਕ ਢੰਗ ਨਾਲ ਅਗਾਂਹ ਵਧਣ ਲਈ ਵਚਨਬੱਧ ਹੋਂਵੇ:

1. ਵਿਕੇਂਦਰਤ ਤੇ ਜਮਹੂਰੀ ਸਰਬਹਿੰਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾਂ ਕਰਨ ਵਾਸਤੇ, ਸੰਵਿਧਾਨਿਕ ਪਾਰਲੀਮੈਂਟਰੀ ਜਾਂ ਫਿਰ ਖੁਦ-ਮੁਖਤਿਆਰ ਕਾਨੂੰਨੀ ਟਰੱਸਟ ਰਾਹੀਂ ਅਗਾਂਹ ਵਧਣਾਂ। ਜਿਸ ਵਿੱਚ ਵਿਸ਼ਵ ਵਿਆਪੀ ਗੁਰਦੁਆਰਿਆਂ ਦੀ ਪ੍ਰਤੀਨਿਧਤਾ ਦੀ ਵਿਵਸਥਾ ਵੀ ਹੋਵੇ। ਇਸੇ ਪ੍ਰਸੰਗ ਵਿੱਚ ਸਮਰੱਥ ਅਤੇ ਯੋਗਤਾ ਵਾਲਾ ਪੰਜਾਬ, ਸਰਬਹਿੰਦ ਅਤੇ ਕੌਮਾਂਤਰੀ ਪੱਧਰਾਂ ਦਾ ਸਥਾਈ ਸਕੱਤਰੇਤ ਸਥਾਪਤ ਹੋਵੇ।

2. ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ-ਉਚ ਸੰਸਥਾ ਦੇ ਜਥੇਦਾਰ ਸਾਹਿਬ ਅਤੇ ਪੰਜ ਸਿੰਘ ਸਾਹਿਬਾਨਾਂ ਦੀ ਸਥਾਪਤੀ ਸਮਰੱਥ ਬਣਾਉਂਣ ਲਈ ਨਿਯਕਤੀਆਂ, ਜਿੰਮੇਵਾਰੀਆਂ, ਵੇਤਨਾਂ, ਸਕੱਤਰੇਤ ਅਤੇ ਸੇਵਾਮੁਕਤੀ ਸਬੰਧਿਤ ਵਿਧੀ-ਵਿਧਾਂਤ ਸਥਾਪਤ ਹੋਵੇ।

3. ਬਹੁਪੱਖੀ ਵਿਦਵਤਾ ਵਾਲੇ, ਇਕ ਸਮਰੱਥ ਸਟੈਂਡਿੰਗ ਕਮਿਸ਼ਨ ਦੀ ਸਥਾਪਨਾਂ ਹੋਵੇ। ਜਿਹੜਾ ਦਰਪੇਸ਼ ਅਤੇ ਸੰਭਾਵਿਤ ਮਸਲਿਆਂ ਦਾ ਵਿਸ਼ਲੇਸ਼ਣ ਅਤੇ ਇਹਨਾਂ ਬਾਰੇ ਨਿਰੰਤਰ ਸਿਫਾਰਿਸ਼ਾਂ ਪੇਸ਼ ਕਰੇ। ਇਹਨਾਂ ਨੂੰ ਨੀਤੀਗਤ ਤਰੀਕੇ ਸ਼੍ਰੋ.ਗ.ਪ.ਕਮੇਟੀ ਵਿਚਾਰ-ਸੰਵਾਦ ਅਧੀਨ ਲਿਆ ਕੇ ਲੋੜੀਂਦੇ ਅਮਲ ਕਰੇ।

4. ਸ਼੍ਰੋਮਣੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਰੱਥ ਬੈਂਕ ਸਥਾਪਤ ਕਰਨ ਦੇ ਯੋਗ ਹੈ। ਦੇਸ਼-ਵਿਦੇਸ਼ ਦੇ ਗੁਰਦੁਆਰੇ ਸਕਿਓਰਟੀ ਅਤੇ ਸਰਮਾਏ ਪੱਖੋਂ, ਦੇਸ਼ ਜਾਂ ਵਿਦੇਸ਼ ਵਿਚ ਬੈਂਕ ਰਜਿਸਟ੍ਰੇਸ਼ਨ ਕਰਕੇ, ਇਸਦੀ ਸਥਾਪਨਾਂ ਬਾਰੇ ਕਾਰਜਸ਼ੀਲ ਹੋਵੇ।

5. ਸ੍ਰੀ ਦਰਬਾਰ ਸਾਹਿਬ / ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੁਆਲੇ ਦੇ ਅੰਦਰੂੰਨੀ ਅਮ੍ਰਿਤਸਰ ਨੂੰ, 'ਵੇਟੀਕਨ ਸਿਟੀ' ਸਟੇਟਸ ਵਿਵਸਥਾ ਵਾਸਤੇ ਵਿਉਂਤਬੰਦਕ ਤਜਵੀਜ਼ ਅਧੀਨ, ਪੰਜਾਬ ਅਤੇ ਭਾਰਤ ਦੀ ਯੂਨੀਅਨ ਸਰਕਾਰ ਨਾਲ ਵਾਰਤਾਲਾਪ ਅਰੰਭੇ।

♣ ♣ ♣

We, as Sikhs, should learn from the past, live progressively in the present and strategise for a better future. Our constant religio-political bickering is a huge opportunity cost for Sikh Panth and its institutions and not least, to our collective entity in Punjab, India and diaspora.

Sikh political and religious leaders of all persuasions and affiliations should maintain a level of grace and dignity in 'fighting-out' their politics, religious passions and positions. Sikhs in Punjab, India and Diaspora find it difficult to achieve conflict resolution on critical Sikh Panthic issues; reasons being polarised pressures of dispersed vested politics.

♣ ♣ ♣

The top Sikh religious leadership including Jathedar Sri Akal Takht and the Singh Sahibans former and present, should preserve the dignity of their positions and of the historical institution of Sri Akal Takhat Sahib by staying free of all polarised politics of 'Sikh Panthic' groups in Punjab, India and diaspora. Yet another Sikh crisis of recent days since the UK facebook statement of Jathedar Sahib - it's not clear if it was encouraged by rival political group/s of Shiromani Akali Dal or was it Singh Sahib's conscious assertion. In any case a direct correspondence with SGPC President and the SGPC Amritsar would've averted it.

The current religio-political paralysis in Sikh Panth must be resolved speedily. It's holding back Sikhs progressing into transforming Punjab and Punjabis' wider life. Ironically, the alleged culprit of the 2015 sacrileges the Dera Sadh, remains free of even investigation and charges - the indulgence is in futile internecine conflicts is harming collective Sikh interests. Contemporary Sikh politics in Punjab, India and Diaspora ranges from ultra unionist to ultra nationalist but Shiromani Akali Dal is expected to be federal, democratic, regionalist identity...driven. Jathedar Sri Akal Takht and the Singh Sahibans approach should remain moral, ethical, and spiritual - free of diverse individual leaders and groups.

♣ ♣ ♣

The world politics of peace and war are experiencing unique circumstances...which could reshape international relations. Behind the headlines for Trump and Putin are high value deals to be done on valuable Ukrainian minerals worth USD 12+ trillion in the Russian occupied areas ...Europe is struggling to catch-up with the changing situation - Trump sounded inconsistent but if he can reduce international and civil wars justly, the world can be a better place with the defence expenditures redeployed for development and climate improvement...if Donald Trump initiative for global 'de-nuclearisation' worked then...?


♣ ♣ ♣

History in making again: America deported undocumented aspiring to work Indian migrants in shackles, as Africans used to be brought in boats to work in American plantations...

*****

# ਗੈਰ ਕਾਨੂੰਨੀ ਪਰਵਾਸ ਦਾ ਮਸਲਾ

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ:
07806945964





ਸਭ ਤੋਂ ਪਹਿਲਾਂ ਪੰਜਾਬ ਦੀ ਨੌਜਵਾਨੀ ਦਾ ਭਵਿੱਖ ਸੁਰੱਖਿਅਤ ਕੀਤਾ ਜਾਵੇ ।ਬਹੁਤ ਸਾਲਾਂ ਤੋਂ ਪੰਜਾਬ ਖਾਲੀ ਹੋ ਰਿਹਾ ਹੈ, ਉੱਜੜ ਰਿਹਾ ਹੈ, ਨੌਜਵਾਨ ਲੜਕੇ ਲੜਕੀਆਂ ਆਈਲਟਾਂ ਕਰਕੇ ਜਾਂ ਗੈਰ ਕਾਨੂੰਨੀ ਤੌਰ 'ਤੇ ਵਿਦੇਸ਼ਾਂ ਵੱਲ ਭੱਜ ਰਹੇ ਹਨ, ਪੰਜਾਬ ਵਿਚ ਰਹਿਣ ਲਈ ਕੋਈ ਵੀ ਤਿਆਰ ਨਹੀਂ, ਜੀਹਦਾ ਜਿਵੇਂ ਦਾਅ ਲਗਦਾ, ਇਥੋ ਨਿਕਲ ਜਾਣ ਲਈ ਕੋਸ਼ਿਸ਼ ਕਰ ਰਿਹਾ ਹੈ । ਦੂਸਰੇ ਪਾਸੇ ਢਾਈ ਕੁ ਸਾਲ ਪਹਿਲਾਂ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਮੁਖੀ ਭਗਵੰਤ ਮਾਨ ਇਹ ਐਲਾਨ ਤੇ ਐਲਾਨ ਕਰੀ ਜਾ ਰਿਹਾ ਹੈ ਕਿ ਉਸਦੀ ਸਰਕਾਰ ਨੇ ਪੰਜਾਬ ਨੂੰ ਇਸ ਤਰਾਂ ਦਾ ਸੂਬਾ ਬਣਾ ਦੇਣਾ ਹੈ ਕਿ ਉਲਟੀ ਗੰਗਾ ਪਿਹੋਏ ਨੂੰ ਵਹਿਣ ਲੱਗ ਪਵੇਗੀ, ਭਾਵ ਕਿ ਸਾਡੇ ਨੌਜਵਾਨ ਵਿਦੇਸ਼ਾਂ ਵੱਲ ਭੱਜਣਾ ਬੰਦ ਕਰ ਦੇਣਗੇ ਤੇ ਖਾੜੀ ਅਤੇ ਪੱਛਮ ਦੇ ਲੋਕ ਵੀ ਨੌਕਰੀਆਂ ਕਰਨ ਵਾਸਤੇ ਆਪਣੀਆਂ ਮੁਹਾਰਾਂ ਪੰਜਾਬ ਵੱਲ ਮੋੜ ਲੈਣਗੇ, ਪਰ ਅਜੇ ਤੱਕ ਸਭ ਕੁੱਝ ਹੀ ਉਲਟਾ ਪੁਲਟਾ ਹੋ ਰਿਹਾ ਹੈ,ਪੰਜਾਬ ਦੀ ਨੌਜਵਾਨੀ ਦਾ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ ਬਦਸਤੂਰ ਜਾਰੀ ਹੈ, ਦੂਜੇ ਪਾਸੇ ਪੰਜਾਬ ਸਰਕਾਰ ਦੇ ਸਰਕਾਰੀ ਐਲਾਨ ਮੁਤਾਬਿਕ ਗੋਰੇ ਵੀ ਅਜੇ ਤੱਕ ਪੰਜਾਬ ਵਿਚ ਕੰਮ ਕਰਨ ਵਾਸਤੇ ਆਉਣੇ ਸ਼ੁਰੂ ਨਹੀਂ ਹੋਏ, ਹਾਂ ! ਅਮਰੀਕਾ ਦੀ ਟਰੰਪ ਸਰਕਾਰ ਨੇ ਸੱਤਾ ਵਿਚ ਆਉਂਦਿਆ ਹੀ, ਗੈਰ ਕਾਨੂੰਨੀ ਤੌਰ 'ਤੇ ਡੰਕੀਆਂ ਲਗਾ ਕੇ ਪਹੁੰਚੇ ਪੰਜਾਬੀਆਂ ਤੇ ਹੋਰ ਭਾਰਤੀਆਂ ਨੂੰ ਫੜਕੇ ਬਿਨਾ ਕੋਈ ਮੁਕੱਦਮੇ ਚਲਾਇਆਂ, ਬਿਨਾ ਕੋਈ ਅਪੀਲ, ਦਲੀਲ ਤੇ ਵਕੀਲ ਦਾ ਹੱਕ ਦਿੱਤਿਆਂ, ਉਹਨਾਂ ਦੇ ਜਹਾਜ ਭਰ ਭਰ ਕੇ ਅੰਮ੍ਰਿਤਸਰ ਵੱਲ ਭੇਜਣੇ ਜਰੂਰ ਸ਼ੁਰੂ ਕਰ ਦਿੱਤੇ ਹਨ, ਹੁਣ ਤੱਕ ਤਿੰਨ ਜਹਾਜ ਆ ਚੁੱਕੇ ਹਨ ਤੇ ਇਹ ਸਿਲਸਿਲਾ ਭਵਿੱਖ ਵਿਚ ਇਸੇ ਤਰਾਂ ਜਾਂ ਕਿਸੇ ਬਦਲੇ ਹੋਏ ਰੂਪ ਵਿਚ ਜਾਰੀ ਰਹਿਣ ਦੀ ਸੰਭਾਵਨਾ ਹੈ । ਇਹ ਵੀ ਪਤਾ ਲੱਗਾ ਹੈ ਕਿ ਹੁਣ ਗੈਰ ਕਾਨੂੰਨੀ ਭਾਰਤੀਆਂ ਦੇ ਜਹਾਜ ਸਿੱਧੇ ਭਾਰਤ ਨਹੀਂ ਆਉਣਗੇ ਬਲਕਿ ਇਹ ਜਹਾਜ ਹੁਣ ਕੋਸਟਾ ਅਤੇ ਗੁਆਟਾਮਾਲਾ ਵਰਗੇ ਮੁਲਕਾਂ ਦੇ ਹਵਾਈ ਅੱਡਿਆਂ ਉਤੇ ਗੈਰ ਕਾਨੂੰਨੀ ਲੋਕਾਂ ਨੂੰ ਉਤਾਰ ਕੇ ਵਾਪਸ ਪਰਤ ਜਾਣਗੇ, ਜਿਥੋਂ ਉਹ ਲੋਕ ਆਪਣੇ ਖਰਚੇ 'ਤੇ ਆਪੋ ਆਪਣੇ ਵਤਨ ਪਰਤਣ ਲਈ ਜਿੰਮੇਵਾਰ ਹੋਣਗੇ । ਬੇਸ਼ੱਕ ਅਮਰੀਕਾ ਵਲੋਂ ਅਜਿਹਾ ਕੀਤੇ ਜਾਣਦੇ ਹੋਰ ਵੀ ਕਈ ਕਾਰਨ ਹੋਣਗੇ ਪਰ ਇਕ ਕਾਰਨ, ਭਾਰਤੀ ਲੋਕਾਂ ਵਲੋਂ ਸ਼ੋਸ਼ਲ ਮੀਡੀਏ ਉਤੇ ਕੀਤੀ ਗਈ ਕਰੜੀ ਨੁਕਤਾਚੀਨੀ ਨੂੰ ਵੀ ਮੰਨਿਆ ਜਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਅਮਰੀਕਾ ਨੇ ਇਸ ਤਰਾਂ ਕਰਨਾ, ਇਸ ਕਰਕੇ ਚੁਣਿਆ ਹੈ ਕਿ ਉਹ ਗੈਰ ਕਾਨੂਨੀ ਅਮਰੀਕਾ ਪਹੁੰਚੇ ਲੋਕਾਂ ਨੂੰ ਉਸੇ ਰਸਤੇ ਹੀ ਵਾਪਸ ਭੇਜਣਾ ਚਾਹੁੰਦਾ ਹੈ, ਜਿਸ ਰਸਤੇ ਉਹ ਡੰਕੀਆਂ ਲਗਾ ਕੇ ਉਹ ਅਮਰੀਕਾ ਪਹੁੰਚੇ ਸਨ। ਇਹਨਾਂ ਮੁਲਕਾਂ ਵਿਚ ਦੋ ਮੁਲਕਾਂ - ਕੋਸਟਾ ਅਤੇ ਗੁਆਟੇਮਾਲਾ - ਦਾ ਨਾਮ ਸਭ ਤੋਂ ਉੱਪਰ ਆਉਂਦਾ ਹੈ । ਦੱਸਿਆ ਜਾਂਦਾ ਹੈ ਕਿ ਬਹੁਤੇ ਲੋਕ ਇਹਨਾ ਮੁਲਕਾਂ ਰਾਹੀਂ ਹੀ ਸਰਹੱਦਾਂ ਪਾਰ ਕਰਕੇ ਅਮਰੀਕਾ ਵਿਚ ਦਾਖਲ ਹੁੰਦੇ ਸਨ ਤੇ ਹੁਣ ਅਮਰੀਕਾ ਸਰਕਾਰ ਉਹਨਾਂ ਨੂੰ ਵਾਪਸ ਉਥੇ ਛੱਡਕੇ ਆਪਣੀ ਜਿੰਮੇਵਾਰੀ ਤੋਂ ਫਾਰਗ ਹੋਣਾ ਚਾਹੁੰਦੀ ਹੈ, ਭਾਰਤ ਛੱਡਣ ਆਉਣ ਦੇ ਭਾਰੀ ਭੁਰੱਕਮ ਖਰਚੇ ਤੋਂ ਬਚਣਾ ਚਾਹੁੰਦੀ ਹੈ, ਲੋਕਾਂ ਦੁਆਰਾ ਸ਼ੋਸ਼ਲ ਮੀਡੀਏ ਉੱਤੇ ਅਮਰੀਕਾ ਦੀ ਕੀਤੀ ਜਾ ਰਹੀ ਆਲੋਚਨਾ ਤੋਂ ਬਚਣਾ ਚਾਹੁੰਦੀ ਹੈ ਤੇ ਇਸ ਦੇ ਨਾਲ ਹੀ ਅੰਤਰ ਰਾਸ਼ਟਰੀ ਕਾਨੂੰਨਾਂ ਦੀਆਂ ਉਲਝਣਾ ਤੋਂ ਵੀ ਬਚਣਾ ਚਾਹੁੰਦੀ ਹੈ । ਇਥੇ ਜਿਕਰਯੋਗ ਹੈ ਕਿ ਅਮਰੀਕਾ ਨੇ ਗੈਰ ਕਾਨੂੰਨੀ ਭਾਰਤੀਆਂ ਨੂੰ ਹੱਥ ਕੜੀਆਂ ਤੇ ਪੈਰੀਂ ਬੇੜੀਆਂ ਪਾ ਕੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਾਰਿਆ ਸੀ ਜੋ ਕਿ ਅੰਤਰ ਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ ਕਿਉਂਕਿ ਫੜੇ ਗਏ ਲੋਕਾਂ ਦਾ ਪੱਖ ਸੁਣੇ ਬਿਨਾ ਉਹਨਾਂ ਨੂੰ ਅਪਰਾਧੀ ਸਾਬਤ ਕਰਕੇ ਡਿਪੋਰਟ ਕਰ ਦਿੱਤਾ ਗਿਆ।

ਹੁਣ ਪਤਾ ਇਹ ਵੀ ਲੱਗਾ ਹੈ ਕਿ ਏਹੀ ਕੁੱਝ ਕਨੇਡਾ ਅਤੇ ਇੰਗਲੈਂਡ ਵਾਲੇ ਵੀ ਸ਼ੁਰੂ ਕਰਨ ਜਾ ਰਹੇ ਹਨ, ਭਾਵ ਕਿ ਬੈਕ ਟੂ ਪੰਜਾਬ/ਭਾਰਤ ਦਾ ਸਿਲਸਿਲਾ ਇਹਨਾਂ ਮੁਲਕਾਂ ਵਿਚ ਵੀ ਸ਼ੁਰੂ ਹੋਣ ਜਾ ਰਿਹਾ ਹੈ । ਉਕਤ ਮੁਲਕਾਂ ਦੀਆਂ ਸਰਕਾਰਾਂ ਨੇ ਮੁਕੱਦਮਿਆਂ ਵਿਚ ਉਲਝਣ ਤੇ ਇਸ ਫਜੂਲ ਦੇ ਝੰਜਟ ਵਿਚ ਪੈਣ ਦੀ ਬਜਾਏ, ਅਪੀਲ, ਦਲੀਲ ਤੇ ਵਕੀਲ ਨੂੰ ਪਰੇ ਰੱਖਣ ਵਾਸਤੇ ਆਪੋ ਆਪਣੇ ਮੁਲਕਾਂ ਦੀਆਂ ਇਮੀਗਰੇਸ਼ਨ ਪਾਲਿਸੀਆਂ ਵਿਚ ਬਦਲਾਅ ਕਰਨੇ ਸ਼ੁਰੂ ਕਰ ਦਿੱਤੇ ਹਨ । ਇੰਗਲੈਂਡ ਵਾਲਿਆਂ ਨੇ ਵਿਆਹ ਕਰਵਾਕੇ ਇਥੇ ਆਉਣ ਤੇ ਮੰਗਵਾਉਣ ਵਾਲਿਆਂ ਉੱਤੇ ਤੀਹ ਹਜਾਰ ਰੁਪਏ ਦੀ ਸ਼ਰਤ ਲਗਾ ਦਿੱਤੀ ਜਿਸ ਨੂੰ ਪੂਰਾ ਕਰਨਾ ਕਿਸੇ ਵੀ ਐਰੇ ਗੈਰੇ ਦਾ ਕੰਮ ਨਹੀਂ ਹੈ । ਇਹ ਰਾਸ਼ੀ ਆਉਣ ਵਾਲੇ ਸਮੇਂ ਵਿਚ ਹੋਰ ਵਧਾਉਣ ਦੀਆਂ ਤਜਵੀਜ਼ਾਂ ਉੱਤੇ ਵੀ ਵਿਚਾਰ ਕੀਤੀ ਜਾ ਰਹੀ ਹੈ । ਇਸ ਦੇ ਨਾਲ ਹੀ ਪੜ੍ਹਨ ਆਉਣ ਵਾਲਿਆਂ ਦੇ ਨਾਲ ਉਹਨਾਂ ਦੇ ਸਪਾਊਸਾਂ ਉਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ । ਜੋ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰਕੇ ਬਰਤਾਨੀਆ ਵਿਚ ਪੱਕੇ ਤੌਰ 'ਤੇ ਰਹਿਣਾ ਚਾਹੁੰਦਾ ਹੈ, ਉਸ ਨੂੰ ਆਪਣੀ ਵਿੱਦਿਅਕ ਯੋਗਤਾ ਮੁਤਾਬਿਕ ਨੌਕਰੀ ਲੱਭਣੀ ਜਰੂਰੀ ਹੋਵੇਗੀ ਨਹੀਂ ਤਾਂ ਪੱਕੇ ਹੋਣ ਦੇ ਚਾਨਸ ਬਹੁਤ ਘੱਟ ਹੋਣਗੇ । ਇਸ ਦੇ ਨਾਲ ਪੱਕੇ ਹੋਣ ਵਾਸਤੇ ਸਾਲਾਂ ਦੀ ਗਿਣਤੀ ਵੀ ਤੋਂ ਅੱਠ ਕੁ ਸਾਲ ਕਰ ਦਿੱਤੀ ਗਈ ਹੈ । ਇਕ ਗੱਲ ਇਥੋਂ ਦੀ ਲੇਬਰ ਸਰਕਾਰ ਨੇ ਜੋ ਹੋਰ ਕੀਤੀ ਹੈ, ਉਹ ਇਹ ਕਿ ਜੋ ਵੀ ਵਿਅਕਤੀ ਇਸ ਮੁਲਕ ਵਿਚ ਗੈਰ ਕਾਨੂੰਨੀ ਦਾਖਲ ਹੋ ਕਿ ਸ਼ਰਨਾਰਥੀ ਦੇ ਤੌਰ 'ਤੇ ਕਿਸੇ ਨ ਕਿਸੇ ਤਰਾਂ ਪੱਕਾ ਹੋਣ ਦਾ ਸਟੇਟਸ ਪਰਾਪਤ ਕਰ ਗਿਆ, ਉਹ ਪੱਕੇ ਤੌਰ 'ਤੇ ਇਸ ਮੁਲਕ ਵਿਚ ਰਹਿ ਤਾਂ ਸਕੇਗਾ ਪਰ, ਬਰਤਾਨੀਆਂ ਦਾ ਸਿਟੀਜਨਸ਼ਿਪ ਨਹੀਂ ਬਣ ਸਕੇਗਾ ਤੇ ਨਾ ਹੀ ਪੂਰ ਉਮਰ ਬਰਤਾਨੀਆ ਦਾ ਪਾਸਪੋਰਟ ਹਾਸਿਲ ਕਰ ਸਕੇਗਾ ।

ਇਸੇ ਤਰਾਂ ਕਨੇਡਾ ਨੇ ਵੀ ਆਪਣੇ ਇਮੀਗਰੇਸ਼ਨ ਕਾਨੂੰਨ ਵਿਚ ਬਹੁਤ ਬਦਲਾਵ ਕੀਤੇ ਹਨ । ਇਸ ਮੁਲਕ ਵਿਚ ਜਿਥੇ ਪਹਿਲਾਂ ਸੈਰ ਵਾਲਾ ਵੀਜਾ, ਵਰਕ ਪਰਮਿਟ ਵਿਚ ਬਦਲਿਆ ਦਾ ਸਕਦਾ ਸੀ, ਉਹ ਹੁਣ ਬੀਤੇ ਦੀ ਗੱਲ ਹੋ ਗਈ ਹੈ, ਵਿਦਿਆਰਥੀਆਂ ਨੂੰ ਵੀ ਆਪੋ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪਿੱਛੇ ਮੋੜਨ ਤੇ ਉਥੇ ਲਾਇਨ ਚ ਲੱਗਕੇ ਵਰਕ ਵੀਜਾ ਲੈ ਕੇ ਆਉਣ ਦਾ ਕਾਨੂੰਨ ਛੇਤੀਂ ਹੀ ਬਣਾਇਆ ਜਾ ਰਿਹਾ ਹੈ।

ਕਹਿਣ ਦਾ ਭਾਵ ਇਹ ਕਿ ਜੇਕਰ ਕੋਈ ਆਇਲਟ ਕਰਕੇ ਵੀ ਜਾਂਦਾ ਹੈ ਤੇ ਉਥੇ ਆਪਣੀ ਪੜ੍ਹਾਈ ਵੀ ਪੂਰੀ ਕਰ ਲੈਂਦਾ ਹੈ ਤਾਂ ਵੀ ਇਸ ਦਾ ਇਹ ਮਤਲਬ ਨਹੀਂ ਹੋਵੇਗਾ ਕਿ ਉਸ ਵਿਦਿਆਰਥੀ ਨੂੰ ਕਨੇਡਾ ਦੀ ਪੀ ਆਰ ਮਿਲ ਜਾਵੇਗੀ । ਦਰਅਸਲ ਕਨੇਡਾ ਦੀ ਪੀ ਆਰ ਵਾਸਤੇ ਜਾਂ ਤਾਂ ਵਿੱਦਿਅਕ ਯੋਗਤਾ ਮੁਤਾਬਿਕ ਉਹ ਨੌਕਰੀ ਲੱਭਣੀ ਪਵੇਗੀ ਜਿਸ ਦੀ ਕਨੇਡਾ ਵਿਚ ਲੋੜ ਹੈ ਜਾਂ ਫਿਰ ਵਾਪਸ ਆਪਣੇ ਮੁਲਕ ਵਿਚ ਜਾ ਕੇ ਦੁਬਾਰਾ ਤੋਂ ਅਪਲਾਈ ਕਰਨਾ ਪਵੇਗਾ ਜੋ ਕਿ ਇਕ ਬਹੁਤ ਲੰਮਾ ਤੇ ਖਰਚੀਲਾ ਪਰੋਸੈਸ ਹੋਵੇਗਾ।

ਇਹਨਾਂ ਸਭਨਾ ਮੁਲਕਾਂ ਵਿਚ ਗੈਰ ਕਾਨੂੰਨੀ ਦਾਖਲ ਹੋਏ ਲੋਕਾਂ ਦੀ ਫੜੋ ਫੜੀ ਵਾਸਤੇ ਛਾਪੇਮਾਰੀ ਦਾ ਸਿਲਸਿਲਾ ਵੀ ਹੁਣ ਜੰਗੀ ਪੱਧਰ ਉਤੇ ਚੱਲ ਰਿਹਾ ਹੈ, ਘਰਾਂ, ਫੈਕਟਰੀਆਂ, ਬੱਸਾਂ, ਦੁਕਾਨਾਂ ਅਤੇ ਰੇਲ ਸਟੇਸ਼ਨਾਂ ਉੱਤੇ ਚੈਕਿੰਗ ਕੀਤੀ ਜਾ ਰਹੀ ਹੈ। ਫੜੇ ਗਏ ਗੈਰ ਕਾਨੂੰਨੀ ਲੋਕਾਂ ਨੂੰ ਕਾਨੂੰਨੀ ਚਾਰਾ ਜੋਈ ਕਰਨ ਦਾ ਕੋਈ ਅਧਿਕਾਰ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਇਸ ਦਾ ਖਰਚਾ ਵੀ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਉੱਤੇ ਹੀ ਪੈਂਦਾ ਹੈ, ਜਿਸ ਤੋਂ ਬਚਣ ਵਾਸਤੇ ਮੁਲਕਾਂ ਦੀਆਂ ਸਰਕਾਰਾਂ ਨੇ ਸਿੱਧਾ ਜਿਹਾ ਤਰੀਕਾ ਏਹੀ ਅਪਨਾਇਆ ਹੈ ਕਿ ਗ੍ਰਿਫਤਾਰ ਕਰੋ, ਇਕ ਦੋ ਦਿਨ ਅੰਦਰ ਗਰਾਂਊਂਡ ਰੱਖੋ ਤੇ ਸਿੱਧਾ ਜਹਾਜ ਚਾੜ੍ਹ ਦਿਓ । ਬਰਤਾਨੀਆ ਸਰਕਾਰ ਹੁਣ ਫੜੇ ਗਏ ਗ਼ੈਰਕਾਨੂੰਨੀ ਲੋਕਾਂ ਨੂੰ ਰਵਾਂਡਾ ਦੇ ਹੋਟਲਾਂ ਵਿਚ ਰੱਖਕੇ ਕੇਸ ਚਲਾਉਂਦੀ ਹੈ, ਪਰ ਦੱਸਿਆ ਜਾ ਰਿਹਾ ਹੈ ਕਿ ਟਰੰਪ ਦੁਆਰਾ ਸ਼ੁਰੂ ਕੀਤੇ ਗਏ ਹਵਾਈ ਜਹਾਜਾਂ ਦੇ ਫਾਰਮੂਲੇ ਨੂੰ ਛੇਤੀਂ ਹੀ ਕਨੇਡਾ ਤੇ ਬਰਤਾਨੀਆ ਵੀ ਅਪਨਾਉਣ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਟਰੰਪ ਵਾਲਾ ਤਰੀਕਾ ਬਹੁਤ ਹੀ ਕਾਰਗਾਰ ਹੈ ਕਿਉਕਿ ਕਿ ਇਸ ਤਰੀਕੇ ਨਾਲ ਹਿੰਗ ਲੱਗੇ ਨਾ ਫਟਕਰੀ ਰੰਗ ਚੋਖਾ ਆਵੇ ਵਾਲੀ ਕਹਾਵਤ ਸਾਬਤ ਸਿੱਧ ਹੁੰਦੀ ਹੈ । ਕਾਨੂੰਨੀ ਦਾਅ ਪੇਚ ਤੇ ਖਰਚ ਖਵੱਈਏ ਤੋਂ ਵੀ ਬਾਹਰਲੀਆਂ ਸਰਕਾਰਾਂ ਬਚ ਜਾਂਦੀਆ ਹਨ ਤੇ ਨਾਲ ਹੀ ਮੁਲਕਾਂ ਵਿਚ ਗੈਰ ਕਾਨੂੰਨੀ ਦਾਖਲ ਹੋਣ ਵਾਲਿਆਂ ਨੂੰ ਵੀ ਅੱਗੋਂ ਤੋਂ ਅਜਿਹੀ ਗਲਤੀ ਨਾ ਕਰਨ ਦਾ ਸੁਨੇਹਾ ਜਾਂਦਾ ਹੈ ਤੇ ਇਸ ਦੇ ਨਾਲ ਹੀ ਫੜੇ ਗਏ ਗੈਰ ਕਾਨੂੰਨੀਆਂ ਦੇ ਮੂਲ ਮੁਲਕਾਂ ਦੀਆਂ ਸਰਕਾਰਾਂ ਦੀ ਵੀ ਚੰਗੀ ਕਿਰਕਿਰੀ ਹੋ ਜਾਂਦੀ ਹੈ ।

ਮੁਕਦੀ ਗੱਲ ਇਹ ਕਿ ਹੁਣ ਪੱਛਮੀ ਮੁਲਕਾਂ ਵਿਚ ਜਾਣਾ ਅਤੇ ਰਹਿਣਾ ਬਹੁਤ ਔਖਾ ਹੈ । ਜੋ ਗੈਰ ਕਾਨੂੰਨੀ ਜਾਂਦੇ ਹਨ, ਰਾਹ ਰਸਤੇ ਮਾਰੇ ਗਏ ਜਾਂ ਸਰਹੱਦਾਂ 'ਤੇ ਫੜੇ ਗਏ ਤਾਂ ਵੀ ਕਹਾਣੀ ਖਤਮ ਤੇ ਜੇਕਰ ਡੰਕੀ ਲਾਉਣ ਵਾਲੇ ਮੁਲਕ ਦੇ ਅੰਦਰ ਫੜੇ ਗਏ ਤਦ ਵੀ ਕਹਾਣੀ ਖਤਮ । ਜੋ ਕਿਸੇ ਤਰਾਂ ਔਖੇ ਸੌਖੇ ਹੋ ਕੇ ਕਿਸੇ ਮੁਲਕ ਅੰਦਰ, ਜਿੰਨਾ ਚਿਰ ਗੈਰ ਕਾਨੂੰਨੀ ਰਹਿੰਦੇ ਹਨ, ਉਹਨਾਂ ਵਾਸਤੇ ਇਹਨਾਂ ਮੁਲਕਾਂ ਵਿਚ ਪਲ ਪਲ ਡਿਪੋਰਟੇਸ਼ਨ ਦੇ ਖਤਰੇ ਦੀ ਤਲਵਾਰ ਲਟਕਦੀ ਰਹਿੰਦੀ ਹੈ ।

ਅਗਲੀ ਗੱਲ ਇਹ ਹੈ ਕਿ ਜ਼ਿਨਾ ਮੁਲਕਾਂ ਵਿਚ ਇਸ ਵੇਲੇ ਮਹਿੰਗਾਈ ਅਸਮਾਨ ਛੂਹ ਰਹੀ ਹੈ, ਲੱਖਾਂ ਰੁਪਏ ਲਾ ਕੇ ਮੌਤ ਨੂੰ ਮਾਸੀ ਕਹਿਣ ਵਾਲੀ ਗੱਲ, ਇਥੇ ਆ ਕੇ ਜਦੋਂ ਨੌਜਵਾਨ ਫਸ ਜਾਂਦੇ ਹਨ, ਉਹ ਨਾ ਏਧਰਲੇ ਤੇ ਨਾ ਹੀ ਉਧਰਲੇ ਰਹਿੰਦੇ ਹਨ । ਉਹ ਨਾ ਹੀ ਫਿਰ ਪਿੱਛੇ ਮੁੜਨ ਜੋਗੇ ਰਹਿੰਦੇ ਹਨ ਤੇ ਨਾ ਹੀ ਇਧਰ ਸੈਟਲ ਹੁੰਦੇ ਹਨ, ਨਤੀਜਾ ਇਹ ਨਿਕਲਦਾ ਹੈ ਕਿ ਬਹੁਤੇ ਨੌਜਵਾਨ ਡਿਪਪੈਸ਼ਨ ਦਾ ਸ਼ਿਕਾਰ ਹੋ ਕੇ ਬਹੁਤ ਸਾਰੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਦੇ ਰੋਗੀ ਹੋ ਜਾਂਦੇ ਹਨ ।

ਮੁਕਦੀ ਗੱਲ ਇਹ ਕਿ ਆਪਣੇ ਘਰ ਬੈਠਕੇ ਅੱਧੀ ਖਾ ਲ਼ਓ, ਰੁੱਖੀ ਖਾ ਲ਼ਓ, ਬੇਹੀ ਖਾ ਲਓ, ਪਰ ਲੱਖਾਂ ਰੁਪਏ ਲਾ ਕੇ ਆਪਣੀ ਜੰਮਣ ਭੋਇੰ ਤੋਂ ਉਜੜਨਾ ਬੰਦ ਕਰੋ। ਇਹ ਗਲਤੀ ਨਾ ਕਰੋ । ਸੋਚੋ ! ਕੋਈ ਲੱਖਾਂ ਰੁਪਏ ਦੇ ਕੇ ਵੀ ਮੌਤ ਨੂੰ ਮੁੱਲ ਖਰੀਦਦਾ ਹੈ ?

ਬਾਕੀ ਹਿਸਾ ਸਫਾ 30 'ਤੇ ਪੜ੍ਹੋ

# ਸੰਪਾਦਕ ਦੇ ਨਾਮ ਪੱਤਰ



ਗਿਆਨੀ ਰਘਬੀਰ ਸਿੰਘ ਜੀ, ਜਥੇਦਾਰ, ਅਕਾਲ ਤਖਤ ਸਾਹਿਬ

*ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ।*

ਵਿਸ਼ਾ:- ਨਵੇਂ ਵਰੇ ਦਾ ਕੈਲੰਡਰ

ਸਤਿਕਾਰ ਯੋਗ ਗਿਆਨੀ ਰਘਬੀਰ ਸਿੰਘ ਜੀ ਬੇਨਤੀ ਇਹ ਹੈ ਕਿ 20 ਫਰਵਰੀ 2025 ਈ: ਦਿਨ ਬੁਧਵਾਰ ਨੂੰ ਆਪ ਜੀ ਵੱਲੋਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪਿਆ ਗਿਆ ਨਵੇਂ ਵਰੇ (ਸੰਮਤ ੫੫੭ ਨ:ਸ:) ਦਾ ਕੈਲੰਡਰ ਜਾਰੀ ਕੀਤਾ ਸੀ। ਇਸ ਸਮੇਂ ਆਪ ਜੀ ਨੇ ਸਿੱਖ ਕੌਮ ਨੂੰ ਇਸੇ ਕੈਲੰਡਰ ਮੁਤਾਬਕ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਮਨਾਉਣ ਦਾ ਆਦੇਸ਼ ਵੀ ਦਿੱਤਾ ਸੀ।

"ਕੈਲੰਡਰ ਜਾਰੀ ਕਰਨ ਮੌਕੇ ਆਪ ਜੀ ਨੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ। ਆਪ ਜੀ ਨੇ ਕਿਹਾ ਕਿ ਹਰ ਕੌਮ ਦਾ ਆਪਣਾ ਕੈਲੰਡਰ ਹੁੰਦਾ ਹੈ, ਜਿਸ ਅਨੁਸਾਰ ਕੌਮਾਂ ਆਪਣੇ ਧਰਮ ਇਤਿਹਾਸ ਦੇ ਦਿਹਾੜੇ ਮਨਾਉਂਦੀਆਂ ਹਨ। ਸਿੱਖ ਕੌਮ ਨੂੰ ਮਾਣ ਹੈ ਕਿ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਆਪਣਾ ਕੈਲੰਡਰ ਹੈ"।

ਗਿਆਨੀ ਰਘਬੀਰ ਸਿੰਘ ਜੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪਿਆ ਗਿਆ ਅਤੇ ਆਪ ਜੀ ਵੱਲੋਂ ਜਾਰੀ ਕੀਤਾ ਇਹ ਕੈਲੰਡਰ, ਨਾਨਕਸ਼ਾਹੀ ਕੈਲੰਡਰ ਨਹੀਂ ਹੈ। ਕੀ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਦੇ ਵਿਦਵਾਨਾਂ ਨੇ ਇਹ ਜਾਣਕਾਰੀ ਨਹੀਂ ਦਿੱਤੀ? ਕੈਲੰਡਰ ਉੱਪਰ 'ਨਾਨਕਸ਼ਾਹੀ' ਲਿਖਣ ਨਾਲ ਹੀ ਇਹ ਕੈਲੰਡਰ, ਨਾਨਕਸ਼ਾਹੀ ਕੈਲੰਡਰ ਨਹੀਂ ਬਣ ਜਾਂਦਾ। ਇਹ ਕੈਲੰਡਰ ਨਾ ਤਾਂ ਨਾਨਕਸ਼ਾਹੀ ਕੈਲੰਡਰ ਹੈ ਅਤੇ ਨਾ ਹੀ ਸੂਰਜੀ ਬਿਕ੍ਰਮੀ। ਇਹ ਮਿਲਗੋਭਾ ਕੈਲੰਡਰ ਹੈ।

ਇਸ ਦੇ ਸਾਲ ਦੀ ਲੰਬਾਈ 365.2563 ਦਿਨ, ਜਿਸ ਕਾਰਨ ਇਸ ਨੂੰ ਸੂਰਜੀ ਬਿਕ੍ਰਮੀ (ਦ੍ਰਿਕ ਗਣਿਤ ਸਿਧਾਂਤ) ਕਿਹਾ ਜਾ ਸਕਦਾ ਹੈ। ਪਰ ਨਵੇਂ ਸਾਲ ਦਾ ਆਰੰਭ ੧ ਚੇਤ ਤੋਂ, ਜਦੋਂ ਕਿ ਬਿਕ੍ਰਮੀ ਕੈਲੰਡਰ ਦੇ ਸਾਲ ਦਾ ਆਰੰਭ ੧ ਵੈਸਾਖ ਤੋਂ ਹੁੰਦਾ ਹੈ। ਮਹੀਨੇ ਦਾ ਆਰੰਭ ਅਤੇ ਮਹੀਨੇ ਦੇ ਦਿਨਾਂ ਦੀ ਗਿਣਤੀ (29 ਤੋਂ 32 ਦਿਨ) ਸੂਰਜ ਦੇ ਨਵੀਂ ਰਾਸ਼ੀ ਵਿੱਚ ਪ੍ਰਵੇਸ਼ ਕਰਨ ਨਾਲ ਨੱਥੀ ਹੋਣ ਕਰਕੇ, ਹਰ ਸਾਲ ਬਦਲਦੀ ਰਹਿੰਦੀ ਹੈ। ਕੁਝ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ (ਸਾਲ ਦੀ ਲੰਬਾਈ 365.2563 ਦਿਨ), ਕੁਝ ਦਿਹਾੜੇ ਵਦੀ-ਸੁਦੀ ਮੁਤਾਬਕ (ਸਾਲ ਦੀ ਲੰਬਾਈ 354 ਦਿਨ, ਤੀਜੇ-ਚੌਥੇ ਸਾਲ 384 ਦਿਨ) ਅਤੇ ਕੁਝ ਦਿਹਾੜੇ ਅੰਗਰੇਜੀ ਤਾਰੀਖਾਂ ਮੁਤਾਬਕ (ਸਾਲ ਦੀ ਲੰਬਾਈ 365.2425 ਦਿਨ) ਨਿਰਧਾਰਤ ਕੀਤੇ ਜਾਂਦੇ ਹਨ; ਪਰ ਦਰਜ ਪ੍ਰਵਿਸ਼ਟਿਆਂ ਵਿੱਚ ਹੀ ਕੀਤੇ ਜਾਂਦੇ ਹਨ। ਇਸ ਕਾਰਨ ਬਹੁਤੇ ਦਿਹਾੜਿਆਂ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਸਰਹਿੰਦ ਫ਼ਤਹਿ ਦਿਵਸ ਸੰਮਤ ੫੫੬ 'ਚ ੩੦ ਵੈਸਾਖ ਸੀ ਪਰ ੫੫੭ 'ਚ ੨੯ ਵੈਸਾਖ ਹੈ। ਕੀ ਇਹੀ ਸਾਡੀ ਵਿਲੱਖਣਤਾ ਦੀ ਨਿਸ਼ਾਨੀ ਹੈ ਕਿ ਸਾਡੀਆਂ ਇਤਿਹਾਸਕ ਤਾਰੀਖ਼ਾਂ ਹਰ ਸਾਲ ਬਦਲ ਜਾਦੀਆਂ ਹਨ? ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ, ਗੁਰਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਅਧਾਰਿਤ 365.2425 ਦਿਨ, ਮਹੀਨਿਆਂ ਦੀ ਤਰਤੀਬ ਗੁਰਬਾਣੀ ਮੁਤਾਬਕ ਚੇਤ ਤੋਂ ਫੱਗਣ, ਮਹੀਨੇ ਦਾ ਆਰੰਭ ਅਤੇ ਦਿਨਾਂ ਦੀ ਗਿਣਤੀ ਸਦਾ ਵਾਸਤੇ ਪੱਕੀ। ਸਾਰੇ ਗੁਰਪੁਰਬ ਅਤੇ ਇਤਿਹਾਸਕ ਦਿਹਾੜਿਆਂ ਦਾ ਅਸਲ ਪ੍ਰਵਿਸ਼ਟਾ, ਜਦੋਂ ਕੋਈ ਘਟਨਾ ਵਾਪਰੀ ਸੀ, ਦਰਜ ਕੀਤਾ ਗਿਆ ਹੈ।

ਸਤਿਕਾਰ ਯੋਗ ਸਿੰਘ ਸਾਹਿਬ ਜੀ, ਗੁਰੂ ਕਾਲ ਵੇਲੇ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਸੀ। 1964 ਈ: ਵਿੱਚ ਹਿੰਦੂ ਵਿਦਵਾਨਾਂ ਵੱਲੋਂ ਸੋਧ ਕਰਕੇ, ਸਾਲ ਦੀ ਲੰਬਾਈ ਵਿੱਚ 365.2563 ਦਿਨ (ਦ੍ਰਿਕ ਗਣਿਤ ਸਿਧਾਂਤ) ਮੰਨ ਲਈ ਗਈ ਸੀ। ਇਹ ਸੋਧ, ਸ਼੍ਰੋਮਣੀ ਕਮੇਟੀ ਨੇ ਅੱਖਾਂ ਬੰਦ ਕਰਕੇ ਮੰਨ ਲਈ। ਅੱਜ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ ਦਾ ਆਰੰਭ ੧ ਚੇਤ ਤੋਂ ਮੰਨਿਆ ਜਾਂਦਾ ਹੈ, ਪਰ ਪਹਿਲਾਂ ਇਸ ਸੰਮਤ ਦਾ ਆਰੰਭ ਕੱਤਕ ਦੀ ਪੁੰਨਿਆ ਤੋਂ ਕੀਤਾ ਜਾਂਦਾ ਸੀ। (ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ, ਸ਼੍ਰੋਮਣੀ ਜੰਤਰੀ, 1992 ਈ:) ਇਹ ਸੋਧ ਕਦੋਂ ਅਤੇ ਕਿਸ ਨੇ ਕੀਤੀ ਹੈ?

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਡੇਢ ਦਹਾਕੇ ਤੋਂ (੫੪੨ ਨ: ਸ਼:) ਜਿਹੜਾ ਕੈਲੰਡਰ ਛਾਪਿਆ ਜਾਂਦਾ ਰਿਹਾ ਹੈ ਉਸ ਵਿੱਚ ਪ੍ਰਵਿਸ਼ਟੇ ਅਤੇ ਤਾਰੀਖਾਂ ਹੀ ਦਰਜ ਹੁੰਦੀਆਂ ਸਨ। ਹੈਰਾਨੀ ਹੋਈ ਆਪ ਜੀ ਵੱਲੋਂ ਜਾਰੀ ਕੀਤੇ ਨਵੇ ਸਾਲ (੫੫੭ ਨ: ਸ:) ਦੇ ਕੈਲੰਡਰ ਨੂੰ ਵੇਖ ਕੇ, ਇਸ ਵਿੱਚ ਪ੍ਰਵਿਸ਼ਟੇ ਅਤੇ ਤਾਰੀਖਾਂ ਦੇ ਨਾਲ-ਨਾਲ ਵਦੀ-ਸੁਦੀ ਵੀ ਦਰਜ ਕੀਤੀ ਗਈ ਹੈ।

ਗਿਆਨੀ ਰਘਬੀਰ ਸਿੰਘ ਜੀ, ਦੇਸ਼-ਵਿਦੇਸ਼ ਦੀਆਂ ਸੰਗਤਾਂ ਇਹ ਜਾਨਣਾ ਚਾਹੁੰਦੀਆਂ ਹਨ ਕਿ ਇਹ ਸੋਧ ਕਿਸ ਦੇ ਇਸ਼ਾਰੇ 'ਤੇ ਕੀਤੀ ਗਈ ਹੈ? ਇਹ ਸੋਧ ਕਰਨ ਲਈ ਕਿਸੇ ਵੱਲੋਂ ਆਏ ਸੁਝਾਓ, ਇਸ ਲਈ ਧਰਮ ਪ੍ਰਚਾਰ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ, ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਸੋਧ ਲਈ ਅਕਾਲ ਤਖਤ ਸਾਹਿਬ ਦੀ ਪ੍ਰਵਾਨਗੀ, ਇਹ ਸਾਰੇ ਦਸਤਾਵੇਜ਼ ਜੰਤਕ ਕੀਤੇ ਜਾਣ।

ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰਾਂ ਵਿੱਚ ਹਰ ਸਾਲ, 'ਨੀਂਹ ਪੱਥਰ ਸੱਚਖੰਡ ਸ੍ਰੀ ਦਰਬਾਰ ਸਾਹਿਬ' ਤਾਂ ੧ ਮਾਘ ਦਾ ਦਰਜ ਹੁੰਦਾ ਹੈ। ਪਰ 'ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ' ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। (554-੧੮ ਹਾੜ, 555- ੨੫ ਜੇਠ, 556-੧੩ ਹਾੜ, 557-੨ ਹਾੜ) ਇਸ ਦਾ ਕੀ ਕਾਰਨ ਹੈ? ਜੇ 'ਨੀਂਹ ਪੱਥਰ ਸੱਚਖੰਡ ਸ੍ਰੀ ਦਰਬਾਰ ਸਾਹਿਬ' ਹਰ ਸਾਲ ੧ ਮਾਘ ਨੂੰ ਮਨਾਇਆ ਜਾ ਸਕਦਾ ਹੈਂ ਤਾਂ 'ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ' ਹਰ ਸਾਲ, ੧੮ ਹਾੜ ਨੂੰ ਕਿਉਂ ਨਹੀਂ ਮਨਾਇਆ ਜਾ ਸਕਦਾ? ਭਗਤ ਧੰਨਾ ਜੀ ਦਾ ਜਨਮ ਦਿਹਾੜਾ ਤਾਂ ਹਰ ਸਾਲ ੮ ਵੈਸਾਖ ਦਾ ਹੀ ਦਰਜ ਕੀਤਾ ਜਾਂਦਾ ਹੈ। ਪਰ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਐਸਾ ਕਿਉਂ?

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਆਪ ਜੀ ਦਾ ਇਹ ਆਦੇਸ਼, "ਸਿੱਖ ਜਗਤ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ"। ਸਬੰਧੀ ਇਕ ਸਵਾਲ ਸਾਹਮਣੇ ਆ ਗਿਆ ਹੈ। ਉਹ ਇਹ ਕਿ ਆਪ ਜੀ ਵੱਲੋਂ ਜਾਰੀ ਕੀਤੇ ਗਏ ਨਵੇਂ ਸਾਲ ਦੇ ਕੈਲੰਡਰ ਵਿੱਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਦਿਹਾੜਾ ੧੩ ਪੋਹ (27 ਦਸੰਬਰ) ਦਾ ਦਰਜ ਹੈ। ਇਸੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ (੧੩ ਪੋਹ) ਦਰਜ ਹੈ। ਕੀ ਇਹ ਦੋਵੇਂ ਦਿਹਾੜੇ ਇਕੋ ਦਿਨ (੧੩ ਪੋਹ) ਨੂੰ ਮਨਾਏ ਜਾਣਗੇ ਜਾਂ ਕਿਸੇ ਇਕ ਦਿਹਾੜੇ ਦਾ ਪ੍ਰਵਿਸ਼ਟਾ (ਤਾਰੀਖ) ਬਦਲੀ ਜਾਵੇਗੀ? ਇਸ ਕੈਲੰਡਰ ਵਿੱਚ ਹੋਲਾ ਮਹੱਲਾ ਦੋ ਵਾਰ (2 ਚੇਤ ਅਤੇ 21 ਫੱਗਣ) ਦਰਜ ਕੀਤਾ ਹੋਇਆ ਹੈ। ਇਹ ਛਪਾਈ ਦੀ ਗਲਤੀ ਹੈ ਜਾਂ ਕੋਈ ਹੋਰ ਕਾਰਨ ਹੈ? ਚੇਤ ਦੇ ਮਹੀਨੇ ਵਿੱਚ, 18 ਚੇਤ ਨੂੰ ਚੇਤ ਸੁਦੀ 2 ਅਤੇ 3 ਇਕ ਦਿਨ ਵਿੱਚ ਹੀ ਦਰਜ ਹਨ। 1 ਵੈਸਾਖ ਅਤੇ 2 ਵੈਸਾਖ ਨੂੰ ਦੋਵੇਂ ਦਿਨ ਹੀ ਵੈਸਾਖ ਵਦੀ 1 ਦਰਜ ਹੈ। ਇਹੋ ਜਿਹੀਆਂ ਘੱਟੋ ਘੱਟ 20 ਗਲਤੀਆਂ ਹੋਰ ਹਨ। ਦੱਸੋ ਇਸ ਵਿੱਚ ਕਿਹੜੀ ਮੌਲਿਕਤਾ, ਵਿਲੱਖਣਤਾ ਅਤੇ ਮਾਣ ਵਾਲੀ ਗੱਲ ਹੈ?

ਆਪ ਜੀ ਦੇ ਬਚਨ, "ਸਿੱਖ ਕੌਮ ਨੂੰ ਮਾਣ ਹੈ ਕਿ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਆਪਣਾ ਕੈਲੰਡਰ ਹੈ"।



ਸਤਿਕਾਰ ਯੋਗ ਸਿੰਘ ਸਾਹਿਬ ਜੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਛਾਪੇ ਗਏ ਅਤੇ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੇ ਗਏ ਕੈਲੰਡਰ ਸਬੰਧੀ ਕੁਝ ਜਾਣਕਾਰੀ ਲੈਣ ਲਈ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਹਾਂ। ਦਾਸ, ਪਿਛਲੇ ਕਈ ਸਾਲਾਂ ਤੋਂ ਪੱਤਰ ਲਿਖ ਰਿਹਾ ਹੈ। ਪਰ ਹਰ ਵਾਰ ਨਿਰਾਸ਼ਾ ਹੀ ਪੱਲੇ ਪਈ ਹੈ। ਆਪ ਜੀ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬ ਜੀ ਵੱਲੋਂ, ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ 2 ਦਸੰਬਰ ਨੂੰ ਸੁਣਾਏ ਗਏ ਸਿਧਾਂਤਕ ਫੈਸਲੇ ਸੁਣ ਕੇ, ਇਹ ਆਸ ਬਣੀ ਹੈ ਕਿ ਹੁਣ ਅਕਾਲ ਤਖਤ ਸਾਹਿਬ ਨੂੰ ਭੇਜੇ ਗਏ ਬੇਨਤੀ ਪੱਤਰ, ਰੱਦੀ ਦੀ ਟੋਕਰੀ ਵਿੱਚ ਨਹੀਂ ਸੁੱਟੇ ਜਾਣਗੇ। ਮੈਨੂੰ ਪੂਰੀ ਆਸ ਹੈ ਕਿ ਆਪ ਜੀ ਨਿਰਾਸ਼ ਨਹੀਂ ਕਰੋਗੇ।

ਉਸਾਰੂ ਸੇਧਾਂ ਦੀ ਉਡੀਕ ਵਿੱਚ ਸਤਿਕਾਰ ਸਹਿਤ *ਸਰਵਜੀਤ ਸਿੰਘ ਸੈਕਰਾਮੈਂਟੋ*

## 29 ਸਫੇ ਦੀ ਬਾਕੀ

ਅਸੀਂ ਪੰਜਾਬੀ ਅੱਜ ਵਿਦੇਸ਼ਾਂ ਚ ਜਾਣ ਦੀ ਹੋੜ ਵਿਚ ਮੌਤ ਤੇ ਦੁੱਖ ਮੁੱਲ ਖਰੀਦ ਰਹੇ ਹਾਂ, ਅਸੀਂ ਕਿਹੜੇ ਪਾਸੇ ਤੁਰ ਪਏ ਹਾਂ !! ਇਹ ਇਕ ਅੰਨ੍ਹੀ ਗਲੀ ਵਿਚ ਵੜਨ ਦਾ ਘਾਤੁਕ ਰੁਝਾਨ ਹੈ, ਜਿਸਦਾ ਅਗਲਾ ਸਿਰਾ ਕੋਈ ਨਹੀਂ ਤੇ ਅੰਦਰ ਬੱਸ ਹਨੇਰਾ ਹੀ ਹਨੇਰਾ ਹੈ।

ਉਂਜ ਵੀ ਹੁਣ ਟਰੰਪ ਨੇ ਤਾਂ ਜਹਾਜ ਕੋਟ ਕਪੂਰੇ ਤੋਂ ਬਠਿੰਡਾ ਜਾਣ ਵਾਲੀ ਬੱਸ ਵਾਂਗ ਪੱਕੇ ਰੂਟ 'ਤੇ ਲਗਾ ਹੀ ਦਿੱਤਾ ਹੈ, ਹੁਣ ਜੇਕਰ ਅਮਰੀਕਾ ਪਹੁੰਚ ਕੇ ਵਾਪਸ ਬੇੜੀਆਂ ਤੇ ਹੱਥ ਕੜੀਆਂ ਲਗਵਾ ਕੇ ਭੁੱਖਣ ਭਾਣੇ, ਉਸ ਜਹਾਜ ਵਿਚ ਵਾਪਸ ਆ ਕੇ "ਅਮਰੀਕਾ ਰਿਟਰਨ" ਕਹਾਉਣ ਦਾ ਸ਼ੌਂਕ ਹੈ ਤਾਂ ਆਵਦੀ ਮਰਜੀ !!

ਰਹੀ ਗੱਲ ਸਰਕਾਰਾਂ ਦੀ, ਚਾਹੇ ਹੋਵੇ ਭਾਰਤ ਸਰਕਾਰ ਤੇ ਚਾਹੇ ਹੋਵੇ ਪੰਜਾਬ ਦੀ ਜਾਂ ਕਿਸੇ ਹੋਰ ਸੂਬੇ ਦੀ, ਇਹਨਾਂ ਦੇ ਮੰਤਰੀਆਂ ਨੂੰ ਚੁੱਲੂ ਭਰ ਪਾਣੀ ਚ ਨੱਕ ਡੋਬ ਕੇ ਮਰ ਜਾਣਾ ਚਾਹੀਦਾ ਹੈ। ਜੇਕਰ ਇਹਨਾਂ ਸਰਕਾਰਾਂ ਦੀਆਂ ਨੀਤੀਆਂ ਚੰਗੀਆਂ ਹੁੰਦੀਆਂ ਤਾਂ ਹਾਲਾਤ ਇਥੋਂ ਤੱਕ ਕਦੇ ਵੀ ਨਾ ਵਿਗੜਦੇ । ਕੀਹਦਾ ਜੀਅ ਕਰਦਾ ਆਪਣਾ ਘਰ ਫੂਕਣ ਤੇ ਪਰਦੇਸਾਂ ਵਿਚ ਜਾ ਕੇ ਧੱਕੇ ਖਾਣ ਨੂੰ ? ਦੇਸ ਦਾ ਖਰਾ ਸੋਨਾ ਸਾਡੀ ਨੌਜਵਾਨੀ ਘੱਟੇ ਰੁਲ ਰਹੀ ਹੈ । ਲੱਖ ਲਾਹਨਤਾਂ ਅਜਿਹੀਆਂ ਸਰਕਾਰਾਂ ਦੇ !!

ਹੁਣ ਤਾਂ ਸੌ ਗਜ ਰੱਸਾ ਸਿਰੇ 'ਤੇ ਤੇ ਦਿੱਤੀ ਗੋਲ ਗੰਢ, ਇਕੋ ਰਸਤਾ ਹੈ ਕਿ ਨੌਜਵਾਨ ਵਿਦੇਸ਼ਾਂ ਨੂੰ ਭੱਜਣ ਦਾ ਖਿਆਲ ਛੱਡਣ, ਸਰਕਾਰਾਂ ਨੂੰ ਜੇਕਰ ਮਾੜੀ ਮੋਟੀ ਵੀ ਸ਼ਰਮ ਹੈ ਤਾਂ ਅਜਿਹੀਆਂ ਨੀਤੀਆਂ ਬਣਾਉਣ ਕਿ ਪੂਰਾ ਜੋਰ ਲਗਾ ਕੇ ਨੌਜਵਾਨੀ ਨੂੰ ਰੋਜਗਾਰ ਦੇਣ। ਮੁਫਤ ਸਹੂਲਤੀ ਰੇਵੜੀਆਂ ਵੰਡਣ ਦੀ ਬਜਾਏ, ਇਹ ਯਕੀਨੀ ਬਣਾਉਂਣ ਕਿ ਜਿੰਨਾ ਚਿਰ ਕਿਸੇ ਨੌਜਵਾਨ ਵਾਸਤੇ ਰੋਜ਼ਗਾਰ ਦਾ ਪਰਬੰਧ ਨਹੀਂ ਹੁੰਦਾ, ਉੰਨਾ ਚਿਰ ਉਸ ਨੂੰ ਮਹਿੰਗਾਈ ਸੂਚਕ ਅੰਕ ਮੁਤਾਬਿਕ ਮਹੀਨਾਵਾਰ ਗੁਜ਼ਾਰਾ ਭੱਤਾ ਦੇਣ। ਕਹਿਣ ਦਾ ਭਾਵ ਇਹ ਕਿ ਮਸਲਾ ਬਹੁਤ ਗੰਭੀਰ ਹੈ, ਬਹੁਤ ਜਿਆਦਾ ਉਲਝ ਚੁੱਕਾ ਹੈ। ਇਹ ਵਕਤ ਕੁੱਝ ਕਰਨ ਦਾ ਹੈ, ਹੱਥ ਉੱਤੇ ਹੱਥ ਧਰਕੇ ਬੈਠਣ ਦਾ ਨਹੀਂ, ਪੰਜਾਬ ਪਹਿਲਾਂ ਬਹੁਤ ਰਸਾਤਲ ਵੱਲ ਜਾ ਚੁੱਕਾ ਹੈ।

ਇਸ ਨੂੰ ਬਚਾਉਣ ਦੀ ਪਹਿਲੀ ਚਾਰਾਜੋਈ ਨੌਜਵਾਨੀ ਦਾ ਭਵਿੱਖ ਸਵਾਰਨਾ ਹੀ ਹੋ ਸਕਦੀ ਹੈ ਤੇ ਇਸ ਪਾਸੇ ਫੌਰੀ ਧਿਆਨ ਦੇਣਾ ਹੀ ਪੰਜਾਬ ਦੇ ਹਾਲਾਤਾਂ ਨੂੰ ਸਹੀ ਮੋੜਾ ਦੇਣ ਵੱਲ ਇਕ ਚੰਗਾ ਕਦਮ ਹੋਵੇਗਾ । ਅਮਰੀਕਾ ਵਰਗੇ ਵਿਕਸਤ ਮੁਲਕਾਂ ਵਾਸਤੇ ਏਹੀ ਕਹਾਂਗਾ ਕਿ ਕੋਈ ਵੀ ਇਨਸਾਨ ਕਦੇ ਵੀ ਗੈਰ ਕਾਨੂੰਨੀ ਨਹੀਂ ਹੁੰਦਾ ਬਲ ਕਿ ਇਹ ਉਸਦੇ ਹਾਲਾਤ ਹੁੰਦੇ ਹਨ ਜੋ ਉਸ ਨੂੰ ਆਪਣੀ ਮਿੱਟੀ ਅਤੇ ਆਪਣਿਆਂ ਤੋਂ ਦੂਰ ਹੋਣ ਵਾਸਤੇ ਮਜਬੂਰ ਕਰਦੇ ਹਨ, ਇਨਸਾਨਾਂ ਦੀ ਕਦਰ ਕਰਨਾ ਤੇ ਔਖੇ ਵੇਲੇ ਉਹਨਾਂ ਕੰਮ ਆਉਣਾ ਹੀ ਮਨੁੱਖ ਦਾ ਧਰਮ ਹੈ ਤੇ ਇਹ ਨਿਭਾਉਂਦੇ ਰਹਿਣਾ ਚਾਹੀਦਾ ਹੈ ਕਿਉਂਕਿ ਨਾਲ ਕੁੱਝ ਵੀ ਨਹੀਂ ਜਾਣਾ, ਇਹ ਹੈਂ ਹੇਕੜੀ ਇਥੇ ਹੀ ਰਹਿ ਜਾਣੀ ਹੈ ਜਦ ਵੇਲਾ ਆਉਣਾ ਸਿਰਫ ਇਕ ਸਕਿੰਟ ਲੱਗਣਾ ਚੁੱਕ ਲਓ ਚੁੱਕ ਲਓ ਹੋਣ ਨੂੰ । ਸੋ ਬਹੁਤੀ ਖੁਰੀਂ ਮਿੱਟੀ ਉਡਾਉਣ ਦੀ ਲੋੜ ਨਹੀਂ, ਆਪਾਂ ਖਾਲੀ ਆਏ ਤੇ ਖਾਲੀ ਹੀ ਵਾਪਸ ਜਾਣਾ ।

# ਪਾਠਕਾਂ ਦੇ ਪੱਤਰ

TO, H. S. Mander Editor, Panjab Times, 24 Colton Brook Road, Derby DE23 8YJ, UK


ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ । ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ । ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ ਕੀਤਾ ਜਾਵੇ । ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ । -ਡਾਇਰੈਕਟਰ, ਪੰਜਾਬ ਟਾਈਮਜ਼

## ਗੁਰਮੁੱਖੀ ਅੱਖਰਾਂ ਦੇ ਰਚੇਤਾ ਗੁਰੂ ਅੰਗਦ ਦੇਵ ਜੀ ਨਹੀਂ ਸਗੋਂ ਗੁਰੂ ਨਾਨਕ ਸਾਹਿਬ ਜੀ ਹਨ

**ਸਤਿਕਾਰ ਯੋਗ ਸੰਪਾਦਕ ਜੀਓ**

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਹਿ

ਪਿਛਲੇ ਹਫ਼ਤੇ ਅਦਾਰਾ ਪੰਜਾਬ ਟਾਈਮਜ਼ ਵੱਲੋਂ ਅੰਤਰ-ਰਾਸ਼ਟਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਅੰਕ ਕੱਢਣ ਲਈ ਆਪ ਜੀ ਨੂੰ ਵਧਾਈਆਂ ਹੋਵਣ। ਆਪ ਜੀ ਨੇ ਬਹੁਤ ਮਿਹਨਤ ਕਰਕੇ ਪੰਜਾਬੀ ਮਾਂ ਬੋਲੀ ਨਾਲ ਸੰਬੰਧਿਤ ਸਾਰੇ ਲੇਖਾਂ, ਕਵਿਤਾਵਾਂ, ਗੀਤਾਂ ਦੀ ਚੋਣ ਬਹੁਤ ਸੁਚੱਜੇ ਢੰਗ ਨਾਲ ਕੀਤੀ ਹੋਈ ਹੈ। ਪੰਜਾਬ ਟਾਈਮਜ਼ ਦੇ ਇਸੇ ਅੰਕ 3068 ਦੇ ਸਫ਼ਾ 25 ਉੱਤੇ ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ ਗੁਰਮੁੱਖੀ ਲਿੱਪੀ ਬਾਰੇ ਇਕ ਦੁਬਿਧਾ ਪਾਊ ਇਸ਼ਤਿਹਾਰ ਵੀ ਛਪਿਆ ਹੈ। ਦਾਸ ਨੇ ਇਸ ਇਸ਼ਤਿਹਾਰ ਦੇ ਮੁੱਖ ਮੰਤਵ ਬਾਰੇ ਵਿਚਾਰ ਕਰਨੀ ਹੈ। ਇਸ਼ਤਿਹਾਰ ਦਾ ਮੁੱਖ ਮੰਤਵ ਹੈ ਕਿ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਮੁੱਖੀ ਦਿਵਸ ਵਜੋਂ ਮਨਾਉਣ ਦਾ ਸੱਦਾ, ਗੁਰਮੁੱਖੀ ਅੱਖਰਾਂ ਦੇ ਰਚੇਤਾ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਗੁਰਮੁੱਖੀ ਦਿਵਸ ਵਜੋਂ ਮਨਾਉਣ ਲਈ ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ ਅਪੀਲ ਕਰਦੇ ਹਾਂ। ਉਕਤ ਇਸ਼ਤਿਹਾਰ ਦੁਬਿਧਾ ਪਾਊ ਇਸ ਕਰਕੇ ਹੈ ਕਿ ਗੁਰਮੁੱਖੀ ਅੱਖਰਾਂ ਦੇ ਰਚੇਤਾ ਗੁਰੂ ਅੰਗਦ ਦੇਵ ਜੀ ਨਹੀਂ ਸਗੋਂ ਗੁਰੂ ਨਾਨਕ ਜੀ ਹਨ। ਇਸ ਦੀ ਪੁਸ਼ਟੀ ਵਾਸਤੇ ਦਾਸ ਕੁਝ ਇਤਿਹਾਸਕ ਤੱਥ ਪਾਠਕਾਂ ਨਾਲ ਸਾਂਝੇ ਕਰੇਗਾ। ਪੰਜਾਬ ਟਾਈਮਜ਼ ਦੇ ਪਿਛਲੇ ਅੰਕ 3068 ਦੇ ਸਫ਼ਾ 44 ਉੱਤੇ ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ ਕਿਵੇਂ ਹੋਇਆ, ਕਿੰਨੀ ਬਦਲੀ, ਗੁਰਮੁੱਖੀ ਯੋਗਦਾਨ ਵਿੱਚ ਗੁਰੂ ਸਾਹਿਬਾਨ ਦੀ ਵੱਡੀ ਦੇਣ ਦੇ ਸਿਰਲੇਖ ਹੇਠ, ਡਾ: ਬੂਟਾ ਸਿੰਘ ਬਰਾੜ ਦਾ ਇਕ ਲੇਖ ਛਪਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਭਾਸ਼ਾ ਵਿਗਿਆਨ ਦੇ ਸਾਬਕਾ ਮੁਖੀ ਡਾ: ਜੋਗਾ ਸਿੰਘ ਦੇ ਹਵਾਲੇ ਨਾਲ ਡਾ: ਬੂਟਾ ਸਿੰਘ ਬਰਾੜ ਜੀ ਲਿਖਦੇ ਹਨ: ਡਾ: ਜੋਗਾ ਸਿੰਘ ਜੀ ਮੁਤਾਬਕ: ਪੈਂਤੀ ਅੱਖਰੀ ਦਾ ਸਭ ਤੋਂ ਪਹਿਲਾ ਸਬੂਤ ਨਾਨਕ ਦੀ ਪਟੀ ਵਿੱਚ ਮਿਲਦਾ ਹੈ। ਉਸ ਵਿੱਚ ਪੈਂਤੀ ਹੀ ਅੱਖਰ ਹਨ, ਉਸ ਵਿੱਚ ਫ਼ਰਕ ਸਿਰਫ਼ ਇੰਨਾ ਹੈ ਕਿ ੳ-ਅ, ੲ ਵਾਲੀ ਤਰਤੀਬ ਵੱਖਰੀ ਸੀ। ਉਸ ਵਿੱਚ ਅ, ੲ-ੳ ਲਿਖਿਆ ਜਾਂਦਾ ਸੀ। ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਨੇ ਇਹ ਤਰਤੀਬ ਬਦਲ ਕੇ ੳ-ਅ-ੲ ਕੀਤੀ (ਨੋਟ-ਡਾ: ਜੋਗਾ ਸਿੰਘ ਨੇ ਸਿੱਧ ਕਰ ਦਿੱਤਾ ਕਿ ਗੁਰਮੁੱਖੀ ਦੇ ਪੈਂਤੀ ਅੱਖਰਾਂ ਦੇ ਰਚੇਤਾ ਗੁਰੂ ਨਾਨਕ ਜੀ ਹੀ ਹਨ, ਗੁਰੂ ਅੰਗਦ ਦੇਵ ਜੀ ਨੇ ਕੇਵਲ ਗੁਰਮੁੱਖੀ ਅੱਖਰਾਂ ਦੀ ਤਰਤੀਬ ਹੀ ਬਦਲੀ ਹੈ)। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਗੁਰਮੁੱਖੀ ਲਿੱਪੀ ਵਿੱਚ ਰਾਗ ਆਸਾ ਦੀ ਪਟੀ ਲਿਖੀ ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 432 ਉੱਤੇ ਸੁਭਾਇਮਾਨ ਹੈ। ਇਸ ਗੁਰਮੁੱਖੀ ਵਿੱਚ ਲਿਖੀ ਪਟੀ ਦੇ ਅੱਖਰ ਪੈਂਤੀ ਹੀ ਹਨ ਪਰ ਸਸੈ ਤੋਂ ਸ਼ੁਰੂ ਹੁੰਦੀ ਹੈ ਅਰਥਾਤ: ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ ॥ (ਗੁ: ਗ੍ਰੰ: ਸਾਹਿਬ ਪੰਨਾ 432) ਗੁਰੂ ਨਾਨਕ ਸਾਹਿਬ ਦੀ ਲਿਖੀ ਗੁਰਮੁੱਖੀ ਅੱਖਰਾਂ ਦੀ ਪਟੀ ਵਿੱਚ ਇਕ ਹੋਰ ਵੀ ਵਿਸ਼ੇਸ਼ਤਾ ਹੈ ਜੋ ਸ਼ਾਇਦ ਹੀ ਦੁਨੀਆਂ ਦੀ ਕਿਸੇ ਹੋਰ ਲਿੱਪੀ ਵਿੱਚ ਹੋਵੇ, ਉਹ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਪੈਂਤੀ ਅੱਖਰਾਂ ਦੇ ਅਰਥ ਭਾਵ ਵੀ ਲਿਖੇ ਹਨ, ਉਦਾਹਰਣ ਵਜੋਂ: ਊੜੈ ਉਪਮਾ ਤਾ ਕੀ ਕੀਜੈ, ਜਾ ਕਾ ਅੰਤੁ ਨ ਪਾਇਆ ॥ ਸੇਵਾ ਕਰਹਿ ਸੇਈ ਫਲੁ ਪਾਵਹਿ, ਜਿਨੀ ਸਚੁ ਕਮਾਇਆ॥ ਅਤੇ ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ। ਬੁਰਾ ਭਲਾ ਜੇ ਸਮ ਕਰਿ ਜਾਣੈ, ਇਨ ਬਿਧਿ ਸਾਹਿਬੁ ਰਮਤੁ ਰਹੈ॥ ਅਤੇ - ਪਪੈ ਪਾਤਿ-ਸਾਹੁ ਪਰਮੇਸਰੁ, ਵੇਖਣ ਕਉ ਪਰਪੰਚੁ ਕੀਆ ॥ ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ ਗੁਰੂ ਗ੍ਰੰਥ ਸਾਹਿਬ ਦੇ ਪੰਨਾ 432 ਤੋਂ 434 ਤੱਕ ਗੁਰੂ ਨਾਨਕ ਸਾਹਿਬ ਨੇ ਗੁਰਮੁੱਖੀ ਅੱਖਰਾਂ ਵਿੱਚ ਲਿਖੀ ਪਟੀ ਦੇ 35 ਅੱਖਰਾਂ ਦੇ ਹੀ ਅਰਥ ਭਾਵ ਨਾਲ ਲਿਖੇ ਹੋਏ ਹਨ। ਇਸ ਵਿੱਚ ਦੋ ਰਾਵਾਂ ਹੀ ਨਹੀਂ ਹਨ ਕਿ ਗੁਰਮੁੱਖੀ ਅੱਖਰਾਂ ਦੇ ਰਚੇਤਾ ਗੁਰੂ ਨਾਨਕ ਸਾਹਿਬ ਹੀ ਹਨ ਨਾ ਕਿ ਗੁਰੂ ਅੰਗਦ ਦੇਵ। ਕੁਝ ਹੋਰ ਵੀ ਇਤਿਹਾਸਕ ਤੱਥ ਇਸ ਗੱਲ ਉੱਤੇ ਮੋਹਰ ਲਾਉਂਦੇ ਹਨ। ਗੁਰੂ ਨਾਨਕ ਸਾਹਿਬ ਚਾਰ ਉਦਾਸੀਆਂ ਤੋਂ ਬਾਅਦ 1521 ਵਿੱਚ ਕਰਤਾਰਪੁਰ ਵਸਾਉਂਦੇ ਹਨ ਅਤੇ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ) 1532 ਵਿੱਚ ਗੁਰੂ ਨਾਨਕ ਸਾਹਿਬ ਪਾਸ ਕਰਤਾਰਪੁਰ ਆਉਂਦੇ ਹਨ। ਜੀਵਨ ਚਰਿਤ੍ਰ ਗੁਰੂ ਨਾਨਕ ਦੇਵ ਦੇ ਲੇਖਕ ਡਾ: ਤ੍ਰਿਲੋਚਨ ਸਿੰਘ ਜੀ ਆਪਣੀ ਉਕਤ ਪੁਸਤਕ ਦੇ ਪੰਨਾ 87-94 ਉੱਤੇ ਲਿਖਦੇ ਹਨ: ਪੱਟੀ, ਜਪੁਜੀ, ਆਸਾ ਦੀ ਵਾਰ, ਸੋਦਰ ਤੇ ਸੋਹਿਲਾ ਆਦਿ ਬਾਣੀਆਂ ਕਰਤਾਰਪੁਰ ਵਸਾਉਣ ਤੋਂ ਪਹਿਲਾਂ ਰਚੀਆਂ ਜਾ ਚੁੱਕੀਆਂ ਸਨ। ਇਸੇ ਤਰ੍ਹਾਂ ਪ੍ਰਿੰ: ਸਤਿਬੀਰ ਸਿੰਘ ਗੁਰੂ ਨਾਨਕ ਸਾਹਿਬ ਦੀ ਜੀਵਨੀ, ਬਲਿਓ ਚਿਰਾਗ ਵਿੱਚ ਲਿਖਦੇ ਹਨ: ਕਰਤਾਰਪੁਰ ਟਿਕਕੇ, ਗੁਰੂ ਨਾਨਕ ਜੀ ਨੇ ਸ਼ਬਦ ਨੂੰ ਹੀ ਦ੍ਰਿੜਾਇਆ। ਬਾਣੀ ਰਾਹੀਂ ਹੀ ਚਾਨਣ ਕਰਦੇ ਰਹੇ ਤੇ ਅੰਧਿਆਰਾ ਮਿਟਦਾ ਗਿਆ। ਉਥੇ ਦੂਰ ਦੂਰ ਤੋਂ ਆਤਮਕ ਸੁੱਖ ਦੇ ਪਾਂਧੀ ਆਉਣ ਲੱਗੇ, ਹਰ ਵੇਲੇ ਸ਼ਬਦ ਦਾ ਹੀ ਵਰਤਾਰਾ ਹੋਣ ਲੱਗਾ, ਸਵੇਰ ਵੇਲੇ ਆਸਾ ਦੀ ਵਾਰ ਜਪੁਜੀ ਦਾ ਪਾਠ ਹੁੰਦਾ, ਸਾਰੀ ਦਿਹਾੜੀ ਕੰਮ ਕਰਨ ਪਿੱਛੋਂ ਸ਼ਾਮ ਨੂੰ ਸੋ ਦਰ ਤੇ ਆਰਤੀ ਗਾਈ ਜਾਂਦੀ ਤੇ ਇਸ ਦੀ ਗਵਾਹੀ ਭਾਈ ਗੁਰਦਾਸ ਜੀ ਵੀ ਆਪਣੀ ਵਾਰ ਵਿੱਚ ਹੇਠ ਲਿਖੇ ਅਨੁਸਾਰ ਦਿੰਦੇ ਹਨ: ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ ਮਿਟੈ ਅੰਧਿਆਰਾ। ਗਿਆਨ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ। ਸੋ ਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ। ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਧਰਮਸ਼ਾਲਾ ਸਥਾਪਤ ਕਰਕੇ ਉਕਤ ਮਰਯਾਦਾ ਭਾਈ ਲਹਿਣਾ ਦੇ ਕਰਤਾਰਪੁਰ ਆਉਣ ਤੋਂ 11 ਸਾਲ ਪਹਿਲਾਂ ਹੀ ਲਾਗੂ ਕਰ ਦਿੱਤੀ ਸੀ, ਭਾਈ ਲਹਿਣਾ ਦੇ ਕਰਤਾਰਪੁਰ ਆਉਣ ਤੋਂ ਪਹਿਲਾਂ ਹੀ ਗੁਰਮੁੱਖੀ ਅੱਖਰਾਂ ਵਿੱਚ ਲਿਖੀ ਬਾਣੀ ਗਾਈ ਜਾਂਦੀ ਸੀ। ਸਿੱਖ ਇਤਿਹਾਸ ਇਹ ਕਹਿੰਦਾ ਹੈ ਕਿ 1532 ਵਿੱਚ ਭਾਈ ਲਹਿਣਾ ਜੀ ਨੇ ਭਾਈ ਜੋਧ ਜੀ ਪਾਸੋਂ ਆਸਾ ਦੀ ਵਾਰ ਦੀ 21ਵੀਂ ਪੌੜੀ : (ਜਿਤੁ ਸੇਵਿਐ ਸੁਖੁ ਪਾਈਐ ॥ ਸੋ ਸਾਹਿਬੁ ਸਦਾ ਸਮਾਲੀਐ ॥ ਜਿਤੁ ਕੀਤਾ ਪਾਈਐ ਆਪਣਾ ॥ ਸਾ ਘਾਲਿ ਬੁਰੀ ਕਿਉ ਘਾਲੀਐ ॥) ਦੀਆਂ ਪੰਗਤੀਆਂ ਸੁਣ ਕੇ ਇਸ ਬਾਣੀ ਦੇ ਰਚੇਤਾ ਦਾ ਨਾਂ ਭਾਈ ਲਹਿਣਾ ਨੇ ਭਾਈ ਜੋਧ ਜੀ ਪਾਸੋਂ ਪੁੱਛਿਆ ਤੇ ਉਨ੍ਹਾਂ ਦੇ ਦੱਸਣਾ ਤੇ ਕਰਤਾਰਪੁਰ ਗੁਰੂ ਨਾਨਕ ਸਾਹਿਬ ਨੂੰ ਮਿਲਣ ਗਏ ਤੇ ਉਨ੍ਹਾਂ ਦੇ ਹੋ ਕੇ ਰਹਿ ਗਏ।



ਆਸ ਕਰਦਾ ਹਾਂ ਕਿ ਪੰਜਾਬੀ ਭਾਸ਼ਾ ਚੇਤਨਾ ਬੋਰਡ ਵਾਲੇ ਆਪਣੀ ਇਸ ਗਲਤੀ ਨੂੰ ਸੋਧ ਲੈਣਗੇ, ਕਿਉਂਕਿ ਗੁਰਮੁੱਖੀ ਅੱਖਰਾਂ ਦੇ ਰਚੇਤਾ, ਗੁਰੂ ਅੰਗਦ ਦੇਵ ਜੀ ਨਹੀਂ ਗੁਰੂ ਨਾਨਕ ਸਾਹਿਬ ਜੀ ਹਨ। ਗੁਰੂ ਅੰਗਦ ਦੇਵ ਜੀ ਨੇ ਜਦੋਂ ਸਿੱਖੀ ਦੇ ਪ੍ਰਚਾਰ ਦੇ ਲਈ ਗੁਰਮੁੱਖੀ ਲਿੱਪੀ ਵਿੱਚ ਕਾਇਦੇ ਲਿਖਵਾਉਣੇ ਸ਼ੁਰੂ ਕੀਤੇ ਤਾਂ ਉਨ੍ਹਾਂ ਨੇ ਕੇਵਲ ਗੁਰਮੁੱਖੀ ਦੇ ਅੱਖਰਾਂ ਨੂੰ ਤਰਤੀਬ ਹੀ ਦਿੱਤੀ ਸੀ ਇਸ ਦੀ ਪ੍ਰੋੜਤਾ ਲਈ ਸਾਰੇ ਪ੍ਰਣਵਾਲਿਤ ਹਵਾਲੇ ਉੱਪਰ ਲਿਖ ਦਿੱਤੇ ਗਏ ਹਨ।

**ਗੁਰੂ ਪੰਥ ਦਾ ਦਾਸ-ਜਥੇਦਾਰ ਮਹਿੰਦਰ ਸਿੰਘ ਯੂ.ਕੇ.**

## ਜੰਗਬੰਦੀ ਲਈ ਰੂਸ ਨੂੰ ਦੇਣੇ ਪੈਣਗੇ 300 ਬਿਲੀਅਨ ਡਾਲਰ

ਯੂਕਰੇਨ ਨੇ ਕੀ ਰੱਖੀ ਸ਼ਰਤ ਅਮਰੀਕਾ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਖਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅਮਰੀਕੀ ਅਧਿਕਾਰੀਆਂ ਨੇ ਸਾਊਦੀ ਅਰਬ ਵਿੱਚ ਰੂਸੀ ਅਧਿਕਾਰੀਆਂ ਨਾਲ ਵੀ ਇਸ ਮਾਮਲੇ 'ਤੇ ਚਰਚਾ ਕੀਤੀ। ਰਿਪੋਰਟਾਂ ਅਨੁਸਾਰ, ਰੂਸ ਵੀ ਕਾਫ਼ੀ ਹੱਦ ਤੱਕ ਸਹਿਮਤ ਹੋ ਗਿਆ ਹੈ। ਰਾਇਟਰਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਰੂਸ ਯੂਕਰੇਨ ਵਿੱਚ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਲਈ ਯੂਰਪ ਵਿੱਚ ਜਮ੍ਹਾ ਕੀਤੀਆਂ ਗਈਆਂ ਜਾਇਦਾਦਾਂ ਦੀ ਵਰਤੋਂ ਕਰਨ ਲਈ ਵੀ ਤਿਆਰ ਹੈ। ਹਾਲਾਂਕਿ, ਰੂਸ ਨੇ ਇੱਕ ਸ਼ਰਤ ਰੱਖੀ ਹੈ ਕਿ ਇਹ ਪੈਸਾ ਯੂਕਰੇਨ ਦੇ ਉਸ ਪੰਜਵੇਂ ਹਿੱਸੇ ਵਿੱਚ ਵਰਤਿਆ ਜਾਵੇਗਾ ਜੋ ਰੂਸੀ ਫੌਜ ਦੇ ਕੰਟਰੋਲ ਵਿੱਚ ਹੈ। ਤੁਹਾਨੂੰ ਦੱਸ ਦੇਈਏ ਕਿ ਯੁੱਧ ਸ਼ੁਰੂ ਹੋਣ ਤੋਂ ਬਾਅਦ, ਯੂਰਪ ਵਿੱਚ ਰੂਸੀ ਬੈਂਕ ਲੈਣ-ਦੇਣ ਬੰਦ ਕਰ ਦਿੱਤਾ ਗਿਆ ਸੀ ਅਤੇ ਅਰਬਾਂ ਡਾਲਰ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਦਿੱਤਾ ਗਿਆ ਸੀ। ਇਸ ਵਿੱਚੋਂ, ਰੂਸ ਨੇ 300 ਬਿਲੀਅਨ ਡਾਲਰ ਦੀ ਜਾਇਦਾਦ 'ਤੇ ਸਹਿਮਤੀ ਜਤਾਈ ਹੈ।

ਅਮਰੀਕੀ ਅਤੇ ਰੂਸੀ ਅਧਿਕਾਰੀਆਂ ਨੇ ਸਾਊਦੀ ਅਰਬ ਵਿੱਚ ਗੱਲਬਾਤ ਕੀਤੀ। ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਵਲਾਦੀਮੀਰ ਪੁਤਿਨ ਵਿਚਕਾਰ ਮੁਲਾਕਾਤ ਦੀ ਵੀ ਸੰਭਾਵਨਾ ਹੈ। ਅਮਰੀਕਾ ਅਤੇ ਰੂਸ ਵਿਚਕਾਰ ਗੱਲਬਾਤ ਤੋਂ ਬਾਅਦ, ਇਹ ਕਿਹਾ ਜਾ ਰਿਹਾ ਹੈ ਕਿ ਰੂਸ ਯੂਕਰੇਨ ਵਿੱਚ ਪੁਨਰ ਨਿਰਮਾਣ ਲਈ ਆਪਣੀਆਂ ਜੰਮੀਆਂ ਜਾਇਦਾਦਾਂ ਦੀ ਵਰਤੋਂ ਕਰ ਸਕਦਾ ਹੈ। ਜੇਕਰ ਉਹ ਇਸ ਲਈ ਸਹਿਮਤ ਹੋ ਜਾਂਦਾ ਹੈ ਤਾਂ ਸ਼ਾਂਤੀ ਸਮਝੌਤਾ ਆਸਾਨ ਹੋ ਜਾਵੇਗਾ। ਇਸ ਯੁੱਧ ਵਿੱਚ ਯੂਕਰੇਨ ਦਾ ਪੂਰਬੀ ਹਿੱਸਾ ਬੁਰੀ ਤਰ੍ਹਾਂ ਤਬਾਹ ਹੋ ਗਿਆ ਹੈ। ਇੱਥੇ ਰੂਸ ਅਤੇ ਯੂਕਰੇਨ ਦੋਵਾਂ ਦੇ ਹਜ਼ਾਰਾਂ ਸੈਨਿਕ ਮਾਰੇ ਗਏ ਹਨ। ਇਸ ਤੋਂ ਇਲਾਵਾ, ਲੱਖਾਂ ਯੂਕਰੇਨੀਅਨ ਭੱਜ ਕੇ ਦੂਜੇ ਦੇਸ਼ਾਂ ਵਿੱਚ ਸ਼ਰਨ ਲੈ ਚੁੱਕੇ ਹਨ। ਜੰਗਬੰਦੀ ਲਈ ਰੂਸ ਦੀ ਸ਼ਰਤ ਇਹ ਹੈ ਕਿ ਕੀਵ ਉਨ੍ਹਾਂ ਇਲਾਕਿਆਂ ਤੋਂ ਆਪਣੀਆਂ ਫੌਜਾਂ ਵਾਪਸ ਬੁਲਾਵੇ ਜਿਨ੍ਹਾਂ ਦਾ ਉਸਨੇ ਦਾਅਵਾ ਕੀਤਾ ਹੈ। ਇਸ ਤੋਂ ਇਲਾਵਾ, ਇਸਨੂੰ ਨਾਟੋ ਵਿੱਚ ਸ਼ਾਮਲ ਹੋਣ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਯੂਕਰੇਨ ਚਾਹੁੰਦਾ ਹੈ ਕਿ ਰੂਸ ਆਪਣੀ ਸੁਰੱਖਿਆ ਦੀ ਗਾਰੰਟੀ ਦੇਣ ਲਈ ਯੂਕਰੇਨੀ ਇਲਾਕਿਆਂ ਅਤੇ ਯੂਰਪੀ ਦੇਸ਼ਾਂ ਤੋਂ ਆਪਣੀ ਫੌਜ ਵਾਪਸ ਬੁਲਾ ਲਵੇ। ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਯੂਕਰੇਨ ਦੀਆਂ ਸਥਿਤੀਆਂ ਨੂੰ ਗੈਰ-ਯਥਾਰਥਵਾਦੀ ਦੱਸਿਆ ਹੈ।

# ਪੰਜਾਬ ਵਿਚ ਕਣਕ ਜ਼ਹਿਰੀਲੀ ਉਗਣ ਲੱਗੀ

## ✪ ਪੰਜਾਬੀ ਦੂਜੇ ਸੂਬਿਆਂ ਦੀ ਕਣਕ ਦੀ ਵਰਤੋਂ ਕਰਨ ਲੱਗੇ ✪ ਕੁਝ ਕਿਸਾਨਾਂ ਨੇ ਆਪਣੇ ਘਰਾਂ ਵਿਚ ਖਾਣ ਲਈ ਜ਼ਹਿਰ ਮੁਕਤ ਕਣਕ ਦੀ ਬਿਜਾਈ ਕੀਤੀ

ਭਾਵੇਂ ਕਿ ਪੰਜਾਬ ਪੂਰੇ ਦੇਸ਼ ਦਾ ਢਿੱਡ ਭਰਨ ਲਈ ਜਾਣਿਆ ਜਾਂਦਾ ਹੈ ਪਰ ਅਜੋਕੇ ਸਮੇਂ ਦੌਰਾਨ ਪੈਸਾ ਕਮਾਉਣ ਦੀ ਹੋੜ ਨੇ ਪੰਜਾਬ ਵਿਚ ਪੈਦਾ ਹੋਣ ਵਾਲੀ ਕਣਕ ਨੂੰ ਇਨਾ ਜ਼ਹਿਰੀਲਾ ਕਰ ਦਿੱਤਾ ਹੈ ਕਿ ਪੰਜਾਬੀ ਹੁਣ ਪੰਜਾਬ ਨੂੰ ਛੱਡ ਹੋਰਨਾਂ ਸੂਬਿਆਂ ਤੋਂ ਜਿਥੇ ਕਣਕ ਮੰਗਵਾਉਣ ਨੂੰ ਤਰਜੀਹ ਦੇਣ ਲੱਗੇ ਹਨ ਉਥੇ ਹੀ ਕਈ ਕਿਸਾਨ ਤਾਂ ਹੁਣ ਆਪਣੇ ਘਰ ਵਾਸਤੇ ਖਾਣ ਲਈ ਵੱਖਰੇ ਤੌਰ 'ਤੇ ਕਣਕ ਦੀ ਬਿਜਾਈ ਕਰ ਰਹੇ ਹਨ ਤਾਂ ਜੋ ਜ਼ਹਿਰ ਮੁਕਤ ਕਣਕ ਦੀ ਪੈਦਾਵਾਰ ਕਰਕੇ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕੇ। ਪੰਜਾਬ ਵਿਚ ਪਿਛਲੇ ਕੁਝ ਸਾਲਾਂ ਤੋਂ ਕਿਸੇ ਵੀ ਫਸਲ ਦੀ ਗੁਣਵੱਤਾ ਦੀ ਬਜਾਏ ਫਸਲ ਦਾ ਝਾੜ ਵਧਾਉਣ ਦਾ ਰੁਝਾਨ ਵਧਿਆ ਹੈ, ਜਿਸ ਵਿਚ ਸਭ ਤੋਂ ਜ਼ਿਆਦਾ ਯੋਗਦਾਨ ਦਵਾਈਆਂ ਵੇਚਣ ਵਾਲੀਆਂ ਕੰਪਨੀਆਂ ਵਲੋਂ ਪਾਇਆ ਜਾ ਰਿਹਾ ਹੈ। ਝਾੜ ਦੇ ਲਾਲਚ ਵਿਚ ਕਿਸਾਨਾਂ ਨੂੰ ਡੀ. ਏ. ਪੀ. ਅਤੇ ਯੂਰੀਆ ਖਾਦ ਦੇ ਨਾਲ ਨਾਲ ਹੋਰ ਕਈ ਪ੍ਰਕਾਰ ਦੀਆਂ ਬੇਲੋੜੀਆਂ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।

ਪੰਜਾਬ ਵਿਚ ਮਿਲਾਵਟ ਅਤੇ ਜ਼ਹਿਰ ਯੁਕਤ ਖੁਰਾਕ ਕਾਰਨ ਨਾਮੁਰਾਦ ਬਿਮਾਰੀਆਂ ਦਾ ਘੇਰਾ ਲਗਾਤਾਰ ਵਧਦਾ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਸਰਕਾਰ ਨੇ ਕਿਸਾਨਾਂ ਨੂੰ ਆਮ ਨਾਲੋਂ ਵੱਧ ਭਾਅ ਦੇਣ ਦਾ ਭਰੋਸਾ ਦਿੰਦੇ ਹੋਏ ਜ਼ਹਿਰ ਮੁਕਤ ਫਸਲਾਂ ਦੀ ਪੈਦਾਵਾਰ ਲਈ ਪਾਇਲਟ ਪ੍ਰੋਜੈਕਟ ਵੀ ਸ਼ੁਰੂ ਕਰਵਾਏ ਪਰ ਹਰ ਵਾਰ ਦੀ ਤਰ੍ਹਾਂ ਸਰਕਾਰ ਦੀ ਵਾਅਦਾ ਖਿਲਾਫੀਆਂ ਨੇ ਕਿਸਾਨਾਂ ਨੂੰ ਨਿਰਾਸ਼ ਕੀਤਾ ਅਤੇ ਉਹ ਮੁੜ ਉਸੇ ਲਕੀਰ ਦੇ ਫਕੀਰ ਬਣ ਗਏ।

ਇਸ ਦੌਰਾਨ ਭਾਵੇਂ ਕਿ ਖੇਤੀਬਾੜੀ ਵਿਭਾਗ ਵਲੋਂ ਸਮੇਂ ਸਮੇਂ ਦੌਰਾਨ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸ਼ਿਫਾਰਸ਼ਾਂ ਅਨੁਸਾਰ ਖਾਦ ਅਤੇ ਦਵਾਈਆਂ ਦੀ ਲੋੜੀਂਦੀ ਮਾਤਰਾ ਹੀ ਪਾਉਣ ਦਾ ਹੋਕਾ ਦਿੱਤਾ ਜਾਂਦਾ ਹੈ ਪਰ ਜ਼ਿਆਦਾਤਰ ਕਿਸਾਨ ਖੇਤੀਬਾੜੀ ਮਹਿਕਮੇ ਨਾਲ ਘੱਟ ਅਤੇ ਡੀਲਰਾਂ (ਦਵਾਈ ਵਿਕ੍ਰੇਤਾ) ਨਾਲ ਜ਼ਿਆਦਾ ਸੰਪਰਕ ਵਿਚ ਰਹਿੰਦੇ ਹਨ, ਜਿਸ ਦਾ ਸਿੱਧਾ ਅਸਰ ਇਨਸਾਨੀ ਜ਼ਿੰਦਗੀਆਂ



'ਤੇ ਦੇਖਣ ਨੂੰ ਮਿਲ ਰਿਹਾ ਹੈ। ਸੂਬੇ ਦੇ ਕੁਝ ਜਾਗਰੂਕ ਕਿਸਾਨਾਂ ਵਲੋਂ ਆਪਣੀ ਤੇ ਆਪਣੇ ਪਰਿਵਾਰ ਦੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਹੁਣ ਆਪਣੇ ਘਰਾਂ ਵਿਚ ਖਾਣ ਵਾਸਤੇ ਕਣਕ ਅਤੇ ਝੋਨਾ ਵੱਖਰਾ ਲਗਾਇਆ ਜਾ ਰਿਹਾ ਹੈ, ਜਿਸ 'ਚ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਨਾਮਾਤਰ ਕੀਤੀ ਜਾ ਰਹੀ ਹੈ ਉਥੇ ਹੀ ਜਿਨ੍ਹਾਂ ਲੋਕਾਂ ਕੋਲ ਆਪਣੀ ਜ਼ਮੀਨ ਨਹੀਂ ਹੈ ਉਹ ਆਪਣੇ ਖਾਣ ਲਈ ਕਣਕ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਮਹਾਂਰਾਸ਼ਟਰ ਆਦਿ ਸੂਬਿਆਂ ਤੋਂ ਮੰਗਵਾ ਰਹੇ ਹਨ, ਜਿਸ ਲਈ ਹੁਣ ਤੋਂ ਹੀ ਐਡਵਾਂਸ ਬੁਕਿੰਗ ਕਰਵਾਈ ਜਾ ਰਹੀ ਹੈ। ਇਸ ਬਾਰੇ ਤਰਕ ਦਿੱਤਾ ਜਾ ਰਿਹਾ ਹੈ ਕਿ ਪੰਜਾਬ ਦੀ ਬਜਾਏ ਇਨ੍ਹਾਂ ਸੂਬਿਆਂ ਵਿਚ ਪੈਦਾ ਹੋਣ ਵਾਲੀ ਕਣਕ ਦੀ ਗੁਣਵਤਾ ਬਿਹਤਰ ਹੈ। ਇਥੋਂ ਤੱਕ ਕਿ ਆਪਣੇ



ਲਈ ਵੱਖਰੀ ਲਗਾਈ ਜਾ ਰਹੀ ਅਤੇ ਬਾਹਰੋਂ ਮੰਗਵਾਈ ਜਾ ਰਹੀ ਕਣਕ ਨੂੰ ਪੀਸਣ ਵਾਸਤੇ ਘਰਾਂ ਵਿਚ ਬਿਜਲਈ ਮਸ਼ੀਨਾਂ ਲਗਾ ਕੇ ਲੋੜ ਅਨੁਸਾਰ ਆਟਾ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਬਾਜ਼ਾਰੀ ਚੱਕੀਆਂ ਤੋਂ ਕਣਕ ਪੀਸਣ ਦੌਰਾਨ ਉਨ੍ਹਾਂ ਦੇ ਆਟੇ ਵਿਚ ਰਲਾ ਨਾ ਹੋ ਜਾਵੇ। ਇਸ ਤੋਂ ਇਲਾਵਾ ਪੰਜਾਬ ਦੇ ਕੁਝ ਇਲਾਕਿਆਂ ਵਿਚ ਸ਼ੂਗਰ ਫਰੀ ਦੇ ਤਰਕ ਹੇਠ ਕਈ ਕਿਸਾਨਾਂ ਵਲੋਂ ਕਾਲੀ ਕਣਕ ਅਤੇ ਕਾਲੇ ਝੋਨੇ ਦੀ ਪੈਦਾਵਾਰ ਵੀ ਕੀਤੀ ਜਾ ਰਹੀ ਹੈ।

ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਖੇਤੀ ਸੈਕਟਰ ਵਿਚ ਸੁਧਾਰ ਲਿਆਉਣ ਦੀ ਗੱਲ ਆਖੀ ਹੈ। ਉਨ੍ਹਾਂ ਕਿਹਾ ਕਿ ਰਸਾਇਣਕ ਖੇਤੀ ਨੁਕਸਾਨਦਾਇਕ ਹੈ ਜਿਸ ਕਾਰਨ ਪੰਜਾਬ ਦਾ ਕਿਸਾਨ ਆਪਣੀ ਬੀਜੀ ਫ਼ਸਲ ਹੋਰਾਂ ਨੂੰ ਤਾਂ ਵੇਚਦਾ ਹੈ ਪਰ ਉਹ ਖ਼ੁਦ ਇਸ ਦੀ ਵਰਤੋਂ ਨਹੀਂ ਕਰਦਾ ਹੈ। ਤੋਮਰ ਨੇ ਕਿਹਾ ਕਿ ਕੁਦਰਤੀ ਤਰੀਕੇ ਅਪਣਾ ਕੇ ਰਸਾਇਣਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਦੇ ਰੁਝਾਨ ਨੂੰ ਬਦਲਣਾ ਪਵੇਗਾ।

ਖੇਤੀ ਵਿਗਿਆਨੀ ਰਣਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਪੰਜਾਬ ਦਾ ਖੇਤੀ ਮਾਡਲ ਮੁੱਖ ਤੌਰ 'ਤੇ ਕਰੋੜਾਂ ਲੋਕਾਂ ਦਾ ਢਿੱਡ ਭਰਨ ਲਈ ਵਧੇਰੇ ਅਨਾਜ ਉਗਾਉਣ ਦੇ ਟੀਚੇ ਨਾਲ ਵਿਕਸਤ ਕੀਤਾ ਗਿਆ ਸੀ ਜੋ ਇਸ ਮੰਤਵ ਵਿਚ ਬਹੁਤ ਕਾਮਯਾਬ ਵੀ ਰਿਹਾ ਅਤੇ ਇਸ ਸਦਕਾ ਮੁਲਕ ਨੂੰ ਅੰਨ ਦੀ ਕਮੀ ਦੀ ਸਮੱਸਿਆ ਤੋਂ ਛੁਟਕਾਰਾ ਮਿਲਿਆ। ਇਸ ਪ੍ਰਕਿਰਿਆ ਵਿਚ ਪੰਜਾਬ ਨੇ ਆਪਣੇ ਕੁਦਰਤੀ ਵਸੀਲਿਆਂ ਦਾ ਇਸ ਹੱਦ ਤੱਕ ਜ਼ਿਆਦਾ ਇਸਤੇਮਾਲ ਕਰ ਲਿਆ ਕਿ ਇਸ ਦੀ ਮਿੱਟੀ ਦੀ ਸਿਹਤ ਵਿਗੜ ਗਈ ਅਤੇ ਧਰਤੀ ਹੇਠਲਾ ਪਾਣੀ ਮੁੱਕ ਗਿਆ। ਰਸਾਇਣਕ ਖਾਦਾਂ ਅਤੇ ਕੀੜੇਮਾਰ ਤੇ ਨਦੀਨਮਾਰ ਜ਼ਹਿਰਾਂ ਨੇ ਇਸ ਦੀ ਆਬੋ-ਹਵਾ ਨੂੰ ਗੰਧਲਾ ਕਰ ਦਿੱਤਾ ਹੈ।

ਕਣਕ ਦੀ ਵਰਤੋਂ ਪੰਜਾਬੀ ਕਰਦੇ ਹਨ, ਉਹ ਪੰਜਾਬ ਦੀ ਸਿਹਤ ਨੂੰ ਜ਼ਹਿਰੀਲੀ ਹੋਣ ਕਰਕੇ ਤਬਾਹ ਕਰ ਰਹੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਨੀਤੀ ਤਹਿਤ ਖੇਤੀਬਾੜੀ ਦੇ ਟਿਕਾਊ ਵਿਕਾਸ, ਮਿੱਟੀ ਦੀ ਸਿਹਤ ਦੀ ਕਾਇਆ ਕਲਪ, ਫ਼ਸਲਾਂ ਦੀ ਵੰਨ-ਸਵੰਨਤਾ ਅਤੇ ਪਾਣੀ ਦੀ ਸੰਭਾਲ ਨੂੰ ਸਭ ਤੋਂ ਵੱਧ ਤਵੱਜੋ ਦਿੱਤੀ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਲੋੜੋਂ ਵੱਧ ਕੀਟਨਾਸ਼ਕਾਂ ਦੀ ਵਰਤੋਂ ਕਰਨ ਨਾਲ਼ ਕੀੜਿਆਂ ਦੀਆਂ ਅਜਿਹੀਆਂ ਨਸਲਾਂ ਪੈਦਾ ਹੋ ਗਈਆਂ ਹਨ ਜਿਨਾਂ ਉੱਤੇ ਰਸਾਇਣ ਅਸਰ ਨਹੀਂ ਕਰਦੇ, ਸਿੱਟਾ ਇਹ ਨਿੱਕਲ਼ਦਾ ਹੈ ਕਿ ਕਿਸਾਨ ਉਸੇ ਰਸਾਇਣ ਦੀ ਮਾਤਰਾ ਵਧਾਉਂਦਾ ਰਹਿੰਦਾ ਹੈ ਪਰ ਸਮੱਸਿਆ ਵਧਦੀ ਜਾਂਦੀ ਹੈ।



# ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਨਾਨਕ ਸ਼ਾਹੀ ਕੈਲੰਡਰ ਸੰਮਤ ਕੀਤਾ ਜਾਰੀ



ਅੰਮ੍ਰਿਤਸਰ-ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਨਾਨਕਸ਼ਾਹੀ ਕੈਲੰਡਰ ਸੰਮਤ 557 ਜਾਰੀ ਕੀਤਾ ਗਿਆ। ਕੈਲੰਡਰ ਜਾਰੀ ਕਰਨ ਸਮੇਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਆਦਿ ਮੌਜੂਦ ਸਨ।

ਲੜੀਵਾਰ ਨਾਵਲ

ਕਮਲ ਗਿੱਲ



Mob : +44 07454 394684

# ਗੰਧਲੇ ਰਿਸ਼ਤੇ

**ਛੁੱਟੀਆਂ ਦਾ ਸੀਜ਼ਨ ਸੀ ਬਹੁਤ ਸਾਰੇ ਦੇਸ਼ਾਂ ਤੋਂ ਲੋਕ ਇਥੇ ਛੁੱਟੀਆਂ ਕੱਟਣ ਆਏ ਹੋਏ ਸਨ ਪਰ ਇਸ ਵੇਲੇ ਬੀਚ 'ਤੇ ਸ਼ਾਂਤੀ ਸੀ। ਸ਼ਾਇਦ ਸ਼ਾਮ ਦਾ ਵੇਲਾ ਸੀ ਤੇ ਟੂਰਿਸਟ ਆਪੋ-ਆਪਣੇ ਹੋਟਲਾਂ ਵਿਚ ਖਾਣ-ਪੀਣ ਦਾ ਆਨੰਦ ਮਾਣ ਰਹੇ ਹੋਣਗੇ। ਨਾਲੇ ਗੋਰੇ ਤਾਂ ਖਾਸ ਕਰਕੇ ਇਥੇ ਆਉਂਦੇ ਹੀ ਖਾਣ-ਪੀਣ ਜਾਂ ਧੁੱਪ ਦਾ ਆਨੰਦ ਮਾਣਨ ਲਈ। ਦੂਰ ਡੁੱਬਦੇ ਹੋਏ ਸੂਰਜ 'ਤੇ ਨਿਗ੍ਹਾ ਗਈ ਤਾਂ ਦੇਖਿਆ ਕਿੰਨਾ ਖੂਬਸੂਰਤ ਨਜ਼ਾਰਾ ਸੀ। ਇਸ ਨੀਲੇ ਸਮੁੰਦਰ 'ਚ ਉਹ ਸੁਨਹਿਰੀ ਕਿਰਨਾਂ ਆਪਣਾ ਰੰਗ ਬਖੇਰ ਰਹੀਆਂ ਸਨ। ਮੇਰੇ ਕਦਮ ਉਥੇ ਹੀ ਰੁੱਕ ਗਏ। ਕਿੰਨਾ ਖੂਬਸੂਰਤ ਨਜ਼ਾਰਾ ਸੀ। ਰੂਹ ਨੂੰ ਸਕੂਨ ਦੇਣ ਵਾਲਾ।**




## ਕਿਸ਼ਤ-13

ਸਪੇਨ ਦੇ ਟੋਟਲ ਨੌ ਕਨੇਰੀ ਆਈਲੈਂਡ ਹਨ ਜੋ ਐਟਲਾਂਟਿਕ ਔਸ਼ਨ ਵਿੱਚ ਹਨ ਤੇ ਇਹ ਉਨ੍ਹਾਂ ਸਾਰੇ ਆਈਲੈਂਡਾਂ ਤੋਂ ਖੂਬਸੂਰਤ ਆਈਲੈਂਡ । ਨੋਰਥ ਕੋਸਟ ਔਫ ਅਫਰੀਕਾ ਇੱਥੋ ਸਿਰਫ ਅੱਸੀ ਮਾਇਲ ਦੂਰ ਹੀ ਹੈ।ਇਹ ਆਈਲੈਂਡ 1730 ਅਤੇ 1824 'ਚ ਆਏ ਵਲਕੀਨੋ ਯਾਣੀ ਜਵਾਲਾਮੁਖੀ ਦੀ ਗਵਾਹੀ ਅੱਜ ਵੀ ਭਰਦਾ ਸੀ ।ਸਾਰਾ ਆਈਲੈਂਡ ਕਾਲੇ ਰੰਗ ਦੇ ਜਵਾਲਾਮੁਖੀ ਦੇ ਬਣੇ ਪੱਥਰਾਂ ਨਾਲ ਭਰਿਆ ਪਿਆ ਸੀ । ਤਬਾਹ ਹੋ ਕੇ ਮੁੜ ਖੂਬਸਰਤੀ ਨਾਲ ਵੱਸਣਾਂ ਇਸ ਦੀ ਖਾਸੀਅਤ ਸੀ । ਇਹ ਮੇਰੀ 5ਵੀਂ ਫੇਰੀ ਸੀ ਇਸ ਆਈਲੈਂਡ 'ਤੇ। ਪਰ ਇਕੱਲੀ ਪਹਿਲੀ ਵਾਰ ਆਈ ਸਾਂ। ਹਰ ਵਾਰ ਮੈਂ ਤੇ ਰਵੀ ਹੀ ਆਉਂਦੇ ਸਾਂ। ਪਰ ਹੁਣ ਚਾਰ ਸਾਲ ਬਾਅਦ ਦੁਬਾਰਾ ਇਸ ਧਰਤੀ 'ਤੇ ਪੈਰ ਪਾਉਣ ਦਾ ਸਬੱਬ ਬਣਿਆ ਸੀ। ਇਸ ਆਇਲੈਂਡ ਦੀ ਖਾਸੀਅਤ ਇਹ ਸੀ ਕਿ ਇਸ ਦੇ ਹਰ ਘਰ ਅਤੇ ਹੋਟਲ ਦਾ ਰੰਗ ਸਫੈਦ ਹੀ ਸੀ ਤੇ ਦਰਵਾਜ਼ੇ-ਤਾਕੀਆਂ ਸਿਰਫ ਨੀਲੇ ਜਾਂ ਹਰੇ ਰੰਗ ਦੇ ਤੇ ਦੂਜਾ ਇਸ ਦੀ ਇਕ ਮੰਜ਼ਿਲ ਤੋਂ ਬਿਨਾਂ ਉਪਰ ਹੋਰ ਬਿਲਡਿੰਗ ਬਣਾਉਣ ਦੀ ਕਿਸੇ ਨੂੰ ਵੀ ਪਰਮਿਸ਼ਨ ਨਹੀਂ ਸੀ। ਇਹ ਦੁੱਧ ਚਿੱਟਾ ਆਈਲੈਂਡ ਆਪਣੇ-ਆਪ ਵਿਚ ਖੂਬਸੂਰਤੀ ਦਾ ਨਮੂਨਾ ਸੀ।

ਫਲਾਈਟ ਦੇ ਲੈਂਡ ਹੁੰਦਿਆਂ ਹੀ ਮੈਂ ਆਪਣਾ ਸਾਮਾਨ ਲੈ ਕੇ ਬਾਹਰ ਆ ਗਈ। ਹੋਟਲ ਵਾਲਿਆਂ ਦੀ ਕੋਚ ਬਾਹਰ ਇੰਤਜ਼ਾਰ ਕਰ ਰਹੀ ਸੀ। ਬਰਮਿੰਘਮ ਵਿਚ ਪੰਦਰਾਂ ਡਿਗਰੀ ਟੈਂਪਰੇਚਰ ਛੱਡ ਕੇ ਸਿੱਧਾ 30 ਡਿਗਰੀ 'ਚ ਆ ਪਹੁੰਚੀ ਸੀ। ਮੌਸਮ ਕਾਫੀ ਗਰਮ ਸੀ ਇਥੇ। ਤਕਰੀਬਨ ਪੂਰਾ ਸਾਲ ਗਰਮ ਹੀ ਮੌਸਮ ਰਹਿੰਦਾ ਹੈ ਬਹੁਤ ਘੱਟ ਟੈਂਪਰੇਚਰ ਥੱਲੇ ਜਾਂਦਾ ਹੈ ਘੱਟ ਤੋਂ ਘੱਟ ਮਸਾਂ ਸੌਲਾ ਡਿਗਰੀ ਟੈਂਪਰੇਚਰ ਜਾਂਦਾ। ਅੱਜ ਤਾਂ ਤੀਹ ਦੇ ਗੇੜ 'ਚ ਸੀ। ਹੁੰਦਾ ਵੀ ਕਿਉਂ ਨਾ ਜੁਲਾਈ ਮਹੀਨਾ ਚੱਲ ਰਿਹਾ ਸੀ। ਖੈਰ ਚਾਲੀ ਕੁ ਮਿੰਟਾਂ ਦਾ ਸਫਰ ਸੀ ਏਅਰਪੋਰਟ ਤੋਂ ਹੋਟਲ ਦਾ। ਰਾਹ ਦਾ ਵਿਊ ਬਹੁਤ ਸੋਹਣਾ ਸੀ, ਖਜੂਰਾਂ ਦੇ ਲੰਬੇ-ਲੰਬੇ ਦੱਰਖਤ, ਕੇਲਿਆਂ ਦੇ ਹਰੇ-ਹਰੇ ਪੱਤਿਆਂ ਵਾਲੇ ਬਾਗ, ਸੰਗਤਰਿਆਂ, ਨਿੰਬੂਆਂ ਦੇ ਬੂਟੇ, ਖੂਬਸੂਰਤ ਫੱਲਾਂ ਨਾਲ ਭਰੇ ਰਾਉਂਡਵਾਉਟ। ਕੋਚ ਵਿੱਚੋਂ ਬਾਹਰ ਝਾਤ ਕੇ ਮੇਰਾ ਮਨ ਬਹੁਤ ਖੁਸ਼ ਹੋ ਰਿਹਾ ਸੀ। ਜਦ ਹਵਾ ਦੇ ਬੁੱਲੇ ਨਾਲ ਖਜੂਰਾਂ ਦੇ ਦਰੱਖਤ ਝੁੱਕਦੇ ਤਾਂ ਮੈਨੂੰ ਇੰਦਾਂ ਲੱਗਦਾ ਜਿਵੇਂ ਇਹ ਸਾਰੇ ਸਿਰ ਨਿਭਾ ਕੇ ਮੈਨੂੰ ਜੀ ਆਇਆਂ ਆਖ ਰਹੇ ਹੋਣ ।

ਚਾਲੀ ਮਿੰਟ ਦਾ ਸਫਰ ਨਬੇੜ, ਮੈਂ ਆਪਣੇ ਹੋਟਲ ਵਿਚ ਜਾ ਪਹੁੰਚੀ।ਹੋਟਲ ਦੇ ਫਰੰਟ 'ਤੇ ਪਹੁੰਚ ਕੇ ਹੀ ਮਨ ਹੀ ਮਨ ਮੈਂ ਰਵੀ ਦਾ ਸ਼ੁਕਰਿਆ ਕੀਤਾ ।

''ਵਾਹ ਕਿੰਨਾ ਸੋਹਣਾ ਹੋਟਲ ਬੁੱਕ ਕਰਕੇ ਦਿੱਤਾ ਰਵੀ ਨੇ, ਕਿੰਨੀ ਸਕੂਨ ਸ਼ਾਂਤੀ ਭਰੀ ਜਗ੍ਹਾ ਸ਼ਹਿਰ ਤੋਂ ਹੱਟਵੀਂ ਬਿਲਕੁੱਲ ਸੀ ਵਿਊ।'' ਮੈਂ ਕਿੰਨੀ ਲੱਕੀ ਹਾਂ ਮਨ ਹੀ ਮਨ ਮੈਂ ਪ੍ਰਮਾਤਮਾ ਦਾ ਸ਼ੁਕਰੀਆ ਅਦਾ ਕੀਤਾ ਜੋ ਰਵੀ ਵਰਗਾ ਪਤੀ ਮੇਰੇ ਕਰਮਾਂ ਵਿੱਚ ਸੀ।''

ਅੰਦਰ ਜਾਂ ਕੇ ਚੈਕਇਨ ਕਰਕੇ ਆਰਾਮ ਕਰਨ ਦਾ ਮਨ ਬਣਾਇਆ। ਰਿਸ਼ੈਪਸ਼ਨ 'ਤੇ ਹੋਟਲ ਦਾ ਸਟਾਫ ਵੈਲਕੰਮ ਡ੍ਰਿੰਕ ਲੈ ਕੇ ਖੜ੍ਹਾ ਸੀ। ਇਹ ਸਪੇਨਿਸ਼ ਲੋਕ ਆਪਣੇ ਟੂਰਿਸਟਾਂ ਦੀ ਬਹੁਤ ਕੇਅਰ ਕਰਦੇ ਹਨ।

ਖੈਰ ਕਮਰੇ ਅੰਦਰ ਦਾਖਲ ਹੋ ਕਮਰੇ ਦਾ ਨਰੀਖਣ ਕੀਤਾ। ਸੀ ਵਿਊ ਵਾਲਾ ਬਹੁਤ ਹੀ ਸੋਹਣਾ ਰੂਮ ਸੀ। ਮੇਰੇ ਲਈ ਸੌਣ ਵਾਲਾ ਕਮਰਾ ਕੰਫਰਟੈਬਲ ਹੋਣਾ ਜ਼ਰੂਰੀ ਸੀ। ਚੱਲੋ ਹੁਣ ਮਨ ਨੂੰ ਸੰਤੁਸ਼ਟੀ ਸੀ ਕਿ ਸਭ ਠੀਕ ਹੈ ਹੁਣ ਅਗਾਂਹ ਦੇ ਮੇਰੇ 10 ਦਿਨ ਆਰਾਮ ਨਾਲ ਇੱਥੇ ਨਿਕਲ ਜਾਣੇ ਸਨ ।

ਰਵੀ ਅਕਸਰ ਮੈਨੂੰ ਕਹਿੰਦੇ ਹੁੰਦੇ ਹਨ ਕਿ ਸੌਣ ਵਾਲੇ ਕਮਰੇ ਨੂੰ ਲੈ ਕੇ ਤੇਰੇ ਬਹੁਤ ਨਖ਼ਰੇ ਹਨ ਤੇ ਸ਼ਾਇਦ ਇਹ ਸੱਚ ਵੀ ਸੀ ।ਰਵੀ ਨੂੰ ਮੈਂ ਮਿਸ ਕਰ ਰਹੀ ਸੀ, ਪਹਿਲੀ ਦਫਾ ਉਸ ਤੋਂ ਬਿਨਾਂ ਇੱਥੇ ਆਈ ਸੀ । ਸੋਚਾਂ ਸੋਚਦੀ ਸੋਚਦੀ ਨੇ ਸਾਮਾਨ ਟੈਚੀ ਵਿਚੋਂ ਕੱਢ ਕੇ ਟਕਾਉਣਾ ਸ਼ੁਰੂ ਕਰ ਦਿੱਤਾ ਤੇ ਰਵੀ ਨੂੰ ਵੀ ਕਾਲ ਲਾਈ।

''ਹੈਲੋ ਰਵੀ ਮੈਂ ਠੀਕ-ਠਾਕ ਪਹੁੰਚ ਗਈ ਹਾਂ। ਸੋਚਿਆ ਤੁਹਾਨੂੰ ਦੱਸ ਦੇਵਾਂ ਹੁਣੇ ਹੀ ਵਾਈ ਫਾਈ ਨਾਲ ਫੋਨ ਜੋੜਿਆ ਹੈ।'' ਠੀਕ ਹੋ ਤੁਸੀਂ? ਕੁਝ ਖਾ-ਪੀ ਲਿਆ?''

ਰਵੀ ਵੀ ਕੰਮ 'ਤੇ ਬਿਜ਼ੀ ਸਨ। ਇਸ ਲਈ ਮੈਂ ਫੋਰਮਲ ਜਿਹੀ ਗੱਲ ਹੀ ਕੀਤੀ। ਮੈਨੂੰ ਪਤਾ ਸੀ ਇਹ ਉਨ੍ਹਾਂ ਦੇ ਆਫਿਸ ਦਾ ਸਮ੍ਹਾਂ ਸੀ।

''ਠੀਕ ਹੈ ਬੀਰਾ ਆਪਣਾ ਖਿਆਲ ਰੱਖੀਂ ਤੇ ਹੁਣ ਜਿੰਨੇ ਦਿਨ ਆਪਣੀ ਖੂਬਸੂਰਤ ਜਗ੍ਹਾ 'ਤੇ ਹੈ ਇਸ ਦਾ ਆਨੰਦ ਮਾਣ ਤੇ ਆਪਣੇ ਕਿਸੇ ਨਵੇਂ ਪ੍ਰੋਜੈਕਟ 'ਤੇ ਕੰਮ ਸਟਾਰਟ ਕਰਨਾ ਨਾ ਭੁੱਲੀ।''

ਤੇ ਹਾਂ ਡੌਂਟ ਵਰੀ ਅਬਾਊਟ ਮੀ । ਮੈਂ ਖਾ ਵੀ ਲਿਆ ਤੇ ਦੋ ਕੱਪ ਕੌਫੀ ਵੀ ਪੀ ਹੱਟਿਆ।'' ਤੇ ਹੱਸ ਕੇ ਦੋ ਚਾਰ ਗੱਲਾਂ ਕਰ ਕੇ ਉਨ੍ਹਾਂ ਨੇ ਫੂਨ ਕੱਟ ਦਿੱਤਾ।

ਨਵਾਂ ਪ੍ਰੋਜੈਕਟ ਸੁਣਦਿਆਂ ਹੀ ਮੈਨੂੰ ਲੈਪਟਾਪ ਦਾ ਯਾਦ ਆਇਆ। ਉਸ ਨੂੰ ਚਾਰਜ 'ਤੇ ਲਾਉਣਾ ਤਾਂ ਮੈਂ ਭੁੱਲ ਹੀ ਗਈ ਸੀ। ਫਟਾਫਟ ਚਾਰਜ 'ਤੇ ਲਾ ਕੇ ਮੈਂ ਬਾਹਰ ਟਹਿਲਣ ਚਲੀ ਗਈ। ਤੁਰਦਿਆਂ ਤੁਰਦਿਆਂ ਮੈਂ ਹੋਟਲ ਦਾ ਗੇਟ ਟੱਪ ਕੇ ਬਾਹਰ ਸੜਕ 'ਤੇ ਆ ਪਹੁੰਚੀ। ਬਹੁਤ ਹੀ ਖੂਬਸੂਰਤ ਜਗ੍ਹਾ ਤੇ ਇਹ ਹੋਟਲ ਸੀ ਫੋਰ ਸਟਾਰ ਹੋਟਲ ਔਲ ਇੰਨਕਲੂਸਿਵ ਪੈਕੇਜ, ਭਾਵ ਜਿੰਨਾ ਮਰਜ਼ੀ ਪੀਓ ਤੇ ਖਾਓ। ਰਵੀ ਨੇ ਸਾਰਾ ਕੁਝ ਵਿਚ ਹੀ ਬੁੱਕ ਕਰ ਕੇ ਮੈਨੂੰ ਚੜ੍ਹਾਇਆ ਸੀ ਤਾਂ ਕਿ ਮੈਨੂੰ ਕੋਈ ਤੰਗੀ ਨਾ ਆਵੇ ਤੇ ਮੈਂ ਪੂਰਾ ਮਨ ਲਾ ਕੇ ਆਪਣੇ ਕਿਸੇ ਨਵੇਂ ਨਾਵਲ ਦੀ ਤਿਆਰੀ ਕਰ ਸਕਾਂ। ਹੁਣ ਤੱਕ ਮੇਰੇ 6 ਨਾਵਲ ਤੇ ਬਹੁਤ ਸਾਰੀਆਂ ਕਹਾਣੀਆਂ ਛੱਪ ਚੁੱਕੀਆਂ ਹਨ। ਪਰ ਹਾਲੇ ਵੀ ਮੈਂ ਆਪਣੇ ਆਪ ਨੂੰ ਲੇਖਕਾ ਨਹੀਂ ਮੰਨਦੀ ਸੀ। ਸ਼ਾਇਦ ਇੰਗਲੈਂਡ ਦੀ ਝੋਲੀ 'ਚ ਬਹੁਤ ਸਾਰੇ ਪ੍ਰਸਿੱਧ ਲੇਖਕ ਸਨ ਤੇ ਉਨ੍ਹਾਂ ਸਾਰਿਆਂ ਸਾਹਮਣੇ ਮੈਂ ਆਪਣੇ ਆਪ ਨੂੰ ਛੋਟਾ ਹੀ ਮੰਨਦੀ ਸੀ। ਇੰਗਲੈਂਡ ਦੇ ਲੇਖਕਾਂ ਦਾ ਯਾਦ ਆਉਂਦਿਆਂ ਹੀ ਮੇਰੀਆਂ ਅੱਖਾਂ ਅੱਗੇ ਸਾਰੇ ਪ੍ਰਸਿੱਧ ਇੰਗਲੈਂਡ ਦੇ ਲੇਖਕ ਆ ਗਏ। ਮੈਨੂੰ ਇੰਗਲੈਂਡ ਆਇਆਂ ਕੋਈ ਪੰਦਰਾਂ ਵਰ੍ਹੇ ਹੋ ਗਏ ਸਨ ਹੁਣ ਤੱਕ ਤਕਰੀਬਨ ਸਾਰਿਆਂ ਨਾਲ ਹੀ ਮੇਲ ਹੋ ਗਿਆ ਸੀ ਜੋ ਵੀ ਮੇਰੇ ਫੀਲਡ ਵਿਚ ਸਨ। ਆਉਂਦਿਆਂ ਹੀ ਮੈਂ ਇਸੇ ਕੰਮ ਵਿਚ ਲੱਗ ਗਈ। ਕਦੇ ਕਿਸੇ ਅਖਬਾਰ ਵਿਚ ਆਰਟੀਕਲ, ਕਦੇ ਕਿਸੇ ਅਖਬਾਰ ਵਿਚ ਕਹਾਣੀ। ਬੱਸ ਇਸੇ ਤਰ੍ਹਾਂ ਸਫਰ ਚੱਲਦਿਆਂ ਚੱਲਦਿਆਂ ਅੱਜ ਲੇਖਕਾਂ ਦੇ ਨਾਲ-ਨਾਲ ਬੀ. ਬੀ. ਸੀ. ਦੀ ਪ੍ਰਜ਼ੈਂਟਰ ਵੀ ਬਣ ਗਈ ਸਾਂ। ਸੋ ਮੇਰਾ ਲਿਖਣ ਦਾ ਸ਼ੌਕ ਅਤੇ ਰੁਜ਼ਗਾਰ ਦੇਵੇਂ ਇੱਕੋ ਫੀਲਡ ਵਿਚ ਹੀ ਸਨ। ਤੁਰਦਿਆਂ-ਤੁਰਦਿਆਂ ਮੈਂ ਹੋਟਲ ਤੋਂ ਕਾਫੀ ਅਗਾਂਹ ਆ ਗਈ ਸੀ। ਮੇਰੇ ਸੱਜੇ ਪਾਸੇ ਇਸ ਕਨੇਰੀ ਆਈਲੈਂਡ ਦੀ ਜਾਨ ਨੀਲੇ ਪਾਣੀ ਦਾ ਸਮੁੰਦਰ ਤੈਰ ਰਿਹਾ ਸੀ। ਹੌਲੀ-ਹੌਲੀ ਮੈਂ ਆਪਣੇ ਕਦਮ ਸਮੁੰਦਰ ਵੱਲ ਮੋੜ ਲਏ। ਉਂਝ ਮੈਨੂੰ ਸਮੁੰਦਰ 'ਚ ਵੜਨਾ ਚੰਗਾ ਨਹੀਂ ਲੱਗਦਾ ਸੀ। ਹਾਂ ਪਰ ਗਿੱਲੇ ਰੇਤੇ 'ਤੇ ਪੈਰ ਰੱਖਣੇ ਬੜੇ ਚੰਗੇ ਲੱਗਦੇ ਸਨ। ਸਮੁੰਦਰ ਵੱਲ ਨਿਗ੍ਹਾ ਘੁਮਾ ਕੇ ਦੇਖਿਆ ਤਾਂ ਇੰਝ ਲੱਗਾ ਜਿਵੇਂ ਇਹ ਵੀ ਮੇਰੇ ਪੈਰਾਂ ਨੂੰ ਚੁੰਮ ਕੇ ਮੇਰਾ ਸਵਾਗਤ ਕਰ ਰਿਹਾ ਹੋਵੇ। ਦੂਰ ਤੱਕ ਨੀਲੇ ਰੰਗ ਦਾ ਪਾਣੀ ਹੀ ਪਾਣੀ ਤੇ ਕਾਲੇ ਰੰਗ ਦੇ ਪੱਥਰਾਂ ਵਾਲੇ ਪਹਾੜ।

''ਹਾਏ ਕਿੰਨਾ ਖੂਬਸੂਰਤ ਹੈ ਇਹ ਆਈਲੈਂਡ, ਸੱਚੀ ਜਦ ਇਥੇ ਵਲਕੀਨੋ ਆਇਆ ਹੋਵੇਗਾ ਤਾਂ ਉਸ ਲਾਵੇ ਨੇ ਇਹ ਸਾਰਾ ਆਈਲੈਂਡ ਤਬਾਹ ਕਰ 'ਤਾ ਹੋਵੇਗਾ। ਪਰ ਦੇਖ ਤਬਾਹੀ ਤੇ ਬਾਅਦ ਵੀ ਇਹ ਕਿੰਨਾ ਸੋਹਣਾ ਮੁੜ ਵੱਸ ਗਿਆ।''

ਮੈਂ ਇਸ ਆਈਲੈਡ ਦੀ ਖੂਬਸੂਰਤੀ ਨਿਹਾਰਦੀ ਨਾ ਥੱਕਦੀ ।

ਛੁੱਟੀਆਂ ਦਾ ਸੀਜ਼ਨ ਸੀ ਬਹੁਤ ਸਾਰੇ ਦੇਸ਼ਾਂ ਤੋਂ ਲੋਕ ਇਥੇ ਛੁੱਟੀਆਂ ਕੱਟਣ ਆਏ ਹੋਏ ਸਨ ਪਰ ਇਸ ਵੇਲੇ ਬੀਚ 'ਤੇ ਸ਼ਾਂਤੀ ਸੀ। ਸ਼ਾਇਦ ਸ਼ਾਮ ਦਾ ਵੇਲਾ ਸੀ ਤੇ ਟੂਰਿਸਟ ਆਪੋ-ਆਪਣੇ ਹੋਟਲਾਂ ਵਿਚ ਖਾਣ-ਪੀਣ ਦਾ ਆਨੰਦ ਮਾਣ ਰਹੇ ਹੋਣਗੇ। ਨਾਲੇ ਗੋਰੇ ਤਾਂ ਖਾਸ ਕਰਕੇ ਇਥੇ ਆਉਂਦੇ ਹੀ ਖਾਣ-ਪੀਣ ਜਾਂ ਧੁੱਪ ਦਾ ਆਨੰਦ ਮਾਣਨ ਲਈ। ਦੂਰ ਡੁੱਬਦੇ ਹੋਏ ਸੂਰਜ 'ਤੇ ਨਿਗ੍ਹਾ ਗਈ ਤਾਂ ਦੇਖਿਆ ਕਿੰਨਾ ਖੂਬਸੂਰਤ ਨਜ਼ਾਰਾ ਸੀ। ਇਸ ਨੀਲੇ ਸਮੁੰਦਰ 'ਚ ਉਹ ਸੁਨਹਿਰੀ ਕਿਰਨਾਂ ਆਪਣਾ ਰੰਗ ਬਖੇਰ ਰਹੀਆਂ ਸਨ। ਮੇਰੇ ਕਦਮ ਉਥੇ ਹੀ ਰੁੱਕ ਗਏ। ਕਿੰਨਾ ਖੂਬਸੂਰਤ ਨਜ਼ਾਰਾ ਸੀ। ਰੂਹ ਨੂੰ ਸਕੂਨ ਦੇਣ ਵਾਲਾ। ਮੇਰੇ ਨਾਲ ਹੀ ਕੁਝ ਕੁ ਕਦਮਾਂ 'ਤੇ ਇਕ ਬਜ਼ੁਰਗ ਗੋਰਾ ਗੋਰੀ ਵੀ ਬੜੀ ਰੀਝ ਲਾ ਕੇ ਡੁੱਬਦੇ ਸੂਰਜ ਨੂੰ ਨਿਹਾਰ ਰਹੇ ਸਨ। ਮੈਂ ਆਪਣੇ ਫੂਨ ਨਾਲ ਡੁੱਬਦੇ ਸੂਰਜ ਦੀਆਂ ਕੁਝ ਤਸਵੀਰਾਂ ਲਈਆਂ ਤੇ ਅਗਾਂਹ ਤੁਰ ਪਈ। ਸ਼ਾਮ ਦੇ ਸੱਤ ਵੱਜ ਰਹੇ ਸਨ।

ਮੈਂ ਸੋਚਿਆ 10-15 ਮਿੰਟ ਦੀ ਹੋਰ ਸੈਰ ਕਰ ਕੇ ਮੈਂ ਵਾਪਸ ਹੋਟਲ ਵੱਲ ਮੋੜੇ ਪਾ ਲਵਾਂਗੀ। ਨਾਲੇ ਮੈਨੂੰ ਭੁੱਖ ਵੀ ਲੱਗ ਰਹੀ ਸੀ। ਥੋੜ੍ਹਾ ਜਿਹਾ ਅਗਾਂਹ ਵਧੀ ਤਾਂ ਮੇਰੀ ਨਜ਼ਰ ਇਕ ਇੰਡੀਅਨ ਔਰਤ 'ਤੇ ਪਈ। ਇਕ ਘੰਟੇ ਤੋਂ ਉਪਰ ਹੋ ਗਿਆ ਸੀ ਮੈਨੂੰ ਸੈਰ ਕਰਦਿਆਂ ਇਸ ਸਮੁੰਦਰ ਦੀ। ਇਹ ਪਹਿਲੀ ਇੰਡੀਅਨ ਔਰਤ ਨਜ਼ਰੀ ਆਈ ਸੀ। ਮੈਂ ਚਾਲ ਵਿਚ ਥੋੜ੍ਹਾ ਤੇਜ਼ੀ ਲੈ ਕੇ ਆਈ, ਸੋਚਿਆ ਜਾ ਕੇ ਹਾਏ-ਹੈਲੋ ਕਰਦੀ ਹਾਂ। ਪਤਾ ਨਹੀਂ ਮੇਰਾ ਇਹ ਸੁਭਾਅ ਹੀ ਸੀ ਕਿਤੇ ਬਾਹਰਲੇ ਮੁਲਕ ਵਿਚ ਜਾ ਕੇ ਜੋ ਕੋਈ ਆਪਣਾ ਬੇਲੀ ਦਿੱਸ ਜਾਂਦਾ ਤਾਂ ਮੈਂ ਬਿਨਾਂ ਬੁਲਾਇਆਂ ਨਾ ਰੁੱਕਦੀ। ਕਾਹਲੇ ਕਾਹਲੇ ਕਦਮੀ ਮੈਂ ਉਨ੍ਹਾਂ ਕੋਲ ਜਾ ਪਹੁੰਚੀ।

**ਚਲਦਾ....**


# ਡਾ. ਅਨਿਲ ਧੀਰ ਨੇ ਵਧਾਇਆ: ਪੰਜਾਬੀ ਭਾਸ਼ਾ ਦਾ ਮਾਨ ਕਈ ਮਿਲੀਅਨ ਪਾਠਕਾਂ ਦੇ ਚਹੇਤੇ ਬਣੇ ਡਾ. ਧੀਰ

## ਮਾਂ ਬੋਲੀ ਦਿਵਸ

ਕੇ. ਭਾਰਤੀ

"ਸੋਸ਼ਲ ਮੀਡੀਆ ਲਈ ਹੈਲਥ ਅਵੇਅਰਨੈਸ ਸੰਬੰਧੀ ਪੰਜਾਬੀ ਜ਼ੁਬਾਨ 'ਚ ਦਸਤਾਵੇਜ਼ੀ ਫਿਲਮਾਂ ਦਾ ਨਿਰਦੇਸ਼ਨ ਕਰਨ ਦੀ ਪਲਾਨਿੰਗ ਹੈ। ਅੱਜ ਦ ਨਿਊਯਾਰਕ ਟਾਈਮਸ, ਦ ਗਾਰਡੀਅਨ ਅਤੇ ਬੀ.ਬੀ.ਸੀ ਨਿਊਜ਼ ਅਦਾਰੇ ਵੀ ਸਿਹਤ ਚੁਣੌਤੀਆਂ ਬਾਰੇ ਲੋਕਾਂ ਨੂੰ ਜਾਗਰੁੱਕ ਕਰ ਰਹੇ ਹਨ"- ਡਾ. ਅਨਿਲ ਧੀਰ. ਕਾਲਮਨਿਸਟ

ਕੈਨੇਡਾ (ਆਈ. ਐਚ. ਏ. ਪ): (ਕੇ. ਭਾਰਤੀ) : ਵਿਸ਼ਵ ਭਰ ਵਿਚ ਮਾਂ ਬੋਲੀ ਦਿਵਸ ਦੇ ਮੌਕੇ 'ਤੇ ਪੰਜਾਬੀ ਜ਼ੁਬਾਨ ਬਾਰੇ ਸੈਮੀਨਾਰ 'ਤੇ ਕਾਨਫਰੰਸਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਵਿਦੇਸ਼ਾਂ ਵਿਚ ਜੰਮੇ-ਪਲੇ ਬੱਚਿਆਂ ਅੰਦਰ ਪੰਜਾਬੀ ਭਾਸ਼ਾ ਅਤੇ ਕਲਚਰ ਨੂੰ ਜ਼ਿੰਦਾ ਰੱਖਿਆ ਜਾ ਰਿਹਾ ਹੈ। ਐਨ. ਏ. ਸਰਵੇ ਦੇ ਮੁਤਾਬਿਕ ਹੈਲਥ ਐਂਡ ਮੈਡੀਸਨ ਸੰਬੰਧੀ ਲਿਟਰੇਚਰ ਲਿਖ ਕੇ ਡਾ. ਅਨਿਲ ਧੀਰ ਨੇ ਆਪਣੀ ਖਾਸ ਥਾਂ ਬਣਾ ਲਈ ਹੈ। ਸੋਸ਼ਲ ਐਕਟੀਵਿਸਟ, ਕਾਲਮਨਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਪੰਜਾਬੀ, ਅੰਗ੍ਰੇਜ਼ੀ, ਹਿੰਦੀ ਭਾਸ਼ਾ ਦੇ ਲੇਖਕ ਡਾ. ਅਨਿਲ ਧੀਰ, ਕੈਨੇਡਾ, ਅਮਰੀਕਾ, ਇੰਗਲੈਂਡ, ਭਾਰਤ, ਆਸਟ੍ਰੇਲੀਆ, ਵਿਚ ਕਈ ਮਿਲੀਅਨ ਪਾਠਕਾਂ ਦੇ ਚਹੇਤੇ ਬਣ ਗਏ ਹਨ। ਕਰੀਬਨ 44 ਸਾਲਾਂ ਤੋਂ ਹੈਲਥ ਅਵੇਅਰਨੈਸ ਸੰਬੰਧੀ ਆਪਣੇ ਸਾਹਿਤ ਦੁਆਰਾ ਜਨ-ਸੇਵਾ ਕਰ ਰਹੇ ਹਨ। ਦੇਸ਼-ਵਿਦੇਸ਼ ਦੇ ਪਾਠਕਾਂ ਨੂੰ ਹਰ ਹਫਤੇ ਡਾ. ਧੀਰ



Dr. Anil Dheer Columnist

ਦੇ ਨਵੇਂ ਲੇਖ ਦੀ ਉਡੀਕ ਰਹਿੰਦੀ ਹੈ।

ਡਾ. ਧੀਰ ਦੇ ਲੇਖਨ-ਸਫਰ ਦੀ ਸ਼ੁਰੂਆਤ ਮੈਡੀਕਲ ਸਟਡੀ ਦੇ ਦੌਰਾਨ ਸਾਲ 1985 ਦਿੱਲੀ ਤੋਂ ਪ੍ਰਕਾਸ਼ਿਤ ਹੋ ਰਹੇ ਟਾਈਮਸ ਆਫ ਇੰਡੀਆ ਗਰੁੱਪ ਦੇ ਨਵਭਾਰਤ ਟਾਈਮਸ ਤੋਂ ਹੋਈ। ਬਾਅਦ ਵਿਚ ਗਰੁੱਪ ਟ੍ਰਿਬਿਊਨ, ਹਿੰਦੁਸਤਾਨ ਟਾਈਮਸ, ਇੰਡੀਅਨ ਐਕਸਪ੍ਰੈਸ, ਸਹਾਰਾ, ਪਾਓਨੀਅਰ, ਪੰਜਾਬ ਕੇਸਰੀ, ਜਾਗਰਣ, ਅਜੀਤ, ਭਾਸਕਰ, ਮਿਲਾਪ, ਵੀਰ ਅਰਜੁਨ, ਪੰਜਾਬ ਟਾਈਮਸ, ਸੱਚ-ਕਹੁੰ ਅਤੇ ਅਮਰੀਕਾ ਤੋਂ ਪੰਜਾਬ ਮੇਲ, ਸਾਡੇ ਲੋਕ, ਪਰਦੇਸ ਟਾਈਮਸ, ਪੰਜਾਬ ਟਾਈਮਸ, ਪੰਜਾਬੀ ਰਾਈਟਰ, ਕੈਨੇਡਾ ਤੋਂ ਪੰਜਾਬ ਸਟਾਰ, ਹਮਦਰਦ, ਕੈਨੇਡੀਅਨ ਪੰਜਾਬ ਟਾਈਮਸ, ਪੰਜਾਬੀ ਪੋਸਟ, ਪਰਵਾਸੀ, ਪੰਜਾਬੀ ਅਖਬਾਰ, ਪੰਜਾਬੀ ਜਨਰਲ, ਪੰਜਾਬ ਗਾਰਡੀਅਨ, ਇੰਡੋ-ਕੈਨੇਡੀਅਨ ਟਾਈਮਸ, ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ, ਅਸਟ੍ਰੇਲੀਆ ਅਤੇ ਨਿਊਜ਼ੀਲੈਂਡ ਤੋਂ ਇੰਡੋ-ਟਾਈਮਸ, ਪੰਜਾਬੀ ਅਖਬਾਰ ਅਤੇ ਇੰਗਲੈਂਡ ਤੋਂ ਪੰਜਾਬ ਟਾਈਮਸ ਵਗੈਰਾ ਅਖਬਾਰਾਂ ਵਿਚ ਡਾ. ਅਨਿਲ ਧੀਰ ਦਾ ਲੇਖਨ ਆਨਲਾਈਨ ਯਾਨਿ ਇੰਟਰਨੈਟ ਐਡੀਸ਼ਨਾਂ ਦੁਆਰਾ ਹਰ ਪਾਠਕ ਤੱਕ ਪਹੁੰਚ ਰਹਾ ਹੈ।

ਡਾ. ਧੀਰ ਨੂੰ ਸਾਲ 1985 'ਚ ਦਿੱਲੀ ਵਿਚ ਯੰਗ ਰਾਈਟਰ ਅਵਾਰਡ ਅਤੇ 1987 ਵਿਚ ਅੰਤਰਰਾਸ਼ਟਰੀ ਹੈਲਥ ਐਜੂਕੇਟਰ ਅਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ। ਦਿੱਲੀ (ਭਾਰਤ) ਤੋਂ ਮੇਡੀਕਲ ਡਿਗਰੀ ਅਤੇ ਕੈਨੇਡਾ ਤੋਂ ਵਿਸ਼ਵ ਸਿਹਤ ਸੰਸਥਾ ਅਤੇ ਯੂਨੀਸੈਫ ਤੋਂ ਸਰਟੀਫੀਕੇਸ਼ਨ ਵੀ ਲਈ। ਦਿੱਲੀ ਤੋਂ ਪ੍ਰਕਾਸ਼ਿਤ ਹੋਣ ਵਾਲੇ ਮਿਨਿਸਟਰੀ ਆਫ ਡਿਫੈਂਸ, ਅਤੇ ਪਲਾਨਿੰਗ ਕਮੀਸ਼ਨ ਦੇ ਮੈਗਜ਼ੀਨ ਨੂੰ ਲੇਖਨ ਸਹਿਯੋਗ ਦਿੰਦੇ ਰਹੇ ਹਨ।

ਡਾ. ਧੀਰ ਨੇ ਅੱਗੇ ਦੱਸਿਆ ਕਿ ਮੇਰੇ ਲਿਖਣ ਦਾ ਇੱਕੋ ਮਕਸਦ ਹੈ ਵਿਸ਼ਵਵਿਆਪੀ ਹੈਲਥ ਚੁਣੌਤੀਆਂ ਬਾਰੇ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਹਰ ਪੱਧਰ 'ਤੇ ਜਾਗਰੁੱਕ ਕਰਨਾ। ਦ ਨਿਊਯਾਰਕ ਟਾਈਮਸ, ਦ ਗਾਰਡੀਅਨ, ਬੀ.ਬੀ.ਸੀ ਵਰਗੇ ਅਦਾਰੇ ਵੀ ਖਬਰਾਂ ਰਾਹੀਂ ਸਿਹਤ ਬਾਰੇ ਸਮੇਂ-ਸਮੇਂ ਤੇ ਜਾਗਰੁੱਕ ਕਰ ਰਹੇ ਹਨ। ਵਿਸ਼ਵ ਸਿਹਤ ਸੰਸਥਾ, ਅਤੇ ਗਲੋਬਲ ਹੈਲਥ ਕੌਂਸਿਲ, ਵਰਗੀਆਂ ਸੰਸਥਾਵਾਂ ਵਿਸ਼ਵ ਵਿਆਪੀ ਸਿਹਤ ਚੁਣੌਤੀਆਂ ਬਾਰੇ ਲੋਕਾਂ ਨੂੰ ਅਵੇਅਰ ਕਰ ਰਹੀਆਂ ਹਨ। ਅੰਤਰਰਾਸ਼ਟਰੀ ਪੱਧਰ 'ਤੇ ਅਲੈਕਜ਼ੈਂਡਰ ਇਰਵਿਨ ਅਤੇ ਅਨਾ ਸੋਫੀਆ ਕੋਰੀਲਾ ਆਪਣੇ-ਆਪਣੇ ਪੱਧਰ 'ਤੇ ਕੰਮ ਕਰ ਰਹੇ ਹਨ।

ਗੱਲਬਾਤ ਦੌਰਾਣ ਡਾ. ਧੀਰ ਨੇ ਦੱਸਿਆ ਕਿ ਲਿਖਣਾ ਹਮੇਸ਼ਾ ਤੋਂ ਮੇਰਾ ਸ਼ੋਕ ਰਿਹਾ ਹੈ ਅਤੇ ਸਿਹਤ ਪ੍ਰਤੀ ਹਰ ਪੱਧਰ 'ਤੇ ਜਾਗਰੁਕ ਕਰਨਾ ਅੱਜ ਜਨੂਨ ਬਣ ਚੁੱਕਾ ਹੈ। ਜਿਸ ਹਫਤੇ ਮੈਂ ਨਹੀਂ ਲਿਖਦਾ, ਲੱਗਦਾ ਹੈ ਕੁੱਝ ਮਿਸ ਹੋ ਗਿਆ ਹੈ। ਸੋਸ਼ਲ ਮੀਡੀਆ ਲਈ ਹੈਲਥ ਐਂਡ ਮੇਡੀਸਨ ਸਬੰਧੀ ਛੋਟੀਆਂ ਫਿਲਮਾਂ ਦਾ ਨਿਰਦੇਸ਼ਨ ਕਰਨ ਦੀ ਪਲਾਨਿੰਗ ਵੀ ਹੈ। ਤਾਂਕਿ ਇਸ ਚਰਚਿਤ ਪਲੇਟਫਾਰਮ ਦੁਆਰਾ ਵੱਧ ਤੋਂ ਵੱਧ ਦੇਸ਼-ਵਿਦੇਸ਼ ਵਿਚ ਰਹਿਣ ਵਾਲੇ ਆਪਣੇ ਲੋਕ ਜਾਗਰੁੱਕ ਹੋ ਸਕਣ।

ਡਾ. ਅਨਿਲ ਧੀਰ ਦੇ ਕਾਲਮ ਡਾਕਟਰ ਦੀ ਸਲਾਹ, ਵਿਸ਼ਵ ਨੇਚੁਰਲ ਰੇਮੀਡੀਜ਼, ਤੁਹਾਡੀ ਸਿਹਤ, ਸਿਹਤਨਾਮਾ, ਸਿਹਤ ਤੁਹਾਡੇ ਆਪਣੇ ਹੱਥਾਂ ਵਿੱਚ, ਕਾਫੀ ਚਰਚਿਤ ਰਹੇ ਹਨ। ਡਾ. ਅਨਿਲ ਧੀਰ ਨੇ ਆਪਣੇ ਸੰਦੇਸ਼ ਵਿਚ ਕਿਹਾ ਹੈ ਕਿ ਨੌਜਵਾਨ ਪੀੜੀ, ਜਾਨਲੇਵਾ ਨਸ਼ਿਆਂ ਦੀ ਮਾੜੀ ਆਦਤ ਛੱਡ ਕੇ ਲੰਬੀ ਹੈਲਦੀ ਜ਼ਿੰਦਗੀ ਜੀਉਣ ਲਈ ਜੰਕ ਫੂਡ ਦੀ ਵਰਤੋਂ ਨਾ ਕਰਕੇ ਪੌਸ਼ਟਿਕ ਖੁਰਾਕ ਨੂੰ ਰੂਟੀਨ ਵਿਚ ਸ਼ਾਮਿਲ ਕਰਨ। ਅੱਜ ਹਰ ਵਿਅਕਤੀ ਵੱਲੋਂ ਡੇਲੀ ਵਰਕ-ਆਊਟ, ਯੋਗਾ, ਮੇਡੀਟੇਸ਼ਨ, ਦਵਾਈਆਂ ਦੀ ਵਰਤੋਂ ਘੱਟ ਕਰਕੇ ਆਪਣੀ 'ਤੇ ਪਰਿਵਾਰ ਦੇ ਨਾਲ ਪੂਰੇ ਰਾਸ਼ਟਰ ਨੂੰ ਖਤਰਨਾਕ ਬਿਮਾਰੀਆਂ ਤੋਂ ਬਚਾਓਣ ਵਿਚ ਮਦਦ ਕਰਨ ਦੀ ਲੋੜ ਹੈ।

## ਇਕ ਅਮਰੀਕਨ ਨੂੰ ਮੈਂ ਲੁਆਈ ਸੀ ਹੱਥ-ਕੜੀ !

ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuir@yahoo.com



ਸੰਨ 2004 ਵਿਚ 'ਬਲੱਡ-ਰਿਲੇਸ਼ਨ' ਦੇ ਕਾਨੂੰਨੀ ਢੰਗ ਨਾਲ ਅਮਰੀਕਾ ਗਿਆ ਹੋਇਆ ਮੈਂ ਇਕ ਅਜਿਹੀ ਕੰਪਨੀ 'ਚ ਰਾਤ ਦੀ ਜੌਬ ਕਰਦਾ ਸਾਂ ਜਿੱਥੇ ਪੰਜ ਜਾਂ ਛੇ ਟੀਨ-ਏਜਰ ਮੁੰਡੇ, ਅੱਧੀ ਕੁ ਰਾਤ ਤੱਕ ਪੜ੍ਹਦੇ ਹੁੰਦੇ ਸਨ। ਮੇਰੀ ਡਿਊਟੀ ਇਹ ਹੁੰਦੀ ਸੀ ਕਿ ਉਨ੍ਹਾਂ ਨੂੰ ਰੋਕਣਾ-ਟੋਕਣਾ ਕੋਈ ਨਹੀਂ ਬਸ ਉਨ੍ਹਾਂ ਦੀ ਕਿਸੇ ਗਲ਼ਤ ਸਰਗਰਮੀ ਨੂੰ ਰਜਿਸਟਰ ਵਿਚ ਦਰਜ ਕਰ ਦੇਣਾ ਹੈ। ਜਾਂ ਫਿਰ ਉਨ੍ਹਾਂ ਵਲੋਂ ਕੋਈ ਜਿਆਦਾ ਹੀ ਗੜਬੜ ਕਰਨੇ 'ਤੇ ਮੈਂ ਆਪਣੀ ਸੁਪਰਵਾਈਜ਼ਰ ਨੂੰ ਫੋਨ ਕਰਕੇ ਬੁਲਾ ਲੈਂਦਾ ਹੁੰਦਾ ਸਾਂ।

ਵੈਸੇ ਸੁਪਰਵਾਈਜ਼ਰ ਬੁਲਾਉਣ ਦੀ ਵੀ ਨੌਬਤ ਬਹੁਤ ਘੱਟ ਆਉਂਦੀ ਹੁੰਦੀ ਸੀ ਨਹੀਂ ਤਾਂ ਸੁਪਰਵਾਈਜ਼ਰ ਨੇ ਮੈਨੂੰ ਰੁਟੀਨ 'ਚ ਹੀ ਫੋਨ 'ਤੇ ਪੁੱਛ ਲੈਣਾ-'ਮਿਸਟਰ ਸਿੰਘ ਐਵਰੀਥਿੰਗ ਇਜ਼ ਓ.ਕੇ ?'

ਸੰਨ 2011 ਵਿਚ ਓਸਾਮਾ ਬਿਨ ਲਾਦਿਨ ਦੇ ਖਾਤਮੇ ਵਾਲ਼ੇ ਕਾਂਡ ਨੂੰ ਹਾਲ਼ੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਡਿਊਟੀ ਸਮੇਂ ਇਕ ਗੋਰੇ ਮੁੰਡੇ ਨੇ ਸ਼ਰਾਰਤੀ ਜਿਹੇ ਲਹਿਜੇ ਨਾਲ ਮੇਰੀ ਪੱਗ ਵੱਲ੍ਹ ਇਸ਼ਾਰਾ ਕਰਦਿਆਂ ਮੈਨੂੰ ਲਾਦਿਨ ਦਾ ਨਾਂ ਲੈ ਕੇ ਟਿੱਚਰ ਜਿਹੀ ਕੀਤੀ !

ਉਸ ਰਾਤ ਜਦ ਮੈਨੂੰ ਰੋਜ ਵਾਂਗ ਸੁਪਰਵਾਈਜ਼ਰ ਨੇ ਫੋਨ 'ਤੇ ਹਾਲ-ਹਵਾਲ ਪੁੱਛਿਆ ਤਾਂ 'ਐਵਰੀ ਥਿੰਗ ਓਕੇ' ਕਹਿਕੇ ਸਹਿਵਨ ਹੀ ਮੈਂ ਇਹ ਵੀ ਦੱਸ ਦਿੱਤਾ ਕਿ ਫਲਾਣੇ ਗੋਰੇ ਮੁੰਡੇ ਨੇ ਮੈਨੂੰ ਏਦਾਂ ਏਦਾਂ ਕਿਹਾ ਐ ! ਯਕੀਨ ਜਾਣਿਉਂ ਇਹ ਗੱਲ ਮੈਂ ਮਹਿਜ ਦਫਤਰੀ ਇਨਫਰਮੇਸ਼ਨ ਦੇਣ ਵਜੋਂ ਹੀ ਦੱਸੀ ਸੀ, ਮੇਰੇ ਮਨ 'ਚ ਉਸ ਮੁੰਡੇ ਵਲੋਂ ਕਹੀ ਗੱਲ ਬਾਰੇ ਕੋਈ ਗੁੱਸਾ ਜਾਂ ਰੰਜ ਨਹੀਂ ਸੀ !

ਪਰ ਸੁਪਰਵਾਈਜ਼ਰ ਨੇ ਸੁਣਦਿਆਂ ਸਾਰ 'ਓ ਮਾਈ ਗੌਡ !' ਕਹਿਕੇ ਮੈਨੂੰ ਦੱਸਿਆ ਕਿ ਮੈਂ ਤੇਰੇ ਕੋਲ਼ ਹੁਣੇ ਆ ਰਹੀ ਹਾਂ !ਸਾਡੇ ਦਫਤਰ ਪਹੁੰਚ ਕੇ ਉਸਨੇ ਪੁਲੀਸ ਨੂੰ ਕਾਲ ਕੀਤੀ। ਮਿੰਟਾਂ ਵਿਚ ਹੀ ਦੋ ਪੁਲੀਸਮੈਨ ਆ ਗਏ ! ਮੈਂ ਸੋਚ ਰਿਹਾ ਸਾਂ ਕਿ ਪੁਲੀਸ ਵਾਲ਼ੇ ਸ਼ਾਇਦ ਮੈਥੋਂ ਲੋੜੀਂਦੀ ਪੁੱਛ-ਗਿੱਛ ਕਰਨਗੇ ਪਰ ਉਨ੍ਹਾਂ ਨੇ ਮੇਰੀ ਸੁਪਰਵਾਈਜ਼ਰ ਨਾਲ ਹੀ ਗੱਲ-ਬਾਤ ਕਰਕੇ ਉਸ ਮੁੰਡੇ ਨੂੰ ਕਮਰੇ ਤੋਂ ਬਾਹਰ ਬੁਲਾਇਆ। ਨਾਂ-ਪਤਾ ਪੁੱਛ ਕੇ ਉਹਦੇ ਪੁੱਠੀ ਹੱਥ-ਕੜੀ ਮਾਰ ਲਈ।

ਪੁਲੀਸ ਵਾਲੇ ਜਦ ਉਸ ਮੁੰਡੇ ਨੂੰ ਦਫਤਰੋਂ ਬਾਹਰ ਖੜ੍ਹੀ ਆਪਣੀ ਗੱਡੀ 'ਚ ਬਿਠਾਉਣ ਲਈ ਲੈ ਜਾਣ ਲੱਗੇ ਤਾਂ ਸੁਪਰਵਾਈਜ਼ਰ ਨੇ ਉਸ ਮੁੰਡੇ ਨੂੰ ਧਾ ਗਲਵਕੜੀ ਪਾ ਲਈ ! ਮੈਂ ਹੈਰਾਨ ਹੋਇਆ ਉਨ੍ਹਾਂ ਵੱਲ ਦੇਖਣ ਲੱਗਾ !! ਸੁਪਰਵਾਈਜ਼ਰ ਉਸ ਮੁੰਡੇ ਨੂੰ ਪਿਆਰਦੀ ਦੁਲਾਰਦੀ ਕਹਿਣ ਲੱਗੀ-

"ਮਾਈ ਡੀਅਰ ਸਨ, ਮੈਂ ਤੇਰੇ ਭਲੇ ਹਿਤ ਹੀ ਤੈਨੂੰ ਕਾਨੂੰਨ ਦੇ ਹਵਾਲੇ ਕੀਤਾ ਹੈ ਤਾਂ ਕਿ ਤੂੰ ਚੰਗਾ ਇਨਸਾਨ ਬਣ ਸਕੇਂ ਅਤੇ ਭਵਿੱਖ ਵਿਚ ਕਿਸੇ ਦਾ ਦਿਲ ਨਾ ਦੁਖਾਵੇਂ ਜਿਵੇਂ ਤੂੰ ਅੱਜ ਮਿਸਟਰ ਸਿੰਘ ਨੂੰ 'ਹਰ੍ਟ' ਕੀਤਾ ਹੈ...!"

'ਗੁੱਡ-ਲੱਕ ਮੇਰੇ ਪਿਆਰੇ !' ਕਹਿ ਕੇ ਸੁਪਰਵਾਈਜ਼ਰ ਨੇ ਉਸ ਮੁੰਡੇ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ ਸੀ !

*** ****

## ਟਰੰਪ ਪ੍ਰਸ਼ਾਸਨ ਸ਼ਅੀਧ ਵੱਲੋਂ 1600 ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਿਆ ਅਤੇ ਬਾਕੀਆਂ ਨੂੰ ਛੁੱਟੀ ਤੇ ਭੇਜਿਆ

ਵਾਸ਼ਿੰਗਟਨ– ਟਰੰਪ ਪ੍ਰਸ਼ਾਸਨ ਨੇ ਐਤਵਾਰ ਨੂੰ ਕਿਹਾ ਕਿ ਉਹ ਯੂਐੱਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਦੇ ਸਟਾਫ ਦੇ ਇੱਕ ਹਿੱਸੇ ਨੂੰ ਛੱਡ ਕੇ ਬਾਕੀ ਸਾਰੇ ਦੁਨੀਆ ਭਰ ਦੇ ਕਰਮਚਾਰੀਆਂ ਨੂੰ ਵਿੱਚ ਛੁੱਟੀ ਤੇ ਭੇਜ ਰਿਹਾ ਹੈ ਅਤੇ 1600 ਯੂਐੱਸ–ਅਧਾਰਤ ਸਟਾਫ ਦੀਆਂ ਅਸਾਮੀਆਂ ਨੂੰ ਖਤਮ ਕਰ ਰਿਹਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਅਤੇ ਸਹਿਯੋਗੀ ਐਲਨ ਮਸਕ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਦੇ ਆਕਾਰ ਨੂੰ ਘਟਾਉਣ ਲਈ ਵਿਆਪਕ ਮੁਹਿੰਮ ਵਿੱਚ ਛੇ ਦਹਾਕੇ ਪੁਰਾਣੀ ਸਹਾਇਤਾ ਅਤੇ ਵਿਕਾਸ ਏਜੰਸੀ ਨੂੰ ਖਤਮ ਕਰਨ ਦੇ ਉਨ੍ਹਾਂ ਦੇ ਟੀਚੇ ਲਈ ਵੱਡਾ ਕਦਮ ਹੈ।ਦਰਅਸਲ ਸ਼ੁੱਕਰਵਾਰ ਨੂੰ ਇੱਕ ਸੰਘੀ ਜੱਜ ਨੇ ਟਰੰਪ ਪ੍ਰਸ਼ਾਸਨ ਨੂੰ ਅਮਰੀਕਾ ਅਤੇ ਦੁਨੀਆ ਭਰ ਵਿੱਚ ਹਜ਼ਾਰਾਂ ਯੂਐੱਸਏਡ ਦੇ ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾਉਣ ਦੀ ਯੋਜਨਾ ਨੂੰ ਵਧਾਉਣ ਦੀ ਇਜਾਜ਼ਤ ਦਿੱਤੀ ਸੀ, ਜਿਸ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ। ਅਮਰੀਕੀ ਜਿਲ੍ਹਾ ਜੱਜ ਕਾਰਲ ਨਿਕੋਲਸ ਨੇ ਕਰਮਚਾਰੀਆਂ ਦੀ ਉਸ ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ ਜਿਸ ਵਿੱਚ ਉਨ੍ਹਾਂ ਨੇ ਸਰਕਾਰ ਦੀ ਯੋਜਨਾ ਤੇ ਅਸਥਾਈ ਰੋਕ ਲਗਾਉਣ ਦੀ ਅਰਜ਼ੀ ਕੀਤੀ ਸੀ।

# ਕਿਸਾਨੀ ਧਰਨੇ, ਐਮਐਸਪੀ, ਖਪਤਕਾਰ ਅਤੇ ਭਾਰਤ ਸਰਕਾਰ

ਸੰਦੀਪ ਕੁਮਾਰ
7009807121



ਭਾਰਤ ਵਿੱਚ ਕਿਸਾਨਾਂ ਨੂੰ ਦੇਸ਼ ਦੇ ਅੰਨਦਾਤਾ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ। ਉਹਨਾਂ ਦੀ ਮਿਹਨਤ ਨਾਲ ਹੀ ਸਾਡੇ ਘਰਾਂ ਦੀ ਰੋਟੀ ਪੱਕਦੀ ਹੁੰਦੀ ਹੈ, ਪਰ ਇਸ ਅੰਨਦਾਤਾ ਦੀਆਂ ਮੁੱਖ ਮੰਗਾਂ ਵਿੱਚੋਂ ਇੱਕ ਅਹਿਮ ਮੰਗ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਦੀ ਗਾਰੰਟੀ ਹੈ। ਐਮਐਸਪੀ ਉਹ ਮਕੈਨਿਜ਼ਮ ਹੈ ਜਿਹਦੇ ਜ਼ਰੀਏ ਕਿਸਾਨਾਂ ਨੂੰ ਆਪਣੀ ਫਸਲਾਂ ਲਈ ਇਕ ਨਿਯਮਿਤ ਅਤੇ ਨਿਸ਼ਚਿਤ ਮੁੱਲ ਮਿਲਦਾ ਹੈ, ਤਾਂ ਜੋ ਉਹ ਘਾਟਾ ਖਾਣ ਤੋਂ ਬਚ ਸਕਣ। ਹਾਲਾਂਕਿ, ਐਮਐਸਪੀ ਦੀ ਮੰਗ ਨੂੰ ਲੈ ਕੇ ਕਈ ਸਾਲਾਂ ਤੋਂ ਕਿਸਾਨ ਧਰਨੇ ਲਗਾ ਰਹੇ ਹਨ, ਪਰ ਇਹ ਮਸਲਾ ਅਜੇ ਵੀ ਹੱਲ ਨਹੀਂ ਹੋਇਆ। ਕਿਸਾਨਾਂ ਦੇ ਧਰਨਿਆਂ ਦੇ ਮੁੱਖ ਕਾਰਨਾਂ ਨੂੰ ਸਮਝਣ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਫਸਲਾਂ ਦੀ ਖਰੀਦ ਅਤੇ ਵਿਕਰੀ ਵਿੱਚ ਵੱਡੇ ਪੱਧਰ ’ਤੇ ਅਸਮਾਨਤਾ ਹੈ। ਭਾਵੇਂ ਸਰਕਾਰਾਂ ਕਈ ਫਸਲਾਂ ਨੂੰ ਐਮਐਸਪੀ ’ਤੇ ਖਰੀਦਦੀ ਹੈ, ਪਰ ਇਹ ਖਰੀਦ ਕਈ ਵਾਰ ਸਿਰਫ ਕਾਗਜ਼ੀ ਹੀ ਰਹਿੰਦੀ ਹੈ। ਉਦਾਹਰਣ ਵਜੋਂ, ਕੇਵਲ ਕੁਝ ਚੁਣੀ ਹੋਈਆਂ ਫਸਲਾਂ, ਜਿਵੇਂ ਕਿ ਕਣਕ ਅਤੇ ਚੌਲ, ਲਈ ਹੀ ਸਧਾਰਨ ਪੱਧਰ ’ਤੇ ਐਮਐਸਪੀ ਦੀ ਪਾਲਣਾ ਹੁੰਦੀ ਹੈ। ਦੂਜੇ ਪਾਸੇ, ਕਈ ਅਹਿਮ ਫਸਲਾਂ ਜਿਵੇਂ ਦਾਲਾਂ, ਫਲਾਂ ਅਤੇ ਸਬਜ਼ੀਆਂ ਲਈ ਕਿਸੇ ਵੀ ਤਰ੍ਹਾਂ ਦੀ ਗਾਰੰਟੀ ਨਹੀਂ ਦਿੱਤੀ ਜਾਂਦੀ। ਇਸ ਸਥਿਤੀ ਨੇ ਕਿਸਾਨਾਂ ਨੂੰ ਮੁਹਿੰਮ ਚਲਾਉਣ ਅਤੇ ਧਰਨੇ ਦੇਣ ਲਈ ਮਜਬੂਰ ਕੀਤਾ ਹੈ।

ਕਿਸਾਨਾਂ ਦੇ ਧਰਨਿਆਂ ਦਾ ਸ਼ੁਰੂਆਤੀ ਸਮਰਥਨ ਖਪਤਕਾਰਾਂ ਅਤੇ ਆਮ ਲੋਕਾਂ ਵੱਲੋਂ ਵੀ ਮਿਲਦਾ ਰਿਹਾ ਹੈ। ਆਮ ਜਨਤਾ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਜੇ ਅੰਨਦਾਤਾ ਖੁਸ਼ਹਾਲ ਹੋਵੇਗਾ ਤਾਂ ਸੰਪੂਰਨ ਸਮਾਜ ਦਾ ਭਲਾ ਹੋਵੇਗਾ। ਪਰ ਜਦੋਂ ਇਹ ਧਰਨੇ ਬਹੁਤ ਲੰਬੇ ਚੱਲਦੇ ਹਨ ਜਾਂ ਇਹਨਾਂ ਦਾ ਮਕਸਦ ਸਿਰਫ ਦਬਾਅ ਬਣਾਉਣਾ ਰਹਿ ਜਾਂਦਾ ਹੈ, ਤਾਂ ਆਮ ਲੋਕਾਂ ਵਿੱਚ ਵੀ ਇਹ ਗੱਲ ਆਉਣ ਲੱਗਦੀ ਹੈ ਕਿ ਇਹ ਸੰਘਰਸ਼ ਆਮ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਰੋਜ਼ਾਨਾ ਜ਼ਿੰਦਗੀ ਵਿੱਚ ਰੁਕਾਵਟਾਂ ਪੈਣ ਕਰਕੇ ਖਪਤਕਾਰ ਧਰਨਿਆਂ ਦੇ ਵਿਰੋਧ ਵਿੱਚ ਆ ਰਹੇ ਹਨ। ਇਹ ਗੱਲ ਸਮਝਣ ਵਾਲੀ ਹੈ ਕਿ ਖਪਤਕਾਰ ਅਤੇ ਕਿਸਾਨ ਦੇ ਰਿਸ਼ਤੇ ਵਿੱਚ ਵਪਾਰਕ ਸਾਂਝ ਹੈ। ਕਿਸਾਨ ਅੰਨ ਪੈਦਾ ਕਰਦੇ ਹਨ ਅਤੇ ਖਪਤਕਾਰ ਇਸ ਅੰਨ ਦੀ ਖਰੀਦ ਕਰਦੇ ਹਨ। ਇਹ ਸੰਬੰਧ ਦੋਵੇਂ ਪੱਖਾਂ ਲਈ ਲਾਭਕਾਰੀ ਹੈ। ਪਰ ਜਦੋਂ ਕਿਸਾਨ ਆਪਣੇ ਸੰਘਰਸ਼ ਨੂੰ ਹੱਦ ਤੋਂ ਵੱਧ ਖਿੱਚ ਰਹੇ ਹਨ, ਤਾਂ ਇਹ ਸੰਬੰਧ ਤਨਾਅ ਦਾ ਕਾਰਨ ਬਣ ਰਹੇ ਹਨ। ਰੋਜਾਨਾ ਕਿਸਾਨੀ ਧਰਨਿਆਂ ਦੇ ਲੱਗਣ ਨਾਲ ਰੋਜਾਨਾ ਜਿੰਦਗੀ ਪ੍ਰਭਾਵਿਤ ਹੁੰਦੀ ਨਜਰ ਆ ਰਹੀ ਹੈ। ਜਿਸ ਨਾਲ ਹੁਣ ਆਮ ਜਨਤਾ ਧਰਨਿਆਂ ਦੇ ਵਿਰੋਧ ਵਿੱਚ ਆਣ ਲੱਗ ਪਈ ਹੈ। ਕਿਸਾਨਾਂ ਦਾ ਧਰਨਿਆਂ ਨੂੰ ਸਹੀ ਦਸਣ ਪਿੱਛੇ ਇਹ ਤਰਕ ਹੈ ਕਿ ਅਸੀਂ ਆਪਣੇ



ਧਰਨਿਆਂ ਰਾਹੀ ਆਮ ਜਨਤਾ ਦੇ ਹੱਕਾਂ ਦੀ ਸਰਮਾਏਦਾਰਾਂ ਤੋਂ ਰਾਖੀ ਕਰ ਰਹੇ ਹਾਂ, ਜਦਕਿ ਆਮ ਜਨਤਾ ਨਿੱਤ ਦੇ ਧਰਨਿਆਂ ਤੋਂ ਦੁੱਖੀ ਹੋਕੇ ਹੁਣ ਇਹ ਕਹਿਣ ਲਈ ਮਜਬੂਰ ਹੋ ਗਈ ਹੈ ਕਿ ਸਾਡੇ ਹੱਕਾਂ ਦੀ ਰਾਖੀ ਕਰਨ ਦੀ ਤੁਹਾਨੂੰ ਕੋਈ ਲੋੜ ਨਹੀਂ ਹੈ। ਆਮ ਜਨਤਾ ਆਪਣੇ ਹੱਕਾਂ ਦੀ ਰਾਖੀ ਆਪ ਕਰ ਲਵੇਗੀ।

ਪੰਜਾਬ ਦੇ ਸੰਬੰਧ ਵਿੱਚ ਖੇਤੀ ਬਾੜੀ ਵਿੱਚ ਝੋਨੇ ਦੀ ਬਿਜਾਈ ਇੱਕ ਮੁੱਖ ਮਸਲਾ ਹੈ। ਪੰਜਾਬ ਵਿੱਚ ਜ਼ਮੀਨ ਹੇਠਲਾ ਪਾਣੀ ਖਤਮ ਹੋ ਰਿਹਾ ਹੈ ਅਤੇ ਝੋਨੇ ਦੀ ਪੈਦਾਵਾਰ ਨੇ ਇਸ ਸੰਕਟ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਇੱਕ ਕਿਲੋ ਚੌਲ ਪੈਦਾ ਕਰਨ ਲਈ ਹਜ਼ਾਰਾਂ ਲੀਟਰ ਪਾਣੀ ਵਰਤਿਆ ਜਾਂਦਾ ਹੈ। ਇਸਦੇ ਸਥਾਨ ’ਤੇ ਕਿਸਾਨਾਂ ਨੂੰ ਬਦਲਵੀਆਂ ਫਸਲਾਂ ਦੀ ਬਿਜਾਈ ਕਰਨ ਲਈ ਪ੍ਰੇਰਿਤ ਕਰਨ ਦੀ ਲੋੜ ਹੈ। ਇਹਨਾਂ ਫਸਲਾਂ ਦੀ ਪੈਦਾਵਾਰ ਕਰਕੇ ਉਹਨਾਂ ਨੂੰ ਐਮਐਸਪੀ ਦਾ ਲਾਭ ਮਿਲ ਸਕਦਾ ਹੈ। ਪਰ ਇਸ ਬਦਲਾਅ ਨੂੰ ਲਾਗੂ ਕਰਨ ਲਈ ਸਰਕਾਰਾਂ ਦੀ ਯੋਜਨਾਂਵਾਂ ਅਤੇ ਪ੍ਰਬੰਧਨ ਦੀ ਘਾਟ ਸਪਸ਼ਟ ਤੌਰ ’ਤੇ ਨਜ਼ਰ ਆਉਂਦੀ ਹੈ। ਇਸ ਮਸਲੇ ਦੇ ਹੱਲ ਲਈ ਕਿਸਾਨਾਂ ਨੂੰ ਵੀ ਆਪਣਾ ਦ੍ਰਿਸ਼ਟਿਕੋਣ ਬਦਲਣ ਦੀ ਲੋੜ ਹੈ। ਬਿਨਾਂ ਕਿਸੇ ਬਦਲਾਵ ਦੇ ਸਿਰਫ ਧਰਨੇ ਦੇਣ ਨਾਲ ਮਸਲੇ ਹੱਲ ਨਹੀਂ ਹੁੰਦੇ। ਜੇ ਕਿਸਾਨ ਕੁਝ ਸਮੇਂ ਲਈ ਫਸਲਾਂ ਦੀ ਪੈਦਾਵਾਰ ਬੰਦ ਕਰ ਦੇਣ, ਤਾਂ ਇਹ ਖਪਤਕਾਰਾਂ, ਕਿਸਾਨਾਂ ਅਤੇ ਸਰਕਾਰਾਂ ਤਿੰਨਾਂ ਵਿੱਚੋਂ ਕਿਸੇ ਇੱਕ ਨੂੰ ਇਹ ਅਹਿਸਾਸ ਕਰਵਾ ਸਕਦਾ ਹੈ ਕਿ ਖੇਤੀ ਬਾੜੀ ਦੇ ਬਿਨਾਂ ਦੇਸ਼ ਤਨਾਅ ਵਿੱਚ ਆ ਸਕਦਾ ਹੈ ਜਾਂ ਇਹ ਸਿਰਫ ਇੱਕ ਵਹਿਮ ਤੋਂ ਇਲਾਵਾ ਕੁੱਝ ਨਹੀਂ ਹੈ। ਇਸ ਤਰ੍ਹਾਂ ਕਰਨ ਨਾਲ ਤਿੰਨਾਂ ਧਿਰਾਂ ਵਿੱਚ ਕਿਸੇ ਇੱਕ ਦੀ ਸੋਚ ਠਿਕਾਣੇ ਤੇ ਜਰੂਰ ਆ ਜਾਵੇਗੀ। ਇਹ ਇੱਕ ਕਠੋਰ ਕਦਮ ਹੋ ਸਕਦਾ ਹੈ, ਪਰ ਇਸਨੂੰ ਇੱਕ ਪ੍ਰਯੋਗ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ।

ਸਰਕਾਰਾਂ ਵੱਲੋਂ ਫਸਲਾਂ ਦੇ ਬਦਲਵੇ ਪ੍ਰਬੰਧਾਂ ਦੀ ਪਾਲਣਾ ਕਰਵਾਉਣ ਅਤੇ ਕਿਸਾਨਾਂ ਨੂੰ ਪੂਰਾ ਸਮਰਥਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ, ਕਿਸਾਨਾਂ ਨੂੰ ਆਪਣੀਆਂ ਮੰਗਾਂ ਨੂੰ ਰਾਜਨੀਤੀ ਤੋਂ ਦੂਰ ਰੱਖਣ ਦੀ ਲੋੜ ਹੈ। ਕਿਸੇ ਵੀ ਸੰਘਰਸ਼ ਦਾ ਮਕਸਦ ਸਿਰਫ ਨਿਆਂ ਪ੍ਰਾਪਤੀ ਹੋਣਾ ਚਾਹੀਦਾ ਹੈ, ਨਾ ਕਿ ਕਿਸੇ ਧਿਰ ਦੀ ਬਦਨਾਮੀ ਕਰਨੀ। ਇਸੇ ਤਰ੍ਹਾਂ, ਸਮਾਜ ਦੇ ਹਰੇਕ ਵਾਰਗ ਨੂੰ ਮਿਲ ਕੇ ਕਿਸਾਨੀ ਸੰਕਟ ਦਾ ਹੱਲ ਕੱਢਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਐਮਐਸਪੀ, ਧਰਨੇ, ਅਤੇ ਖਪਤਕਾਰਾਂ ਦੇ ਇਸ ਤਿਕੋਣ ਵਿੱਚ ਸਹੀ ਸੰਤੁਲਨ ਬਣਾਉਣ ਦੀ ਲੋੜ ਹੈ। ਸਿਰਫ ਕਿਸਾਨ ਹੀ ਅੰਨਦਾਤਾ ਨਹੀਂ ਹੈ, ਸਿਰਫ ਖਪਤਕਾਰ ਹੀ ਮਹੱਤਵਪੂਰਨ ਨਹੀਂ ਹੈ, ਅਤੇ ਸਿਰਫ ਸਰਕਾਰ ਹੀ ਹੱਲ ਦੇਣ ਵਾਲੀ ਨਹੀਂ ਹੈ। ਇਹ ਤਿੰਨੇ ਪੱਖ ਇੱਕ-ਦੂਜੇ ਦੇ ਪੱਖਾਂ ਨੂੰ ਸਮਝਣ ਅਤੇ ਸਹਿਯੋਗ ਦੇਣ ਨਾਲ ਹੀ ਇਸ ਮਸਲੇ ਦਾ ਹੱਲ ਕੱਢ ਸਕਦੇ ਹਾਂ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

## ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਦਰਬਾਰ ਵਿਲੇਤਰੀ (ਰੋਮ) ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਆਗਮਨ ਪੁਰਬ ਨੂੰ ਸਮਰਪਿਤ ਕਰਵਾਇਆ ਗਿਆ ਵਿਸ਼ਾਲ ਗੁਰਮਤਿ ਸਮਾਗਮ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)-ਦੁਨੀਆਂ ਭਰ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਆਗਮਨ ਪੁਰਬ ਬਹੁਤ ਹੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ ਉੱਥੇ ਇਟਲੀ ਦੇ ਲਾਸੀਓ ਇਲਾਕੇ ਦੇ ਪ੍ਰਸਿੱਧ ਸ਼ਹਿਰ ਵਿਲੇਤਰੀ(ਰੋਮ) ਵਿਖੇ ਸਥਿਤ ਪੁਰਾਤਨ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਦਰਬਾਰ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ। ਇਸ ਮਹਾਨ ਤੇ ਪਵਿੱਤਰ ਦਿਵਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ ਤੇ ਬੀਤੇ ਐਤਵਾਰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੇ ਬਸਤਰ ਬਦਲਣ ਦੀ ਸੇਵਾ ਕੀਤੀ ਗਈ ਤੇ ਉਪਰੰਤ ਸੰਪੂਰਨਤਾ ਨਾਲ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਸਜੇ ਦੀਵਾਨਾਂ ਤੋਂ ਪੰਥ ਦੇ ਪ੍ਰਸਿੱਧ ਕੀਰਤਾਨੀਏ ਰਾਗੀ ਭਾਈ ਵਿਕਰਮਜੀਤ ਸਿੰਘ ਤੇ ਸਾਥੀਆਂ ਵਲੋ ਕੀਰਤਨ ਦਰਬਾਰ ਸਜਾਇਆ ਗਿਆ। ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਭਾਈ ਪਰਮਜੀਤ ਸਿੰਘ ਜੰਮੂ ਵਾਲਿਆਂ ਤੇ ਜਥੇ ਵਲੋ ਸੁਰੀਲੀ ਆਵਾਜ਼ ਨਾਲ ਗੁਰਬਾਣੀ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ। ਇਸ ਸਮਾਗਮ ਵਿੱਚ ਲਾਸੀਓ ਸੂਬੇ ਦੇ ਕੁਝ ਵੱਖ-ਵੱਖ ਗੁਰਦੁਆਰਿਆਂ ਤੇ ਮੰਦਿਰ ਕਮੇਟੀਆਂ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕਰਕੇ ਗੁਰਬਾਣੀ ਕੀਰਤਨ ਸਰਵਣ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ ਆਈਆਂ ਸਮੂਹ ਸੰਗਤਾਂ ਨੂੰ ਜੀ ਆਇਆਂ ਆਖਿਆ ਤੇ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਸੰਗਤਾਂ ਲਈ ਵੱਖ-ਵੱਖ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਗਏ।

# ਹਕੀਮਪੁਰ ਦੀਆਂ ਪੁਰੇਵਾਲ ਖੇਡਾਂ 27-28 ਫਰਵਰੀ ਨੂੰ

ਪ੍ਰਿੰ. ਸਰਵਣ ਸਿੰਘ



**ਪੁਰੇਵਾਲ ਖੇਡ ਮੇਲੇ ਵਿਚ ਓਲੰਪੀਅਨ ਪਹਿਲਵਾਨ ਵਿਨੇਸ਼ ਫੋਗਾਟ ਨੂੰ ਮਾਤਾ ਸੁਰਜੀਤ ਕੌਰ ਅਵਾਰਡ ਦਿੱਤਾ ਜਾਵੇਗਾ ਜਿਸ ਵਿਚ ਸੁਨਹਿਰੀ ਗੁਰਜ ਤੇ ਨਕਦ ਰਾਸ਼ੀ ਹੋਵੇਗੀ। ਪ੍ਰਿੰ. ਸਰਵਣ ਸਿੰਘ ਆਪਣਾ ਖੇਡ ਰਤਨ ਅਵਾਰਡ ਵਾਲਾ ਗੋਲਡ ਮੈਡਲ ਬੀਬੀ ਵਿਨੇਸ਼ ਫੋਗਾਟ ਨੂੰ ਭੇਟ ਕਰਨਗੇ। ਪੁਰੇਵਾਲ ਖੇਡ ਮੇਲੇ ਦੇ ਰੂਹੇ-ਰਵਾਂ ਗੁਰਜੀਤ ਸਿੰਘ ਪੁਰੇਵਾਲ ਨੂੰ ਜੀਵਨ ਭਰ ਦੀਆਂ ਖੇਡ ਸੇਵਾਵਾਂ ਲਈ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ। ਚਰਨਜੀਤ ਸਿੰਘ ਬਾਠ, ਸੁੱਖੀ ਘੁੰਮਣ ਤੇ ਪਾਲ ਸਹੋਤਾ, ਖੇਡ ਲੇਖਕ ਸਰਵਣ ਸਿੰਘ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕਰਨਗੇ।**

ਪੇਂਡੂ ਓਲੰਪਿਕ ਵਜੋਂ ਜਾਣੀਆਂ ਜਾਂਦੀਆਂ ਸ. ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਖੇਡਾਂ 27-28 ਫਰਵਰੀ ਨੂੰ ਜਗਤਪੁਰ ਦੇ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਵਿਚ ਹੋ ਰਹੀਆਂ ਹਨ। ਪੁਰੇਵਾਲ ਸਪੋਰਟਸ ਕਲੱਬ ਦੇ ਸਮੂਹ ਮੈਂਬਰਾਂ, ਪੰਚਾਇਤਾਂ ਤੇ ਪਰਵਾਸੀ ਖੇਡ ਪ੍ਰਮੋਟਰਾਂ ਵੱਲੋਂ 28ਵੀਆਂ ਪੁਰੇਵਾਲ ਖੇਡਾਂ ਲਈ ਲੱਖਾਂ ਦੇ ਇਨਾਮ ਰੱਖੇ ਗਏ ਹਨ। ਦੋਵੇਂ ਦਿਨ ਦੇਸ ਵਿਦੇਸ਼ ਦੇ ਨਾਮੀ ਖਿਡਾਰੀ ਖੇਡਾਂ ਦੇ ਜੌਹਰ ਵਿਖਾਉਣਗੇ। ਕਬੱਡੀ ਦੀਆਂ ਕਹਿੰਦੀਆਂ ਕਹਾਉਂਦੀਆਂ ਟੀਮਾਂ ਵਧ ਚੜ੍ਹ ਕੇ ਭਾਗ ਲੈ ਰਹੀਆਂ ਹਨ। ਇਨ੍ਹਾਂ ਖੇਡਾਂ ਵਿਚ ਕਬੱਡੀ ਦੇ ਲਗਭਗ ਸਾਰੇ ਸਟਾਰ ਖਿਡਾਰੀਆਂ ਦੀ ਖੇਡ ਵੇਖਣ ਨੂੰ ਮਿਲੇਗੀ।

ਖੇਡ ਮੇਲੇ ਤਾਂ ਦੇਸ਼ ਵਿਦੇਸ਼ ਵਿਚ ਬਹੁਤ ਹੁੰਦੇ ਹਨ ਪਰ ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ ਦੀ ਸ਼ਾਨ ਨਿਆਰੀ ਹੈ। ਉਥੇ ਚੋਟੀ ਦੇ ਖਿਡਾਰੀਆਂ ਦੀ ਕਬੱਡੀ ਤੇ ਰੁਸਤਮ ਪਹਿਲਵਾਨਾਂ ਦੀਆਂ ਕੁਸ਼ਤੀਆਂ ਦੇ ਨਾਲ ਵਿਰਾਸਤੀ ਤੇ ਆਧੁਨਿਕ ਓਲੰਪਿਕ ਖੇਡਾਂ ਦੇ ਮੁਕਾਬਲੇ ਵੀ ਹੁੰਦੇ ਹਨ। ਪੰਜਾਬੀ ਖੇਡ ਸਭਿਆਚਾਰ ਦਾ ਭਰਪੂਰ ਜਲੌਅ ਦਿਸਦਾ ਹੈ। ਮੀਡੀਏ ਨੇ ਪੁਰੇਵਾਲ ਖੇਡ ਮੇਲੇ ਨੂੰ ਏਸ਼ੀਆ ਦਾ ਸਭ ਤੋਂ ਵੱਡਾ ਇਨਾਮੀ ਪੇਂਡੂ ਖੇਡ ਮੇਲਾ ਕਹਿ ਕੇ ਵਡਿਆਇਆ ਹੈ।

ਹਕੀਮਪੁਰ ਦੇ ਪੁਰੇਵਾਲ ਭਰਾਵਾਂ ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਨੇ ਆਪਣੇ ਪਿਤਾ ਸ. ਹਰਬੰਸ ਸਿੰਘ




ਪੁਰੇਵਾਲ ਦੀ ਯਾਦ ਵਿਚ ਇਹ ਖੇਡਾਂ 1988 ਵਿਚ ਸ਼ੁਰੂ ਕੀਤੀਆਂ ਸਨ। ਕਬੱਡੀ ਦਾ ਇਨਾਮ ਲੱਖ ਰੁਪਏ ਦਾ ਰੱਖਣ ਕਰਕੇ ਇਹ ਖੇਡਾਂ ਲੱਖਾਂ ਦੇ ਇਨਾਮਾਂ ਵਾਲੀਆਂ 'ਪੇਂਡੂ ਉਲੰਪਿਕ ਖੇਡਾਂ ਵਜੋਂ ਮਸ਼ਹੂਰ ਹੋ ਗਈਆਂ। ਇਸ ਨੂੰ ਦੁਆਬੇ ਦੀ ਪੇਂਡੂ ਉਲੰਪਿਕਸ ਵੀ ਕਿਹਾ ਜਾਂਦੈ। ਕੋਵਿਡ ਕਾਲ ਦੌਰਾਨ ਦੋ ਸਾਲ ਇਹ ਖੇਡਾਂ ਨਹੀਂ ਸੀ ਹੋ ਸਕੀਆਂ। 26ਵੀਆਂ ਤੇ 27ਵੀਆਂ ਖੇਡਾਂ ਪਿੱਛੋਂ ਹੁਣ 28ਵੀਆਂ ਪੁਰੇਵਾਲ ਖੇਡਾਂ ਵੇਖਣ ਦਾ ਸੁਨਹਿਰੀ ਮੌਕਾ ਹੈ ਜਿਸ ਲਈ ਸਭਨਾਂ ਨੂੰ ਨਿੱਘਾ ਸੱਦਾ ਹੈ। ਸਟੇਡੀਅਮ ਏਡਾ ਵੱਡਾ ਹੈ ਕਿ ਹਜ਼ਾਰਾਂ ਦਰਸ਼ਕ ਬੜੇ ਆਰਾਮ ਨਾਲ ਸਾਰੀਆਂ ਖੇਡਾਂ ਦੇ ਨਜ਼ਾਰੇ ਮਾਣ ਸਕਦੇ ਹਨ।

ਪੁਰੇਵਾਲ ਖੇਡਾਂ ਦੇ ਉਹ ਨਜ਼ਾਰੇ ਕਮਾਲ ਦੇ ਹੁੰਦੇ ਹਨ ਜਦੋਂ ਬਾਜ਼ੀਗਰ ਬਾਜ਼ੀਆਂ ਪਾਉਂਦੇ, ਨਿਹੰਗ ਸਿੰਘ ਨੇਜ਼ਾਬਾਜ਼ੀ ਦੇ ਜੌਹਰ ਵਿਖਾਉਂਦੇ, ਘੋੜੇ ਨਾਚ ਕਰਦੇ, ਹਾਥੀ ਮੇਲ੍ਹਦੇ, ਸੁੰਡਾਂ ਨਾਲ ਸਲਾਮੀਆਂ ਦਿੰਦੇ, ਪਤੰਗਬਾਜ਼ ਪਤੰਗ ਉਡਾਉਂਦੇ, ਜੁਆਨ ਅਹਿਰਨਾਂ ਦੇ ਬਾਲੇ ਕੱਢਦੇ, ਬੋਰੀਆਂ ਚੁੱਕਦੇ ਤੇ ਕਸਬੀ ਕਲਾਕਾਰ ਦੰਗ ਕਰ ਦੇਣ ਵਾਲੇ ਕਰਤਬ ਵਿਖਾਉਂਦੇ ਹਨ। ਅਥਲੀਟ ਟਰੈਕ ਵਿਚ ਦੌੜਦੇ, ਬਜ਼ੁਰਗ ਮੁੰਗਲੀਆਂ ਫੇਰਦੇ, ਪਹਿਲਵਾਨ ਘੋਲ ਘੁਲਦੇ ਤੇ ਕਬੱਡੀ ਦੇ ਖਿਡਾਰੀ ਰੇਡਾਂ ਪਾਉਂਦੇ ਤੇ ਜੱਫੇ ਲਾਉਂਦੇ ਹਨ। ਕੁਸ਼ਤੀ ਦੇ ਅਖਾੜੇ ਵਿਚ ਰੁਸਤਮ ਪਹਿਲਵਾਨ ਜ਼ੋਰ ਅਜ਼ਮਾਈ ਕਰਦੇ ਦਿਸਦੇ ਹਨ। ਕਿਤੇ ਕੁੱਤਿਆਂ ਦੀਆਂ ਦੌੜਾਂ ਲੱਗਦੀਆਂ, ਕਿਤੇ ਬੈਲ ਗੱਡੀਆਂ ਦੀਆਂ ਤੇ ਵਿਚੇ ਹਲਟ ਦੌੜਾਂ ਲੱਗੀ ਜਾਂਦੀਆਂ ਹਨ। ਨੁਮਾਇਸ਼ਾਂ ਲਾਉਣ ਵਾਲੇ ਵੀ ਪਿੱਛੇ ਨਹੀਂ ਰਹਿੰਦੇ। ਪਰਵਾਸੀ ਭੈਣ ਭਰਾਵਾਂ ਦੇ ਮਿਲਣ ਗਿਲਣ ਦਾ ਪੁਰੇਵਾਲ ਖੇਡ ਮੇਲਾ ਵਧੀਆ ਮੌਕਾ ਪਰਦਾਨ ਕਰਦਾ ਹੈ।

ਇਸ ਵਾਰ ਅਮਰਦੀਪ ਕਾਲਜ ਮੁਕੰਦਪੁਰ ਦੇ ਬਾਨੀ ਸ. ਗੁਰਚਰਨ ਸਿੰਘ ਸ਼ੇਰਗਿੱਲ, ਪ੍ਰਿੰ. ਅਮਰਜੀਤ ਸਿੰਘ ਖਟਕੜ, ਸਵਰਗੀ ਗੁਰਮੀਤ ਡੇਹਲੋਂ ਤੇ ਕਬੱਡੀ ਕੋਚ ਲਾਡੀ ਜਗਤਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਕਬੱਡੀ ਦੇ ਪੁਰਾਣੇ ਖਿਡਾਰੀ ਅਤੇ ਪਰਵਾਸੀ ਖੇਡ ਪ੍ਰਮੋਟਰ ਵੀ ਸਨਮਾਨਿਤ ਕੀਤੇ ਜਾਣਗੇ।

*principalsarwansingh@gmail.com*

# ਇਟਲੀ ਵਿੱਚ ਇਤਾਲਵੀ, ਸਪੈਨਿਸ਼, ਕੁਰਦ, ਅਰਬੀ ਅਤੇ ਪੰਜਾਬੀ ਭਾਸ਼ਾ ਦਾ ਸਾਂਝਾ ਕਵੀ ਦਰਬਾਰ ਸਫ਼ਲਤਾ ਪੂਰਵਕ ਸੰਪਨ

## ✪ ਪੰਜਾਬੀ ਸ਼ਾਇਰਾਂ ਵਿੱਚ ਦਲਜਿੰਦਰ ਰਹਿਲ ਅਤੇ ਪ੍ਰੋ. ਜਸਪਾਲ ਸਿੰਘ ਨੇ ਲਗਵਾਈ ਖ਼ੂਬਸੂਰਤ ਹਾਜ਼ਰੀ



ਰਿਜੋਮੀਲੀਆ (ਇਟਲੀ)-ਪਿਛਲੇ ਦਿਨੀਂ ਇਟਲੀ ਦੇ ਸ਼ਹਿਰ ਸਾਂਤ ਇਲਾਰਿਓ ਰਿਜਿਓ ਐਮੀਲੀਆ ਵਿੱਖੇ ਸਾਂਝੇ ਸੱਭਿਆਚਾਰ, ਸਾਹਿਤ,ਅਤੇ ਕਲਾ ਕ੍ਰਿਤਾਂ ਨੂੰ ਉਤਸ਼ਾਹਿਤ ਕਰਦੀ ਸੰਸਥਾ ਆਨੀਮੇ ਲੀਵੇਰੇ ਵਲੋਂ ਪ੍ਰਬੰਧਕ ਕਲਾਉਦੀਆ ਬੇਲੀ ਅਤੇ ਸ਼ਹਿਰ ਦੀ ਮਿਉਂਸਪਲ ਕਮੇਟੀ ਦੇ ਸਹਿਯੋਗ ਨਾਲ ਪੰਜ ਭਾਸ਼ਾਈ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਪਰਬੰਧਕਾਂ ਵਲੋਂ ਇਤਾਲਵੀ, ਸਪੈਨਿਸ਼, ਕੁਰਦ,ਅਰਬੀ ਅਤੇ ਪੰਜਾਬੀ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਇਤਾਲਵੀ ਭਾਸ਼ਾ ਵਿੱਚ ਅਨੁਵਾਦ ਕਰਕੇ ਸੈਂਕੜੇ ਸਰੋਤਿਆਂ ਦੇ ਭਰੇ ਇਕੱਠ ਵਿੱਚ ਸਾਂਝਾ ਕੀਤਾ। ਵੱਖ ਵੱਖ ਭਾਸ਼ਾਵਾਂ ਦੇ ਸ਼ਾਮਿਲ ਕਵੀਆਂ ਵਿੱਚ ਹੇਬੇ ਮੁਨੋਜ਼, ਫਰੈਂਚੈਸਕੋ ਨੀਗਰੀ, ਸੀਮੋਨਾ ਸੈਂਤੀਐਰੀ, ਮਾਰਾ ਮਾਤਾਵੇਲੀ, ਹੀਮਾਸ ਜ਼ਾਮੀਲ ਅਲਵੀ, ਜਾਮੀਲੈਤ ਪੇਰੇਜ, ਰੋਦਰੀ ਗੁਏਜ਼ ਡਾਵਿਡ, ਅਮੁਨੁਐਲੇ ਗੁਆਸਤੀ, ਪਾਓਲੋ ਪੋਸਟੋਰੀਨੋ, ਦਲਜਿੰਦਰ ਰਹਿਲ, ਪ੍ਰੋ ਜਸਪਾਲ ਸਿੰਘ, ਮਾਸੀਮੋ ਬੀਲੇਈ, ਪ੍ਰੋ ਸੰਦਰੀਨੋ ਮਾਰਾ,ਦਮਿਆਨਾ ਤੁਵਿਨੀ, ਆਨਾ ਜਿਓਰਜਿਨੀ, ਇਸਾਵਲ ਸਿਲਵੈਸਟਰ, ਜੇਨੀ ਲੀਆ, ਮਾਇਕਲ ਪੋਸ਼ੀ, ਮਾਕਸ਼ ਮਾਜ਼ੋਲੀ, ਅਨਰੀਆ ਕਾਸੋਲੀ, ਪਾਓਲੋ ਜਨਾਰਦੀ, ਜਾਕੋਪ ਬੇਲਾਨ, ਦਾਨੀਐਲੇ ਬੇਗੇ, ਲੂਕਾ ਮੋਜਾਕਿਓਦੀ ਆਦਿ ਨੇ ਭਾਗ ਲਿਆ। ਇਸ ਸਾਰੇ ਕਵੀ ਦਰਵਾਰ ਦਾ ਸੰਚਾਲਨ ਇਤਾਲਵੀ ਕਵਿਤਰੀਆਂ ਕਲਾਉਦਿਓ ਬੇਲੀ ਅਤੇ ਦਾਮਿਆਨਾ ਵਲੋਂ ਕੀਤਾ ਗਿਆ। ਇਸ ਸਾਹਿਤਿਕ ਸਮਾਗਮ ਵਿੱਚ ਸ਼ਹਿਰ ਦੇ ਮੇਅਰ ਮਰਚੈਲੋ ਮੋਰੈਡੀ ਸਮੇਤ ਸੰਜੀਦਾ ਸਰੋਤੇ ਅਤੇ ਇਲਾਕੇ ਦੀਆਂ ਹੋਰ ਵੀ ਸਨਮਾਨਯੋਗ ਸ਼ਖਸ਼ੀਅਤਾ ਸ਼ਾਮਿਲ ਹੋਈਆਂ। ਕਵਿਤਾਵਾਂ ਦੇ ਅੰਤਰਗਤ ਪਿਆਨੋ ਵਾਦਕ ਮਾਰਕੋ ਫਰਾਇੰਚਸਕੈਤੀ ਦਾ ਸੰਗੀਤ ਸਰੋਤਿਆਂ ਨੂੰ ਮੰਤਰ ਮੁਗਧ ਕਰਦਾ ਰਿਹਾ। ਵੱਖ ਵੱਖ ਭਾਸ਼ਾਵਾਂ ਦੇ ਸ਼ਾਮਿਲ ਹੋਏ ਕਵੀਆਂ ਵਲੋਂ ਸਾਂਝੇ ਸਮਾਜ, ਸਦਭਾਵਨਾ, ਪਿਆਰ - ਮੁਹੱਬਤ, ਸਾਂਤੀ, ਮਾਂ ਬੋਲੀ, ਮਨੁੱਖੀ ਭਾਈਚਾਰੇ, ਸਾਂਝੇ ਵਿਸ਼ਵੀ ਪਿੰਡ ਦੀ ਬੇਹਤਰੀ ਅਤੇ ਉੱਨਤੀ ਲਈ ਕਵਿਤਾ ਪਾਠ ਕੀਤਾ ਗਿਆ ਜਿਸਦਾ ਸਰੋਤਿਆਂ ਨਾਲ ਭਰੇ ਹਾਲ ਵਲੋਂ ਨਿਰੰਤਰ ਤਾੜੀਆਂ ਦੀ ਗੂੰਜ ਵਿੱਚ ਸਵਾਗਤ ਕੀਤਾ ਗਿਆ।

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 23**

# ਗੁਰੂ ਅੰਗਦ ਗੁਰ ਅੰਗੁ ਤੇ




ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਖਡੂਰ ਸਾਹਿਬ ਜੀ ਦਾ ਮੁੱਖ ਦਰਵਾਜ਼ਾ

ਇਸ ਸਮੇਂ ਦੌਰਾਨ ਹੀ ਅਨੇਕਾਂ ਸਿੱਖ ਦਰਸ਼ਨ ਕਰਨ ਖਡੂਰ ਪਹੁੰਚੇ ਜਿਨ੍ਹਾਂ ਨੇ ਪਹਿਲੇ ਪਾਤਸ਼ਾਹ ਜੀ ਦੇ ਦਰਸ਼ਨ ਵੀ ਕੀਤੇ ਹੋਏ ਸਨ ਉਨ੍ਹਾਂ ਨੇ ਵੀ ਆਪਣੀ ਯਾਦਾਸ਼ਤ ਤੋਂ ਜੋ ਸਾਖੀ ਲਿਖਵਾਈ, ਅਗੇ ਸਾਖੀ ਹੋਰ ਚਲੀ, ਲਿਖ ਕੇ ਉਹ ਵੀ ਦਰਜ ਕਰ ਲਈ ਗਈ। ਸੰਭਵ ਹੈ ਕਿ ਇਸ ਸਮੇਂ ਦੌਰਾਨ ਗੁਰੂ ਕੇ ਨਿਕਟਵਰਤੀ ਭਾਈ ਬੁੱਢਾ, ਮੈਲਸੀਹਾਂ ਦਾ ਭਾਈ ਭਾਗੀਰਥ, ਪੱਖੋ ਕੇ ਦਾ ਭਾਈ ਅਜਿਤਾ ਰੰਧਾਵਾ, ਲਾਹੌਰ ਦੇ ਭਾਈ ਦੁਨੀ ਚੰਦ, ਭਾਈ ਹੱਸੂ ਲੁਹਾਰ ਤੇ ਭਾਈ ਸੀਂਹਾਂ ਛੀਂਬਾ, ਭਾਈ ਸਾਧਾਰਨ, ਮਟਨ ਦਾ ਭਾਈ ਬ੍ਰਹਮਦਾਸ, ਭਾਈ ਸੈਦੋ ਘੇਹੋ ਅਤੇ ਭਾਈ ਝਾੜੂ ਕਲਾਲ ਵੀ ਆਏ ਹੋਣ ਅਰ ਉਨ੍ਹਾਂ ਨਾਲ ਪਹਿਲੇ ਪਾਤਸ਼ਾਹ ਜੀ ਦੇ ਹੋਏ ਬਚਨ ਸਾਖੀ ਰੂਪ ਵਿਚ ਦਰਜ ਕਰ ਲਏ ਹੋਣ। ਹੌਲੀ-ਹੌਲੀ ਇਸ ਸੰਚੇ ਦਾ ਨਾਂ ਜਨਮ ਸਾਖੀ ਹੀ ਪ੍ਰਚਲਤ ਹੋ ਗਿਆ ਜਿਸ ਵਿਚ ਗੁਰੂ-ਬਾਬਾ ਜੀ ਦਾ ਜੀਵਨ ਇਤਿਹਾਸ ਅਤੇ ਸਿਖਿਆ ਦਰਜ ਸਨ। ਇਸ ਸਮੇਂ ਦੌਰਾਨ ਸਾਰਾ ਲਿਖਿਆ ਨਾਲ-ਨਾਲ ਪੜ੍ਹਿਆ ਜਾਂਦਾ ਜਿਸ ਨੂੰ ਸੁਣ ਕੇ ਗੁਰੂ ਅੰਗਦ ਸਾਹਿਬ ਪਾਤਸ਼ਾਹ ਜੀ ਅਤੇ ਸਾਰੀਆਂ ਸੰਗਤਾਂ ਨੂੰ ਬਹੁਤ ਪ੍ਰਸੰਨਤਾ ਹੁੰਦੀ।

ਅਤ ਹਰਖਮਾਨ ਭਏ ਸਤਿਗੁਰ ਅੰਗਤ।
ਸਬ ਸਾਖੀ ਪੜੇ ਪ੍ਰੇਮ ਕਾਰ ਸੰਗਤ।
ਸਭ ਭਏ ਇਕਤ੍ਰ ਬਾਬੇ ਕੇ ਮੀਤ।
ਸਭ ਕੇ ਹਿਰਦੇ ਪ੍ਰੇਮ ਪ੍ਰਤੀਤ।26॥
ਸੇਵਾ ਕਰੇ ਦ੍ਰਿੜ ਭਗਤ ਪ੍ਰਮਾਨਾ।
ਗੁਰੂ ਅੰਗਤ ਬਾਬਾ ਜੀ ਕਰ ਜਾਨਾ।
ਸਦਾ ਪ੍ਰੇਮ ਰੰਗਿ ਦਰਸਨ ਕਰੇ।
ਕਰ ਸੰਗਤ ਹਰਿ ਜਸ ਬਿਸਥਰੇ।27॥2॥
ਮਹਿਮਾ ਪ੍ਰਕਾਸ਼

ਸਾਡੇ ਵਿਦਵਾਨ ਜਨਮ ਸ਼ਬਦ ਦੇ ਇਸ ਪੋਥੀ ਪ੍ਰਤੀ ਦੋ ਅਰਥ ਲੈ ਕੇ ਚੱਲਦੇ ਹਨ: ਜੰਮਣ ਅਥਵਾ ਪ੍ਰਕਾਸ਼ ਅਤੇ ਜੀਵਨ। ਇਸੇ ਤਰਹ ਸਾਖੀ ਸ਼ਬਦ ਦੇ ਵੀ ਦੋ ਅਰਥ ਲੈ ਕੇ ਚਲਦੇ ਹਨ: ਸਿਖਿਆ ਅਤੇ ਅੱਖੀਂ ਡਿੱਠੀ। ਸੋ, ਜਨਮ ਸਮੇਂ ਦੀ ਅੱਖੀਂ ਡਿੱਠੀ ਜਾਂ ਜੀਵਨ ਇਤਿਹਾਸ ਅਤੇ ਸਿਖਿਆ। ਪਿਛਲੇ ਲੰਮੇ ਸਮੇਂ ਤੋਂ ਇਸ ਪੋਥੀ ਦਾ ਨਾਂ ਭਾਈ ਬਾਲੇ ਵਾਲੀ ਜਨਮਸਾਖੀ ਜਾਂ ਜਨਮਸਾਖੀ ਭਾਈ ਬਾਲਾ ਜੀ।

**ਭਾਈ ਬਾਲਾ ਜੀ**

ਸਾਨੂੰ ਇਥੇ ਇਹ ਵਿਚਾਰਨਾ ਵੀ ਯੋਗ ਲਗਦਾ ਹੈ ਕਿ ਕੀਹ ਭਾਈ ਬਾਲਾ ਨਾਂ ਦੇ ਤਲਵੰਡੀ ਦੇ ਜੰਮਪਲ ਕੋਈ ਸੱਜਣ ਸਨ ਜੋ ਸਤਿਗੁਰੂ ਨਾਨਕ ਸਾਹਿਬ ਦੇ ਬਚਪਣ ਦੇ ਅਤੇ ਸਾਰੀਆਂ ਪ੍ਰਚਾਰ ਫੇਰੀਆਂ ਦੌਰਾਨ ਸਾਥੀ ਰਹੇ ਹੋਣ? ਦਰ ਅਸਲ ਇਸ ਮੁੱਦੇ 'ਤੇ ਵਿਦਵਾਨਾਂ ਵਿਚ ਮੱਤਭੇਦ ਹੋਣ ਦਾ ਵੱਡਾ ਕਾਰਨ ਭਾਈ ਬਾਲਾ ਦੀ ਹੋਂਦ ਦਾ ਨਹੀਂ ਸਗੋਂ ਉਨ੍ਹਾਂ ਦੇ ਨਾਂ 'ਤੇ ਪ੍ਰਚਲਿਤ ਪੋਥੀ ਦਾ ਹੈ ਜਿਸ ਵਿਚ ਕਈ ਅਜਿਹੀਆਂ ਇਤਰਾਜ਼ ਯੋਗ, ਅਣਹੋਈਆਂ ਘਟਨਾਵਾਂ ਅਰ ਗੱਲਾਂ ਦਰਜ ਹਨ ਜੋ ਸਿੱਖ ਸਿਧਾਂਤ ਅਤੇ ਸਿੱਖ ਸਭਿਆਚਾਰ ਪ੍ਰਵਾਨ ਨਹੀਂ ਕਰ ਸਕਦਾ।ਇਸ ਦੇ ਨਾਲ ਲਗਪਗ ਸਾਰੇ ਹੀ ਵਿਦਵਾਨ ਇਹ ਵੀ ਮੰਨਦੇ ਹਨ ਕਿ ਇਸ ਵਿਚ ਜਿੰਨਾ ਵਿਸਥਾਰ ਦਿੱਤਾ ਗਿਆ ਹੈ ਓਨਾ ਸਾਨੂੰ ਹੋਰ ਕਿਤੇ ਨਹੀਂ ਮਿਲਦਾ। ਸਾਡੀ ਜਾਚੇ, ਪਹਿਲੀ ਗੱਲ ਇਹ ਹੈ ਕਿ ਭਾਈ ਬਾਲਾ ਜੀ ਹੋਏ ਜ਼ਰੂਰ ਹਨ ਜੋ ਸਾਰੀਆਂ ਨਹੀਂ, ਕਿਸੇ ਇਕ ਯਾਤਰਾ ਵਿਚ ਗੁਰੂ ਸਾਹਿਬ ਦੇ ਨਾਲ ਰਹੇ ਅਰ ਦੂਜੀ ਗੱਲ ਹੈ ਕਿ ਗੁਰੂ ਅੰਗਦ ਸਾਹਿਬ ਜੀ ਵੱਲੋਂ ਲਿਖਾਈ ਅਸਲ ਪੋਥੀ ਵਿਚ ਬਾਦ ਵਿਚ ਹਿੰਦਾਲੀਆਂ ਵੱਲੋਂ ਮਿਲਾਵਟਾਂ ਕਰ ਕੇ ਅਸਲ ਪੋਥੀ ਗੁੰਮ ਕਰ ਦਿੱਤੀ ਅਰ ਇਹ ਅੱਜ ਜੋ ਸਾਡੇ ਸਾਹਮਣੇ ਹੈ ਉਸ ਅਨੁਸਾਰ ਹੀ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਛੰਦਾਬੰਦੀ/ਕਵਿਤਾ ਵਿਚ ਗੁਰੂ ਨਾਨਕ ਪ੍ਰਕਾਸ਼ ਮਹਾਂਕਾਵਿ ਲਿਖਿਆ ਹੈ ਜੋ ਬਹੁਤ ਵਾਕਫ਼ੀ ਭਰਪੂਰ ਹੋਣ ਦੇ ਬਾਵਜੂਦ ਇਤਿਹਾਸ, ਸਿਧਾਂਤ ਅਤੇ ਸਾਰਥਕਤਾ ਪੱਖੋਂ ਦੋਸ਼-ਭਰਪੂਰ ਹੈ। ਇਸ ਦਾ ਭਾਵ ਫਿਰ ਵੀ, ਕਦਾਚਿਤ ਇਹ ਨਹੀਂ ਬਣਦਾ ਕਿ ਭਾਈ ਬਾਲਾ ਹੋਏ ਹੀ ਨਹੀਂ ਜਾਂ ਗੁਰੂ ਸਾਹਿਬ ਨੇ ਗੁਰੂ ਨਾਨਕ ਸਾਹਿਬ ਜੀ ਦਾ ਇਤਿਹਾਸ ਲਿਖਵਾਉਣ ਸਮੇਂ ਉਨ੍ਹਾਂ ਦੀ ਸੇਵਾ ਨਹੀਂ ਲਈ।

ਬਿਨਾਂ ਸ਼ੱਕ, ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੀ ਪੱਛਮ ਦੀ ਉਦਾਸੀ ਦਾ ਸਾਥੀ ਕੇਵਲ ਰਬਾਬੀ ਭਾਈ ਮਰਦਾਨਾ ਜੀ ਦਾ ਜ਼ਿਕਰ ਕੀਤਾ ਹੈ ਅਰ ਇਸ ਆਧਾਰ 'ਤੇ ਬਹੁਤਿਆਂ ਨੇ ਤਾਂ ਉਨ੍ਹਾਂ ਨੂੰ ਸਾਰੀਆਂ ਉਦਾਸੀਆਂ ਦਾ ਹੀ ਸਾਥੀ ਅਨੁਮਾਨ ਕੇ ਲਿਖਿਆ ਹੈ ਪਰ, ਜਦੋਂ ਅਸੀਂ ਜਨਮਸਾਖੀ ਪਰੰਪਰਾ ਨਾਲ ਸਬੰਧਤ ਪੋਥੀਆਂ ਪੜ੍ਹਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਸਾਡੇ ਇਨ੍ਹਾਂ ਸੋਮਿਆਂ ਵਿਚ ਸਮੇਂ ਸਮੇਂ ਪ੍ਰਚਾਰ ਦੌਰਿਆਂ ਦੌਰਾਨ ਭਾਈ ਮਰਦਾਨਾ ਜੀ ਦੇ ਨਾਲ ਜਾਂ ਬਿਨਾਂ ਭਾਈ ਬਾਲਾ, ਭਾਈ ਹੱਸੂ ਲੁਹਾਰ ਅਤੇ ਸੀਂਹਾਂ ਛੀਂਬਾ, ਭਾਈ ਸੈਦੋ ਘੇਹੋ, ਭਾਈ ਲਹਿਣਾ, ਭਾਈ ਬੁੱਢਾ, ਭਾਈ ਅੱਜਿਤਾ ਰੰਧਾਵਾ, ਭਾਈ ਭਾਗੀਰਥ ਅਰ ਭਾਈ ਸਾਧਾਰਨ ਆਦਿ ਵੀ ਗੁਰੂ ਨਾਨਕ ਸਾਹਿਬ ਜੀ ਨਾਲ ਵਿਚਰੇ, ਲਿਖਿਆ ਗਿਆ ਹੈ। ਇਹ ਵੀ ਮਹੱਤਵ ਪੂਰਨ ਹੈ ਕਿ ਭਾਈ ਮਰਦਾਨਾ ਅਰ ਭਾਈ ਬਾਲਾ ਦਾ ਹੀ ਸਸਕਾਰ ਗੁਰੂ ਨਾਨਕ ਸਾਹਿਬ ਜਾਂ ਗੁਰੂ ਅੰਗਦ ਸਾਹਿਬ ਵੱਲੋਂ ਕੀਤਾ ਗਿਆ ਹੋਇਆ ਮੰਨਿਆ ਗਿਆ ਹੈ, ਭਾਈ ਮਰਦਾਨਾ ਜੀ ਦਾ ਖੁਰਮ ਅਥਵਾ ਕਰਤਾਰਪੁਰ ਅਰ ਬਾਲਾ ਜੀ ਦਾ ਕਰਤਾਰਪੁਰ ਅਥਵਾ ਖਡੂਰ। ਅੱਜ ਵੀ ਗੁਰਦੁਆਰਾ ਤਪਿਆਣਾ ਸਾਹਿਬ ਦੇ ਕੋਲ ਭਾਈ ਬਾਲਾ ਜੀ ਦਾ ਓਥੇ ਕੀਤੇ ਸਸਕਾਰ ਦਾ ਸਥਾਨ ਚਿੰਨਤ ਕੀਤਾ ਹੋਇਆ ਹੈ। ਸੋ, ਅਜਿਹਾ ਕੁਝ ਵਿਚਾਰਨ ਉਪਰੰਤ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ:

1. ਭਾਈ ਬਾਲਾ ਜੀ ਹੋਏ ਹਨ ਜੋ ਕਿਸੇ ਸਮੇਂ ਗੁਰੂ ਨਾਨਕ ਸਾਹਿਬ ਜੀ ਨਾਲ ਵਿਚਰੇ;
2. ਗੁਰੂ ਅੰਗਦ ਸਾਹਿਬ ਜੀ ਨੇ ਪਹਿਲੇ ਪਾਤਸ਼ਾਹ ਜੀ ਦੀ ਜਨਮਸਾਖੀ ਲਿਖਾਉਣ ਸਮੇਂ ਭਾਈ ਬਾਲਾ ਦੀ ਸੇਵਾ ਲਈ;
3. ਇਸ ਜਨਮਸਾਖੀ ਵਿਚ ਡੰਮੀ-ਗੁਰੂ ਹਿੰਦਾਲੀਆਂ ਦੇ ਕਿਸੇ ਬਦਕਾਰ ਬਾਲੇ ਨੇ ਵਿਗਾੜ ਪਾ ਕੇ ਭਾਈ ਬਾਲੇ ਵਾਲੀ ਜਨਮਸਾਖੀ ਪ੍ਰਸਿਧ ਕੀਤੀ ਅਰ ਅਸਲੀ ਜਨਮਸਾਖੀ ਸਦਾ ਲਈ ਖੁਰਦ-ਬੁਰਦ ਕਰ ਦਿੱਤੀ।

ਬੈਸ ਗੁਰ ਭਾਖੀ, ਬਾਲਾ ਕਹੋ ਅਬ ਸਾਖੀ ਇਹ,(ਗੁਰੂ ਸਾਹਿਬ ਜੀ ਬੈਠਦਿਆਂ ਕਿਹਾ, 'ਬਾਲਾ! ਸਾਖੀ ਦੱਸੋ)
ਹੋਈ ਹੈ ਹਦੂਰ ਤੇਰੇ, ਸਬੈ ਸੋ ਕਹੀਜੀਯੇ।(ਜਿਵੇਂ ਤੁਹਾਡੇ ਸਾਹਮਣੇ ਹੋਈ, ਕਹੋ)
ਸੁਧਾ ਇਤਿਹਾਸ ਗੁਰ, ਆਯੋ ਤੁਝ ਪਾਸ ਸਬ, (ਗੁਰੂ ਕਾ ਅੰਮ੍ਰਿਤ ਰੂਪ ਇਤਿਹਾਸ ਤੁਹਾਡੇ ਕੋਲ ਹੈ)
ਔਰ ਕੋ ਸੁਨਾਇ, ਨ ਅਘਾਇ ਨਿਤ ਪੀਜਿਯੇ। (ਹੋਰਨਾਂ ਨੂੰ ਵੀ ਦੱਸੋ, ਇਕੱਲੇ ਹੀ ਆਨੰਦ ਨਾ ਲਵੋ')
ਬਾਲਾ ਕਹੇ ਐਸੇ ਹੋਈ, ਮੋਹਿ ਢਿਗ ਬੈਸੇ ਸਬ, (ਬਾਲੇ ਨੇ ਕਿਹਾ, 'ਮੇਰੇ ਕੋਲ ਸਾਰੇ ਬੈਠੇ ਸਨ)
ਜੈਸੇ ਬਿਧਿ ਭਈ, ਤੈਸੇ ਬਰਨੋਂ ਸੁਨੀਜਿਯੇ। (ਜਿਵੇਂ ਹੋਈ, ਮੈਂ ਵਰਨਣ ਕਰਦਾ ਹਾਂ')
ਬਾਲਾ ਜੋ ਅਲਾਇ, ਪੈੜਾ ਲਿਖਤ ਬਨਾਇ, (ਸੋ ਬਾਲਾ ਜੋ ਕਹਿੰਦਾ, ਪੈੜਾ ਲਿਖਦਾ)
ਗੁਰੂ ਅੰਗਦ ਸੁਨਾਇ, ਸੋਊ ਤੁਮ ਸੁਨਿ ਲੀਜਿਯੇ। (ਜੋ ਗੁਰੂ ਅੰਗਦ ਜੀ ਨੂੰ ਸੁਨਾਉਂਦਾ, ਉਹ ਤੁਸੀਂ ਵੀ ਸੁਨੋ) ਗੁਰੂ ਨਾਨਕ ਪ੍ਰਕਾਸ਼

**ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ:**

ਸ੍ਰੀ ਗੁਰੂ ਨਾਨਕ ਦੇਵ ਦਾ ਅਨਿੰਨ ਸਿੱਖ, ਚੰਦ੍ਰਭਾਨ ਸੰਧੂ ਜੱਟ ਦਾ ਸਪੁਤ੍ਰ ਭਾਈ ਬਾਲਾ, ਜੋ ਤਲਵੰਡੀ (ਨਾਨਕਿਆਨੇ) ਦਾ ਵਸਨੀਕ ਸੀ. ਜਨਮਸਾਖੀ ਅਤੇ ਗੁਰੂ ਨਾਨਕ ਪ੍ਰਕਾਸ਼ ਅਨੁਸਾਰ ਇਹ ਗੁਰੂ ਸਾਹਿਬ ਦੇ ਨਾਲ ਸਾਰੇ ਸਫ਼ਰਾਂ ਵਿਚ ਰਿਹਾ, ਅਰ ਗੁਰੂ ਅੰਗਦ ਸਾਹਿਬ ਨੂੰ ਇਸੇ ਨੇ ਹੀ ਗੁਰੂ ਨਾਨਕ ਦੇਵ ਦੀ ਕਥਾ ਸੁਣਾਈ, ਜਿਸ ਨੂੰ ਭਾਈ ਪੈੜੇ ਨੇ ਲਿਖਿਆ. ਇਸੇ ਪੋਥੀ ਦਾ ਨਾਮ ਭਾਈ ਬਾਲੇ ਵਾਲੀ ਸਾਖੀ ਹੈ, ਜਿਸ ਦਾ ਹੁਣ ਬਿਗੜਿਆ ਹੋਇਆ ਰੂਪ ਅਨੇਕ ਵਾਰ ਛਪਿਆ ਹੈ. ਭਾਈ ਬਾਲੇ ਦੀ ਉਮਰ ਗੁਰੂ ਨਾਨਕ ਦੇਵ ਤੋਂ ਤਿੰਨ ਵਰ੍ਹੇ ਵਡੀ ਲਿਖੀ ਹੈ, ਇਸ ਹਿਸਾਬ ਸੰਮਤ 1523 ਵਿਚ ਭਾਈ ਬਾਲਾ ਜਨਮਿਆ. ਇਸ ਦਾ ਦੇਹਾਂਤ ਸੰਮਤ 1601 ਵਿਚ ਖਡੂਰ ਹੋਇਆ. ਗੁਰੂ ਅੰਗਦ ਦੇਵ ਨੇ ਆਪਣੇ ਹੱਥੀਂ ਸਸਕਾਰ ਕੀਤਾ. ਨਾਨਕ ਪ੍ਰਕਾਸ਼, ਮਹਾਨ ਕੋਸ਼

ਸੋ, ਸਾਡੇ ਇਤਿਹਾਸਕਾਰਾਂ ਅਨੁਸਾਰ ਧੰਨ ਗੁਰੂ ਅੰਗਦ ਸਾਹਿਬ ਜੀ ਨੇ ਇਸ ਤਰਹ ਗੁਰਮੁਖੀ ਲਿਪੀ ਦੇ ਸਰੂਪ ਦੀ ਲੋੜੀਂਦੀ ਹੋਰ ਸੋਧ ਕਰ ਕੇ ਬਾਲ-ਬੋਧ ਕਾਇਦੇ ਬਣਾਏ ਅਰ ਗੁਰੂ-ਬਾਬਾ ਜੀ ਦੇ ਜੀਵਨ ਇਤਿਹਾਸ ਦੀ ਜਨਮਸਾਖੀ ਨਾਮੀ ਪੋਥੀ ਲਿਖਵਾ ਕੇ ਸਿੱਖਾਂ ਵਿਚ ਇਤਿਹਾਸ ਨੂੰ ਲਿਖਤ ਰੂਪ ਵਿਚ ਸੰਭਾਲਣ ਦੀ ਪਹਿਲ ਕੀਤੀ।ਹਜ਼ੂਰ ਨੇ ਆਪ ਸਿੱਖ ਸੰਗਤਾਂ ਵਿਸ਼ੇਸ਼ ਤੌਰ 'ਤੇ ਬੱਚਿਆਂ ਨੂੰ ਇਤਿਹਾਸ ਅਤੇ ਗੁਰਬਾਣੀ ਪੜ੍ਹਾਉਣ ਦੇ ਉਪਰਾਲੇ ਕੀਤੇ। ਨਿਰਸੰਦੇਹ ਇਸ ਉੱਦਮ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਵਿਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ।

ਚਲਦਾ.....


ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891
Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 14

# ਇੱਕ ਮੇਰੀ ਅੱਖ ਕਾਸ਼ਣੀ...

"ਸਿਆਸੀ ਲੋਕ ਵੀ ਓਨਾਂ ਚਿਰ ਹੀ ਲੋਕਾਂ ਨੂੰ ਬੁੱਧੂ ਬਣਾ ਸਕਦੇ ਐ, ਜਿੰਨਾਂ ਚਿਰ ਲੋਕ ਇਹਨਾਂ ਦੀਆਂ ਗੱਲਾਂ ਵਿੱਚ ਆ ਕੇ ਬੁੱਧੂ ਬਣਦੇ ਆ...। ਇੱਕ ਗੱਲ ਲੋਕਾਂ ਨੂੰ ਅੱਜ ਤੱਕ ਇਹ ਨਹੀਂ ਪਤਾ ਕਿ ਜੇ ਕੋਈ ਮੰਤਰੀ ਤੁਹਾਨੂੰ ਝੂਠੇ ਲਾਰੇ ਲਾ ਕੇ, ਜਾਂ ਜੁਮਲੇ ਛੱਡ ਕੇ ਵੋਟਾਂ ਲੈਂਦੈ, ਤੇ ਉਹਨਾਂ ਲਾਰਿਆਂ ਆਸਰੇ ਤੁਹਾਡੀਆਂ ਵੋਟਾਂ ਲੈ ਕੇ ਚੋਣ ਜਿੱਤਦੈ, ਤੇ ਜਿੱਤਣ, ਜਾਂ ਮੰਤਰੀ ਬਣਨ ਤੋਂ ਬਾਅਦ ਜੇ ਉਹ ਤੁਹਾਡੇ ਨਾਲ਼ ਕੀਤੇ ਵਾਅਦੇ ਨਹੀਂ ਪੂਰੇ ਕਰਦਾ, ਤਾਂ ਤੁਸੀਂ ਓਸ ਨੂੰ ਖਿੱਚ ਕੇ ਅਦਾਲਤ ਲਿਜਾ ਸਕਦੇ ਹੋਂ, ਤੇ ਅਦਾਲਤ ਦੇ ਕਟਿਹਰੇ ਵਿੱਚ ਖੜ੍ਹਾ ਕਰ ਕੇ ਜਵਾਬਦੇਹ ਬਣਾ ਸਕਦੇ ਓਂ...।"




## ਕਾਂਡ 8

ਖੇਡਦੀ ਖੇਡਦੀ ਥੱਕ ਜਾਂਦੀ ਐਂ ਬਿਚਾਰੀ...। ਫ਼ੇਰ ਵੀ ਭਾਈ ਹੱਡ ਮਾਸ ਦਾ ਸਰੀਰ ਐ, ਕੋਈ ਮਸ਼ੀਨ ਥੋੜ੍ਹੋ ਐ...? ਹੁਣ ਤਾਂ ਰੱਬ ਇਹਦੀ ਮਿਹਨਤ ਪੱਲੇ ਪਾਵੇ...।" ਆਖ ਬੇਬੇ ਨੇ ਚੁੱਕ ਕੇ ਦੁੱਧ ਦਾ ਗਿਲਾਸ ਮੂੰਹ ਨੂੰ ਲਾ ਲਿਆ।

ਅਗਲੇ ਦਿਨ ਅਮਨ ਜਦ ਕਾਲਜ ਗਈ ਤਾਂ ਕਾਲਜ ਵਿੱਚ ਪੂਰੀ 'ਚਹਿਲ ਪਹਿਲ' ਸੀ। ਪਰ ਉਸ ਦੇ ਮਨ ਵਿੱਚ ਸੁੰਨ ਸਰਾਂ ਪਸਰੀ ਹੋਈ ਸੀ। ਇਹ ਸੁੰਨ ਸਰਾਂ ਇਸ ਲਈ ਸੀ, ਕਿ ਉਸ ਨੂੰ ਉਸ ਦਾ ਪ੍ਰੀਤ ਨਜ਼ਰ ਨਹੀਂ ਆਇਆ ਸੀ। ਉਸ ਨੇ ਸਾਰੀ ਪਾਰਕ ਦਾ ਭਲਵਾਨੀ ਗੇੜਾ ਦਿੱਤਾ। ਪਰ ਪ੍ਰੀਤ ਦਾ ਕਿਤੇ ਝੌਲ਼ਾ ਵੀ ਨਹੀਂ ਪੈਂਦਾ ਸੀ। ਪਾਰਕ ਦੇ ਗੇੜੇ ਤੋਂ ਬਾਅਦ ਉਹ ਕੈਂਟੀਨ ਵੱਲ ਗਈ। ਕੈਂਟੀਨ ਵਿੱਚ ਵੀ ਪ੍ਰੀਤ ਦਿਖਾਈ ਨਾ ਦਿੱਤਾ। ਉਹ ਪਰਤ ਕੇ ਵਰਾਂਡੇ ਵੱਲ ਆ ਗਈ। ਉਹ ਅੰਨ੍ਹਿਆਂ ਵਾਂਗ ਕਰੋਲ਼ੇ ਜਿਹੇ ਦਿੰਦੀ ਫ਼ਿਰਦੀ ਸੀ।

-"ਕਿਸੇ ਖ਼ਾਸ ਬੰਦੇ ਦੀ ਭਾਲ਼ ਹੋ ਰਹੀ ਐ...?" ਵਰਾਂਡੇ ਦੀ ਵੱਖੀ ਵਾਲ਼ੇ ਪਾਸਿਓਂ ਸਰੂ ਦੇ ਬੂਟੇ ਪਿੱਛੋਂ ਦੇਬੂ 'ਦਾਗਲ' ਨੇ ਟਾਂਚ ਕੀਤੀ। ਅਮਨ ਪਿੱਛੇ ਮੁੜ ਕੇ ਝਾਕੀ ਤਾਂ ਉਸ ਨੂੰ ਦੇਬੂ ਦਾ ਦਾਗਲ਼ ਚਿਹਰਾ ਬੜਾ ਡਰਾਉਣਾ ਅਤੇ ਭਿਆਨਕ ਲੱਗਿਆ। ਦੇਬੂ ਦਾ ਨਾਂ ਤਾਂ ਹਰਦੇਵ ਸੀ। ਪਰ ਸਾਰੇ ਉਸ ਨੂੰ "ਦੇਬੂ" ਆਖ ਕੇ ਬੁਲਾਉਂਦੇ। ਮੂੰਹ 'ਤੇ ਮਾਤਾ ਦੇ ਦਾਗ ਹੋਣ ਕਾਰਨ ਉਸ ਦੀ ਅੱਲ "ਦਾਗਲ" ਪੈ ਗਈ ਸੀ। ਦੇਬੂ ਚਿੱਟੇ ਅਤੇ ਅਫ਼ੀਮ ਦੇ ਸਮਗਲਰ ਬਾਪ ਦੀ ਵਿਗੜੀ ਔਲ਼ਾਦ ਸੀ। ਬਲਾਤਕਾਰ ਦੇ ਕੇਸ ਵਿੱਚ ਉਹ ਜੇਲ੍ਹ ਯਾਤਰਾ ਵੀ ਕਰ ਆਇਆ ਸੀ। ਪਰ ਬਾਪ ਦੀ ਮੰਤਰੀਆਂ ਅਤੇ ਅਫ਼ਸਰਾਂ ਤੱਕ ਪਹੁੰਚ ਹੋਣ ਕਾਰਨ ਉਸ ਨੂੰ ਕੋਈ ਸਜ਼ਾ ਨਹੀਂ ਹੋਈ ਸੀ। ਉਹ "ਬਾਇੱਜ਼ਤ" ਬਰੀ ਹੋ ਕੇ ਘਰ ਆ ਗਿਆ ਸੀ। ਕੁੜੀਆਂ ਕੱਤਰੀਆਂ ਦੇ ਚੂੰਢੀਆਂ ਵੱਢਣਾ ਅਤੇ 'ਅਸ਼ਲੀਲ ਤਨਜ਼' ਕਸਣਾ ਉਸ ਦੀ ਭੈੜੀ ਆਦਤ ਸੀ। ਉਹ ਪੜ੍ਹਦਾ ਘੱਟ ਅਤੇ ਗਸ਼ਤ ਬਹੁਤੀ ਕਰਦਾ ਸੀ। ਪਤਾ ਦੇਬੂ ਦੇ ਬਾਪ ਨੂੰ ਵੀ ਸੀ, ਕਿ ਦੇਬੂ ਕਾਲਜ ਪੜ੍ਹਨ ਨਹੀਂ, ਕੁੜੀਆਂ ਕੱਤਰੀਆਂ ਨੂੰ ਛੇੜਨ ਜਾਂਦਾ ਸੀ। ਪਰ ਉਸ ਨੂੰ ਇਸ ਗੱਲ ਦੀ ਤਸੱਲੀ ਅਤੇ ਸੰਤੁਸ਼ਟੀ ਸੀ ਕਿ ਚਲੋ ਕਾਲਜ ਵਿੱਚ 'ਸੰਭਿਆ' ਹੋਇਆ ਸੀ। ਨਹੀਂ ਤਾਂ ਉਸ ਵਿਹਲੜ ਨੇ ਕੋਈ ਨਾ ਕੋਈ ਘਟਿੱਤ ਜ਼ਰੂਰ ਕਰਨੀ ਹੁੰਦੀ ਸੀ।

ਅਮਨ ਕੰਨ ਜਿਹੇ ਲਪੇਟ ਕੇ ਅੱਗੇ ਲੰਘ ਗਈ। ਉਹ ਦੇਬੂ ਦਾਗਲ਼ ਵਰਗੇ 'ਲੁੱਚੇ' ਅਤੇ 'ਬਦਮਾਸ਼' ਮੁੰਡੇ ਨਾਲ਼ ਕਲਾਮ ਵੀ ਨਹੀਂ ਕਰਨਾ ਚਾਹੁੰਦੀ ਸੀ।

-"ਰੱਬਾ, ਅਸੀਂ ਦੱਸ ਕੀ ਤੇਰੇ ਮੋਠ ਪੱਟ ਲਏ...?" ਜਾਂਦੀ ਅਮਨ ਵੱਲ ਦੇਖ ਕੇ ਦੇਬੂ ਦਾਗਲ਼ ਅਸਮਾਨ ਵੱਲ ਹੱਥ ਜੋੜ ਕੇ ਬੋਲਿਆ।

ਅਜੇ ਉਹ ਵਰਾਂਡਾ ਟੱਪ ਕੇ ਫ਼ੁਆਰੇ ਵਾਲ਼ੇ ਪਾਸੇ ਹੀ ਗਈ ਸੀ ਕਿ ਸਾਹਮਣੇ ਤੋਂ ਪ੍ਰੀਤ ਆਉਂਦਾ ਨਜ਼ਰੀਂ ਪਿਆ। ਅਮਨ ਦਾ ਚਿਹਰਾ ਟੋਪੇ ਦੇ ਫ਼ੁੱਲ ਵਾਂਗ ਖਿੜ ਉਠਿਆ। ਜਿਵੇਂ ਸੁੱਕੀ ਵੇਲ ਨੂੰ ਪਾਣੀ ਨਸੀਬ ਹੋ ਜਾਂਦਾ ਹੈ, ਉਹ ਪ੍ਰੀਤ ਨੂੰ ਦੇਖ ਕੇ ਟਹਿਕ ਪਈ।

-"ਕੀ ਗੱਲ...? ਅੱਜ ਐਨੇ ਲੇਟ, ਪ੍ਰੀਤ...?" ਉਸ ਨੇ ਪ੍ਰੀਤ ਦਾ ਉਤਰਿਆ ਚਿਹਰਾ ਦੇਖ ਕੇ ਪੁੱਛਿਆ। ਪ੍ਰੀਤ ਦਾ ਉਦਾਸ ਚਿਹਰਾ ਉਸ ਨੇ ਕਦੇ ਦੇਖਿਆ ਹੀ ਨਹੀਂ ਸੀ। ਉਸ ਦਾ ਝੰਡੇ ਵਾਂਗ ਲਮਕਦਾ ਚਿਹਰਾ ਦੇਖ ਕੇ ਅਮਨ ਦੇ ਸਰੀਰ ਨੂੰ ਕੁਛ ਹੋਇਆ। ਦਿਲ ਨੂੰ ਇੱਕ ਹੌਲ ਜਿਹਾ ਪਿਆ। ਹਮੇਸ਼ਾ ਚੜ੍ਹਦੀ ਕਲਾ ਅਤੇ ਖਿੜਿਆ ਰਹਿਣ ਵਾਲ਼ਾ ਪ੍ਰੀਤ ਅੱਜ ਪਤਾ ਨਹੀਂ ਕਿਉਂ ਉਦਾਸ ਫ਼ਿਰਦਾ ਸੀ...?

-"ਭੂਆ ਦਾ ਮੁੰਡਾ ਕੈਰੀ ਅੰਦਰ ਦੇਤਾ ਪੁਲ਼ਸ ਨੇ...।" ਪ੍ਰੀਤ ਨੇ ਬੜੀ ਨਿਰਾਸ਼ਾ ਨਾਲ਼ ਦੱਸਿਆ।

-"ਕੈਰੀ...? ਜਿਹੜਾ ਕੈਰੀ ਪੰਜਾਬ ਪੱਧਰ 'ਤੇ ਹਾਕੀ ਖੇਡ ਚੁੱਕਿਐ...?"

-"ਹਾਂ ਓਹੀ...।"

-"ਉਹ ਕੈਰੀ ਤੁਹਾਡੀ ਭੂਆ ਦਾ ਮੁੰਡੈ...?"

-"ਸਕੀ ਭੂਆ ਦਾ ਮੁੰਡਾ, ਅਸੀਂ ਤਾਂ ਇਕੱਠੇ ਖੇਡਦੇ ਰਹੇ ਆਂ...।"

-"ਪਰ ਉਹਨੂੰ ਪੁਲੀਸ ਨੇ ਅੰਦਰ ਕਿਉਂ ਕੀਤਾ...?"

-"ਲੰਮੀ ਗੱਲ ਐ, ਅਮਨ...।"

....ਪ੍ਰੀਤ ਨੇ ਗੱਲ ਦੱਸਣੀ ਸ਼ੁਰੂ ਕੀਤੀ....।...

....ਅਸਲ ਵਿੱਚ ਕੈਰੀ ਨੂੰ ਬਚਪਨ ਤੋਂ ਹੀ ਖੇਡਾਂ ਦਾ ਸ਼ੌਕ ਸੀ। ਅੱਜ ਤੱਕ ਉਸ ਨੇ ਸਿਗਰਟ ਬੀੜੀ ਨੂੰ ਹੱਥ ਵਿੱਚ ਫੜ ਕੇ ਵੀ ਨਹੀਂ ਦੇਖਿਆ ਸੀ। ਨਾ ਹੀ ਕਦੇ ਸ਼ਰਾਬ ਨੂੰ ਮੂੰਹ ਲਾਇਆ ਸੀ। ਖ਼ੁਰਾਕ ਖਾਣੀ ਅਤੇ ਵਰਜਿਸ਼ ਕਰਨੀ ਉਸ ਨੇ ਨਿੱਤਨੇਮ ਬਣਾਇਆ ਹੋਇਆ ਸੀ। ਪਿੰਡਾਂ ਵਿੱਚ ਵਿਕਦੇ ਨਸ਼ਿਆਂ ਅਤੇ ਪੰਜਾਬ ਦੀ ਜੁਆਨੀ ਨੂੰ ਨਸ਼ੇ ਕਰਦੇ ਦੇਖ ਉਹ ਬਹੁਤ ਹੀ ਦੁਖੀ ਹੁੰਦਾ।

-"ਯਾਰ ਪ੍ਰੀਤ, ਇਹ ਪੰਜਾਬ ਦੀ ਜੁਆਨੀ ਤੁਰੀ ਕਿੱਧਰ ਨੂੰ ਜਾਂਦੀ ਐ, ਸਾਲ਼ੀ ਸਮਝ ਨੀ ਆਉਂਦੀ...।"

-"ਸਰਕਾਰਾਂ ਧਿਆਨ ਨੀ ਦਿੰਦੀਆਂ, ਤੇ ਆਪਣੇ ਲੋਕ ਆਬਦਾ ਦਿਮਾਗ ਨੀ ਵਰਤਦੇ...।"

-"ਕੱਲੀਆਂ ਸਰਕਾਰਾਂ ਨੂੰ ਦੋਸ਼ ਦੇਣ ਨਾਲ਼ ਵੀ ਕੁਛ ਨੀ ਸੰਵਰਨਾ...! ਇਹ ਤਾਂ ਉਹ ਗੱਲ ਹੋਈ ਪਈ ਐ ਬਈ ਪੈਸਾ ਖੋਟਾ ਆਪਣਾ, ਤੇ ਬਾਣੀਏਂ ਨੂੰ ਕੀ ਦੋਸ਼...? ਤੂੰ ਇਹ ਦੱਸ, ਬਈ ਪੰਜਾਬ 'ਚ ਬੰਗਾਲੀ ਬਿਹਾਰੀ ਨੀ ਨਸ਼ਾ ਖਾ ਕੇ ਡਿੱਗਦੇ...? ਜਾਂ ਆਪਣੇ ਆਲ਼ੇ ਦੱਸ ਕਿੰਨੇ ਕੁ ਐ, ਜਿਹੜੇ ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਜਾ ਕੇ ਨਸ਼ਾ ਕਰਦੇ ਹੋਣ, ਜਾਂ ਡਰੱਗ ਖਾ ਕੇ ਡਿੱਗਦੇ ਹੋਣ...? ਐਥੇ ਪੰਜਾਬ ਵਿੱਚ ਹੀ ਕਿਉਂ...? ਕਿਉਂਕਿ ਐਥੇ ਲੋਕਾਂ ਨੂੰ ਕੰਮ ਕਰਨ ਦੀ ਆਦਤ ਨਹੀਂ...। ਤੇ ਵਿਹਲਿਆਂ ਨੂੰ ਨਸ਼ੇ ਕਰਨ ਤੋਂ ਬਿਨਾ ਹੋਰ ਕੋਈ ਕੰਮ ਨੀ...। ਨਾਲ਼ੇ ਸਰਕਾਰਾਂ ਨੂੰ ਵੋਟਾਂ ਪਾ ਕੇ ਚੁਣਦਾ ਕੌਣ ਐਂ...? ਸਾਡੇ ਲੋਕ ਈ ਚੁਣਦੇ ਐ ਨ੍ਹਾਂ...? ਫੇਰ 'ਕੱਲੀਆਂ ਸਰਕਾਰਾਂ ਨੂੰ ਦੋਸ਼ ਕਿਉਂ...? ਜਿਹੜੇ ਵੋਟਾਂ ਪਾ ਕੇ ਚੁਣਦੇ ਐ, ਉਹ ਲੋਕ ਵੀ ਇਹਦੇ ਵਿੱਚ ਓਨੇ ਈ ਦੋਸ਼ੀ ਐ...! ਮਰ ਤਾਂ ਸਾਡੇ ਲੋਕ ਚਾਰ ਛਿੱਲੜਾਂ ਜਾਂ ਦਾਰੂ ਦੀ ਬੋਤਲ 'ਤੇ ਜਾਂਦੇ ਐ...। ਫੇਰ ਸਰਕਾਰਾਂ ਨੇ ਜਾਂ ਮੰਤਰੀਆਂ ਨੇ ਤਾਂ ਆਪਦੇ ਅਹੁਦਿਆਂ ਨੂੰ ਆਪਣੇ ਹਿਤਾਂ ਲਈ ਵਰਤਣਾ ਹੁੰਦੈ, ਕਿਉਂਕਿ ਲੋਕਾਂ ਦਾ ਕਰਜ਼ ਤਾਂ ਉਹਨਾਂ ਨੇ ਚਾਰ ਛਿੱਲੜ ਦੇ ਕੇ, ਜਾਂ ਦਾਰੂ ਪਿਆ ਕੇ ਪਹਿਲਾਂ ਹੀ ਮੋੜਿਆ ਹੁੰਦੈ...।"

-"ਫੇਰ ਇਹਦਾ ਹੱਲ ਕੀ ਹੋਊ...?"

-"ਹੱਲ ਹੋਊ ਇਹ, ਬਈ ਨਵੀਂ ਪੀੜ੍ਹੀ ਨੂੰ ਜਾਗਰੂਕ ਕਰ ਕੇ ਆਪਣੇ ਨਾਲ਼ ਤੋਰੋ, ਤੇ ਉਹਨਾਂ ਨੂੰ ਲਾਓ ਅੱਗੇ...। ਓਹ ਹੀ 'ਕੱਠੇ ਹੋ ਕੇ ਨਸ਼ਿਆਂ ਨੂੰ ਠੱਲ੍ਹ ਪਾ ਸਕਦੇ ਨੇ...! ਤੇ ਜੇ ਤੁਸੀਂ ਸੋਚੋਂ ਕਿ ਫਲਾਨੇ ਮੰਤਰੀ ਨੇ ਗੁਟਕਾ ਸਾਹਿਬ ਦੀ ਸਹੁੰ ਖਾਧੀ ਜੀ, ਬਈ ਮੈਂ ਨਸ਼ੇ ਖ਼ਤਮ ਕਰ ਦਿਊਂਗਾ, ਫਲਾਨੇ ਨੇ ਆਹ ਕਿਹਾ, ਇਹ ਇਹਨਾਂ ਦੇ ਵੋਟਾਂ ਲੈਣ ਵਾਸਤੇ 'ਜੁਮਲੇ' ਐ...! ਇਹ ਪੜ੍ਹੁੱਲ ਇਹਨਾਂ ਨੇ ਵੋਟਾਂ ਲੈਣ ਲਈ ਸਿੱਟਣੇ ਈ ਸਿੱਟਣੇ ਐਂ...!"

-"ਸਹੀ ਕਿਹਾ ਕੈਰੀ...।"

-"ਸਿਆਸੀ ਲੋਕ ਵੀ ਓਨਾਂ ਚਿਰ ਹੀ ਲੋਕਾਂ ਨੂੰ ਬੁੱਧੂ ਬਣਾ ਸਕਦੇ ਐ, ਜਿੰਨਾਂ ਚਿਰ ਲੋਕ ਇਹਨਾਂ ਦੀਆਂ ਗੱਲਾਂ ਵਿੱਚ ਆ ਕੇ ਬੁੱਧੂ ਬਣਦੇ ਆ...। ਇੱਕ ਗੱਲ ਲੋਕਾਂ ਨੂੰ ਅੱਜ ਤੱਕ ਇਹ ਨਹੀਂ ਪਤਾ ਕਿ ਜੇ ਕੋਈ ਮੰਤਰੀ ਤੁਹਾਨੂੰ ਝੂਠੇ ਲਾਰੇ ਲਾ ਕੇ, ਜਾਂ ਜੁਮਲੇ ਛੱਡ ਕੇ ਵੋਟਾਂ ਲੈਂਦੈ, ਤੇ ਉਹਨਾਂ ਲਾਰਿਆਂ ਆਸਰੇ ਤੁਹਾਡੀਆਂ ਵੋਟਾਂ ਲੈ ਕੇ ਚੋਣ ਜਿੱਤਦੈ, ਤੇ ਜਿੱਤਣ, ਜਾਂ ਮੰਤਰੀ ਬਣਨ ਤੋਂ ਬਾਅਦ ਜੇ ਉਹ ਤੁਹਾਡੇ ਨਾਲ਼ ਕੀਤੇ ਵਾਅਦੇ ਨਹੀਂ ਪੂਰੇ ਕਰਦਾ, ਤਾਂ ਤੁਸੀਂ ਓਸ ਨੂੰ ਖਿੱਚ ਕੇ ਅਦਾਲਤ ਲਿਜਾ ਸਕਦੇ ਹੋਂ, ਤੇ ਅਦਾਲਤ ਦੇ ਕਟਿਹਰੇ ਵਿੱਚ ਖੜ੍ਹਾ ਕਰ ਕੇ ਜਵਾਬਦੇਹ ਬਣਾ ਸਕਦੇ ਓਂ...।"

-"ਪਰ ਅਦਾਲਤ ਦੇ ਕਟਿਹਰੇ ਵਿੱਚ ਖੜ੍ਹਾ ਕਰੂ ਕੌਣ...? ਕੌਣ ਕਹੂ ਆ ਬੈਲ ਮੁਝੇ ਮਾਰ...? ਇਹ ਤਾਂ ਜਾਂਦੀਏ ਬਲਾਏ ਦੁਪਿਹਰਾ ਕੱਟ ਜਾ ਵਾਲ਼ੂ ਗੱਲ ਨੀ ਹੋਊ...?"

-"ਰੌਲ਼ਾ ਤਾਂ ਆਹੀ ਐ...! ਡੁੱਬੀ ਤਾਂ - ਤਾਂ, ਜੇ ਸਾਹ ਨਾ ਆਇਆ...! ਜੇ ਇੱਕ ਦਿਲ ਕੱਢਦੈ, ਤਾਂ ਬਾਕੀ ਲਾਣਾ ਬਾਣਾ ਉਹਦੇ ਮਗਰ ਨੀ ਖੜ੍ਹਦਾ..। ਸਭ ਮੰਤਰੀ ਨਾਲ਼ ਹੱਥ ਮਿਲਾਉਣ ਨੂੰ ਰੱਸੇ ਤੁੜਾਉਂਦੇ ਹੁੰਦੇ ਐ, ਬਈ ਕਿਤੇ ਮੈਂ ਨਾ ਪਿੱਛੇ ਰਹਿਜਾਂ...।"

-"ਇੱਕ ਕੀ, ਫੇਰ ਤਾਂ ਦੋ - ਦੋ ਹੱਥ ਮਿਲਾਉਂਦੇ ਐ...।"

-"ਜਿੰਨਾਂ ਚਿਰ ਆਪਣੀ ਜਨਤਾ ਦਾਰੂ ਦੀਆਂ ਬੋਤਲਾਂ ਪਿੱਛੇ ਲਾਅਲ਼ਾਂ ਨੀ ਸਿੱਟਣੋਂ ਹਟਦੀ, ਤੇ ਚਾਰ ਪੈਸਿਆਂ ਦੇ ਲਾਲਚ 'ਚ ਵੋਟਾਂ ਪਾਉਣੋਂ ਬੰਦ ਨੀ ਹੁੰਦੀ, ਓਨਾਂ ਚਿਰ ਇਸ ਸਿਆਸੀ ਢਾਂਚੇ ਵਿੱਚ ਸੁਧਾਰ ਨੀ ਆਉਣਾ ਬਾਈ ਪ੍ਰੀਤ...!"

ਉਸ ਦਿਨ ਤੋਂ ਬਾਅਦ ਕੈਰੀ ਨੇ ਆਪਣੀਆਂ ਖੇਡ ਪ੍ਰਤੀ ਗਤੀਵਿਧੀਆਂ ਘਟਾ ਕੇ, ਜੁਆਨ ਅਤੇ ਪੜ੍ਹੇ ਲਿਖੇ ਮੁੰਡਿਆਂ ਨੂੰ ਜੱਥੇਬੰਦ ਅਤੇ ਜਾਗਰੂਕ ਕਰਨ ਦਾ ਬੀੜਾ ਚੁੱਕ ਲਿਆ। ਪੜ੍ਹੇ ਲਿਖੇ ਅਤੇ ਕੁਝ ਕਰਨ ਦੀ ਇੱਛਾ ਰੱਖਣ ਵਾਲ਼ੇ ਇਲਾਕੇ ਦੇ ਡਾਕਟਰਾਂ ਨਾਲ਼ ਤਾਲ-ਮੇਲ ਕਰ ਕੇ, ਉਹਨਾਂ ਤੋਂ ਮੱਦਦ ਦੀ ਮੰਗ ਕੀਤੀ। ਨਸ਼ੇ ਦੇ ਆਦੀ ਮੁੰਡਿਆਂ ਦੀਆਂ ਲਿਸਟਾਂ ਤਿਆਰ ਕਰ ਕੇ ਸਬੰਧਿਤ ਡਾਕਟਰਾਂ ਨੂੰ ਸੌਂਪੀਆਂ ਗਈਆਂ। ਵਿਦੇਸ਼ ਵਸਦੇ ਐੱਨ. ਆਰ. ਆਈ. ਮਿੱਤਰਾਂ ਨੂੰ ਆਰਥਿਕ ਮੱਦਦ ਦੀ ਗੁਹਾਰ ਲਾਈ। ਪਿੰਡ ਵਿੱਚੋਂ ਇੱਕ ਐੱਨ. ਆਰ. ਆਈ. ਦੀ ਵਿਹਲੀ ਪਈ ਕੋਠੀ ਨੂੰ ਹਸਪਤਾਲ ਵਜੋਂ ਵਰਤਿਆ ਜਾਣ ਲੱਗਿਆ ਅਤੇ ਨਸ਼ੇ ਦੇ ਆਦੀ ਨੌਜਵਾਨ ਧੜਾ-ਧੜ ਇੱਥੇ ਇਲਾਜ਼ ਲਈ ਭਰਤੀ ਹੋਣ ਲੱਗੇ।

ਪ੍ਰਿੰਟ ਮੀਡੀਆ ਅਤੇ ਇਲੈਕਟਰੌਨਿਕ ਮੀਡੀਆ ਨੇ ਇਸ ਆਰਜ਼ੀ ਹਸਪਤਾਲ ਦੀ ਐਨੀ ਕੁ ਪ੍ਰਸ਼ੰਸਾ ਕੀਤੀ, ਕਿ ਪੰਜਾਬ ਕੀ, ਬਾਹਰਲੇ ਦੇਸ਼ਾਂ ਵਿੱਚ ਵੀ ਇਸ "ਨਸ਼ਾ ਛੁਡਾਊ ਕੇਂਦਰ" ਦੀ "ਧੁੰਮ" ਪੈ ਗਈ। ਪੰਜਾਬ ਅਤੇ ਬਾਹਰੋਂ ਖੁੱਲ੍ਹੀ ਡੁੱਲ੍ਹੀ ਆਰਥਿਕ ਮੱਦਦ ਆਉਣ ਲੱਗ ਪਈ ਅਤੇ ਨਸ਼ਈ ਨੌਜਵਾਨਾਂ ਦੇ ਨਸ਼ੇ ਛੁੱਟਣ ਲੱਗੇ।

ਇਸ ਉਸਾਰੂ ਉਪਰਾਲੇ ਕਾਰਨ ਦਿਨਾਂ ਵਿੱਚ ਹੀ ਕੈਰੀ ਇਸ ਇਲਾਕੇ ਦਾ "ਹੀਰੋ" ਬਣ ਗਿਆ। ਸਿਆਸੀ ਲੋਕਾਂ ਨੂੰ ਆਪਣੀ "ਗੱਦੀ" ਦਾ ਫ਼ਿਕਰ ਪੈ ਗਿਆ। ਉਹ ਕਿਸੇ ਦੀ "ਚੜ੍ਹਤ" ਕਦੋਂ ਜਰਦੇ ਸਨ...? ਇਲਾਕੇ ਦੇ ਡਰੱਗ ਡੀਲਰਾਂ ਕੋਲ਼ੋਂ ਉਹਨਾਂ ਨੂੰ 'ਫੰਡ' ਆਉਂਦੇ ਸਨ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਡਾ: ਮਹਿੰਦਰ ਸਿੰਘ ਰੰਧਾਵਾ ਨੂੰ ਯਾਦ ਕਰਦਿਆਂ

**3 ਮਾਰਚ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਪੰਜਾਬ ਦੇ ਸੱਭਿਆਚਾਰ ਨੂੰ ਦਿਲ ਦੀ ਗਹਿਰਾਈਆਂ ਤੋਂ ਸਨੇਹ ਕਰਨ ਵਾਲੇ, ਪੰਜਾਬ ਲਈ ਆਧੁਨਿਕ ਦਿੱਖ ਵਾਲਾ ਸ਼ਹਿਰ ਚੰਡੀਗੜ੍ਹ ਵਸਾਉਣ ਵਾਲੇ ਅਤੇ ਪੰਜਾਬ ਦੀ ਵੰਡ ਕਾਰਨ ਬੇਘਰ ਹੋਏ ਪੰਜਾਬੀਆਂ ਦਾ ਪੁਨਰ ਵਸੇਵਾ ਕਰਵਾਉਣ ਵਾਲੇ ਡਾ: ਮਹਿੰਦਰ ਸਿੰਘ ਰੰਧਾਵਾ ਦਾ ਜਨਮ 2 ਜਨਵਰੀ, 1909 ਈ: ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੋਦਲ ਵਿਖੇ ਸ: ਸ਼ੇਰ ਸਿੰਘ ਰੰਧਾਵਾ ਅਤੇ ਮਾਤਾ ਬਚਿੰਤ ਕੌਰ ਦੇ ਗ੍ਰਹਿ ਵਿਖੇ ਹੋਇਆ। ਜਨਮ ਸਮੇਂ ਮਾਤਾ ਜੀ ਅਤੇ ਪਿਤਾ ਜੀ ਫਿਰੋਜ਼ਪੁਰ ਜ਼ਿਲ੍ਹੇ ਦੇ ਕਸਬਾ ਜ਼ੀਰਾ ਵਿੱਚ ਰਹਿ ਰਹੇ ਸਨ। ਸਕੂਲ ਦੀ ਪੜ੍ਹਾਈ ਪਿੱਛੋਂ ਉਹ ਲਾਹੌਰ ਚਲੇ ਗਏ। ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐਮ. ਐਸ. ਸੀ. ਬੌਟਨੀ ਦਾ ਇਮਤਿਹਾਨ 1930 ਈ: ਵਿੱਚ ਪਾਸ ਕੀਤਾ। ਡਾ: ਮਹਿੰਦਰ ਸਿੰਘ ਰੰਧਾਵਾ 1934 ਈ: ਵਿੱਚ ਆਈ. ਸੀ. ਐਸ. (ਭਾਰਤੀ ਸਿਵਿਲ ਸੇਵਾਵਾਂ) ਲਈ ਚੁਣੇ ਗਏ। ਆਈ. ਸੀ. ਐਸ. ਦੀ ਚੋਣ ਤੋਂ ਪਿੱਛੋਂ ਉਨ੍ਹਾਂ ਦੀ ਉੱਤਰ ਪ੍ਰਦੇਸ਼ ਵਰਗੇ ਵੱਡੇ ਰਾਜ ਵਿੱਚ ਵੱਖ-ਵੱਖ ਪ੍ਰਬੰਧਕੀ ਅਹੁਦਿਆਂ 'ਤੇ ਨਿਯੁਕਤੀ ਹੁੰਦੀ ਰਹੀ। ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ 1946 ਈ: ਵਿੱਚ ਦੋ ਸਾਲ ਦਿੱਲੀ ਸ਼ਹਿਰ ਦੇ ਡਿਪਟੀ ਕਮਿਸ਼ਨਰ ਵੀ ਰਹੇ।

ਦੇਸ਼ ਦੀ ਅਜ਼ਾਦੀ ਤੋਂ ਪਿੱਛੋਂ ਦੇਸ਼ ਦੇ ਬਟਵਾਰੇ ਸਮੇਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਪੁਨਰਵਾਸ ਸਬੰਧੀ ਮਹਿਕਮੇ ਦੇ 1949 ਤੋਂ 1951 ਈ: ਤੱਕ ਡਾਇਰੈਕਟਰ ਜਨਰਲ ਵਜੋਂ ਤਾਇਨਾਤ ਰਹੇ। 1955 ਈ: ਤੋਂ 1966 ਈ: ਤੱਕ ਡਾ: ਰੰਧਾਵਾ ਨਵੀਂ ਦਿੱਲੀ ਵਿਖੇ ਇੰਡੀਅਨ ਐਗਰੀਕਲਚਰ ਕੌਂਸਲ ਦੇ ਉਪ-ਪ੍ਰਧਾਨ, ਯੋਜਨਾ ਕਮਿਸ਼ਨਰ ਦੇ ਕੁਦਰਤੀ ਸਾਧਨਾਂ ਸਬੰਧੀ ਸਲਾਹਕਾਰ ਤੋਂ ਇਲਾਵਾ ਖੁਰਾਕ ਅਤੇ ਖੇਤੀਬਾੜੀ ਮੰਤਰਾਲੇ ਵਿੱਚ ਸਕੱਤਰ ਦੇ ਜ਼ਿੰਮੇਵਾਰ ਅਹੁਦਿਆਂ 'ਤੇ ਸੁਸ਼ੋਭਿਤ ਰਹੇ।

1966 ਈ: ਵਿੱਚ ਡਾ: ਰੰਧਾਵਾ ਕੇਂਦਰੀ ਸ਼ਾਸਤ ਖੇਤਰ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਬਣੇ। ਇਸ ਤੋਂ ਛੇਤੀ ਪਿੱਛੋਂ 1968 ਈ: ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ-ਚਾਂਸਲਰ ਨਿਯੁਕਤ ਹੋਏ। ਪੰਜਾਬ ਦੀ ਖੇਤੀ ਨੂੰ ਆਧੁਨਿਕ ਯੁੱਗ ਦੇ ਹਾਣ ਦਾ ਬਨਾਉਣ



ਲਈ ਪੰਜਾਬ ਦਾ ਹਰ ਜ਼ਿਮੀਂਦਾਰ ਅੱਜ ਵੀ ਉਨ੍ਹਾਂ ਨੂੰ ਯਾਦ ਕਰਦਾ ਹੈ। 1979 ਈ: ਵਿੱਚ ਇਨ੍ਹਾਂ ਜ਼ਿੰਮੇਵਾਰ ਸਰਕਾਰੀ ਅਹੁਦਿਆਂ ਤੋਂ ਸੇਵਾ-ਮੁਕਤ ਹੋਏ। ਡਾ: ਮਹਿੰਦਰ ਸਿੰਘ ਰੰਧਾਵਾ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸੱਭਿਆਚਾਰ ਦਾ ਅਜਿਹਾ ਲਾਡਲਾ ਸਪੁੱਤਰ ਸੀ, ਜਿਸ ਨੇ ਖੇਤੀਬਾੜੀ, ਬਨਸਪਤੀ, ਵਿਗਿਆਨ, ਇਤਿਹਾਸ, ਸਮਾਜਿਕ ਵਿਗਿਆਨ, ਪੇਂਡੂ ਵਿਕਾਸ, ਸਾਹਿਤ, ਸੱਭਿਆਚਾਰ, ਲੋਕਧਾਰਾ, ਪਹਾੜੀ ਚਿੱਤਰਕਲਾ ਖਾਸ ਕਰਕੇ ਕਾਂਗੜਾ ਚਿੱਤਰਕਲਾ ਸਬੰਧੀ ਅੰਗ੍ਰੇਜ਼ੀ, ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿੱਚ ਮਹੱਤਵਪੂਰਨ ਪੁਸਤਕਾਂ ਦੀ ਸਿਰਜਣਾ ਕਰਕੇ ਵੱਡਮੁੱਲਾ ਯੋਗਦਾਨ ਪਾਇਆ।

ਡਾ: ਰੰਧਾਵਾ ਨੇ ਪੰਜਾਬ ਦੇ ਲੋਕ ਗੀਤ, ਕਾਂਗੜਾ ਦੇ ਲੋਕ ਗੀਤ, ਹਰਿਆਣਾ ਦੇ ਲੋਕ ਗੀਤ, ਪ੍ਰੀਤ ਕਹਾਣੀਆਂ, ਪੰਜਾਬੀ ਲੋਕ ਗੀਤ ਪੁਸਤਕਾਂ ਲਿਖ ਕੇ ਪੰਜਾਬੀ ਮਾਂ-ਬੋਲੀ ਪ੍ਰਤੀ ਅਥਾਹ ਸਨੇਹ ਅਤੇ ਪਿਆਰ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬੀ ਵਿੱਚ ਹੀ ਪੰਜਾਬ, ਪ੍ਰੋ: ਪੂਰਨ ਸਿੰਘ ਜੀਵਨੀ ਅਤੇ ਕਵਿਤਾ, ਪੂਰਨ ਸਿੰਘ ਵਾਰਤਕ, ਕਾਂਗੜਾ ਕਲਾ ਅਤੇ ਲੋਕ ਗੀਤ ਪੁਸਤਕਾਂ ਵੀ ਪਾਠਕਾਂ ਦੀ ਝੋਲੀ ਪਾਈਆਂ। 1983 ਈ: ਵਿੱਚ ਡਾ: ਰੰਧਾਵਾ ਨੇ ਆਪ-ਬੀਤੀ ਸਿਰਲੇਖ ਹੇਠ ਆਪਣੀ ਸਵੈ-ਜੀਵਨੀ ਵੀ ਪ੍ਰਕਾਸ਼ਿਤ ਕਰਵਾਈ। 1972 ਈ: ਵਿੱਚ ਡਾ: ਰੰਧਾਵਾ ਨੂੰ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਇਹ ਲਾਡਲਾ ਸਪੁੱਤਰ 3 ਮਾਰਚ 1986 ਈ: ਨੂੰ ਸਦੀਵੀ ਵਿਛੋੜਾ ਦੇ ਕੇ ਹਮੇਸ਼ਾਂ ਲਈ ਸਾਡੇ ਤੋਂ ਉਹਲੇ ਹੋ ਗਿਆ। ਉਨ੍ਹਾਂ ਨੂੰ ਅੱਜ ਵੀ ਹਰ ਸੱਚਾ-ਸੁੱਚਾ ਪੰਜਾਬੀ ਸ਼ਿਦਤ ਨਾਲ ਯਾਦ ਕਰਦਾ ਹੈ।

---

# ਸੋ ਕਿਉ ਮੰਦਾ ਆਖੀਐ

ਸੁਖਪਾਲ ਸਿੰਘ ਗਿੱਲ ਅਬਿਆਣਾ ਕਲਾਂ
9878111445

ਔਰਤ ਦੀ ਹੋਣੀ ਅਤੇ ਹੋਣਾ ਸਮਾਜ ਵਿੱਚ ਅੱਡਰੇ ਹੋ ਕੇ ਚੱਲਦੇ ਦੋ ਵਿਸ਼ੇ ਹਨ। ਸਾਡੀ ਸੋਚ ਔਰਤ ਦੇ ਹੋਣ ਨੂੰ ਹੋਣੀ ਵਿੱਚ ਬਦਲ ਦਿੰਦੀ ਹੈ।ਇਹ ਆਦਿ ਕਾਲ ਤੋਂ ਚੱਲਦਾ ਆਇਆ ਹੈ।ਇਸ ਲਈ ਧਾਰਮਿਕ, ਸਮਾਜਿਕ ਅਤੇ ਇਤਿਹਾਸਕ ਕਲਮਾਂ ਇਸ ਵਰਤਾਰੇ ਦੀਆਂ ਖੈਰ ਖਵਾਹ ਬਣੀਆਂ।ਹਿਰਦੇ ਵਿੱਚੋਂ ਨਿਕਲੀ ਹੂਕ ਵਿੱਚੋਂ ਲਿਖੇ ਸ਼ਬਦ ਕਈ ਵਾਰ ਅਜਿਹੀ ਛਾਪ ਛੱਡਦੇ ਹਨ ਜੋ ਰਹਿੰਦੀ ਦੁਨੀਆਂ ਤੱਕ ਸੁਨਹਿਰੀ ਪੰਨੇ ਦੇ ਲਿਖੇ ਮਿਲਦੇ ਹਨ। ਇਸ ਪ੍ਰਸੰਗ ਵਿੱਚ ਔਰਤ ਪ੍ਰਤੀ ਸਮਾਜਿਕ ਨਜ਼ਰੀਏ ਨੂੰ ਪੇਸ਼ ਕਰਦੇ ਨਾਨਕ ਸਿੰਘ ਦੇ ਸ਼ਬਦ ਹਨ,"ਓ ਇਸਤਰੀ! ਤੂੰ ਏਡੀ ਉੱਚਤਾ ਏਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ? ਸਹਿਨਸ਼ੀਲਤਾ ਦੇ ਸੋਮੇ ਤੇਰੇ ਅੰਦਰ ,ਮਮਤਾ ਦੀਆਂ ਕਾਂਗਾਂ ਤੇਰੇ ਵਿੱਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿੱਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿੱਚ, ਇਹ ਸਭ ਕੁੱਝ, ਹੇ ਇਸਤ੍ਰੀ! ਤੂੰ ਕਿੱਥੋਂ ਪ੍ਰਾਪਤ ਕਰ ਲਿਆ?"। ਔਰਤ ਬਾਰੇ ਬਹੁਤ ਪੜ੍ਹਿਆ, ਲਿਖਿਆ ਅਤੇ ਸੁਣਿਆ ਜਾ ਚੁੱਕਾ ਹੈ। ਵੱਖ ਵੱਖ ਖਿੱਤਿਆਂ ਦੀਆਂ ਰੁਚੀਆਂ, ਸੰਭਾਵਨਾਵਾਂ ਅਤੇ ਦ੍ਰਿਸ਼ਟੀਕੋਣ ਵੱਖ ਵੱਖ ਹੁੰਦੇ ਹਨ। ਸਾਡੀ ਸੰਸਕ੍ਰਿਤੀ ਵਿੱਚ ਔਰਤ ਮਹਾਨ ਸੀ, ਮਹਾਨ ਹੈ, ਮਹਾਨ ਰਹੇਗੀ। ਪਰ ਇਹ ਕਥਨ ਔਰਤ ਇਮਾਨ ਇੱਜਤ ਦੇ ਚੱਕਰ ਵਿੱਚ ਫਸਕੇ ਵਜੂਦ ਗੁਆ ਦਿੰਦਾ ਹੈ। ਇਤਿਹਾਸ ਅਤੇ ਮਿਥਿਹਾਸ ਔਰਤ ਨੂੰ ਮਰਦ ਤੋਂ ਕਮਜ਼ੋਰ ਦੱਸਦਾ ਹੈ। ਇਸ ਨੂੰ ਸੀਮਤ ਦਾਇਰੇ ਵਿੱਚ ਰਹਿਣਾ ਪੈਂਦਾ ਹੈ। ਦਾਰਸ਼ਨਿਕ ਸੈਕਸ਼ਪੀਅਰ ਦਾ ਕਥਨ ਹੈ, "ਕਮਜ਼ੋਰੀ ਤੇਰਾ ਨਾਮ ਔਰਤ ਹੈ" ਔਰਤ ਖਿਲਾਫ਼ ਲਿੰਗਕ ਅਪਰਾਧ ਭਾਰੂ ਰਹਿੰਦੇ ਹੈ। ਸੰਯੁਕਤ ਰਾਸ਼ਟਰ ਵਿੱਚ ਵੀ ਔਰਤ ਦੀ ਤ੍ਰਾਸਦੀ ਲਿਖੀ ਪਈ ਹੈ,

"ਔਰਤ ਅਤੇ ਕੁੜੀਆਂ ਖਿਲਾਫ਼ ਹਿੰਸਾ ਮਹਾਂਮਾਰੀ ਹੈ, ਦੁਨੀਆਂ ਵਿੱਚ ਹਰ ਤਿੰਨ ਵਿੱਚੋਂ ਇੱਕ ਔਰਤ ਕੁੱਟ ਦਾ ਸਿਕਾਰ ਹੁੰਦੀ ਹੈ, ਸੰਭੋਗ ਲਈ ਮਜਬੂਰ ਕੀਤੀ ਜਾਂਦੀ ਹੈ ਜਾਂ ਜਿੰਦਗੀ ਵਿੱਚ ਉਸ ਨਾਲ ਦੁਰਵਿਵਹਾਰ ਕੀਤਾ ਜਾਂਦਾ ਹੈ, ਦੁਰਵਿਵਹਾਰੀ ਨਜ਼ਦੀਕੀ ਹੁੰਦਾ ਹੈ"

ਸਮਾਜ ਦਾ ਪ੍ਰਚੱਲਿਤ ਕਥਨ ਹੈ ਕਿ ਔਰਤ ਨੂੰ ਘਰ ਅੰਦਰ ਮਰਦ ਪਹਿਲਾਂ ਅਤੇ ਤਸੱਲੀ ਨਾਲ ਖੁਆ ਕੇ ਆਪ ਤਸੱਲੀ ਪ੍ਰਗਟ ਕਰਦੀ ਹੈ। ਕਿੰਨਾ ਤਹਿਜ਼ੀਬ ਵਾਲਾ ਸੁਭਾਅ! ਇਹ ਸਲੀਕਾ ਔਰਤ ਪ੍ਰਤੀ ਸਾਰੀਆਂ ਧਾਰਨਾਵਾਂ ਨੂੰ ਹਜ਼ਮ ਕਰਕੇ ਇੱਕ ਨੁਕਤੇ ਵਿੱਚ ਨਿਬੇੜ ਦਿੰਦਾ ਹੈ,ਜਾਂ ਕਹਿ ਲਿਆ ਜਾਵੇ ਇਸ ਨੁਕਤੇ ਵਿੱਚ ਸਮੁੰਦਰ ਹੈ। ਪਰ ਧੰਨ ਹੈ ਔਰਤ ਸਭ ਕੁੱਝ ਚੁੱਪ ਚੁਪੀਤੇ ਸਹਿਣ ਕਰੀ ਜਾਂਦੀ ਹੈ। ਅੰਮ੍ਰਿਤਾ ਪ੍ਰੀਤਮ ਦਾ ਇਹ ਕਥਨ ਇਸ ਵਰਤਾਰੇ ਤੇ ਢੁੱਕਵਾਂ ਹੈ,

"ਪ੍ਰਛਾਵਿਆਂ ਨੂੰ ਪਕੜਨ ਵਾਲਿਓ, ਛਾਤੀ ਵਿੱਚ ਬਲਦੀ ਅੱਗ ਦਾ ਪ੍ਰਛਾਵਾਂ ਨਹੀਂ ਹੁੰਦਾ"

ਇਸਤਰੀ ਸੰਭੋਗ ਲਈ ਮਰਦ ਦੀ ਇੱਛਾ ਬਣਦੀ ਹੈ। ਪਰ ਇੱਛਾਵਾਂ ਦਾ ਅੰਤ ਨਹੀਂ ਹੁੰਦਾ ਨਾ ਹੀ ਤ੍ਰਿਪਤ ਹੁੰਦੀਆ ਹਨ। ਔਰਤ ਨੂੰ ਮਰਦ ਦਾ ਡਰ ਭੈਅ ਰਹਿੰਦਾ ਹੈ। ਇਸ ਪ੍ਰਤੀ ਕਨੂੰਨੀ ਸਿਕੰਜਾ ਤਾਂ ਹੈ ਪਰ ਸਾਡੀ ਸੰਸਕ੍ਰਿਤੀ ਵਿੱਚ ਇੱਜ਼ਤ ਬੜੀ ਸਮਝੀ ਜਾਂਦੀ ਹੈ। ਇਸ ਲਈ ਗੁਨਾਹ ਨੂੰ ਇੱਜ਼ਤ ਦੀ ਆੜ ਹੇਠ ਛੁਪਣ ਦਾ ਮੌਕਾ ਮਿਲਦਾ ਹੈ। ਹੋਰ ਦੇਸ਼ਾ ਵਿੱਚ ਅਜਿਹੀ ਸੋਚ ਨਹੀਂ ਹੈ। ਮਨੁੱਖ ਜੋ ਮਰਜ਼ੀ ਦਾ ਹੋਵੇ ਔਰਤ ਪ੍ਰਤੀ ਸੋਚ ਉਹੀ ਰੱਖਦਾ ਹੈ ਜੋ ਹੋਣੀ ਨਹੀਂ ਚਾਹੀਦੀ। ਬਹੁਤ ਕੁੱਝ ਬਦਲ ਚੁੱਕਿਆ ਹੈ ਪਰ ਔਰਤ ਪ੍ਰਤੀ ਨਜ਼ਰੀਆ ਅਤੇ ਮਨੁੱਖੀ ਸੋਚ ਘਰ ਦੀ ਸਰਦਲ ਦੇ ਬਾਹਰ ਕੁੱਤੇ ਵਾਂਗ ਬੈਠੀ ਹੈ। ਲੱਖ ਉਪਾਵਾਂ ਅਤੇ ਵਿਚਾਰਾਂ ਦੇ ਬਾਵਜੂਦ ਸਰਦਲ ਟੱਪਣ ਲਈ ਮਾਯੂਸ ਬੈਠੀ ਹੈ। ਔਰਤ ਨੂੰ ਪ੍ਰਕਿਰਤੀ ਦੀ ਕੰਨਿਆ ਸਮਝਿਆ ਜਾਂਦਾ ਹੈ। ਪਰ ਇਹ ਸਿਰਫ਼ ਸਮਝਿਆ ਹੀ ਜਾਂਦਾ ਹੈ ਮਨੁੱਖੀ ਸੋਚ ਮੂਹਰੇ ਇਹ ਵਿਚਾਰ ਗੋਡੇ ਟੇਕ ਦਿੰਦਾ ਹੈ। ਇਸ ਦਾ ਨਿਪਟਾਰਾ ਲਾਰਡ ਵਿਲੀਅਮ ਬਲੇਕ ਨੇ ਸੋਹਣੇ ਸ਼ਬਦਾਂ ਵਿੱਚ ਕੀਤਾ ਹੈ, "ਜਿਹੜਾ ਵਿਅਕਤੀ ਆਪਣੀ ਸੋਚ ਸਮਝ ਨਹੀਂ ਬਦਲ ਸਕਦਾ ਉਹ ਖੜ੍ਹੇ ਪਾਣੀ ਵਾਂਗ ਹੈ, ਜਿਸ ਵਿੱਚ ਮਾਨਸਿਕ ਕੀੜੇ ਪੈਦਾ ਹੁੰਦੇ ਹਨ"ਇਹ ਕਥਨ ਸਿਰੇ ਤੇ ਗੰਢ ਮਾਰਨ ਲਈ ਕਾਫੀ ਹੈ।

ਜੀਵ ਵਿਗਿਆਨਕ, ਕੁਦਰਤੀ ਅਤੇ ਦੁਨਿਆਵੀ ਤੌਰ ਤੇ ਮਰਦ ਔਰਤ ਸਿੱਕੇ ਦੇ ਦੋਵਾਂ ਪਾਸਿਆਂ ਵਾਂਗ ਹਨ। ਜੇ ਦੋਵੇਂ ਪਾਸੇ ਛੇੜਛਾੜ ਹੋਵੇ ਤਾਂ ਜੱਚਦਾ ਨਹੀਂ। ਇਸ ਪ੍ਰਤੀ ਸੀਮਤ ਦਾਇਰਾ ਲਾਜ਼ਮੀ ਹੈ। ਇਸ ਤੋਂ ਇਲਾਵਾ ਮਰਦ ਦੀ ਮਰਦਾਨਗੀ ਅਤੇ ਪ੍ਰਧਾਨਗੀ ਨੂੰ ਸੀਮਤ ਰੱਖਣ ਵਾਲੀ ਸੋਚ ਉਭਾਰਨੀ ਚਾਹੀਦੀ ਹੈ। ਇੱਥੇ ਪੈਪਸੀਕੋ ਦੇ ਮੁਖੀ ਦੀ ਮਾਂ ਦਾ ਕਥਨ ਵੀ ਦਰਜ਼ ਕੀਤਾ ਗਿਆ ਹੈ,"ਤੂੰ ਪੈਪਸੀਕੋ ਦੀ ਮੁਖੀ ਬਣ ਗਈ ਹੈ ਪਰ ਘਰ ਦੇ ਬੂਹੇ ਅੰਦਰ ਪੈਰ ਧਰਦਿਆਂ ਹੀ ਤੂੰ ਇੱਕ ਪਤਨੀ ਇੱਕ ਮਾਂ ਹੈ ਜਿਸ ਦੀ ਕੋਈ ਥਾਂ ਨਹੀਂ ਲੈ ਸਕਦਾ" ਮਾਂ ਦੇ ਇਸ ਵਿਚਾਰ ਨੂੰ ਗਲਤ ਵੀ ਨਹੀਂ ਕਿਹਾ ਜਾ ਸਕਦਾ। ਜਦੋਂ ਸੱਭਿਅਤਾ ਦਾ ਵਿਕਾਸ ਹੋ ਰਿਹਾ ਸੀ, ਤਾਂ ਔਰਤ ਨੂੰ ਜਿਸ ਸੀਮਤ ਦਿਸ਼ਾ ਚ ਰੱਖਿਆ ਸੀ ਉੱਥੇ ਮਰਦ ਨੂੰ ਵੀ ਬਾਹਰੀ ਅਤੇ ਆਰਥਿਕ ਪ੍ਰਬੰਧਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਮਨੂੰ ਸਿਮਰਤੀ ਵਿੱਚ ਔਰਤ ਨੂੰ ਮਾਂ ਪਿਓ, ਘਰਵਾਲੇ ਅਤੇ ਪੁੱਤਰਾਂ ਦੇ ਅਧੀਨ ਰੱਖਿਆ ਗਿਆ ਹੈ। ਇਹ ਭਾਰਤੀ ਸੰਸਕ੍ਰਿਤੀ ਦੀ ਤਰਜ਼ਮਾਨੀ ਕਰਦਾ ਹੈ। ਆਲਮੀ ਪੱਧਰ ਤੇ ਇਹ ਠੀਕ ਨਹੀਂ ਜਾਪਦਾ। ਔਰਤਾਂ ਦੀ ਸਰਕਾਰ ਨੇ ਹਰ ਥਾਂ ਭਾਗੀਦਾਰੀ ਅਤੇ ਰਾਖਵਾਂਕਰਨ ਕਰਕੇ ਮਰਦ ਔਰਤ ਦੀ ਬਰਾਬਰਤਾ ਵੱਲ ਤੋਰਿਆ ਕਦਮ ਹੀ ਹੈ, ਮਾਨਸਿਕਤਾ ਨੂੰ ਮੋੜਾ ਦੇਣ ਲਈ ਕਾਫੀ ਕੁੱਝ ਕਰਨ ਲਈ ਬਾਕੀ ਹੈ। ਮਰਦ ਦੀ ਸੋੜੀ ਸੋਚ ਜਿਸ ਨੂੰ ਸਮਾਜ ਵੀ ਮਾਨਤਾ ਦੇ ਦਿੰਦਾ ਹੈ, ਇਸ ਅੱਗੇ ਸਭ ਬੇਵੱਸ ਹੋ ਜਾਂਦਾ ਹੈ। ਆਦਮੀ ਗਾਲ ਔਰਤ ਨੂੰ ਮੁਖਾਤਿਬ ਹੋ ਕੇ ਕੱਢਦਾ ਹੈ, ਔਰਤ ਮਰਦ ਨੂੰ ਗਾਲ ਨਹੀਂ ਕੱਢਦਾ। ਸਰਦਲ ਅੰਦਰ ਜਾਣ ਲਈ ਕੋਈ ਭਵਿੱਖੀ ਸੰਕੇਤ ਨਹੀਂ ਹੈ। ਔਰਤ ਅੱਜ ਵੀ ਵਿਚਾਰੀ ਹੈ। ਸਵੇਰੇ ਤੋਂ ਆਥਣ ਤੱਕ ਟੱਬਰ ਦੀ ਜੂਠ ਮਾਂਜਦੀ ਹੋਈ ਬਾਕੀ ਮੈਂਬਰਾਂ ਦਾ ਢਿੱਡ ਭਰਦੀ ਹੈ। ਇਹ ਸਭ ਕੁੱਝ ਸਹਿਣ ਕਰਦੀ ਹੈ, ਪਰ ਅਹਿਸਾਸ ਵੀ ਨਹੀਂ ਹੋਣ ਦਿੰਦੀ। ਉੱਮਦਾ ਹੁਕਮ ਸ੍ਰੀ ਗੁਰੂ ਨਾਨਕ ਦੇਵ ਜੀ ਸੁਣਾਇਆ ਸੀ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"

ਔਰਤ ਪ੍ਰਤੀ ਸੋਚ ਇਸ ਕਦਰ ਹੀ ਬਦਲ ਜਾਵੇ ਕਿ ਘਰ ਵਿੱਚ ਨੈਤਿਕ ਬਰਾਬਰੀ ਹਾਸਿਲ ਕਰ ਸਕੇ। ਲੈਨਿਨ ਦਾ ਵਿਚਾਰ ਇਸ ਰੁਖ ਵੱਲ ਸਹੀ ਸਾਬਿਤ ਹੁੰਦਾ ਹੈ, "ਜਦੋਂ ਤੱਕ ਔਰਤ ਨੂੰ ਰਸੋਈ ਦੀ ਗੁਲਾਮੀ ਤੋਂ ਆਜਾਦ ਨਹੀਂ ਕੀਤਾ ਜਾਂਦਾ ਉਦੋਂ ਤੱਕ ਉਸਦੀ ਅਜਾਦੀ ਅਧੂਰੀ ਹੈ" ਸਮਾਜ ਨੂੰ ਸਮਝਣਾ ਚਾਹੀਦਾ ਹੈ ਕਿ ਆਦਮੀ ਆਇਆ ਕਿੱਥੋਂ? ਪਤਾ ਲੱਗ ਵੀ ਜਾਵੇ ਤਾਂ ਮਰਦ ਮਾਨਸਿਕਤਾ ਘੁੰਮ ਕੇ ਉੱਥੇ ਹੀ ਖੜ੍ਹ ਜਾਂਦੀ ਹੈ। ਆਦਮੀ ਦੇ ਮਨ ਵਿੱਚ ਮਰਦਾਨਗੀ, ਪ੍ਰਧਾਨਗੀ ਅਤੇ ਅਣਖ ਦੀ ਉੱਪਜ ਦਾ ਕੀੜਾ, ਜੋ ਉਸ ਦੀ ਸੋਚ ਦੀ ਤਰਜ਼ਮਾਨੀ ਕਰਦਾ ਹੈ, ਇਹੀ ਔਰਤ ਪ੍ਰਤੀ ਚੰਗੀ ਸੋਚ ਨੂੰ ਅੱਗੇ ਨਹੀਂ ਤੁਰਨ ਦਿੰਦਾ। ਮਾੜੀ ਸੋਚ ਦੀ ਬੁਨਿਆਦ ਉੱਤੇ ਟਿਕਿਆ ਮਰਦ ਪ੍ਰਧਾਨ ਸਮਾਜ ਅੱਗੇ ਨਹੀਂ ਵਧ ਸਕਦਾ ਜਦੋਂ ਤੱਕ ਇਹ ਨਹੀਂ ਸਮਝ ਲੈਂਦਾ ਚੰਗਾ ਮਾੜਾ ਕੁੱਝ ਨਹੀਂ ਹੁੰਦਾ, ਕੇਵਲ ਸੋਚ ਹੀ ਚੰਗੀ ਮਾੜੀ ਹੁੰਦੀ ਹੈ।ਆਓ ਆਪਣੀ ਸੰਸਕ੍ਰਿਤੀ ਮੁਤਾਬਿਕ ਔਰਤ ਦੇ ਸਤਿਕਾਰ ਨੂੰ ਘੋਖੀਏ ਇਸ ਨਾਲ ਹਵਸ਼, ਹਿੰਸਾ ਅਤੇ ਦਾਜ ਦਰਿੰਦਗੀ ਨੂੰ ਮੋੜਾ ਪੈਣ ਦੀ ਗੁੰਜਾਇਸ਼ ਜ਼ਰੂਰ ਬਣੇਗੀ।

# ਅਜੋਕੇ ਵਿਸ਼ਵ ਹਾਲਾਤ ਦੌਰਾਨ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਦੀ ਲੋੜ ਕਿਉਂ ?

ਡਾਕਟਰ ਜੋਰਾ ਸਿੰਘ



ਵਿਸ਼ਵ ਇਤਿਹਾਸ ਵਿਚ ਆਪਣੇ ਅਕੀਦੇ ਅਤੇ ਆਪਣੇ ਵਿਸ਼ਵਾਸਾਂ ਦੀ ਸਲਾਮਤੀ ਲਈ ਕੁਰਬਾਨ ਹੋਏ ਅਨੇਕਾਂ ਰਹਿਬਰਾਂ ਦਾ ਜ਼ਿਕਰ ਮਿਲ ਜਾਂਦਾ ਹੈ ਪਰ 'ਧਰਮ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੁਨੀਆ ਵਿਚ ਇਕੋ-ਇਕ ਅਜਿਹੇ ਰਹਿਬਰ ਅਤੇ ਸ਼ਹੀਦ ਹੋਏ ਹਨ, ਜੋ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਮਨੁੱਖੀ ਆਜ਼ਾਦੀ ਦੀ ਰੱਖਿਆ ਲਈ ਸੀਸ ਕਟਾ ਕੇ ਮਹਾਨ ਕੁਰਬਾਨੀ ਦੇ ਗਏ ਹਨ। ਸਤਿਗੁਰਾਂ ਦਾ ਜੀਵਨ ਅਤੇ ਗੁਰਬਾਣੀ, ਜਿੱਥੇ ਸਾਨੂੰ ਇਹ ਮਹਾਨ ਸਿੱਖਿਆ ਦਿੰਦੀ ਹੈ ਕਿ ਅਸੀਂ ਹਮੇਸ਼ਾ ਆਪਣੇ ਅਕੀਦੇ ਉੱਤੇ ਦ੍ਰਿੜ੍ਹਤਾ ਅਤੇ ਅਡੋਲਤਾ ਨਾਲ ਪਹਿਰਾ ਦੇਣਾ ਹੈ, ਉੱਥੇ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਦਾ ਸਤਿਕਾਰ ਅਤੇ ਰੱਖਿਆ ਵੀ ਕਰਨੀ ਹੈ। ਗੁਰੂ ਸਾਹਿਬ ਕੋਲ ਜਿਸ ਵੇਲੇ ਕਸ਼ਮੀਰੀ ਪੰਡਤ ਇਹ ਫ਼ਰਿਆਦ ਲੈ ਕੇ ਆਏ ਕਿ ਔਰੰਗਜ਼ੇਬ ਉਨ੍ਹਾਂ ਨੂੰ ਧੱਕੇ ਨਾਲ ਮੁਸਲਮਾਨ ਬਣਾ ਰਿਹਾ ਹੈ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਔਰੰਗਜ਼ੇਬ ਨੂੰ ਕਹਿ ਆਓ ਕਿ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਸਾਰੇ ਹਿੰਦੂ ਧਰਮ ਛੱਡ ਕੇ ਮੁਸਲਮਾਨੀ ਸ਼ਰ੍ਹਾ ਵਿ'ਚ ਆ ਜਾਵਾਂਗੇ। ਜਿਸ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪੰਡਤ ਕੋਲੋਂ ਜਨੇਊ ਪਹਿਨਣ ਤੋਂ ਇਨਕਾਰ ਕਰਦੇ ਹਨ, ਉਸੇ ਧਰਮ ਦੇ ਨੌਵੇਂ ਗੁਰੂ ਇਸੇ ਜੰਞੂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੰਦੇ ਹਨ, ਕਿਉਂਕਿ ਇਹ ਧਰਮ ਤੇ ਜ਼ਮੀਰ ਦੀ ਆਜ਼ਾਦੀ ਦਾ ਮਸਲਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ, ਅਦੁੱਤੀ ਅਤੇ ਲਾ-ਮਿਸਾਲ ਹੈ। ਸ਼ਹਾਦਤ ਤਾਂ ਨੌਵੇਂ ਪਾਤਸ਼ਾਹ ਦੇ ਜੀਵਨ ਨਾਟਕ ਦਾ ਅੰਤਿਮ ਦ੍ਰਿਸ਼ ਹੈ ਪਰ ਸਤਿਗੁਰਾਂ ਦਾ ਸਮੁੱਚਾ ਸੰਸਾਰੀ ਜੀਵਨ ਬੰਦਗੀ, ਤਿਆਗ, ਸੇਵਾ ਅਤੇ ਕੁਰਬਾਨੀ ਨਾਲ ਸਰਸ਼ਾਰ ਹੈ। ਗੁਰੂ ਸਾਹਿਬ ਵਲੋਂ ਉਚਾਰੀ ਇਲਾਹੀ ਗੁਰਬਾਣੀ (59 ਸ਼ਬਦ ਅਤੇ 57 ਸਲੋਕ) ਮਨੁੱਖੀ ਜੀਵਨ ਨੂੰ ਇਕ ਸਥਿਰ ਅਵਸਥਾ 'ਚ ਜਿਊਣ ਪ੍ਰਤੀ ਗੁਰੂ ਸਾਹਿਬ ਦੇ ਸਿਧਾਂਤ, ਆਦਰਸ਼ ਅਤੇ ਅਮਲ ਨੂੰ ਰੂਪਮਾਨ ਕਰਦੇ ਹਨ।

ਬਾਬਾ ਬਕਾਲਾ ਨਿਵਾਸ ਦੇ ਤਕਰੀਬਨ 26 ਵਰ੍ਹੇ ਗੁਰੂ ਪਾਤਸ਼ਾਹ ਨੇ ਅੰਤਰਮੁਖੀ ਵਿਚਾਰ, ਸ਼ਬਦ ਸੁਰਤ ਸਾਧਨਾ, ਸਿਮਰਨ, ਨਾਮ-ਅਭਿਆਸ ਦੀ ਕਮਾਈ 'ਚ ਗੁਜ਼ਾਰੇ। ਇਸ ਸਮੇਂ ਦੌਰਾਨ ਪਰਿਵਾਰ ਉਨ੍ਹਾਂ ਦੇ ਨਾਲ ਰਿਹਾ ਪਰ ਆਪ ਨੇ ਸੰਸਾਰ ਨਹੀਂ ਤਜਿਆ, ਮਾਇਆ ਮੋਹ ਤਿਆਗੀ। ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਰਾਖ ਦੀ ਬਿਭੂਤ ਨਹੀਂ ਲਗਾਈ, ਨਾਮ ਦੀ ਬਿਭੂਤ ਲਗਾਈ। ਉਨ੍ਹਾਂ ਨਾਮ ਸਿਮਰਨ ਦੀ ਅੰਟਕ ਸਮਾਧੀ ਲਗਾਈ। ਗੁਰਿਆਈ ਦੀ ਗੱਦੀ 'ਵਡ ਜੋਧਾ ਬਹੁ ਪਰਉਪਕਾਰੀ' ਪਿਤਾ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ (ਗੁਰੂ) ਹਰਿ ਰਾਇ ਜੀ ਨੂੰ ਬਖ਼ਸ਼ੀ। ਉਪਰੰਤ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ ਗੁਰਤਾ ਦੀ ਜ਼ਿੰਮੇਵਾਰੀ ਨਿਭਾਈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਦੇ ਰੋਸ ਨਹੀਂ ਜਤਾਇਆ, ਕਦੀ ਗੁਰਤਾ-ਗੱਦੀ ਦੀ ਲਾਲਸਾ ਨਹੀਂ ਦਿਖਾਈ। ਪਿਤਾ ਗੁਰੂ ਦੇ ਹੁਕਮ 'ਚ ਪਿੰਡ ਬਕਾਲਾ ਨਿਵਾਸ ਕੀਤਾ ਅਤੇ ਇਹ ਸਮਾਂ ਆਉਣ ਵਾਲੇ ਬਿਖਮ ਹਾਲਾਤ ਦਾ ਮੁਕਾਬਲਾ ਕਰਨ ਲਈ, ਆਤਮਿਕ ਸ਼ਕਤੀ ਗ੍ਰਹਿਣ ਕਰਨ 'ਚ ਲਾਇਆ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ 22 ਮੰਜੀਆਂ ਡਾਹ ਕੇ ਗੁਰਤਾ ਦੇ ਨਕਲੀ ਦਾਅਵੇਦਾਰ ਬਣ ਬੈਠੇ ਸਨ ਪਰ ਤਿਆਗ ਦੀ ਮੂਰਤ ਸ੍ਰੀ (ਗੁਰੂ) ਤੇਗ ਬਹਾਦਰ ਜੀ ਨੇ ਗੁਰਤਾ-ਗੱਦੀ ਦਾ ਦਾਅਵਾ ਪ੍ਰਗਟ ਕਰਨ ਤੋਂ ਸਪੱਸ਼ਟ ਇਨਕਾਰ ਕਰਕੇ, ਕਿਸੇ ਕਿਸਮ ਦੇ ਲਾਲਚ, ਲਾਲਸਾ ਅਤੇ ਪਕੜ ਤੋਂ ਉਚੇਰਾ ਆਚਰਣ ਪ੍ਰਗਟਾਇਆ। ਜਦ ਭਾਈ ਮੱਖਣ ਸ਼ਾਹ ਵਣਜਾਰਾ ਨੇ ਸਾਰੇ ਨਕਲੀ ਦਾਅਵੇਦਾਰਾਂ ਨੂੰ ਦੋ-ਦੋ ਮੋਹਰਾਂ ਦੇ ਲਾਲਚ ਵਿਚ ਫਸੇ, ਦੂਸਰਿਆਂ ਦੀ ਨਿੰਦ-ਬਖ਼ੀਲੀ ਕਰਦਿਆਂ ਤੱਕਿਆ ਅਤੇ ਗੁਰੂ ਤੇਗ ਬਹਾਦਰ ਜੀ ਦੀ ਅੰਤਰਯਾਤਮਾ ਤੋਂ ਗੁਰਤਾ ਪ੍ਰਤੱਖ ਦਿਸ ਆਈ ਤਾਂ 'ਗੁਰੂ ਲਾਧੋ ਰੇ' ਦਾ ਨਾਅਰਾ ਬੁਲੰਦ ਕਰ ਗੁਰਤਾ ਦਾ ਸੱਚ ਪ੍ਰਗਟ ਕਰ ਦਿੱਤਾ। ਆਪਣੀ ਗੁਰਗੱਦੀ ਖ਼ਤਰੇ 'ਚ ਪੈਂਦੀ ਦੇਖ ਕੇ ਧੀਰ ਮੱਲ ਨੇ ਗੁਰੂ ਜੀ 'ਤੇ ਗੋਲੀ ਚਲਵਾ ਦਿੱਤੀ ਸੀ।

ਇਸ ਗੱਲ ਦੀ ਖ਼ਬਰ ਗੁਰੂ ਸਾਹਿਬ ਦੇ ਅਨਿਨ ਸਿੱਖ ਭਾਈ ਮੱਖਣ ਸ਼ਾਹ ਲੁਬਾਣੇ ਨੂੰ ਮਿਲੀ ਤਾਂ ਉਨ੍ਹਾਂ ਕਰਤਾਰਪੁਰ ਜਾ ਕੇ ਹੱਲਾ ਬੋਲ ਦਿੱਤਾ। ਧੀਰ ਮੱਲ ਤੇ ਸਾਥੀਆਂ ਨੂੰ ਫੜ ਕੇ, ਧੀਰ ਮੱਲ ਕੋਲ ਪਿਆ ਗੁਰੂ ਦਰਬਾਰ ਦਾ ਸਾਰਾ ਧਨ-ਮਾਲ ਤੇ ਹਥਿਆਰ ਤੇ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉਸ ਨੇ ਆਪਣੇ ਕਬਜ਼ੇ ਵਿਚ ਕੀਤੀ ਹੋਈ ਸੀ, ਉਹ ਵੀ ਅਦਬ ਸਹਿਤ ਲੈ ਕੇ ਬਾਬਾ ਬਕਾਲਾ ਪਹੁੰਚ ਗਏ।

ਜਦੋਂ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਪਹੁੰਚੇ ਤਾਂ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਧੀਰ ਮੱਲ ਨੂੰ ਛੱਡ ਦਿਓ ਤੇ ਸਾਰਾ ਖੋਹਿਆ ਧਨ-ਮਾਲ ਵੀ ਵਾਪਸ ਕਰ ਦਿਓ। ਗੁਰੂ ਸਾਹਿਬ ਨੇ ਸਿੱਖਾਂ ਨੂੰ ਫ਼ਰਮਾਇਆ ਕਿ ਖਿਮਾ ਸਭ ਤੋਂ ਵੱਡਾ ਧਰਮ ਹੈ। ਖਿਮਾ ਕਰਨ ਬਰਾਬਰ ਹੋਰ ਕੋਈ ਗੁਣ ਨਹੀਂ।

'ਦਰਬ ਕੇ ਕਾਰਨੇ, ਗੁਰੂ ਮਹਾਰਾਜ ਨੇ,
ਨਹੀਂ ਬੈਠ ਇਹ ਦੁਕਾਨ ਪਾਈ।

ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਸ੍ਰੀ ਅੰਮ੍ਰਿਤਸਰ ਆਏ ਤਾਂ ਪ੍ਰਿਥੀ ਚੰਦ ਦੇ ਵਾਰਸਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਬੰਦ ਕਰ ਦਿੱਤਾ, ਪਰ ਗੁਰੂ ਜੀ ਮਸੰਦਾਂ ਨਾਲ ਝਗੜਾ ਕਰਨ ਦੀ ਥਾਂ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਤੋਂ ਬਾਅਦ ਬਾਹਰੋਂ ਹੀ ਸ੍ਰੀ ਹਰਿਮੰਦਰ ਸਾਹਿਬ ਵੱਲ ਨਮਸਕਾਰ ਕਰਕੇ ਪਰਤ ਗਏ।

'ਧਨੁ ਦਾਰਾ ਸੰਪਤਿ ਸਗਲ' ਪ੍ਰਤੀ ਗੁਰੂ ਸਾਹਿਬ ਦੀ ਉਦਾਸੀਨਤਾ ਅਤੇ ਤਿਆਗ ਸਪੱਸ਼ਟ ਦਿਖਾਈ ਦਿੰਦਾ ਹੈ, ਪਰ ਉਨ੍ਹਾਂ ਦੇ ਤਿਆਗ ਅਤੇ ਵੈਰਾਗ ਦੀ ਵਿਲੱਖਣਤਾ ਸਿਖਰ 'ਤੇ ਉਦੋਂ ਪ੍ਰਗਟ ਹੁੰਦੀ ਹੈ, ਜਦ ਉਹ ਸੱਚ ਦੇ ਪ੍ਰਕਾਸ਼ ਲਈ, ਜ਼ੁਲਮ ਦੀ ਚੱਕੀ 'ਚ ਪਿਸ ਰਹੀ ਪਰਜਾ 'ਚ ਆਤਮਿਕ ਬਲ, ਆਤਮ-ਵਿਸ਼ਵਾਸ ਦਾ ਸੰਚਾਰ ਕਰਨ ਲਈ ਅਤੇ ਦੇਸ਼ ਵਿਚ ਦੂਰ-ਦੂਰ ਤੱਕ ਫੈਲੀਆਂ ਗੁਰਸਿੱਖ ਸੰਗਤਾਂ ਦੀ ਮੁੜ ਸੰਭਾਲ ਕਰਦਿਆਂ ਹੋਇਆਂ ਨਾਮ-ਬਾਣੀ ਦੀ ਦੌਲਤ ਵੰਡਦਿਆਂ, ਆਉਣ ਵਾਲੇ ਬਿਖਮ ਸਮਿਆਂ ਦੀ ਚੁਣੌਤੀ ਲਈ ਸੰਗਤਾਂ ਦੀ ਜਥੇਬੰਦਕ ਸ਼ਕਤੀ ਮਜ਼ਬੂਤ ਕਰਨ ਦੇ ਮਨੋਰਥ ਨਾਲ ਪ੍ਰਚਾਰ ਦੌਰੇ 'ਤੇ ਨਿਕਲੇ। ਬਾਬੇ ਬਕਾਲੇ ਦੀ ਇਕਾਂਤ ਸਮਾਧੀ 'ਚੋਂ ਨਿਕਲ ਸ਼ਬਦ ਉਚਾਰਿਆ: 'ਅਬ ਮੈ ਕਉਨੁ ਉਪਾਉ ਕਰਉ...ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ' (ਅੰਗ: 685) ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵੈਰਾਗਮਈ ਗੁਰਬਾਣੀ 'ਗਿਆਨੀ' ਨੂੰ ਪਰਿਭਾਸ਼ਤ ਕਰਦੀ ਦਰਸਾਉਂਦੀ ਹੈ ਕਿ ਗਿਆਨੀ ਦਾ ਰੂਪ ਰੰਗ ਅਤੇ ਰਸ ਅਲੌਕਿਕ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਬਾਣੀ ਦਾ ਫ਼ਲਸਫ਼ਾ, 'ਬਾਂਹ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨ ਛੋੜੀਐ' ਦਾ ਵਾਅਦਾ ਕਰਦਾ ਹੈ ਅਤੇ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ' ਦਾ ਐਲਾਨਨਾਮਾ ਕਰਦਾ ਹੈ। ਇਹ ਨਿਡਰਤਾ ਇਸ ਗਿਆਨ ਤੋਂ ਉਪਜਦੀ ਹੈ ਕਿ ਸੰਸਾਰ ਤੇ ਉਸ ਦੇ ਪਦਾਰਥ, ਪਦ-ਪਦਵੀ ਮਾਣ-ਅਪਮਾਨ ਸਦਾ ਨਹੀਂ ਰਹਿਣੇ। ਇਨ੍ਹਾਂ ਦਾ ਜਾਣਾ ਮਨੁੱਖ ਦੀ ਹੋਣੀ ਅਤੇ ਇਲਾਹੀ ਸੱਚ ਹੈ, ਜਿਸ ਨੂੰ ਪਹਿਲਾਂ ਹੀ ਪ੍ਰਵਾਨ ਕਰ ਲੈਣ ਨਾਲ ਮਨੁੱਖ ਚਿੰਤਾ ਮੁਕਤ ਹੋ ਜਾਂਦਾ ਹੈ:

'ਚਿੰਤਾ ਤਾ ਕੀ ਕੀਜੀਐ
ਜੋ ਅਨਹੋਨੀ ਹੋਇ।
ਇਹੁ ਮਾਰਗੁ ਸੰਸਾਰ ਕੋ
ਨਾਨਕ ਥਿਰੁ ਨਹੀ ਕੋਇ।'
(ਅੰਗ: 1426)

ਧਰਤੀ 'ਤੇ ਪਾਪ-ਗ੍ਰਸੀ ਅਤੇ ਗਿਆਨ ਵਿਹੂਣੀ ਪਰਜਾ ਨੂੰ ਮਜ਼੍ਹਬੀ ਪਾਖੰਡ ਦੇ ਮੱਕੜ-ਜਾਲ ਵਿਚ ਫਸੀ, ਸਮਾਜਿਕ ਅਸਮਾਨਤਾ ਦੇ ਵਖਰੇਵਿਆਂ 'ਚ ਉਲਝੀ ਅਤੇ ਰਾਜਸੀ ਜ਼ੁਲਮ ਦੀ ਚੱਕੀ 'ਚ ਪਿਸਦੀ ਹੋਈ ਦੇਖ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਬਾਣੀ ਨਿਰਾਸ਼ਤਾ ਅਤੇ ਨਿਰਬਲਤਾ ਪੈਦਾ ਨਹੀਂ ਹੋਣ ਦਿੰਦੀ, ਬਲਕਿ ਅਕਾਲ ਪੁਰਖ ਕੋਲੋਂ ਇਸ ਤਰ੍ਹਾਂ ਦੇ ਹਾਲਾਤਾਂ ਦਾ ਆਸ਼ਾਵਾਦੀ ਅਤੇ ਦਲੇਰੀ ਨਾਲ ਮੁਕਾਬਲਾ ਕਰਨ ਦੀ ਜੁਗਤ ਤੇ ਉਲਟ ਹਾਲਾਤਾਂ ਨੂੰ ਬਦਲਣ ਲਈ ਹਿੰਮਤ ਬਖ਼ਸ਼ਦੀ ਹੈ:

'ਬਲੁ ਛੁਟਕਿਓ ਬੰਧਨ ਪਰੇ
ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ
ਗਜ ਜਿਉ ਹੋਹੁ ਸਹਾਇ॥'
(ਅੰਗ : 1429)

ਜਿਸ ਤਰ੍ਹਾਂ ਦੇ ਹਾਲਾਤ ਅੱਜ ਵਿਸ਼ਵ ਵਿਚ ਬਣੇ ਹੋਏ ਹਨ, ਮਨੁੱਖਤਾ ਦਾ ਇਕ ਵੱਡਾ ਹਿੱਸਾ ਉਹ ਹੈ, ਜੋ ਪਦਾਰਥਕ ਸੁੱਖਾਂ ਦੀ ਹੋੜ 'ਚ ਦੁਖੀ ਹੋ ਰਿਹਾ ਹੈ ਅਤੇ ਦੂਜਾ ਵੱਡਾ ਹਿੱਸਾ ਉਹ ਹੈ, ਜੋ ਜੀਵਨ ਦੀ ਸਮੁੱਚਤਾ ਤੋਂ ਆਕੀ ਹੋ ਕੇ ਘੋਰ ਨਿਰਾਸ਼ਾ ਕਾਰਨ ਆਤਮਘਾਤੀ ਰਾਹ 'ਤੇ ਤੁਰ ਰਿਹਾ ਹੈ। ਇਹੋ ਜਿਹੇ ਹਾਲਾਤਾਂ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਫ਼ਲਸਫ਼ੇ ਅਤੇ ਗੁਰਬਾਣੀ ਨੂੰ ਨਵੀਆਂ ਅੰਤਰ-ਦ੍ਰਿਸ਼ਟੀਆਂ ਤੋਂ ਵਿਸ਼ਵ ਭਾਈਚਾਰੇ ਸਾਹਮਣੇ ਰੱਖਣ ਦੀ ਲੋੜ ਹੈ, ਜੋ ਕਿ ਮਨੁੱਖ ਨੂੰ 'ਦੁੱਖ' ਅਤੇ 'ਸੁੱਖ' ਦੋਵਾਂ ਅਵਸਥਾਵਾਂ ਤੋਂ ਵੱਖਰੀ ਸਦਾ ਸਥਿਰ ਅਤੇ ਸੁਖਦਾਈ ਰਹਿਣ ਵਾਲੀ 'ਵਿਸਮਾਦੀ' ਅਵਸਥਾ ਦਾ ਧਾਰਨੀ ਬਣਨਾ ਸਿਖਾਉਂਦੀ ਹੈ।

ਕੁਲਪਤੀ, ਦੇਸ਼ ਭਗਤ ਯੂਨੀਵਰਸਿਟੀ,
ਮੰਡੀ ਗੋਬਿੰਦਗੜ੍ਹ



# ਸਾਊਥਾਲ ਵਿੱਚ ਸਕੂਲ ਆਫ ਫਿਲਮ ਐਂਡ ਡਰਾਮਾ ਅਕੈਡਮੀ ਦਾ ਉਦਘਾਟਨ



ਉਦਘਾਟਨੀ ਸਮਾਰੋਹ ਮੌਕੇ ਹਾਜ਼ਰ ਸਖਸੀਅਤਾਂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਵਿੱਚ ਸਕੂਲ ਆਫ ਫਿਲਮ ਐਂਡ ਡਰਾਮਾ ਅਕੈਡਮੀ ਦਾ ਉਦਘਾਟਨ ਈਲਿੰਗ ਕੌਂਸਲ ਦੇ ਆਗੂ ਪੀਟਰ ਮੇਸਨ ਨੇ ਕੀਤਾ। ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਅਕੈਡਮੀ ਵੱਲੋਂ ਬੱਚਿਆਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ।**

ਮੁੱਖ ਮਹਿਮਾਨ ਵਜੋਂ, ਕੌਂਸਲ ਲੀਡਰ ਪੀਟਰ ਮੇਸਨ ਨੇ ਅਸਲ ਜੀਵਨ ਵਿੱਚ ਥੀਏਟਰ ਦੀ ਮਹੱਤਤਾ ਅਤੇ ਸਾਊਥਾਲ ਵਿੱਚ ਇੱਕ ਮਿੰਨੀ ਡਰਾਮਾ ਹੱਬ ਸਥਾਪਤ ਕਰਨ ਦੀ ਮੰਗ ਬਾਰੇ ਆਪਣੇ ਪ੍ਰਗਟਾਏ ਵਿਚਾਰ ਸਾਂਝੇ ਕੀਤੇ, ਜਦੋਂ ਕਿ ਕੌਂਸਲਰ ਜੌਹਨ ਮਾਰਟਿਨ ਨੇ ਸਕੂਲ ਆਫ਼ ਫਿਲਮ ਐਂਡ ਡਰਾਮਾ ਅਕੈਡਮੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।



ਤਜਿੰਦਰ ਸਿੰਧਰਾ ਦੀ ਅਗਵਾਈ ਵਿੱਚ ਚੱਲ ਰਹੇ ਪੰਜਾਬੀ ਥੀਏਟਰ ਅਕੈਡਮੀ ਯੂ ਕੇ ਅਤੇ ਸਾਊਥਾਲ ਕਮਿਊਨਿਟੀ ਅਲਾਇੰਸ ਨਾਲ ਮਿਲ ਕੇ "ਆਓ ਇਕੱਠੇ ਮਿਲ ਕੇ ਮਨਾਈਏ" ਸਿਰਲੇਖ ਵਾਲੇ ਇੱਕ ਮਨਮੋਹਕ ਸੱਭਿਆਚਾਰਕ ਸਮਾਗਮ ਆਯੋਜਿਤ ਕੀਤਾ ਗਿਆ ਸੀ। ਜਿਸ ਵਿੱਚ ਈਲਿੰਗ ਕੌਂਸਲ, ਲੰਡਨ ਮੇਅਰ ਦੇ ਦਫ਼ਤਰ, ਅਤੇ ਯੂ ਕੇ ਸਰਕਾਰ ਦਾ ਸਹਿਯੋਗ ਰਿਹਾ।

ਇਸ ਮੌਕੇ ਪ੍ਰਤਾਪ ਸਿੰਘ ਮੌਮੀ, ਕੁਲਵਿੰਦਰ ਪੌਲ, ਅਮਰੀਕ ਸਿੰਘ ਮੁਜ਼ਰਾਲ, ਸੁਖਦੇਵ ਕੋਮਲ, ਹਰਸੇਵ ਬੈਂਸ, ਜਗਸ ਸੰਘੇੜਾ, ਡਾ. ਓਂਕਾਰ ਸਹੋਤਾ, ਰੋਜ਼ੀਨਾ ਵਾਂਦਰ ਵਾਲ, ਕਮਲਜੀਤ ਸੈਂਬੀ ਅਤੇ ਰਵੀ ਬੋਲਿਨਾ ਆਦਿ ਹਾਜ਼ਰ ਸਨ।

# ਪਨਾਮਾ ਤੋਂ ਡਿਪੋਰਟ ਕੀਤੇ 12 ਭਾਰਤੀ ਦਿੱਲੀ ਪਹੁੰਚੇ

ਪਨਾਮਾ ਤੋਂ ਦੇਸ਼ ਨਿਕਾਲਾ ਦਿੱਤੇ ਗਏ 12 ਭਾਰਤੀ ਨਾਗਰਿਕਾਂ ਨੂੰ ਲੈ ਕੇ ਤੁਰਕੀ ਏਅਰਲਾਈਨਜ਼ ਦੀ ਇੱਕ ਉਡਾਣ ਐਤਵਾਰ ਸਵੇਰੇ ਭਾਰਤੀ ਸਮੇਂ ਅਨੁਸਾਰ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰੀ। ਇਹ ਵਿਅਕਤੀ 299 ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਇੱਕ ਵੱਡੇ ਸਮੂਹ ਦਾ ਹਿੱਸਾ ਸਨ ਜਿਨ੍ਹਾਂ ਨੂੰ ਅਮਰੀਕਾ ਦੁਆਰਾ ਅਮਰੀਕੀ ਖੇਤਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਕੱਢ ਦਿੱਤਾ ਗਿਆ ਸੀ। ਇਹ ਇੱਕ ਨਵੇਂ ਅੰਤਰਰਾਸ਼ਟਰੀ ਸਹਿਯੋਗ ਦੇ ਤਹਿਤ ਪਨਾਮਾ ਤੋਂ ਭਾਰਤੀ ਡਿਪੋਰਟੀਆਂ ਨੂੰ ਵਾਪਸ ਭੇਜਣ ਦਾ ਪਹਿਲਾ ਮਾਮਲਾ ਹੈ।

ਸੰਯੁਕਤ ਰਾਜ ਅਮਰੀਕਾ, ਪਨਾਮਾ ਅਤੇ ਕੋਸਟਾ ਰੀਕਾ ਦੇ ਨਾਲ, ਵੱਖ-ਵੱਖ ਏਸ਼ੀਆਈ ਦੇਸ਼ਾਂ ਤੋਂ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਸਹੂਲਤ ਦੇ ਰਿਹਾ ਹੈ। ਇਹ ਪ੍ਰਬੰਧ ਮੁੱਖ ਤੌਰ 'ਤੇ ਉਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਜਿਨ੍ਹਾਂ ਨੇ ਜਾਂ ਤਾਂ ਘਰ ਵਾਪਸੀ ਦਾ ਵਿਰੋਧ ਕੀਤਾ ਹੈ ਜਾਂ ਜਿਨ੍ਹਾਂ ਦੀਆਂ ਮੂਲ ਸਰਕਾਰਾਂ ਨੇ ਅਜੇ ਤੱਕ ਉਨ੍ਹਾਂ ਦੀ ਵਾਪਸੀ ਨੂੰ ਮਨਜ਼ੂਰੀ ਨਹੀਂ ਦਿੱਤੀ ਹੈ। ਪਨਾਮਾ ਇਸ ਪ੍ਰਕਿਰਿਆ ਵਿੱਚ ਇੱਕ 'ਪੁਲ' ਰਾਸ਼ਟਰ ਵਜੋਂ ਉਭਰਿਆ ਹੈ, ਜਿਸ ਨਾਲ ਇਨ੍ਹਾਂ ਪ੍ਰਵਾਸੀਆਂ ਦੀ ਆਵਾਜਾਈ ਅਤੇ ਅੰਤਮ ਵਾਪਸੀ ਦੀ ਆਗਿਆ ਮਿਲਦੀ ਹੈ।

# * ਚੁੰਝਾਂ-ਪੌਂਚੇ *

**ਲੇਖਕ - ਨਿਰਮਲ ਸਿੰਘ ਕੰਧਾਲਵੀ**





***ਸਿੱਖ ਕਤਲੇ-ਆਮ: ਸਰਕਾਰੀ ਵਕੀਲ ਨੇ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ।**

-ਸਲਵਾਨ ਜਲਾਦਾਂ ਨੂੰ ਆਖਦਾ, ਕਰ ਦਿਓ ਪੂਰਨ ਜਲਦ ਹਲਾਲ।



***ਐਡਵੋਕੇਟ ਧਾਮੀ ਨੇ ਦਬਾਅ ਹੇਠ ਅਸਤੀਫ਼ਾ ਦਿਤਾ- ਗਿਆਨੀ ਹਰਪ੍ਰੀਤ ਸਿੰਘ**

-ਅਸੀਂ ਆਣ ਕੇ ਰੁਲ਼ਾਂਗੇ ਵਿਚ ਵਿਹੜੇ, ਸਾਡੀ ਕੋਈ ਨਾ ਲਵੇਗਾ ਸਾਰ ਹੀਰੇ।




***ਹੁਣ ਪਤਾ ਲੱਗਿਐ ਕਿ ਅਕਾਲ ਤਖ਼ਤ ਦੇ ਹੁਕਮਨਾਮੇ ਸਿਰਫ਼ ਇਸ ਦੀ ਚਾਰ ਦੀਵਾਰੀ ਤੱਕ ਹੀ ਸੀਮਤ ਹੁੰਦੇ ਨੇ- ਜਥੇਦਾਰ ਰਘਬੀਰ ਸਿੰਘ**

-ਲੋਕਾਂ ਭਾਣੇ ਇਸ਼ਕ ਸੁਖਾਲਾ. ਇਸ਼ਕ ਨਾ ਛੱਡਦਾ ਫੱਕਾ ਕੁੜੇ।



***ਕਿਸਾਨ ਚਿੰਤਾ ਨਾ ਕਰਨ, ਫ਼ਸਲਾਂ ਦੇ ਪੂਰੇ ਮੁੱਲ ਦਿਤੇ ਜਾਣਗੇ- ਸ਼ਿਵਰਾਜ ਚੌਹਾਨ**

-ਤੇਰਾ ਲਾਰਾ ਵੇ ਸ਼ਰਾਬੀਆਂ ਦੀ ਗੱਪ ਵਰਗਾ।



***ਕੈਨੇਡਾ 'ਚ ਰੂਬੀ ਢੱਲਾ ਲਿਬਰਲ ਪਾਰਟੀ ਦੀ ਲੀਡਰਸ਼ਿੱਪ ਤੋਂ ਬਾਹਰ, ਦਿਤੀ ਅਯੋਗ ਕਰਾਰ- ਇਕ ਖ਼ਬਰ**

-ਬੀਬੀ ਆਵਾਸੀਆਂ ਨੂੰ ਕੱਢਦੀ ਕੱਢਦੀ ਆਪ ਹੀ ਅਯੋਗ ਕਰਾਰ ਹੋ ਗਈ।



***ਮੈਂ ਕਿਸੇ ਨੂੰ ਵੀ ਨਹੀਂ ਬਖ਼ਸ਼ਾਂਗਾ, ਭਾਰਤ ਹੋਵੇ ਜਾਂ ਚੀਨ- ਟਰੰਪ**

-ਯਾਰੀ ਲੱਗੀ ਤੇ ਲਵਾ 'ਤੇ ਤਖ਼ਤੇ, ਟੁੱਟੀ 'ਤੇ ਚੁਗਾਠ ਪੁੱਟ ਲਈ।

***ਹਰਿਆਣਾ 'ਚ ਕਾਂਗਰਸ ਨੂੰ ਝਟਕਾ: ਚਾਰ ਵੱਡੇ ਆਗੂ ਭਾਜਪਾ 'ਚ ਸ਼ਾਮਲ- ਇਕ ਖ਼ਬਰ**

-ਸੂਰਜ ਚੜ੍ਹਦੇ ਨੂੰ ਹੁੰਦੀਆਂ ਸਲਾਮਾਂ, ਡੁੱਬਦੇ ਨੂੰ ਕੌਣ ਪੁੱਛਦਾ।



***ਅਹੁਦੇ ਦੀ ਸਹੁੰ ਚੁੱਕਣਗੇ ਨਵੇਂ ਚੁਣੇ ਗਏ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ- ਇਕ ਖ਼ਬਰ**

-ਸੰਨ 2029 ਤੱਕ ਭਾਜਪਾ ਨੂੰ ਹੁਣ ਮੌਜਾਂ ਹੀ ਮੌਜਾਂ।



***ਅਕਾਲ ਤਖ਼ਤ ਦੇ ਜਥੇਦਾਰ ਨੇ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ- ਇਕ ਖ਼ਬਰ**

-ਜਥੇਦਾਰ ਜੀ, ਚੰਗਾ ਹੁੰਦਾ ਜੇ ਇਸ ਨੂੰ ਵਿਗਾੜੇ ਹੋਏ ਧੁਮੱਕੜ ਕੈਲੰਡਰ ਦਾ ਨਾਮ ਦਿੰਦੇ।



***2027 ਦੀਆਂ ਚੋਣਾਂ ਲਈ ਭਾਜਪਾ ਅਕਾਲੀ ਦਲ ਨਾਲ ਗੱਠਜੋੜ ਨਹੀਂ ਕਰੇਗੀ- ਮਨਜਿੰਦਰ ਸਿਰਸਾ**

-ਸਿਰਸਾ ਸਾਹਿਬ, ਜਨਾਨੀ ਮਰਦ ਵਿਚ ਕਦੇ ਵੀ ਸੁਲ੍ਹਾ ਹੋ ਸਕਦੀ ਐ।



***ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰ ਰਹੀ ਹੈ ਤੇ ਅੱਗੇ ਵੀ ਕਰਦੀ ਰਹੇਗੀ- ਸ਼ਿਵਰਾਜ ਚੌਹਾਨ**

-ਗੱਲ ਮੁੱਕੀ ਨਾ ਸੱਜਣ ਨਾਲ ਮੇਰੀ, ਅੱਧੀ ਰਾਤੋਂ ਰਾਤ ਟੱਪ ਗਈ।

***ਹੁਣ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖ਼ਲ ਹੋਣਾ ਅਸੰਭਵ- ਅਮਰੀਕੀ ਫ਼ੌਜੀ ਅਧਿਕਾਰੀ**

-ਪਿੰਡ ਪਹਿਰੇ ਲੱਗ ਗਏ ਵੇ, ਚੰਦਰਿਆ ਹੁਣ ਨਾ ਮਾਰੀਂ ਗੇੜੇ।

***ਪੰਥ ਨੂੰ ਸੰਕਟ 'ਚੋਂ ਕੱਢਣ ਦੀ ਬਜਾਇ ਧਾਮੀ ਅਸਤੀਫ਼ਾ ਦੇ ਕੇ ਭੱਜੇ- ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਵਾਲਾ**

-ਸਾਨੂੰ ਵਿਚ ਕੰਡਿਆਂ ਦੇ ਛੱਡ ਕੇ, ਆਪ ਕਿੱਕਰ 'ਤੇ ਚੜ੍ਹ ਗਿਆ ਨੀ।



***ਰਾਕੇਸ਼ ਟਿਕੈਤ ਕਿਸਾਨਾਂ ਦਾ ਏਕਾ ਕਰਵਾਉਣ-ਚੜੂਨੀ**

-ਆਸ਼ਕ ਸੜਦੇ ਧੁੱਪੇ, ਕੁਆਰੀਏ ਛਾਂ ਕਰ ਦੇ।



***ਸੀਨੀਅਰ ਅਕਾਲੀ ਆਗੂ ਐਡਵੋਕੇਟ ਧਾਮੀ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਪਹੁੰਚੇ- ਇਕ ਖ਼ਬਰ**

-ਅੜੀ ਵੇ ਅੜੀ ਨਾ ਕਰ ਬਹੁਤੀ ਤੂੰ ਅੜੀ, ਦੁੱਧ ਪੀ ਲੈ ਬਾਲਮਾਂ, ਵੇ ਮੈਂ ਕਦੋਂ ਦੀ ਖੜ੍ਹੀ।

* * * * * * *

# ਨਿਰਣਾ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



ਧਰਮ ਮਨੁੱਖ ਦੀ ਆਸਥਾ ਤੇ ਵਿਸ਼ਵਾਸ ਹੈ ਜਿਥੇ ਮਨ ਟਿਕੇ ਟਕਾਉ, ਦੁਬਿਧਾ ਵਿੱਚ ਨਾ ਪਉ ਨਾ ਪਾਉ, ਜੀਵਨ ਸੌਖਾ ਤੇ ਸੁਖਾਲਾ ਬਨਾਉਣ ਵਿੱਚ ਯਤਨ ਕਰੀਏ, ਅੱਜ ਦੇ ਮਸ਼ੀਨੀ ਯੁੱਗ ਵਿੱਚ ਤਾਂ ਬੰਦੇ ਦੀ ਭੂਤਨੀ ਭੁੱਲੀ ਪਈ ਹੈ, ਪਛਾਣ ਹੀ ਨਹੀਂ ਕਿ ਕੌਣ ਧਰਮੀ, ਕੌਣ ਭਗਤ-ਦੇਵਤਾ, ਰੱਬੀ ਨੂਰ, ਸਰੂਪ ਹਨ ਬਹੁਤ ਪਰ ਸਤਨਾ-ਜੇ ਲੱਭੇ ਕੌਣ ਤੇ ਕਿਥੇ ਅੰਤ ਅੰਦਰ ਦੀ ਭਾਵਨਾ, ਹੂਕ ਤੇ ਦ੍ਰਿਸ਼ਟੀ ਟੁੰਬ ਦਿੰਦੀ ਹੈ ਪ੍ਰਭੂ ਰਾਹ ਦੱਸਦਾ ਹੈ ਜੇਕਰ ਅਸੀਂ ਉਸ ਪੰਧ ਦੇ ਰਾਹੀ ਬਣੀਏ। ਸਾਡੀ ਆਯੂ ਦੇ ਬਚਪਨ, ਜਵਾਨੀ ਤੇ ਹੁਣ ਬੁਢਾਪਾ ਬਹੁਤ ਵੱਖਰੇ ਸਨ, ਅਸੀਂ ਉਸ ਮਾਪ ਦੰਡ ਨਾਲ ਅੱਜ ਦੀ ਪਨੀਰੀ ਨੂੰ ਨਸੀਹਤਾਂ ਨਹੀਂ ਦੇ ਸਕਦੇ, ਹਾਂ ਕੁਝ ਤਜਰਬੇ ਅਧਾਰਤ ਸਹਾਈ ਤਾਂ ਹੋ ਸਕਦੇ ਹਾਂ, ਪਰ ਸਹਿੰਦੇ ਹੀ ਵਿਸ਼ਾ ਧਰਮ-ਅਰਥ ਦਾ ਹੈ ਕਿ ਸਾਡੇ ਗ੍ਰੰਥ ਭੀ ਬਾਕੀਆਂ ਦੀ ਤਰ੍ਹਾਂ ਗਾਡੀ ਰਾਹ ਤਾਂ ਪ੍ਰੇਰਦੇ ਹਨ ਪਰ ਅਸੀਂ ਭੀ ਅਰਥ ਮਨਮਰਜ਼ੀ ਦੇ ਕੱਢ ਦੂਜਿਆਂ ਨੂੰ ਨਿੰਦ ਸਗੋਂ ਵਿਵਾਦ ਸਹੇੜੀ ਜਾਂਦੇ ਹਾਂ, ਹੁਣ ਇਕ ਧਿਰ ਸਿੱਖ ਧਰਮ ਨੂੰ ਕੂਲਟ ਦੱਸਣ ਲੱਗ ਪਈ, ਬਹੁਤ ਬੇਅਰਥ ਹੈ, ਇੰਨੇ ਪਸਰੇ ਹੋਏ ਨੂੰ ਬੋਲੀ ਕੇਵਲ ਇਕ ਮੇਹਣਾ ਹੈ, ਸਭ ਨੂੰ ਆਪਣੇ ਧਰਮ ਨੂੰ ਮਾਨਤਾ ਦੂਜਿਆਂ ਨੂੰ ਸਤਿਕਾਰਤਾ ਸਹਾਈ ਹੈ। ਕਿਉਂ ਇਕ ਅਲਾਮਤਾਂ ਹਨ ਕਿ ਸਾਡੇ ਧਰਮ ਦੇ ਫਿਰਕੇ ਆਪੋ ਆਪਣੇ ਰਾਗ ਅਲਾਪੀ ਜਾਂਦੇ ਨੇ, ਹੁਣ ਪੰਥ ਦਾ ਕੋਈ ਹੈਡਕੁਆਰਟਰ ਨਹੀਂ, ਇੱਕੀ ਦੁੱਕੀ ਪੰਥ ਹੈ। ਦਮਦਮੀ ਟਕਸਾਲ ਬਾਬਾ (ਸ਼ਹੀਦ) ਦੀਪ ਸਿੰਘ ਨਾਲ ਜੜ੍ਹਤ ਪਰ ਕਿੰਨੇ ਟੁੱਕੜੇ ਬਣਾਈ ਜਾਣ ਲੱਗ ਪਏ, ਪਹਿਲਾਂ ਅਜਨਾਲਾ ਹੁਣ ਇਕ ਨੌਜਵਾਨ ਬੋਲਣ ਲੱਗ ਪਿਆ, ਚੈਨਲ ਦਮਦਮੀ ਟਕਸਾਲ ਤੋਂ ਪ੍ਰਚਾਰੀ ਜਾਂਦੇ ਨੇ ਹਾਲਾਂਕਿ ਟਕਸਾਲ ਦੀ ਮਰਿਯਾਦਾ ਗੁਰਮਰਿਯਾਦਾ ਨਾਲ ਇਕ ਮਿੱਕ ਨਹੀਂ, ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਇਸ ਪਾਸੇ ਅਵੇਸਲੇ, ਇਨ੍ਹਾਂ ਦੇ ਵਿਦਿਆਰਥੀ ਤਾਂ ਸਾਖੀਆਂ ਨੂੰ ਸਿੱਖ ਧਰਮ ਪ੍ਰਚਾਰਦੇ ਨੇ, ਅੱਜ ਕੱਲ੍ਹ ਹਿੰਦੂਆਂ ਦਾ ਵੱਡਾ ਉਤਸਵ ਕੁੰਭ-ਮਹਾਂ ਕੁੰਭ ਦੇਸ਼ ਵਿੱਚ ਇਕ ਰੱਬੀ ਸੁਗਾਤ ਦੀ ਮਾਨਤਾ ਹੈ, ਸਾਨੂੰ ਕੀ ਮੰਨਣ ਪਰ ਬਾਬੇ ਧੁੰਮੇ ਅਤੇ ਹੋਰ ਸਾਧੂ-ਸੰਤ, ਨਿਹੰਗ ਚੁੱਭੀ ਲਉਣ ਗਏ ਤਾਂ ਸਿੱਖ ਵਿਵਾਦੀ ਵਿਸ਼ਾ ਬਣ ਗਿਆ, ਹਾਲਾਂਕਿ ਸਤਰਾਂ ਜਲ ਬਿਨ ਕੁੰਭ ਨਹੀਂ ਯਾਨੀ ਸਾਡੇ ਹਰ ਧਰਮ ਅਸਥਾਨ ਨਾਲ ਤਲਾਅ ਹਨ, ਇਸ਼ਨਾਨ ਦੀ ਪ੍ਰਥਾ ਹੈ। ਇਕ ਪੁਰਾਣੀ ਰੀਤ ਲਿਖਦੀ ਜਾਵਾਂ ਕਿ 60 ਸਾਲ ਪਹਿਲਾਂ ਹਿੰਦੂ ਸਿੱਖ ਮ੍ਰਿਤਕ ਦੇ ਅਸਤ ਹਰਿਦੁਆਰ ਹੀ ਪਾਇਆ ਕਰਦੇ ਸਨ ਤੇ ਦੱਸਦੇ ਹਨ ਕਿ ਪੰਡਤਾਂ ਕੋਲ ਉਥੇ ਹਰ ਪਰਿਵਾਰ ਦੀ ਵੰਸ਼ੀ ਜਾਣਕਾਰੀ ਵਹੀ ਖਾਤਿਆਂ ਵਿੱਚ ਹੈ। ਹੁਣ ਕੀਰਤਪੁਰ ਪ੍ਰਮੰਨਿਆ ਭਾਵੇਂ ਸਿੱਖ ਅਦੇਸ਼ ਵਿੱਚ ਇਹ ਕੋਈ ਭੀ ਧਾਰਾ ਨਹੀਂ, ਮ੍ਰਿਤਕ ਦਾ ਕੀ ਘੱਟ ਜਾਊ ਪੜੀਏ ਪਰ ਪ੍ਰਚਾਰਕਾਂ ਨੇ ਧਰਮ ਨੂੰ ਕਮਾਈ ਦਾ ਸਾਧਨ ਬਣਾ ਲਿਆ ਹੈ, ਵਿਦਵਾਨਾਂ, ਬੁੱਧੀਮਾਨਾਂ, ਲੇਖਕਾਂ ਤੇ ਵਿਭਾਗੀ ਕਰਮਚਾਰੀਆਂ ਨੇ ਭੀ ਇਸ ਪਾਸੇ ਧਿਆਨ ਨਹੀਂ ਦਿੱਤਾ ਤੇ ਵਿਰਸਾ ਨਿਰਾਲਾ ਹੀ ਸਲੇਬਸ ਹੈ, ਸਿੱਖ ਧਰਮ ਵਿੱਚ ਬੜਾ ਵੱਡਾ ਖਲਾਅ 40 ਸਾਲ ਤੋਂ ਆਇਆ ਹੈ। ਅੱਜ ਧਰਮ 'ਤੇ ਜਾਤ-ਬਰਾਦਰੀ ਦਾ ਕਬਜ਼ਾ ਹੈ, ਸ਼੍ਰੋਮਣੀ ਕਮੇਟੀ ਲਾਚਾਰ, ਸਿਆਸੀ ਪਾਰਟੀ ਦਾ ਤਾਂ ਚਲੋ ਆਪਣਾ ਸਿਧਾਂਤ ਹੁੰਦਾ ਹੈ, ਪਰ ਦੂਜੀਆਂ ਪਾਰਟੀਆਂ ਭੀ ਸਿੱਖ ਨੇ ਪਰ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਹੁਕਮ ਹੈ ਕਿ ਸਿਧਾਂਤਾਂ 'ਤੇ ਚੱਲੋ, ਜੋ ਧਮੱਚੀ ਇਸ ਵੇਲੇ ਮਚੀ ਪਈ ਹੈ, ਇਹ ਫੇਰ ਚੁਰਾਸੀ ਦੇ ਬੱਦਲ ਹਨ, ਇਸੇ ਸੰਦਰਭ ਵਿੱਚ ਸਿੱਖ ਚਿੰਤਕਾਂ ਨੂੰ ਉਪਰਾਲੇ ਕਰਨੇ ਬਣਦੇ ਹਨ, ਮੀਡੀਆ ਤਾਂ ਤੱਤਪਰ ਹੈ ਫੇਰ ਹਫੜਾ ਦਫੜੀ ਮਚੇ, ਅਖ਼ਬਾਰ ਭੂਮਿਕਾ ਨਿਭਾ ਸਕਦੇ ਹਨ, ਦੇਸੀ ਚੈਨਲ, ਵਿਦੇਸ਼ੀ ਤਮਾਸ਼ਬੀਨ ਤਾਂ ਪੱਬਾਂ ਭਾਰ ਨੇ, ਕੋਈ ਵਿਧੀ ਪ੍ਰਮਾਤਮਾਂ ਦੇ ਗੁਰ-ਆਧਾਰਤ ਘੜੋ, ਫਰਜ ਨਿਭਾਉ।

**ਨਿਰਣਾ**

ਧਰਮ ਪਸਾਰ ਤਾਂ ਪ੍ਰਚਾਰਕਾਂ ਵਪਾਰੀਆਂ ਕਰਕੇ ਹੋਇਆ ਪਰ ਰਸਮ ਰਵਾਜ਼ ਭੀ ਕਾਰੋਬਾਰੀਆਂ ਨੇ ਬਣਾ ਧਰੇ, ਪਿੰਡ ਵਿੱਚ ਦੂਜਿਆਂ ਸੂਬਿਆਂ ਤੋਂ ਆਏ ਵਾਸੀਆਂ ਨੇ ਪੁਰਾਣੇ ਪੇਂਡੂਆਂ ਦੇ ਕਾਰੋਬਾਰ ਸਾਂਭ ਲੇ, ਗੇਟ ਖੜਕਿਆਂ ਤਾਂ ਦੋ ਤ੍ਰੀਮਤਾਂ ਇਕ ਦੇ ਸਿਰ 'ਤੇ ਟੋਕਰਾ ਦੂਜੀ ਨਾਲ ਲਫਾਫੇ ਫੜਾਉਣ ਲਈ, ਭਰਜਾਈ ਕਹਿੰਦੀ ਲਉ ਜੀ ਜਲੇਬੀ ਖਾਉ, ਪੁੱਛਣ 'ਤੇ ਕਿ ਇਹ ਕੀ ਦੱਸਦੀ ਹੈ ਕਿ ਹੁਣ ਇਹ ਰਵਾਜ ਹੈ ਕਿ ਵਿਆਹ ਤੋਂ ਪਹਿਲਾਂ ਜਲੇਬੀ ਫੇਰ ਹੁੰਦੀ ਹੈ ਫੇਰ ਸ਼ਗਨ ਦੇਣ ਜਾਈਦਾ, ਕੱਲ੍ਹ ਨੂੰ 100 ਰੁਪਏ ਦੇ ਕੇ ਆਊਂਗੀ, ਮੈਂ ਹੱਸ ਕੇ ਕਿਹਾ ਪੰਜ ਜਲੇਬੀਆਂ ਸੌ ਦੀਆਂ, ਹੁਣ ਸੋਚਣ ਲੱਗੀ ਕਿ ਪਹਿਲਾਂ ਸਾਡੇ ਆਪਣੇ ਹੀ ਬ੍ਰਾਹਮਣ, ਨਾਈ, ਝੀਊਰ ਤੇ ਘੁਮਾਰ ਜੱਟਾਂ ਨਾਲ ਮਜਦੂਰ ਸਭ ਰਲ੍ਹਕੇ ਕਾਰੋਬਾਰੀ ਸਨ, ਆਹ ਹਿਮਾਚਲੀਆਂ ਨੇ ਹਲਵਾਈ ਪੁਣਾ ਕਰਕੇ ਰਵਾਜ ਬਣਾ ਤਾ, ਸਾਡੇ ਕਿੱ-ਤਾਕਾਰੀ ਫੇਰ ਸ਼ਹਿਰੀ ਜਾ ਵਸੇ, ਟਾਮਾਂ ਹੀ ਰਹਿ ਗਿਆ, ਬਜ਼ਾਰ ਜਾਣਾ ਸੀ ਪਿੰਡ ਦਾ ਟੈਂਪੂ ਵਾਲਾ ਸੱਦਿਆ ਸਾਲਮ ਲਈ, ਦੇਖਦੇ ਸਾਰ ਕਹਿੰਦਾ ਮੈਂ ਸੰਤੇ ਝੀਊਰ ਦੇ ਪਰਿਵਾਰ ਵਿੱਚੋਂ ਹਾਂ ਜੀ ਤੁਹਾਡੇ ਕੰਮ ਕਰਦਾ ਹੁੰਦਾ ਸੀ, ਮੈਂ ਝੱਟ ਕਿਹਾ ਹਾਂ ਤਾਇਆ ਜੀ ਸੰਤਾ ਆਖਦੇ ਹੁੰਦੇ ਸੀ, ਪਿੰਡ ਦੀ ਤਾਂ ਨੁਹਾਰ ਬਦਲ ਗਈ, ਪਿਛਲੀ ਵਾਰੀ ਤਾਂ ਪੰਡਤਾਂ ਦਾ ਮੁੰਡਾ ਬੇਟੀ ਨੂੰ ਮਿਲਿਆ ਤੇ ਆਖੇ ਤੂੰ ਸਕੰਦਰ ਦੀ ਭਾਣਜੀ ਹੈਂ, ਉਹ ਬੱਸ (ਲੋਕਲ) 'ਤੇ ਅੱਡੇ 'ਤੇ ਕੰਮ ਕਰਦਾ ਸੀ, ਕਹਿੰਦਾ ਤੂੰ ਟਿਕਣ ਨੀ ਲੈਣਾ ਸਾਡੀ ਭਾਣਜੀ ਹੈ, ਮੇਰਾ ਦੋਸਤ ਸੀ ਤੇਰਾ ਮਾਮਾ ਯਾਨੀ ਆਹ ਸੱਭਿਅਤਾ ਸੀ, ਹੁਣ ਵਿਚਾਰਾ ਵਿਸਰ ਗਿਆ ਸੀ, ਸਾਡੀ ਤਾਂ ਪਾਲਣਾ ਹੀ ਸੀ ਕਿ ਸਭ ਨੂੰ ਬਾਬਾ ਜੀ ਤਾਇਆ ਚਾਚਾ ਬਾਈ ਜੀ ਬੇਬੇ ਜੀ, ਅੰਮਾ ਜੀ ਚਾਚੀ ਤਾਈ ਭਾਬੀ ਭੈਣ ਬੀਬੀ ਆਖਣਾ ਹੈ, ਜਾਤ ਬਰਾਦਰੀ ਕੋਈ ਹੋਵੇ, ਹੁਣ ਬਣ ਬਣ ਦੀ ਲੱਕੜੀ ਹੈ, ਪਹਿਲ੍ਹ ਵਿਚਾਰਨ ਗੋਚਰਾਂ ਕਿ ਸਾਡੇ ਨੌਜਵਾਨ ਹੀ ਨਹੀਂ ਮਾਪੇ ਭੀ ਵਿਦੇਸ਼ਾਂ ਨੂੰ ਵਹੀਰਾਂ ਨੇ, ਕੀ 40 ਤੋਂ 60 ਲੱਖ ਲਾ ਕੇ ਹੁਣ ਧੱਕੇ ਧੋਲ੍ਹੇ ਖਾ ਮੁੜੇ, ਜੋ ਪੰਜਾਬ ਵਿੱਚ ਆਮਦ ਹੈ ਕਿਵੇਂ ਨਿੱਕੇ ਤੋਂ ਵੱਡੇ ਕੰਮ ਕਰਕੇ ਮਿਡਲ ਕਲਾਸ ਬਣ ਗਏ, ਕੋਈ ਭੀ ਲੱਖ ਨਹੀਂ ਲਾਇਆ, ਬਿਹਾਰੀ ਕੀ ਦੱਸਦਾ ਹੈ ਕਿ ਆ ਕੇ ਜੱਟਾਂ ਦੇ ਪਸ਼ੂ ਸਾਂਭਣ 'ਤੇ ਲੱਗਿਆ ਸੀ, ਅੱਜ ਜਾਇਦਾਤੀ ਹੈ, ਪੰਜਾਬੀ ਬਣ ਗਿਆ, ਆਹ ਅਮਰੀਕਾ ਤੋਂ ਕੱਢੇ ਸਭ ਕੁਝ ਗੁਆ ਹੁਣ ਕਸੂਰ ਏਜੰਟਾ ਦਾ ਹੀ ਦੱਸਦੇ ਨੇ, ਭਾਈ ਤੁਸੀਂ ਭੀ ਦੋਸ਼ੀ ਹੋ ਜੋ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਏ, ਪਾਸਪੋਰਟ ਭੀ ਕਿਹੜੇ ਸੱਚ 'ਤੇ ਬਣਵਾਏ, ਸਭ ਜਾਣਕਾਰੀ ਹੁੰਦਿਆਂ ਭੀ ਹੁਣ ਏਜੰਟ ਹੀ ਧੋਖਾਧੜ ਅੱਗੋਂ ਵਿਰੋਧੀ ਸਰਕਾਰ ਨੂੰ ਭੰਡਣ 'ਤੇ ਨੇ, ਜੀ ਰੁਜ਼ਗਾਰ ਦਿੱਤਾ ਹੁੰਦਾ ਕਿਉਂ ਜਾਂਦੇ? ਸੱਚ ਹੈ? ਨਾਲੇ ਹੁਣ ਜੀ ਮੁਆਵਜੇ ਦਿਉ ਸਾਡੇ ਪੈਸੇ ਵਾਪਸ ਕਰਾਵੋ, ਵਾਸਤਵ ਵਿੱਚ ਤਾਂ ਇਹ ਸਾਰੇ ਗੈਰ-ਕਾਨੂੰਨੀ ਢੰਗ ਵਿੱਚ ਅੜਿੰਗੇ ਭੀ ਜਾ ਸਕਦੇ ਨੇ, ਹਾਲੇ ਕਿਹੜਾ ਇਨ੍ਹਾਂ ਨੇ ਹੱਟ ਜਾਣਾ, ਕਸੂਰ ਹੁਣ ਕਿਸਾਨ ਆਗੂਆਂ ਦਾ ਭੀ ਹੈ, ਧਰਨੇ-ਮੋਰਚੇ ਲਾ-ਲਾ ਕੇ ਕੋਈ ਉਦਯੋਗਪਤੀ ਪੂੰਜੀ ਲਉਣ ਲਈ ਪੰਜਾਬ ਵਿੱਚ ਤਿਆਰ ਨਹੀਂ, ਹਾਂ ਜੇ ਅਡਾਨੀ ਅੰਬਾਨੀ ਹੀਆ ਕਰਨ ਭੀ ਤਾਂ ਵੜਨ ਨੀ ਦੇਣੇ ਜੀ ਇਹ ਤਾਂ ਭਾਜਪਾ ਦੇ ਹਨ, ਦੱਸੋ ਰੁਜ਼ਗਾਰ ਦੇ ਸਾਧਨ ਕਿਥੋਂ, ਪੰਜਾਬ ਦਾ ਤਾਂ 4 ਸਾਲ ਤੋਂ ਲੱਕ ਤੋੜ ਧਰਿਆ ਇਨ੍ਹਾਂ ਮੋਰਚੀਆਂ ਨੇ, ਘੱਟ ਕੋਈ ਭੀ ਨਹੀਂ, ਕੇਵਲ ਕਿਸਾਨ ਹੀ ਨਹੀਂ ਸਾਰੇ ਵਰਗ ਹੀ ਇੱਕੋ ਰਾਹ, ਦੂਜਾ ਨੰਬਰ ਹੈ ਇੰਨਸਾਫੀਆਂ ਦਾ ਭਲਾ ਸਾਲ ਵਿੱਚ ਕੋਈ ਪ੍ਰਾਪਤੀ ਹੋਈ, ਬੱਸ ਹਵਾਰਾ ਬਾਪੂ, ਫਰਾਂਸ ਸਾਹਬ ਦੀ ਪ੍ਰਸਿੱਧੀ, ਕੋਈ ਕਾਨੂੰਨ ਨਹੀਂ ਕਿ ਸਜ਼ਾ ਪੂਰੀ ਹੋਣ 'ਤੇ ਕੈਦੀ ਰਿਹਾਅ ਹੋਣ, ਮਹਿਕਮਾਂ ਪੜਚੋਲ ਕਰਦਾ ਹੈ, ਛੱਡਣ ਵਾਲਾ ਛੱਡ ਦਿੱਤਾ ਜਾਂਦਾ ਹੈ ਜੇਕਰ ਸਾਰੇ ਟੈਸਟ ਪਾਸ ਕਰਦਾ ਹੋਵੇ, ਇਹ ਸਿਆਸਤਾਂ ਨੇ ਝੁੱਗਾ ਚੌੜ ਕਰ ਲਿਆ ਸੂਬੇ ਦਾ।

## ਕਮਲਾ ਹੈਰਿਸ ਨੇ ਵੱਕਾਰੀ ਚੇਅਰਮੈਨ ਪੁਰਸਕਾਰ ਜਿੱਤਿਆ



ਲਾਸ ਏਂਜਲਸ- ਅਮਰੀਕਾ ਦੀ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਸ਼ਨਿਚਰਵਾਰ ਰਾਤ ਨੂੰ ਐੱਨਏਏਸੀਪੀ ਇਮੇਜ ਐਵਾਰਡਜ਼ ਦੇ ਪਲੇਟਫਾਰਮ ਤੇ ਇਕ ਗੰਭੀਰ ਸੁਨੇਹੇ ਨਾਲ ਪੁੱਜੀ। ਉਨ੍ਹਾਂ ਨਾਗਰਿਕ ਅਧਿਕਾਰ ਸੰਗਠਨ ਨੂੰ ਸਿਆਹਫਾਮ ਭਾਈਚਾਰੇ ਦਾ ਇਕ ਥੰਮ੍ਹ ਕਿਹਾ ਅਤੇ ਲੋਕਾਂ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਦੌਰਾਨ ਲਚਕੀਲਾ ਬਣੇ ਰਹਿਣ ਅਤੇ ਆਪਣੇ ਵਿਸ਼ਵਾਸ 'ਤੇ ਕਾਇਮ ਰਹਿਣ ਦੀ ਅਪੀਲ ਕੀਤੀ।

ਹੈਰਿਸ ਨੇ ਨੈਸ਼ਨਲ ਐਸੋਸੀਏਸ਼ਨ ਫਾਰ ਦਿ ਐਡਵਾਂਸਮੈਂਟ ਆਫ਼ ਕਲਰਡ ਪੀਪਲਜ਼ ਚੇਅਰਮੈਨ ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਕਿਹਾ, ਹਾਲਾਂਕਿ ਅਸੀਂ ਆਪਣੀ ਅਮਰੀਕੀ ਕਹਾਣੀ ਦੇ ਇਸ ਅਧਿਆਏ ਵਿੱਚ ਕਿਸ ਨਾਲ ਮੁਕਾਬਲਾ ਕਰਨਾ ਹੈ, ਇਸ ਬਾਰੇ ਕੋਈ ਭਰਮ ਨਹੀਂ ਹੈ ਪਰ ਇਹ ਅਧਿਆਏ ਸਿਰਫ਼ ਓਵਲ ਆਫ਼ਿਸ ਵਿੱਚ ਬੈਠਣ ਵਾਲੇ ਵਿਅਕਤੀ ਜਾਂ ਸਾਡੇ ਚੋਂ ਸਭ ਤੋਂ ਅਮੀਰ ਵਿਅਕਤੀ ਵੱਲੋਂ ਨਹੀਂ, ਬਲਕਿ ਅਮਰੀਕੀ ਕਹਾਣੀ ਤੁਹਾਡੇ ਵੱਲੋਂ ਲਿਖੀ ਜਾਵੇਗੀ। ਸਾਡੇ ਵੱਲੋਂ ਲਿਖੀ ਜਾਵੇਗੀ। ਅਸੀਂ ਲੋਕਾਂ ਵੱਲੋਂ। ਉਹ ਪਹਿਲਾਂ ਕੈਲੀਫੋਰਨੀਆ ਤੋਂ ਅਮਰੀਕੀ ਸੈਨੇਟਰ ਤੇ ਸੂਬੇ ਦੀ ਅਟਾਰਨੀ ਜਨਰਲ ਰਹਿ ਚੁੱਕੇ ਹਨ। ਅਹੁਦਾ ਛੱਡਣ ਤੋਂ ਬਾਅਦ ਆਪਣੀ ਪਹਿਲੀ ਪ੍ਰਮੁੱਖ ਜਨਤਕ ਹਾਜ਼ਰੀ ਵਿੱਚ ਹੈਰਿਸ ਨੇ ਚੋਣਾਂ ਚ ਹੋਈ ਹਾਰ ਜਾਂ ਓਵਲ ਆਫ਼ਿਸ ਵਿੱਚ ਦਾਖ਼ਲ ਹੋਣ ਤੋਂ ਬਾਅਦ ਟਰੰਪ ਦੇ ਕੰਮਾਂ ਦਾ ਜ਼ਿਕਰ ਨਹੀਂ ਕੀਤਾ। ਹਾਲਾਂਕਿ, ਟਰੰਪ ਨੇ ਉਸ ਦਿਨ ਪਹਿਲੀ ਕੰਜ਼ਰਵੇਟਿਵ ਪੋਲੀਟੀਕਲ ਐਕਸ਼ਨ ਕਾਨਫਰੰਸ ਵਿੱਚ ਉਨ੍ਹਾਂ ਦਾ ਮਜ਼ਾਕ ਉਡਾਇਆ ਸੀ।

## ==ਪਾਠਕਾਂ ਦੇ ਪੱਤਰ==

ਪੁਰੇਵਾਲ ਸਾਹਬ ਜੀ ਖਿਮਾਂ ਕਰਿਉ ਭੱਖਦੇ, ਦਗਦੇ ਹੀ ਸੋਹਦੇ ਨੇ ਬੇਹੇ ਸਵੀਕਾਰੇ ਨੀ ਜਾਂਦੇ, ਕੁਝ ਸਮਾਂ ਹੋਇਆ ਇਕ ਭਾਈਬੰਦ ਨੇ ਚੈਨਲ 'ਤੇ ਆਹ ਬਾਦਰੀਆਂ ਅੱਖਰ ਵਰਤਿਆ ਹਿਰਖ ਤਾਂ ਨਾ ਹੋਇਆ ਹਾਸਾ ਜਰੂਰ, ਹੁਣ ਅਸੀਂ ਸਿੱਧ ਕਰੀ ਜਾ ਰਹੀਆਂ, ਕੀ ਲਿਖਤਾਂ, ਚੈਨਲਾਂ ਤੇ ਯੂ: ਟੂਬਾਂ 'ਤੇ ਭਮੀਰੀਆਂ ਵਾਂਗੂ ਭਮੱਤਰੀਆਂ, ਬਰਾਦਰੀ ਨੇ ਸਾਡੀ ਮੱਤ ਕੁਮੱਤ ਕਰਤੀ, ਬੀਬੀ ਜਗੀਰ ਕੌਰ ਕੱਲ ਕੀ ਪ੍ਰਧਾਨ ਧਾਮੀ ਨੂੰ ਬੋਲੇ ਅੱਜ ਕਹਿੰਦੀ ਅਸਤੀਫਾ ਕਿਉਂ? ਉਸਕਲ-ਅਸੂਲ ਮਿੱਧਤੇ ਚੇਤੇ ਕਰੋ ਤਲਬੀ ਸਮੇਂ ਇਹ ਆਪ ਅਕਾਲ ਤਖ਼ਤ 'ਤੇ ਪੇਸ਼ ਨਹੀਂ ਸੀ ਹੋਈ ਸਗੋਂ ਮੱਥਾ ਟੇਕ ਮੁੜੀ ਸੀ, ਹੁਣ ਸਿੰਘ ਸਾਹਬ ਜਪਣ ਲੱਗੀ ਅਸੀਂ ਪ੍ਰਮੇਸ਼ਰ ਦਾ ਆਸਰਾ ਵਿਸਰਗੇ, ਸਾਈਂ ਸਾਡੇ ਸਿਰ 'ਤੇ ਹੱਥ ਨੀ ਧਰਦਾ ਤਾਂ ਹੀ ਕੌਮ ਦਾ ਕੁਝ ਬਣਦਾ ਨਹੀਂ।

ਕਿਸਾਨਾਂ ਦੀ ਅੱਡ ਮੰਡੀ ਹੈ, ਮਰਨ-ਵਰਤ 'ਤੇ ਡੱਲੇਵਾਲ ਨੂੰ ਹਰ ਥਾਂ ਵਹਿੰਗੀ 'ਤੇ ਚੁੱਕੀ ਫਿਰੋ, ਮੰਗਾਂ ਨਹੀਂ, ਦੰਗਾ ਹੈ, ਕਾਂਗਰਸੀ ਝੰਡਾ ਹੈ। ਬੇਨਤੀ ਹੈ ਆਪ ਇਸ ਮੁੱਦੇ 'ਤੇ ਸੰਪਾਦਕੀ ਲਿਖੋ ਜੇਕਰ ਕੋਈ ਅਸਰ ਹੋ ਜਾਵੇਗਾ, ਆਪ ਦਾ ਬਹੁਤ ਧੰਨਵਾਦ ਤੇ ਸੇਵਾ ਸਫ਼ਲ, ਫੇਰ ਮੁਆਫ਼ੀ ਮੰਗਦੀ ਹਾਂ ਕਿ ਮੈਂ ਬਹੁਤ ਵਰਕੇ ਘੇਰ ਲਏ, ਪਰ ਹੋਰ ਕੋਈ ਸਾਧਨ ਨਹੀਂ ਜਿਥੇ ਦੁੱਖ ਰੋਈਏ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਪੰਜਾਬ ਦਾ ਨੌਜਵਾਨ ਗ਼ੈਰ ਕਾਨੂੰਨੀ ਰਸਤੇ 'ਡੰਕੀ' ਵੱਲ ਕਿਉਂ ਉੱਲਰ ਗਿਆ?

ਹਰਜਿੰਦਰ ਸਿੰਘ ਸਿੱਧੂ





ਇੱਕ ਗਾਇਕ ਵਲੋਂ ਫੁਕਰਪੰਥੀ ਵਿਚ ਗਾਇਆ ਗਿਆ ਗੀਤ ਟਰੈਂਡਿੰਗ ਵਿਚ ਆਉਂਦੈ ਕਿ 'ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ, ਨੀਂ ਤੂੰ ਦੁੱਕੀ ਤਿੱਕੀ ਛਿੱਕੀ ਦੀ ਤਾਂ ਗੱਲ ਛੱਡ ਦੇ'। ਉਧਰ ਅਮਰੀਕਾ ਦੀ ਸੱਤਾ ਪਲਟਦੀ ਐ ਤੇ ਡੋਨਲਡ ਟਰੰਪ ਦੂਜੀ ਵਾਰ ਰਾਸ਼ਟਰਪਤੀ ਵਜੋਂ ਕੁਰਸੀ 'ਤੇ ਕਾਬਜ਼ ਹੁੰਦਾ ਹੈ। ਦੂਜੀ ਵਾਰ ਰਾਸ਼ਟਰਪਤੀ ਬਣੇ ਡੋਨਾਲਡ ਟਰੰਪ ਨੇ ਆਪਣੇ ਪਹਿਲੇ ਭਾਸ਼ਣ 'ਚ ਹੀ ਦੁਨੀਆ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਟਰੰਪ ਦੇ ਨਵੇਂ ਹੁਕਮਾਂ ਨੇ ਦੁਨੀਆ ਨੂੰ ਸੋਚਾਂ ਵਿਚ ਪਾ ਦਿੱਤਾ ਹੈ। ਖ਼ਾਸਕਰ ਪਹਿਲੇ ਦਿਨ ਤੋਂ ਹੀ ਗ਼ੈਰ ਕਾਨੂੰਨੀ ਤਰੀਕੇ ਨਾਲ ਪ੍ਰਵਾਸ ਕਰਕੇ ਅਮਰੀਕਾ ਆਉਣ ਵਾਲਿਆਂ 'ਤੇ ਟਰੰਪ ਨੇ ਸ਼ਿਕੰਜਾ ਕੱਸ ਦਿੱਤਾ ਹੈ। ਜਿੱਥੇ ਟਰੰਪ ਨੇ ਮੈਕਸੀਕੋ ਸਰਹੱਦ 'ਤੇ ਐਮਰਜੈਂਸੀ ਐਲਾਨ ਦਿੱਤੀ ਹੈ ਉੱਥੇ ਹੀ ਗ਼ੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਗਏ ਵੱਖ-ਵੱਖ ਦੇਸ਼ਾਂ ਦੇ 17000 ਲੋਕਾਂ ਨੂੰ ਹਿਰਾਸਤ 'ਚ ਲੈਣ ਦੀ ਗੱਲ ਵੀ ਕਹੀ ਹੈ। ਹਿਰਾਸਤ 'ਚ ਲਏ ਗ਼ੈਰ ਕਾਨੂੰਨੀ ਪ੍ਰਵਾਸੀਆਂ 'ਚ ਭਾਰਤੀਆਂ ਦੀ ਵੀ ਵੱਡੀ ਗਿਣਤੀ ਦੱਸੀ ਜਾ ਰਹੀ ਹੈ। ਗ਼ੈਰ ਕਾਨੂੰਨੀ ਪਾਏ ਗਏ ਭਾਰਤੀਆਂ ਨੂੰ ਅਮਰੀਕਾ ਨੇ ਡਿਪੋਰਟ ਕਰ ਦਿੱਤਾ ਅਤੇ ਕਾਰਵਾਈ ਕਰਦਿਆਂ ਹੱਥਕੜੀਆਂ ਤੇ ਬੇੜੀਆਂ ਲਾ ਕੇ ਭੇਜੇ ਗਏ ਭਾਰਤੀ ਲੋਕਾਂ ਨੂੰ ਲੈ ਕੇ ਤਿੰਨ ਫੌਜੀ ਜਹਾਜ਼ ਅੰਮ੍ਰਿਤਸਰ ਉੱਤਰੇ ਹਨ। ਜਿਉਂ ਹੀ ਅਮਰੀਕੀ ਮੀਡੀਆ 'ਚ ਭਾਰਤੀਆਂ ਨੂੰ ਡਿਪੋਰਟ ਕਰਕੇ ਫ਼ੌਜੀ ਜਹਾਜ਼ਾਂ ਰਾਹੀਂ ਭਾਰਤ ਭੇਜਣ ਦੀਆਂ ਖ਼ਬਰ ਨਸ਼ਰ ਹੋਈਆਂ ਤਾਂ ਭਾਰਤ 'ਚ ਵੀ ਸਿਆਸੀ ਹਲਚਲ ਤੇਜ਼ ਹੋ ਗਈ। ਵਿਰੋਧੀ ਧਿਰਾਂ ਨੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ। ਡਿਪੋਰਟ ਹੋ ਕੇ ਆਇਆਂ ਨਾਲ ਬੇਸ਼ੱਕ ਹਰ ਸਿਆਸੀ ਤੇ ਸਮਾਜਿਕ ਆਗੂ ਨੇ ਹਮਦਰਦੀ ਜਤਾਈ। ਮੰਤਰੀਆਂ ਨੇ ਵੀ ਮੀਟਿੰਗਾਂ ਕੀਤੀਆਂ। ਮੁੱਖ ਮੰਤਰੀ ਨੇ ਟ੍ਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਵੱਡੇ ਹੁਕਮ ਸੁਣਾਏ ਪਰ ਇਸ ਮਸਲੇ ਪਿੱਛੇ ਲੁਕੇ ਅਸਲ ਕਾਰਨਾਂ ਨੂੰ ਖੋਜਣ ਲਈ ਕੋਈ ਯਤਨ ਕਰਦਾ ਨਜ਼ਰ ਨਹੀਂ ਆ ਰਿਹਾ।

ਪ੍ਰਵਾਸ ਕਰਨਾ ਕੋਈ ਮਾੜੀ ਗੱਲ ਨਹੀਂ ਹੈ, ਮੁੱਢੋਂ ਹੀ ਮਨੁੱਖ ਆਪਣੀ ਰੋਜ਼ੀ-ਰੋਟੀ ਲਈ ਪ੍ਰਵਾਸ ਕਰਦਾ ਆਇਆ ਹੈ। ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ਾਂ ਵੱਲ ਜਾਣ ਦਾ ਵਰਤਾਰਾ ਵੀ ਕੋਈ ਨਵਾਂ ਨਹੀਂ। ਪਰ 'ਡੰਕੀ' ਰਾਹੀਂ 40-45 ਲੱਖ ਲਾ ਕੇ ਵਿਦੇਸ਼ ਜਾਣ ਦਾ ਰੁਝਾਨ ਪਿਛਲੇ ਕਈ ਸਾਲਾਂ ਤੋਂ ਜ਼ਿਆਦਾ ਜ਼ੋਰਾਂ ਨਾਲ ਚੱਲ ਰਿਹਾ ਹੈ। ਡਿਪੋਰਟ 'ਤੇ ਸਿਆਸਤ ਕਰਨ ਤੋਂ ਪਹਿਲਾਂ ਸਾਡੀਆਂ ਸਰਕਾਰਾਂ ਨੂੰ ਇਸ ਮਸਲੇ 'ਤੇ ਸਿਰ ਜੋੜ ਕੇ ਸੋਚਣ ਦੀ ਲੋੜ ਹੈ, ਕਿ ਇਸ ਬਿਮਾਰੀ ਦੀ ਜੜ੍ਹ ਕਿੱਥੇ ਹੈ? ਆਖ਼ਰ ਅਮਰੀਕਾ ਨੇ ਡਿਪੋਰਟ ਕਿਉਂ ਕੀਤਾ?

ਜ਼ਿਕਰਯੋਗ ਹੈ ਕਿ ਹਰ ਦੇਸ਼ ਦਾ ਆਪਣਾ ਕਾਨੂੰਨ ਅਤੇ ਇਮੀਗ੍ਰੇਸ਼ਨ ਨਿਯਮ ਹੁੰਦੇ ਹਨ। ਉਸੇ ਤਰ੍ਹਾਂ ਹੀ ਅਮਰੀਕਾ ਨੇ ਆਪਣੇ ਕਾਨੂੰਨ ਅਨੁਸਾਰ ਇਹ ਕਦਮ ਚੁੱਕਿਆ ਹੈ। ਗ਼ੈਰ ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਕੇ ਆਪਣੇ ਦੇਸ਼ 'ਚ ਘੁਸਣ ਨੂੰ ਕੋਈ ਵੀ ਦੇਸ਼ ਪ੍ਰਵਾਨ ਨਹੀਂ ਕਰੇਗਾ। ਸੋ ਅਮਰੀਕਾ ਨੇ ਜੋ ਕਾਰਵਾਈ ਕੀਤੀ ਹੈ ਉਹ ਸਿਰਫ਼ ਉਨ੍ਹਾਂ ਉੱਪਰ ਕੀਤੀ ਹੈ ਜੋ ਗ਼ੈਰ ਕਾਨੂੰਨੀ ਤਰੀਕੇ ਨਾਲ ਬਿਨਾਂ ਕਿਸੇ ਕਾਗਜ਼ਾਂ 'ਤੋਂ 'ਡੰਕੀ' ਰਾਹੀਂ ਅਮਰੀਕਾ ਗਏ ਸਨ। ਜੋ ਲੋਕ ਪੂਰੇ ਕਾਗਜ਼ਾਂ ਨਾਲ ਵੀਜ਼ਾ ਲੈ ਕੇ ਸਹੀ ਤਰੀਕੇ ਨਾਲ ਅਮਰੀਕਾ ਗਏ ਹਨ, ਕੀ ਅਮਰੀਕਾ ਨੇ ਉਨ੍ਹਾਂ 'ਚੋਂ ਕਿਸੇ ਨੂੰ ਡਿਪੋਰਟ ਕੀਤਾ ਹੈ? ਫਿਰ ਇਸ ਗੱਲ ਨੂੰ ਵੱਡੇ ਪੱਧਰ 'ਤੇ ਪ੍ਰਚਾਰਨਾ ਬੇਤੁਕਾ ਹੈ ਕਿ ਅਮਰੀਕਾ ਨੇ ਭਾਰਤੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਅਸੀਂ ਇਸ ਗੱਲ 'ਤੋਂ ਮੁਨਕਰ ਹੋ ਰਹੇ ਹਾਂ ਕਿ ਅਮਰੀਕਾ 'ਚ ਜਿਹੜੇ ਭਾਰਤੀ ਜਾਂ ਹੋਰ ਦੇਸ਼ਾਂ ਦੇ ਲੋਕ ਜੋ ਹਿਰਾਸਤ 'ਚ ਲਏ ਹਨ, ਉਹ ਹਨ ਤਾਂ ਗ਼ੈਰ ਕਾਨੂੰਨੀ ਅਤੇ ਗ਼ੈਰ ਕਾਨੂੰਨੀ ਤੌਰ 'ਤੇ ਫੜੇ ਜਾਣਾ ਅਪਰਾਧਿਕ ਹੈ।

ਵਿਚਾਰਨਯੋਗ ਹੈ ਕਿ ਜੇਕਰ ਸਾਡੇ ਦੇਸ਼ ਵਿਚ ਕਿਸੇ ਹੋਰ ਦੇਸ਼ ਦੇ ਲੋਕ ਬਿਨਾਂ ਕਾਗਜ਼ਾਂ ਤੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਕੇ ਆ ਜਾਣ ਤੇ ਫੜੇ ਜਾਣ ਤਾਂ ਸਾਡਾ ਕਾਨੂੰਨ, ਸਾਡੀ ਫ਼ੌਜ ਉਨ੍ਹਾਂ ਨਾਲ ਕਿਵੇਂ ਪੇਸ਼ ਆਵੇਗੀ?

ਇੱਥੇ ਡਿਪੋਰਟ ਕੀਤੇ ਜਾਣ ਦੇ ਨਾਲ-ਨਾਲ ਇਸ ਸਵਾਲ 'ਤੇ ਚਿੰਤਨ ਕਰਨ ਦੀ ਲੋੜ ਹੈ ਕਿ ਆਖ਼ਰ ਗ਼ੈਰ ਕਾਨੂੰਨੀ ਪਰਵਾਸ ਪਿੱਛੇ ਅਸਲ ਕਾਰਨ ਕੀ ਹਨ? ਕਿਉਂ ਪਿਛਲੇ ਇੱਕ ਡੇਢ ਦਹਾਕੇ ਤੋਂ ਗ਼ੈਰ ਕਾਨੂੰਨੀ ਪਰਵਾਸ ਹੱਦੋਂ ਜ਼ਿਆਦਾ ਵਧ ਗਿਆ? ਕਿਉਂ ਪੰਜਾਬ ਦਾ ਨੌਜਵਾਨ ਇਸ ਗ਼ੈਰ ਕਾਨੂੰਨੀ ਰਸਤੇ 'ਡੰਕੀ' ਵੱਲ ਉੱਲਰ ਗਿਆ ?




ਉਪਰੋਕਤ ਸਾਰੇ ਸਵਾਲਾਂ ਦੇ ਪਿੱਛੇ ਸਾਡਾ ਰਾਜਨੀਤਕ ਤੇ ਸਮਾਜਿਕ ਸਿਸਟਮ, ਆਰਥਿਕ ਨਿਘਾਰ ਅਤੇ ਵਿੱਦਿਅਕ ਢਾਂਚਾ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹੈ। ਸਿਆਸੀ ਪਾਰਟੀਆਂ ਸੱਤਾ 'ਤੇ ਕਾਬਜ਼ ਹੋਣ ਲਈ ਚੂਹਾ ਦੌੜ 'ਚ ਲੱਗੀਆਂ ਹੋਈਆਂ ਹਨ। ਪਿਛਲੇ ਦੋ ਦਹਾਕਿਆਂ ਤੋਂ ਸਰਕਾਰਾਂ ਕੋਲ ਨੌਜਵਾਨਾਂ ਲਈ ਕੋਈ ਪ੍ਰੋਗਰਾਮ ਹੀ ਨਹੀਂ ਹੈ, ਇੱਥੋਂ ਤੱਕ ਕਿ ਸਮਾਜ ਸੇਵਾ ਤੇ ਹੋਰ ਯੂਥ ਸਰਗਰਮੀਆਂ 'ਚ ਚੰਗਾ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਸੂਬਾ ਸਰਕਾਰ ਵੱਲੋਂ ਮਿਲਣ ਵਾਲਾ ਸ਼ਹੀਦ ਭਗਤ ਸਿੰਘ ਰਾਜ ਪੁਰਸਕਾਰ ਵੀ ਠੰਢੇ ਬਸਤੇ ਪਾਇਆ ਹੋਇਆ ਹੈ। ਯੂਥ ਨੂੰ ਲੈ ਕੇ ਸਰਕਾਰ ਦਾ ਵਿਜ਼ਨ ਧੁੰਦਲਾ ਹੋ ਚੁੱਕਾ ਹੈ। ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਨੌਜਵਾਨਾਂ ਨੇ ਬਹੁਤ ਵੱਡੇ ਪੱਧਰ 'ਤੇ ਪੰਜਾਬ ਦੀ ਮੌਜੂਦਾ ਸੱਤਾ ਧਿਰ 'ਆਪ' 'ਤੇ ਯਕੀਨ ਕਰਕੇ ਸਾਥ ਦਿੱਤਾ ਕਿ ਬਦਲਾਅ ਆਵੇਗਾ, ਪਰ ਇਸ ਬਦਲਾਅ ਦੀ ਇਸ ਸਰਕਾਰ 'ਚ ਵੀ ਨੌਜਵਾਨਾਂ ਨੂੰ ਰੁਜ਼ਗਾਰ ਲਈ ਸੜਕਾਂ 'ਤੇ ਧਰਨੇ ਜਾਂ ਅਦਾਲਤਾਂ ਵਿਚ ਰੁਲਣਾ ਪੈ ਰਿਹਾ ਹੈ। ਨਸ਼ੇ ਦਾ ਕਲੰਕ ਇਸ ਸਰਕਾਰ ਤੋਂ ਵੀ ਸਾਫ਼ ਹੁੰਦਾ ਨਜ਼ਰ ਨਹੀਂ ਆ ਰਿਹਾ। ਆਰਥਿਕ ਤੌਰ 'ਤੇ ਵਧ ਰਹੇ ਪਾੜੇ ਨੇ ਸਮਾਜ ਦੀ ਵਰਗ ਵੰਡ ਕਰ ਦਿੱਤੀ ਹੈ। ਰਿਉੜੀਆਂ ਵਾਂਗ ਮੁਫ਼ਤ 'ਚ ਵੰਡੀਆਂ ਸਰਕਾਰੀ ਸਕੀਮਾਂ ਨੇ ਜਿੱਥੇ ਸੂਬੇ ਦੇ ਖਜ਼ਾਨੇ ਦਾ ਦਿਵਾਲਾ ਕੱਢ ਦਿੱਤਾ, ਉੱਥੇ ਹੀ ਮੁਫ਼ਤਖੋਰੀ ਨੇ ਲੋਕਾਂ ਨੂੰ ਮਾਨਸਿਕ ਅਪਾਹਿਜ ਬਣਾ ਦਿੱਤਾ ਹੈ। ਕਿਸਾਨੀ ਵੱਡੇ ਸੰਕਟ 'ਚੋਂ ਲੰਘ ਰਹੀ ਹੈ। ਇੱਥੇ ਇੱਕ ਪੱਖ ਇਹ ਵੀ ਵੇਖਣਾ ਬਣਦਾ ਹੈ ਕਿ ਜਿਹੜੇ ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਂਦੇ ਹਨ, ਉਨ੍ਹਾਂ ਵਿਚੋਂ ਬਹੁਤੇ ਘੱਟ ਪੜ੍ਹੇ ਜਾਂ ਕੋਈ ਟੈਸਟ ਪਾਸ ਨਾ ਕਰਨ ਵਾਲੇ ਹਨ। ਜਿਨ੍ਹਾਂ ਕੋਲ ਚੰਗੀ ਸਕਿੱਲ ਹੈ ਉਨ੍ਹਾਂ ਨੂੰ ਤਾਂ ਆਪਣੇ ਦੇਸ਼ 'ਚ ਵੀ ਕੰਮ ਦੀ ਕੋਈ ਕਮੀਂ ਨਹੀਂ। ਕਰੋਨਾ ਸਮੇਂ ਅਸੀਂ ਵੇਖਿਆ ਕਿ ਕੁੱਝ ਕੁ ਫ਼ੀਸਦੀ ਨੌਜਵਾਨ ਸਟਾਰਟਅੱਪ ਜਾਂ ਸਵੈ-ਰੁਜ਼ਗਾਰ ਵੱਲ ਮੁੜੇ ਹਨ ਅਤੇ ਆਪਣਾ ਚੰਗਾ ਕਾਰੋਬਾਰ ਸ਼ੁਰੂ ਕੀਤਾ ਹੈ। ਪਰ ਸਵਾਲ ਸਾਡੀ ਵਿੱਦਿਅਕ ਪ੍ਰਣਾਲੀ 'ਤੇ ਵੀ ਉੱਠਦਾ ਹੈ ਕਿ, ਕੀ ਸਾਡੀ ਮੌਜੂਦਾ ਸਿੱਖਿਆ ਨੌਜਵਾਨ ਪੀੜ੍ਹੀ ਨੂੰ ਹੁਨਰ ਦੇ ਰਹੀ ਹੈ ? ਸੂਬੇ 'ਚ ਬੇਰੁਜ਼ਗਾਰੀ ਵਧਣ ਦਾ ਇੱਕ ਕਾਰਨ ਇਹ ਵੀ ਹੈ ਕਿ ਸਾਡੀ ਪੀੜ੍ਹੀ ਕੋਲ਼ ਹੁਨਰ ਦੀ ਘਾਟ ਹੈ। ਮੌਜੂਦਾ ਪੀੜ੍ਹੀ ਰਾਤੋ ਰਾਤ ਪੈਸਾ ਕਮਾਉਣਾ ਚਾਹੁੰਦੀ ਹੈ, ਫਿਰ ਰਸਤਾ ਚਾਹੇ ਕੋਈ ਵੀ ਹੋਵੇ। ਸੋ ਲੋੜ ਹੈ ਸਾਡੀਆਂ ਸਰਕਾਰਾਂ ਨੂੰ ਇਸ ਗੰਭੀਰ ਮਸਲੇ ਨੂੰ ਡੂੰਘਾਈ ਤੋਂ ਸਮਝਣ ਦੀ। ਡਿਪੋਰਟ ਦੇ ਮਸਲੇ 'ਤੇ ਸੜਕਾਂ ਤੋਂ ਲੈ ਕੇ ਨੈਸ਼ਨਲ ਮੀਡੀਆ ਤੱਕ ਹਰ ਪਲੇਟਫਾਰਮ ਤੇ ਬੇਹੱਦ ਸਿਆਸਤ ਹੋ ਰਹੀ ਹੈ ਪਰ ਡਿਪੋਰਟ ਤੋਂ ਪਹਿਲਾਂ ਸਰਕਾਰਾਂ ਗ਼ੈਰ ਕਾਨੂੰਨੀ ਪਰਵਾਸ 'ਤੇ ਨਕੇਲ ਕੱਸਣ। ਲੋਕਾਂ ਨੂੰ ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਲੈ ਕੇ ਜਾਣ ਦੇ ਸੁਪਨੇ ਵਿਖਾ ਕੇ ਲੁੱਟਣ ਵਾਲੇ ਏਜੰਟਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਜਿਸ ਕੰਮ ਦੀ ਭਾਲ 'ਚ ਨੌਜਵਾਨ ਆਪਣੀ ਜਾਨ ਖ਼ਤਰੇ 'ਚ ਪਾ ਕੇ ਵਿਦੇਸ਼ਾਂ ਨੂੰ ਭੱਜਦੇ ਹਨ, ਉਹ ਵਸੀਲੇ ਆਪਣੇ ਮੁਲਕ 'ਚ ਪੈਦਾ ਕੀਤੇ ਜਾਣ। ਲੋੜ ਹੈ ਖਲਾਅ 'ਚ ਭਟਕਦੀ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਕੋਈ ਠੋਸ ਪ੍ਰੋਗਰਾਮ ਨੀਤੀਆਂ ਦਾ ਹਿੱਸਾ ਬਣਾਇਆ ਜਾਵੇ ਤਾਂ ਜੋ ਇਸ ਗ਼ੈਰ ਕਾਨੂੰਨੀ ਪਰਵਾਸ ਦੇ ਦੈਂਤ ਤੋਂ ਪੰਜਾਬ ਦੇ ਹੋਰਨਾਂ ਪੁੱਤਾਂ ਨੂੰ ਬਚਾਇਆ ਜਾ ਸਕੇ।

******

# ਕਾਵਿ-ਕਿਆਰੀ



## ਅੰਧਸਤਾਨ



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

ਅੰਧ ਵਿਸ਼ਵਾਸ ਦੀ ਕੁੰਭੀ ਦੇ ਵਿੱਚ,
ਹਿੰਦੋਸਤਾਨ ਹੈ ਗਰਕ ਰਿਹਾ,
ਸਵਰਗਾਂ ਦੇ ਸੁਪਨੇ ਦਿਖਲਾ ਕੇ,
ਹਰ ਬਾਬਾ ਭੋਗ ਸਭ ਠਰਕ ਰਿਹਾ।

ਹਰ ਬਾਜ਼ਾਰ 'ਤੇ ਹਰ ਗਲੀ ਵਿੱਚ,
ਟੱਲ 'ਤੇ ਸੰਖ ਨਿਰੰਤਰ ਵੱਜਦੇ,
ਗਰੀਬ ਦੀ ਘਾਲ਼ ਕਮਾਈ ਉੱਤੇ,
ਕਰੋੜਾਂ ਨਿਖੱਟੂ ਨਿੱਤ ਪਲ਼ਦੇ ਰੱਜਦੇ।

ਤੀਰਥ ਯਾਤਰਾਵਾਂ ਦੇ ਵਪਾਰੀ,
ਧੰਦਾ ਕਰਨ ਹਰ ਦਿਨ ਤੇ ਰਾਤੀਂ,
ਅੰਨ੍ਹੇ ਭਗਤਾਂ ਦੀ ਸਮੁੱਚੀ ਹੇੜ੍ਹ ਨੂੰ,
ਲੁੱਟੀ ਜਾਣ ਉਹ ਗੱਲੀਂ ਬਾਤੀਂ।

ਮਿੱਧਦੇ ਇੱਕ ਦੂਜੇ ਨੂੰ ਤੀਰਥੀਏ,
ਪਰਵਾਹ ਨਾ ਕਰਦੇ ਹੋਰ ਕਿਸੇ ਦੀ,
ਚਿੱਕੜ ਵਿੱਚ ਇਸ਼ਨਾਨ ਕਰਨ ਦੀ,
ਦੌੜ ਹੈ ਲੱਗੀ ਹਰ ਗਧੇ ਦੀ।

ਜਿਸ ਦੇਸ਼ ਦਾ ਨੇਤਾ ਇਹ ਸਮਝੇ,
ਉਹ ਮਾਂ ਪੇਟੋਂ ਨਹੀਂ ਹੈ ਜੰਮਿਆ,
ਅਫਸੋਸ ਕਿ ਅੰਨ੍ਹੇ ਇੱਕ ਵੀ ਭਗਤ ਨੇ,
ਉਸ ਦਾ ਇਹ ਹੰਕਾਰ ਨਹੀਂ ਭੰਨਿਆ।

ਜਿਸ ਧਰਤੀ ਦੇ ਪੜ੍ਹੇ ਲਿਖੇ ਵੀ,
ਭੂਤ ਪ੍ਰੇਤ ਦੀਆਂ ਡਿਗਰੀਆਂ ਦੇਵਣ,
ਉਸ ਧਰਤੀ ਦਾ ਕਿਹੜਾ ਵਾਸੀ,
ਭੰਡੇ ਉਨ੍ਹਾਂ ਦੇ ਥੋਥੇ ਖੇਖਣ।

ਨੰਗੇਜ ਦੇ ਉੱਤੇ ਕਾਨੂੰਨ ਦਾ ਡੰਡਾ,
ਪਰ ਨਾਂਗੇ ਸਾਧ ਕਿਸੇ ਤੋਂ ਨ੍ਹੀਂ ਡਰਦੇ,
ਨੂਹਾਂ ਧੀਆਂ ਦੀਆਂ ਕਰਾ ਡੰਡੌਤਾਂ,
ਬੇਸ਼ਰਮ ਮਾਪੇ ਅਸ਼ ਅਸ਼ ਕਰਦੇ।

ਸਾਧਾਰਨ ਲੋਕਾਂ ਦੀਆਂ ਔਰਤਾਂ ਦੀ,
ਹਰ ਦਿਨ ਨੰਗੀ ਪਰੇਡ ਹੈ ਹੁੰਦੀ,
ਸਾਸ਼ਨ ਰਲ਼ ਸਾਜ਼ਿਸ਼ ਹੈ ਘੜਦਾ,
ਸਿਰ ਚੜ੍ਹ ਫਿਰੇ ਭੀੜ ਸਭ ਗੁੰਡੀ।

ਵਹਿਮ ਭਰਮ ਤੇ ਜਾਦੂ ਟੂਣੇ,
ਜਿਸ ਧਰਤੀ ਦਾ ਧਰਮ ਈਮਾਨ ਹੈ,
ਐਸੀ ਧਰਤੀ ਦਾ ਨਾਂ ਫਿਰ ਯਾਰੋ,
ਕੋਈ ਹੋਰ ਨਹੀਂ, ਬੱਸ ਅੰਧਸਤਾਨ ਹੈ।
* * * * * *

## ਮਾਂ ਬੋਲੀ ਪੰਜਾਬੀ

ਫੁੱਲਾਂ ਵਿੱਚ ਸਮਾਈ ਜਿਵੇਂ ਮਹਿਕ ਗੁਲਾਬ ਦੀ
ਜਾਨ ਤੋਂ ਪਿਆਰੀ ਸਾਨੂੰ ਬੋਲੀ ਹੈ ਪੰਜਾਬ ਦੀ

ਨਾਨਕ ਫ਼ਰੀਦ ਬੁੱਲ੍ਹੇ ਸ਼ਾਹ ਦੀ ਮਾਂ ਜਾਈ ਹੈ
ਨੂਰਪੁਰੀ ਮੋਹਨ ਸ਼ਿਵ ਰੱਜ ਰੱਜ ਗਾਈ ਹੈ
ਬਾਬਾ ਜਦੋਂ ਬੋਲੇ ਬੋਲੇ ਤਾਰ ਵੀ ਰਬਾਬ ਦੀ
ਜਾਨ ਤੋਂ ਪਿਆਰੀ ਸਾਨੂੰ ਬੋਲੀ ਹੈ ਪੰਜਾਬ ਦੀ

ਮਿਸ਼ਰੀ ਤੋਂ ਮਿੱਠੀ ਇਹ ਨਦੀ ਹੈ ਪਿਆਰ ਦੀ
ਪ੍ਰੇਮ ਦੇ ਪੁਜਾਰੀਆਂ ਨੂੰ ਕੱਚਿਆਂ 'ਤੇ ਤਾਰਦੀ
ਐਨਾ ਵੱਡੇ ਪਿਆਰ ਕੋਈ ਗੱਲ ਨਹੀਂ ਹਿਸਾਬ ਦੀ
ਜਾਨ ਤੋਂ ਪਿਆਰੀ ਸਾਨੂੰ ਬੋਲੀ ਹੈ ਪੰਜਾਬ ਦੀ

ਬਾਂਹ ਚੁੱਕ ਹਾਲੀ ਜਦੋਂ ਗੀਤ ਕਦੇ ਗਾਉਂਦੇ ਨੇ
ਗਾਧੀ ਉੱਤੇ ਬੈਠ ਹੇਕ ਮਿਰਜ਼ੇ ਦੀ ਲਾਉਂਦੇ ਨੇ
ਬੋਲਾਂ ਵਿੱਚੋਂ ਰੱਸ ਡੁੱਲ੍ਹੇ ਪੋਰੀ ਜਿਉਂ ਕਮਾਦ ਦੀ
ਜਾਨ ਤੋਂ ਪਿਆਰੀ ਸਾਨੂੰ ਬੋਲੀ ਹੈ ਪੰਜਾਬ ਦੀ

ਇਹਦੇ ਪੇਕੇ ਘਰ ਅੱਜ ਚੱਲੀ ਹੋਈ ਹਨ੍ਹੇਰੀ ਹੈ
ਮਤਰੇਈ ਮਾਂ ਵਾਂਗ ਅੱਖ ਧੀਆਂ ਪੁੱਤਾਂ ਫੇਰੀ ਹੈ
ਕਦਰ ਭੁਲਾ ਬੈਠੇ ਸੋਹਣੀ ਦੇ ਸ਼ਬਾਬ ਦੀ
ਜਾਨ ਤੋਂ ਪਿਆਰੀ ਸਾਨੂੰ ਬੋਲੀ ਹੈ ਪੰਜਾਬ ਦੀ

ਮਜ਼ਬੀ ਜਨੂੰਨ ਇਹਨੂੰ ਲੈ ਕੇ ਅੱਜ ਬਹਿ ਗਿਆ
ਬਦਲਿਆ ਰੰਗ ਲਹੂ ਚਿੱਟਾ ਹੋ ਕੇ ਰਹਿ ਗਿਆ
ਬੱਚਿਆਂ ਤੋਂ ਆਸ ਕਦੇ ਹੁੰਦੀ ਨਹੀਂ ਜਵਾਬ ਦੀ
ਜਾਨ ਤੋਂ ਪਿਆਰੀ ਸਾਨੂੰ ਬੋਲੀ ਹੈ ਪੰਜਾਬ ਦੀ

ਜਾਗੋ ਭੈਣੋ ਵੀਰੋ ਐਵੇਂ ਬੈਠੋ ਅੱਖਾਂ ਮੀਟ ਨਾ
ਮਾਂ ਬੋਲੀ ਵਿਸਰੇ ਇਹ ਕੋਈ ਭਲੀ ਰੀਤ ਨਾ
ਭੰਡਾਲ ਪੰਜਾਬੀ ਸ਼ਾਨ ਮਾਝੇ ਮਾਲਵੇ ਦੁਆਬ ਦੀ
ਜਾਨ ਤੋਂ ਪਿਆਰੀ ਸਾਨੂੰ ਬੋਲੀ ਹੈ ਪੰਜਾਬ ਦੀ
ਉਜਾਗਰ ਸਿੰਘ ਭੰਗਲ

## ਕਵਿਤਾ

ਸੁਖਬੀਰ ਸਿੰਘ
(JSR)



ਰੋਈਏ ਕਰ ਕਰ ਯਾਦ, ਅਸੀਂ ਲੰਘ ਚੁੱਕੇ ਕੱਲ ਨੂੰ
ਵਿੱਚ ਉਲਜਣਾ ਉਲਜੇ, ਨਾ ਅਸੀਂ ਲੱਭੀਏ ਅੱਜ ਦੇ ਹੱਲ ਨੂੰ
ਸਾਹਾਂ ਵਾਲਾ ਗੇੜ ਵੀ ਹੁਣ ਤਾਂ ਹੰਭ ਦਾ ਜਾਂਦਾ ਏ,
ਜੋ ਕੋਲ ਨਹੀਂ ਓਹਨਾਂ ਫ਼ਿਕਰਾਂ ਵਿੱਚ,
ਸਾਡਾ ਅੱਜ ਵੀ ਲੰਘ ਦਾ ਜਾਂਦਾ ਏ

ਆਉਣ ਵਾਲੇ ਦਾ ਪਤਾ ਨਹੀਂ, ਸਾਹ ਆਵੇਗਾ ਕੇ ਨਾ,
ਲਿੱਖ ਕੇ ਮਿਲੀ ਜੇ ਹੋਵੇ ਜ਼ਿੰਦਗੀ, ਫਿਕਰ ਤੇ ਕਰੀਏ ਤਾਂ
ਝੂਠੇ ਮੋਹ ਵਿੱਚ ਮਨ ਏ ਸਾਡਾ, ਹਰ ਦਿਨ ਰੰਗ ਦਾ ਜਾਂਦਾ ਏ
ਜੋ ਕੋਲ ਨਹੀਂ ਓਹਨਾਂ ਫ਼ਿਕਰਾਂ ਵਿੱਚ ,
ਸਾਡਾ ਅੱਜ ਵੀ ਲੰਘ ਦਾ ਜਾਂਦਾ ਏ

ਜੀਣ ਵਾਲੇ ਤੇ ਅੱਧਾ ਸਾਹ ਵੀ, ਰੱਜ ਕੇ ਜੀਣਾ ਜਾਣ ਦੇ ਨੇ
ਜ਼ਿੰਦਗੀ ਦਾ ਹਰ ਔਖਾ ਸੌਖਾ,ਰੰਗ ਓ ਹੱਸ ਕੇ ਮਾਣ ਦੇ ਨੇ
ਪਈਆਂ ਮੁਸੀਬਤਾਂ ਨੂੰ ਹੌਂਸਲੇ ਨਾਲ , ਉਹ ਸੂਲੀ ਟੰਗ ਦਾ ਜਾਂਦਾ ਏ
ਜੋ ਕੋਲ ਨਹੀਂ ਓਹਨਾਂ ਫ਼ਿਕਰਾਂ ਵਿੱਚ,
ਸਾਡਾ ਅੱਜ ਵੀ ਲੰਘ ਦਾ ਜਾਂਦਾ ਏ

ਮੌਤ ਦਾ ਡਰ ਜੇ ਨਿਕਲੇ ਮਨ ਤੋਂ, ਜ਼ਿੰਦਗੀ ਬੜੀ ਕਮਾਲ ਹੋਵੇ
ਕਦੀ ਨਹੀਂ ਔਖੇ ਵੇਲੇ ਹਰ ਦਾ, ਜੋ ਬੰਦਾ ਖੁਦ ਦੇ ਨਾਲ ਹੋਵੇ
ਨਾਲ ਮੁਸੀਬਤਾਂ ਲੜਨ ਦਾ ਹੌਂਸਲਾ,ਓ ਤੇ ਮੰਗ ਦਾ ਜਾਂਦਾ ਏ
ਜੋ ਕੋਲ ਨਹੀਂ ਓਹਨਾਂ ਫ਼ਿਕਰਾਂ ਵਿੱਚ ,
ਸਾਡਾ ਅੱਜ ਵੀ ਲੰਘ ਦਾ ਜਾਂਦਾ ਏ

## ਸਬਕ

ਪਤਾ ਹੋਣੈ ਕਿ ਕਾਹਤੋਂ ਪੱਤਰ ਝੜਦੇ ਨੇ।
ਝੜਨੇ ਕਰਕੇ ਨਵੇਂ ਨਵੇਂ ਰੰਗ ਫੜਦੇ ਨੇ।

ਕੌਣ ਹਵਾਵਾਂ ਨੂੰ ਦੱਸੇ ਕਿ ਕਿੰਝ ਵਗਣਾ,
ਆਪੋ ਵਿਚ ਟਕਰਾ ਕੇ ਜੰਗਲ ਸੜਦੇ ਨੇ।

ਲਗਦੇ ਹੁੰਦੇ ਡੁੱਬਦੇ ਪਰ ਉਹ ਡੁੱਬਣ ਨਾ,
ਚੰਨ ਸਿਤਾਰੇ ਸੂਰਜ ਜੋ ਵੀ ਚੜ੍ਹਦੇ ਨੇ।

ਜੀਣ ਜੋਗਿਓ ਕਾਸ਼ ਕਿ ਜੀਣਾ ਆ ਜਾਂਦਾ,
ਕੁਦਰਤ ਤੋਂ ਕਦ ਸਬਕ ਆਦਮੀ ਪੜ੍ਹਦੇ ਨੇ।

ਜੇ ਅਟਕਾਏ ਕਿੰਨਾ ਚਿਰ ਉਹ ਅਟਕਣਗੇ,
ਟਿਭਣੇ ਲਈ ਜੋ ਯਾਰ ਬਹਾਨੇ ਘੜਦੇ ਨੇ।


ਨਾ ਹੀ ਸੁਖੀ ਹੋਵੇ ਖੁਦ ਹੋਰਾਂ ਨੂੰ ਰੱਖੇ,
ਅਜਕਲ ਦੇ ਤਾਂ ਸੁੱਖ ਬੰਦੇ ਦੇ ਲੜਦੇ ਨੇ।

ਜਿਊਣੇ ਤੋਂ ਉਹ ਮੁਨਕਰ ਹੀ ਨੇ ਹੋ ਜਾਂਦੇ,
ਦੇਖ ਚਣੌਤੀ ਨੂੰ ਜੋ ਅੰਦਰ ਵੜਦੇ ਨੇ।

ਵੇਗ ਸਮੇਂ ਦਾ ਸਭ ਨੂੰ ਸਿੱਧੇ ਕਰ ਦਿੰਦਾ,
ਚਿੱਤੋਂ ਵਿੱਤੋਂ ਅੜੀਅਲ ਭਾਵੇਂ ਅੜਦੇ ਨੇ।

ਦਿਲ ਨੂੰ ਦੋਸ਼ ਬਥੇਰੇ ਸਹਿਣੇ ਪੈਂਦੇ ਨੇ,
ਦਿਲ ਤੋਂ ਬਾਹਰੇ ਹੋਏ ਵਹਿਣ ਲੈ ਹੜਦੇ ਨੇ।

ਬਦਲ ਜਾਂਦਾ ਹੈ ਬੰਦਾ, ਬਦਲੇ ਰੌਅ 'ਢੇਸੀ',
ਲੜਨੇ ਵਾਲੇ ਨਾਲ ਵੀ ਆ ਕੇ ਖੜ੍ਹਦੇ ਨੇ।



ਕੁਲਵੰਤ ਸਿੰਘ ਢੇਸੀ, ਯੂ ਕੇ

## ਕਾਵਿ-ਵਿਅੰਗ

## ਬਲਖ ਬੁਖਾਰੇ ਤੋਂ ਮੋੜਾ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

'ਡੱਜੂ' ਤੁਰ ਪੈਂਦੇ 'ਬਲਖ-ਬੁਖਾਰਿਆਂ' ਨੂੰ
ਬਾਹਰ ਜਾਣ ਦਾ ਮਚਿਆ ਹੜਕੰਪ ਹੋਵੇ।
'ਜੂਆ ਖੇਡ੍ਹਣ' ਦੇ ਵਾਂਗ ਉਹ ਚੱਲ ਪੈਂਦੇ
ਲਾਉਣੀ 'ਡੌਂਕੀ' ਜਾਂ ਟੱਪਣਾ 'ਡੰਪ' ਹੋਵੇ।
ਕੋਈ ਸੁਣਦਾ ਨਾ ਕੜੇ ਕਾਨੂੰਨ-ਕਾਇਦੇ
ਪੁੱਠੀ 'ਹੱਥ-ਕੜੀ' ਵਾਲ਼ਾ ਭੂ-ਕੰਪ ਹੋਵੇ।
ਸੱਚ ਦੀ 'ਰੌਸ਼ਨੀ' ਵੱਲ੍ਹ ਨੂੰ ਦੇਖਦੇ ਨਹੀਂ
ਬਲ਼ ਰਿਹਾ 'ਡਿਪੋਰਟਾਂ' ਦਾ 'ਲੈਂਪ' ਹੋਵੇ।
ਮੁੜ ਫਿਰ ਧਰਤੀ 'ਤੇ ਲੱਗਦੇ ਪੈਰ ਔਖੇ
ਜੜ੍ਹੋਂ ਉੱਖੜਨ ਦਾ ਲੱਗਾ ਜੇ 'ਜੰਪ' ਹੋਵੇ।
ਰਾਸ਼ਟਰਪਤੀ 'ਸਮੁੰਦਰੋਂ ਪਾਰ' ਦਾ ਐ
ਵਿਚ ਪੰਜਾਬ ਦੇ 'ਟਰੰਪ-ਟਰੰਪ' ਹੋਵੇ !
000000000

# ਲੋਕ ਅਖਾਣ ਬਨਾਮ ਸਿਆਣਪਾਂ ਦੀ ਪਹਿਚਾਣ

**ਰਮੇਸ਼ ਬੱਗਾ ਚੋਹਲਾ**
ਮੋਬ:9463132719



ਸਦੀਆਂ ਤੋਂ ਪੰਜਾਬੀਆਂ ਦੁਆਰਾ ਬੋਲੇ ਜਾਂਦੇ ਅਖਾਣ ਨਾ ਸਿਰਫ ਪੰਜਾਬੀ ਬੋਲੀ ਦਾ ਸ਼ਿੰਗਾਰ ਹਨ ਸਗੋਂ ਇਸ ਦਾ ਵੱਡਮੁੱਲਾ ਸਰਮਾਇਆ ਵੀ ਹਨ। ਇਹ ਉਹ ਜਿਉਂਦੇ-ਜਾਗਦੇ ਪ੍ਰਤੀਬਿੰਬ ਹਨ ਜਿਨ੍ਹਾਂ ਦੁਆਰਾ ਕੋਈ ਵਿਅਕਤੀ ਆਪਣੇ ਸੰਦੇਸ਼ ਨੂੰ ਸੁਹਜਮਈ ਢੰਗ ਨਾਲ ਸੰਚਾਰਿਤ ਕਰ ਸਕਦਾ ਹੈ। ਇਹ ਅਖਾਣ ਤੀਖਣ-ਵਿਅੰਗ, ਗੁੱਝੀ ਚੋਟ ਅਤੇ ਉਚੇਚੇ ਉਪਦੇਸ਼ ਰਾਹੀਂ ਜੀਵਨ ਦੇ ਯਥਾਰਥ ਦੀ ਸੋਝੀ ਕਰਵਾਉਂਦੇ ਹਨ। ਬਿੰਬਾਤਮਕ ਪੇਸ਼ਕਾਰੀ,ਸੂਤਰ ਸ਼ੈਲੀ ਅਤੇ ਸੁਹਜਮਈ ਬਿਆਨ ਕਰਕੇ ਇਹ ਅਖਾਣ ਕਾਵਿ-ਗੁਣਾਂ ਨਾਲ ਵੀ ਭਰਪੂਰ ਹਨ।

ਇਨ੍ਹਾਂ ਅਖਾਣਾਂ ਦੁਆਰਾ ਸੰਚਾਰਤ ਅਰਥ ਸਥਾਈ ਨਹੀਂ ਸਗੋਂ ਪ੍ਰਸਥਿਤੀਆਂ ਅਨੁਸਾਰੀ ਹੁੰਦੇ ਹਨ। ਕਈ ਅਖਾਣ ਆਪਣੇ ਅਰਥ ਸਿੱਧ-ਪੱਧਰੇ ਬਿਆਨ ਕਰ ਜਾਂਦੇ ਹਨ ਪਰ ਕਈਆਂ ਵਿਚ ਡੂੰਘੀਆਂ ਰਮਜ਼ਾਂ ਅਤੇ ਵਿਅੰਗ ਲੁਪਤ ਹੁੰਦਾ ਹੈ। ਮਨੁੱਖ ਇਕ ਸਮਾਜਿਕ ਜੀਵ ਹੋਣ ਕਰਕੇ ਚੇਤੰਨਤਾ ਨਾਲ ਲਬਰੇਜ਼ ਹੁੰਦਾ ਹੈ। ਇਸ ਲਈ ਉਹ ਹਰ ਕੰਮ ਨਵੇਂ ਸਿਰਿਓਂ ਕਰਨ ਨਾਲੋਂ ਆਪਣੇ ਪੁਰਖਿਆਂ ਦੇ ਅਨੁਭਵਾਂ ਦਾ ਲਾਹਾ ਲੈਣਾ ਵਧੇਰੇ ਉਚਿਤ ਸਮਝਦਾ ਹੈ।

ਪੰਜਾਬੀ ਅਖਾਣ ਪੰਜਾਬੀ ਸਭਿਆਚਾਰ ਦਾ ਸ਼ੀਸ਼ਾ ਹੋਣ ਕਰਕੇ ਸਮੇਂ ਦੇ ਸੱਚ ਨੂੰ ਬਗੈਰ ਕਿਸੇ ਮੁਲੰਮੇ ਦੇ ਪੇਸ਼ ਕਰਦੇ ਹਨ। ਇਨ੍ਹਾਂ ਦੁਆਰਾ ਕਿਸੇ ਸੰਦੇਸ਼ ਦਾ ਸੰਜਮਮਈ ਅਤੇ ਸੁਹਜਮਈ ਢੰਗ ਨਾਲ ਸੰਚਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਅਖਾਣਾਂ ਦੁਆਰਾ ਪ੍ਰਸਾਰਿਤ ਕੀਤਾ ਜਾਂਦਾ ਗਿਆਨ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੇ ਬਰਾਬਰ ਹੈ। ਹਰੇਕ ਪੜ੍ਹਿਆ,ਅੱਧ-ਪੜ੍ਹਿਆ ਅਤੇ ਅਨਪੜ੍ਹਿਆ ਮਨੁੱਖ ਆਪਣੀ ਰੋਜ਼-ਮੱਰਾ ਦੀ ਬੋਲਬਾਣੀ ਵਿਚ ਇਨ੍ਹਾਂ ਅਖਾਣਾਂ ਦੀ ਵਰਤੋਂ ਆਮ ਕਰਦਾ ਮਿਲ ਜਾਂਦਾ ਹੈ। ਪੇਸ਼ ਹਨ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੇ ਕੁੱਝ ਅਖਾਣ:-

0 **ਉਸ ਪੇਕੇ ਕੀ ਜਾਣਾ ਜਿਥੇ ਸਿਰ ਪਾਣੀ ਨਾ ਪਾਣਾ:**-ਪਿੰਡ ਭਾਵੇਂ ਪੇਕਿਆਂ ਦਾ ਹੀ ਹੋਵੇ ਪਰ ਸੁਖ-ਅਰਾਮ ਤੋਂ ਬਗੈਰ ਉਥੇ ਜਾਣਾ ਵੀ ਬੇਕਾਰ ਹੁੰਦਾ ਹੈ।

0 **ਉਜੜੀਆਂ ਭਰਜਾਈਆਂ ਵਲੀ ਜਿਨ੍ਹਾਂ ਦੇ ਜੇਠ:**-ਜੇਕਰ ਘਰ ਦੇ ਵੱਡ-ਵਡੇਰੇ ਹੀ ਨਿਕੰਮੇ ਹੋਣ ਤਾਂ ਉਨ੍ਹਾਂ ਦਾ ਆਸਰਾ ਭਾਲਣ ਵਾਲਿਆਂ ਦਾ ਹਾਲ ਵੀ ਮੰਦਾ ਹੀ ਹੁੰਦਾ ਹੈ।

0 **ਉਠ ਨੀ ਨੂੰਹੇਂ ਨਿਸਲ ਹੋ ਚਰਖਾ ਛੱਡ ਤੇ ਚੱਕੀ ਝੋ:**-ਜਦੋਂ ਹੁਸ਼ਿਆਰੀ ਨਾਲ ਕਿਸੇ ਨੂੰ ਸੌਖੇ ਕੰਮ ਦੀ ਥਾਂ ਕੋਈ ਔਖਾਂ ਕੰਮ ਕਰਨ ਲਈ ਕਿਹਾ ਜਾਵੇ।

0 **ਅੱਗੇ ਬੀਬੀ ਟੱਪਣੀ ਪਿੱਛੇ ਢੋਲਾਂ ਦੀ ਗੜਗੱਜ:**-ਜਦੋਂ ਕੋਈ ਬੇਕਾਬੂ ਸੁਭਾਅ ਦਾ ਮਾਲਕ ਹੋਵੇ,ਉਪਰੋਂ ਹਾਲਾਤ ਵੀ ਉਹੋ ਜਿਹੇ ਹੀ ਮਿਲ ਜਾਣ।

0 **ਅੰਨ੍ਹੀ ਕੁੱਤੀ ਜਲੇਬੀਆਂ ਦੀ ਰਾਖੀ:**_ਜਦੋਂ ਕਿਸੇ ਅਣਅਧਿਕਾਰੀ ਨੂੰ ਅਧਿਕਾਰ ਸੌਂਪ ਦਿੱਤਾ ਜਾਵੇ।

0 **ਆਪਣਾ ਹੀ ਨਾ ਭਰੇ ਤੇ ਕੁੜਮਾਂ ਅੱਗੇ ਕੀ ਧਰੇ:**_ਜਦੋਂ ਕਿਸੇ ਦਾ ਆਪਣਾ ਹੀ ਗੁਜ਼ਾਰਾ ਨਾ ਹੋਵੇ ਤਾਂ ਉਹ ਕਿਸੇ ਹੋਰ ਦੀ ਸਹਾਇਤਾ ਭਲਾ ਕਿਵੇਂ ਕਰ ਸਕਦਾ ਹੈ।

0 **ਆਪਣੀ ਅੱਖ ਪਰਾਇਆ ਡੇਲਾ:**-ਜਦੋਂ ਕੋਈ ਆਪਣੀ ਚੀਜ਼ ਨੂੰ ਦੂਜਿਆਂ ਦੇ ਮੁਕਾ-ਬਲੇ ਬੇਹਤਰੀਨ ਬਿਆਨ ਕਰੀ ਜਾਵੇ।

0 **ਆਪਣੇ ਘਰ ਪਕਾਈਂ ਨਾ ਸਾਡੇ ਘਰ ਆਈਂ ਨਾ:**-ਇਹ ਅਖਾਣ ਲਾਰਾ-ਲੱਪਾ ਲਾਉਣ ਵਾਲੇ ਇਨਸਾਨਾਂ ਲਈ ਵਰਤਿਆ ਜਾਂਦਾ ਹੈ।

0 **ਆਇਆ ਬੀਬੀ ਦਾ ਵਾਰਾ ਉੱਜੜ ਗਿਆ ਤਖਤ ਹਜ਼ਾਰਾ:**_ ਜਦੋਂ ਕਿਸੇ ਦੇ ਖਾਣ-ਪੀਣ ਜਾਂ ਲੈਣ ਦੀ ਵਾਰੀ ਆਉਣ 'ਤੇ ਕੋਈ ਵਸਤੂ ਖਤਮ ਹੋ ਜਾਵੇ।

0 **ਅਮੀਰ ਦੇ ਸਾਲੇ ਬਹੁਤ ਪਰ ਗਰੀਬ ਦਾ ਭਣਵਈਆ ਕੋਈ ਨਹੀਂ:**-ਗਰੀਬ ਬੰਦੇ ਨਾਲ ਕੋਈ ਵੀ ਸਾਂਝ ਰੱਖਣੀ ਪਸੰਦ ਨਹੀਂ ਕਰਦਾ।

0 **ਆਬ ਆਬ ਕਰ ਮੋਇਓਂ ਬੱਚਾ ਫ਼ਾਰਸੀਆਂ ਘਰ ਗਾਲ਼ੇ:**-ਜਦੋਂ ਕੋਈ ਵਿਅਕਤੀ ਆਪਣੀ ਬੋਲੀ ਛੱਡ ਕੇ ਓਪਰੀ ਬੋਲੀ ਬੋਲਣ ਲੱਗ ਪਏ।

0 **ਔਂਤਰ ਨਖੱਤਰ ਨਾ ਮੂਲੀ ਨਾ ਪੱਤਰ:**-ਇਹ ਆਖਣ ਸੰਤਾਨਹੀਣ ਮਨੁੱਖਾਂ ਲਈ ਵਰਤ ਲਿਆ ਜਾਂਦਾ ਹੈ।

0 **ਇਸ਼ਕ ਪ੍ਰਹੇਜ਼ ਮੁਹੰਮਦ ਬਖਸ਼ਾ ਕਦੇ ਨਹੀਂ ਰੱਲ ਬਹਿੰਦੇ:**-ਪਿਆਰ-ਮੁਹਬੱਤ ਵਿਚ ਸੰਗ-ਸਕੋਚ ਦਾ ਕੋਈ ਸਥਾਨ ਨਹੀਂ ਹੁੰਦਾ।

0 **ਇੱਲ ਦਾ ਨਨਾਣਵਈਆ ਕਾਂ :**_ਮਾੜੇ-ਮੋਟਿਆਂ ਦੇ ਸਾਕ-ਸਬੰਧੀ ਵੀ ਉਨ੍ਹਾਂ ਵਰਗੇ (ਮਾੜੇ) ਹੀ ਹੁੰਦੇ ਹਨ।

## ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ



**ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :**

**07966 388 388**

# ★ ਮਿੰਨੀ ਕਹਾਣੀਆਂ ★

## ਟੈਸਟ ਬਨਾਮ ਇਮਤਿਹਾਨ

ਸੁੱਖ ਪੜ੍ਹਨ 'ਚ ਬਹੁਤ ਹੀ ਲਾਇਕ ਮੁੰਡਾ ਸੀ ਅਤੇ ਪਿੰਡ ਦੇ ਸਕੂਲੇ ਬਾਰ੍ਹਵੀਂ ਜਮਾਤ ਵਿੱਚ ਪੜ੍ਹਦਾ ਸੀ। ਸੋਮਵਾਰ ਤੀਸਰੇ ਪੀਰੀਅਡ ਵਿੱਚ ਪੰਜਾਬੀ ਵਾਲੀ ਕੰਮੋ ਭੈਣ ਜੀ ਨੇ ਪੰਜਾਬੀ ਦਾ ਟੈਸਟ ਲੈਣਾ ਸ਼ੁਰੂ ਕੀਤਾ। ਸੁੱਖ ਦੇ ਨੇੜੇ ਕਲਾਸ ਦਾ ਸਭ ਤੋਂ ਸ਼ਰਾਰਤੀ ਅਤੇ ਨਾਲਾਇਕ ਵਿਦਿਆਰਥੀ ਭਿੰਦਾ ਬੈਠਾ ਸੀ। ਉਸ ਨੇ ਕਾਪੀ ਉਪਰ ਇੱਕ ਵੀ ਸ਼ਬਦ ਨਾ ਲਿਖਿਆ। ਜਦੋਂ ਕੰਮੋ ਭੈਣ ਜੀ ਦਾ ਧਿਆਨ ਉਸ ਦੀ ਕਾਪੀ 'ਤੇ ਪਿਆ ਤਾਂ ਉਸ ਨੇ ਭਿੰਦੇ ਨੂੰ ਬਹੁਤ ਝਿੜਕਿਆ। ਜਦ ਉਹ ਭਿੰਦੇ ਦੀ ਸੇਵਾ ਕਰਕੇ ਅੱਗੇ ਵਧੀ ਤਾਂ ਭਿੰਦੇ ਨੇ ਹੌਲੀ ਆਵਾਜ਼ 'ਚ ਕੰਮੋ ਭੈਣ ਜੀ ਨੂੰ ਗੁੱਸੇ ਵਿੱਚ ਗਾਲਾਂ ਤੱਕ ਕੱਢ ਦਿੱਤੀਆਂ। ਜਿਸ 'ਤੇ ਸੁੱਖ ਨੂੰ ਬਹੁਤ ਗੁੱਸਾ ਆਇਆ। ਪਰ ਉਹ ਕੁੱਝ ਵੀ ਨਾ ਕਰ ਸਕਿਆ।

ਚਾਰ ਮਹੀਨੇ ਬਾਅਦ ਬੋਰਡ ਦੇ ਇਮਤਿਹਾਨ ਆ ਗਏ ਨਾਲ ਦੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਸੈਂਟਰ ਬਣ ਗਿਆ। ਕੰਮੋ ਭੈਣ ਜੀ ਦੀ ਡਿਊਟੀ ਵੀ ਉਸੇ ਸੈਂਟਰ ਵਿੱਚ ਲੱਗ ਗਈ ਕੰਮੋ ਭੈਣ ਜੀ ਆਪਣੇ ਸਕੂਲ ਦੇ ਬੱਚਿਆਂ ਨੂੰ ਦੌੜ-ਦੌੜ ਕੇ ਪਰਚੀਆਂ ਦੇਣ ਆ ਰਹੀ ਸੀ। ਕੰਮੋ ਭੈਣ ਜੀ ਦੇ ਕਈ ਵਾਰ ਕਹਿਣ ਦੇ ਬਾਵਜੂਦ ਵੀ ਸੁੱਖ ਨੇ ਪਰਚੀ ਲੈਣ ਤੋਂ ਇਨਕਾਰ ਕਰ ਦਿੱਤਾ। ਸੁੱਖ ਨੂੰ ਛੱਡ ਕੇ ਸਾਰਿਆਂ ਨੇ ਖੂਬ ਨਕਲ ਮਾਰ ਕੇ ਪੇਪਰ ਕੀਤਾ। ਪੇਪਰ ਖਤਮ ਹੋਇਆ ਸਾਰੇ ਬੱਚੇ ਬਹੁਤ ਖੁਸ਼ ਸਨ। ਕੰਮੋ ਭੈਣ ਜੀ ਨੇ ਭਿੰਦੇ ਨੂੰ ਆ ਕੇ ਪੁਛਿਆ ਕਿ ਪੇਪਰ ਕਿੱਦਾਂ ਦਾ ਹੋਇਆ ? ਭਿੰਦੇ ਨੇ ਜਵਾਬ ਦਿੱਤਾ, "ਜੀ ਆਪ ਦੀ ਮਿਹਰਬਾਨੀ ਨਾਲ ਬਹੁਤ ਵਧੀਆ"। ਇਹ ਸੁਣ ਕੇ ਕੰਮੋਂ ਭੈਣ ਜੀ ਨੇ ਭਿੰਦੇ ਨੂੰ ਸ਼ਾਬਾਸ਼ ਦਿੱਤੀ। ਪਰ ਸੁੱਖ ਨੂੰ ਪੇਪਰ ਬਾਰੇ ਪੁੱਛਿਆ ਵੀ ਨਾ। ਸੁੱਖ ਨੂੰ ਪਤਾ ਨਹੀਂ ਕਿਉਂ ਕੰਮੋ ਭੈਣ ਜੀ 'ਤੇ ਗੁੱਸੇ ਦੇ ਨਾਲ ਤਰਸ ਵੀ ਆ ਰਿਹਾ ਸੀ।

ਮਨਪ੍ਰੀਤ ਸਿੰਘ ਜੌਸ

## ਦੇਣ

ਪਿੰਡ ਦੀ ਸੱਥ ਵਿੱਚ ਪੰਚਾਇਤ ਇਕੱਠੀ ਹੋਈ। ਸਰਬਸੰਮਤੀ ਨਾਲ ਮਤਾ ਪਾਸ ਹੋਇਆ ਕਿ ਪਿੰਡ ਦੇ ਵਿਚੋਂ ਨਸ਼ਿਆਂ ਦਾ ਬਿਲਕੁੱਲ ਸਫ਼ਾਇਆ ਕਰਨਾ ਹੈ। ਗੁਰਮੀਤ ਸਿੰਘ ਨੂੰ ਸਾਰੇ ਪਿੰਡ ਦੇ ਨਸ਼ੱਈ ਮੁੰਡਿਆਂ ਦੀ ਲਿਸਟ ਬਣਾਉਣ ਦੀ ਡਿਊਟੀ ਦਿੱਤੀ ਗਈ। ਕੋਈ ਵੀਹ ਕੁ ਜਾਣਿਆਂ ਦੀ ਸੂਚੀ ਬਣਾ ਕੇ ਗੁਰਮੀਤ ਨੇ ਸਰਪੰਚ ਨੂੰ ਦੇ ਦਿੱਤੀ। ਜਿਸ ਨੂੰ ਕਿ ਪਹਿਲਾਂ ਹੀ "ਨਸ਼ਾ ਛੁਡਾਊ ਸੰਮਤੀ" ਦਾ ਪ੍ਰਧਾਨ ਨਿਯੁੱਕਤ ਕਰ ਦਿੱਤਾ ਗਿਆ ਸੀ।

ਸਮਾਂ ਨਿਸ਼ਚਿਤ ਕਰ ਨਸ਼ਾ ਛੁਡਾਊ ਕੇਂਦਰ ਵਿੱਚ ਸਾਰੇ ਹੀ ਮੁੰਡਿਆਂ ਨੂੰ ਭਰਤੀ ਕਰਵਾ ਦਿੱਤਾ ਗਿਆ। ਸਾਰਾ ਪਿੰਡ ਸਰਪੰਚ ਦੇ ਇਸ ਕਾਰਜ਼ ਤੋਂ ਬਹੁਤ ਖੁਸ਼ ਸਨ। ਹੌਲੀ ਹੌਲੀ ਬਹੁਤ ਸਾਰੇ ਮੁੰਡਿਆਂ ਨੇ ਨਸ਼ਿਆਂ ਦੀ ਨਾਮੁਰਾਦ ਬੀਮਾਰੀ ਤੋਂ ਨਿਜ਼ਾਤ ਪਾ ਲਈ। ਪਰ ਕੁੱਝ ਕੁ ਦੋਸਤ ਹਾਲੇ ਵੀ ਸੈਂਟਰ ਵਿੱਚ ਦਾਖਲ ਸਨ। ਕੁੱਝ ਕੁ ਦਿਨਾਂ ਬਾਅਦ ਜਦ ਸਰਪੰਚ/ਪ੍ਰਧਾਨ ਜੀ ਮੁੰਡਿਆਂ ਦਾ ਹਾਲ ਚਾਲ ਜਾਨਣ ਲਈ ਸੈਂਟਰ ਪਹੁੰਚਿਆ ਤਾਂ ਗੋਪੀ ਕੇ ਲਾਣੇ ਚੋਂ ਗੇਲੀ ਨੇ ਦੱਬਵੀਂ ਜਿਹੀ ਆਵਾਜ਼ 'ਚ ਪ੍ਰਧਾਨ ਜੀ ਨੂੰ ਕਹਿ ਹੀ ਦਿੱਤਾ ਕਿ ਪ੍ਰਧਾਨ ਜੀ ਤੁਸੀਂ ਬਹੁਤ ਪਰਉਪਕਾਰੀ ਕਾਰਜ਼ ਕੀਤਾ ਹੈ, ਕਿਉਂਕਿ ਪਹਿਲਾਂ ਸਰਪੰਚੀ ਦੀ ਚੋਣ ਵਿੱਚ ਆਪ ਨੇ ਹੀ ਸਾਨੂੰ ਇਸ ਚਾਟ ਤੇ ਲਾਇਆ ਤੇ ਹੁਣ ਆਪ ਹੀ ਨਸ਼ਾ ਛੁਡਾਊ ਕਮੇਟੀ ਬਣਾ ਕੇ ਓਹਦੇ ਪ੍ਰਧਾਨ ਬਣ ਕੇ ਸਾਨੂੰ ਨਸ਼ਿਆਂ ਦੇ ਪ੍ਰਕੋਪ ਚੋਂ ਬਚਾਅ ਰਹੇ ਹੋਂ ? ਇਹ ਸਭ ਆਪ ਦੀ ਹੀ ਦੇਣ ਹੈ ਸਰਪੰਚ ਸਾਹਿਬ ਜੀ। ਸਰਪੰਚ ਸਾਹਿਬ ਜਿਵੇਂ ਨਿਰਉਤਰ ਹੋ ਗਏ ਸਨ, ਉਨ੍ਹਾਂ ਕੋਲ ਗੇਲੀ ਦੀ ਇਸ ਸਮੇਂ ਕਹੀ ਸੱਚੀ ਗੱਲ ਦਾ ਕੋਈ ਜਵਾਬ ਨਹੀਂ ਸੀ।

ਜਸਵੀਰ ਸ਼ਰਮਾ ਦੱਦਾਹੂਰ

## ਗੁੰਮਰਾਹ

ਮੇਰਾ ਅਗਲੇ ਦਿਨ ਅੰਗਰੇਜੀ ਦਾ ਪੇਪਰ ਸੀ। ਮੇਰੇ ਮੰਮੀ ਪੰਡਿਤ ਜੀ ਨੂੰ ਲੈ ਆਏ ਤੇ ਮੈਨੂੰ ਕਿਹਾ ਕਿ, "ਬੇਟੀ,ਇਹਨੂੰ ਹੱਥ ਦਿਖਾ, ਜਰੂਰ ਕੁਝ.......!"

"ਪਰ ਮੰਮੀ,ਮੇਰੇ ਕੋਲ ਵਕਤ ਨਹੀਂ ਕੱਲ੍ਹ ਮੇਰਾ ਪੇਪਰ.......।" ਪਰ ਮਾਂ ਦੇ ਵਾਰ -ਵਾਰ ਕਹਿਣ ਤੇ ਮੈਂ ਪੰਡਿਤ ਜੀ ਨੂੰ ਹੱਥ ਦਿਖਾਇਆ। ਜਦੋ ਉਹਨਾ ਨੇ ਕਿਹਾ ਕਿ, "ਇਸ ਸਾਲ ਤਾ ਤੂੰ ਫੇਲਹੋ ਜਾਣਾ ਏ। ਸੱਚੀ ! ਮੈ ਮਨ ਮਸੋਸ ਕੇ ਰਹਿ ਗਈ। ਚਾਹੇ ਮੈਨੂੰ ਪੰਡਿਤ ਦੀਆਂ ਗੱਲਾ ਵਿਚ ਵਿਸਵਾਸ਼ ਨਹੀਂ ਸੀ, ਪਰ ਫਿਰ ਵੀ ਪੜ੍ਹਾਈ ਵਿਚ ਮਨ ਨਾ ਲੱਗੇ। ਰਹਿ-ਰਹਿ ਕੇ ਪੰਡਿਤ ਦੀ ਗੱਲ ਯਾਦ ਆਵੇ। ਆਖਿਰ ਔਖੀ-ਸੌਖੀ ਹੋ ਕੇ ਮੈਂ ਪੇਪਰ ਦੀ ਤਿਆਰੀ ਕਰ ਲਈ। ਦਿਨ ਬੀਤਦੇ ਗਏ।

ਹੁਣ ਨਤੀਜ਼ਾ ਨਜ਼ਦੀਕ ਸੀ। ਮੈਂ ਡਰ ਤੇ ਬੇਸਬਰੀ ਨਾਲ ਨਤੀਜ਼ੇ ਦਾ ਇੰਤਜਾਰ ਕਰ ਰਹੀ ਸੀ। ਨਤੀਜ਼ੇ ਵਾਲੇ ਦਿਨ ਪੰਡਿਤ ਜੀ ਫਿਰ ਸਾਡੇ ਘਰ ਪਧਾਰੇ। ਮੈਂ ਘਬਰਾ ਰਹੀ ਸੀ ਕਿ ਮੈਨੂੰ ਫਿਰ ਕੁਝ ਕਹਿਣਗੇ ਤੇ ਉਹ ਸੱਚ-ਮੁੱਚ ਹੀ ਮੇਰੇ ਕੋਲ ਆ ਕੇ ਕਹਿਣ ਲੱਗੇ, "ਬੇਟੀ, ਮੇਰੇ ਸੁਭਾਸ਼ ਦਾ ਰਿਜ਼ਲਟ ਵੀ ਪਤਾ ਕਰ ਆਵੀ,ਉਹ ਬੀਮਾਰ ਏ ਜਾ ਨਹੀਂ ਸਕਦਾ।'

"ਹੈ ! ਪਰ ਤੁਸੀ ਤਾਂ ਹੱਥ ਦੇਖ ਕੇ ਹੀ....।" "ਹਾਂ, ਮੈਂ ਉਹਦਾ ਹੱਥ ਤਾ ਦੇਖਿਆ ਏ, ਉਹਦੇ ਬੜੇ ਵਧੀਆ ਨੰਬਰ ਆਉਣੇ ਨੇ, ਪਰ ਫਿਰ ਵੀ....।" ਮੈਂ ਰਿਜ਼ਲਟ ਪਤਾ ਕਰਕੇ ਜਲਦੀ ਨਾਲ ਘਰ ਆਈ ਤਾਂ ਪੰਡਿਤ ਜੀ ਅੱਗੇ ਈ ਬੈਠੇ ਸਨ।

"ਮੰਮੀ, ਮੈਂ ਫਸਟ ਆਈ......।" ਮੈਂ ਸਾਹੋ-ਸਾਹੀ ਹੋਈ ਨੇ ਕਿਹਾ।" ਤੇ ਸੁਭਾਸ਼..... ?' ਪੰਡਿਤ ਜੀ ਬੋਲੇ ।

"'..ਉਹ ਤਾਂ ਫੇਲ ਹੋ ਗਿਆ ਜੀ।....ਤੁਹਾਡੀ ਭਵਿੱਖ ਬਾਣੀ.....।" ਕੁਝ ਦੇਰ ਚੁੱਪ ਰਹਿਣ ਮਗਰੋ ਪੰਡਿਤ ਜੀ ਬੋਲੇ, "ਉਹੋ ਕਦੇ-ਕਦੇ ਇੰਝ ਵੀ ਹੋ ਜਾਦੀ ਹੈ।" ਕਹਿ ਕੇ ਪੰਡਿਤ ਜੀ ਚਲੇ ਗਏ।

ਮੈਂ ਸੋਚ ਰਹੀ ਸੀ, ਕਦੇ-ਕਦੇ ਹੀ ਇੰਝ ਹੁੰਦਾ ਹੈ,ਜਾ ਫਿਰ ਲੋਕਾ ਨੂੰ ਗੁੰਮਰਾਹ ਕਰਨ ਲਈ ਹਮੇਸ਼ਾ ਹੀ.....।

-ਮਨਪ੍ਰੀਤ ਕੌਰ ਭਾਟੀਆ

# ਇਜ਼ਰਾਈਲ ਗਾਜ਼ਾ ’ਤੇ ਫਿਰ ਕਰ ਸਕਦਾ ਹੈ ਹਮਲਾ

## ✡ ਟਰੰਪ ਨੇ ਕਿਹਾ-ਅਸੀਂ ਨੇਤਨਯਾਹੂ ਦੇ ਫੈਸਲੇ ਦੇ ਨਾਲ ਸਹਿਮਤ ਹਾਂ ✡ ਟਰੰਪ ਦੀ ਯੋਜਨਾ ਫਿਲਸਤੀਨ ਉਪਰ ਕਬਜ਼ਾ ਕਰਨ ਦੀ

ਵਿਸ਼ੇਸ਼ ਰਿਪੋਟ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਕਿਹਾ ਹੈ ਕਿ ਜੇਕਰ ਇਜ਼ਰਾਈਲ ਗਾਜ਼ਾ ਵਿੱਚ ਦੁਬਾਰਾ ਜੰਗ ਸ਼ੁਰੂ ਕਰਦਾ ਹੈ ਤਾਂ ਉਹ ਇਸਦਾ ਸਮਰਥਨ ਕਰਨਗੇ। ਟਰੰਪ ਨੇ ਕਿਹਾ ਕਿ ਭਾਵੇਂ ਇਜ਼ਰਾਈਲ ਗਾਜ਼ਾ ਬੰਧਕ ਸਮਝੌਤੇ ਦੇ ਦੂਜੇ ਪੜਾਅ ਨਾਲ ਅੱਗੇ ਵਧਣਾ ਚਾਹੁੰਦਾ ਹੈ ਜਾਂ ਦੁਬਾਰਾ ਲੜਾਈ ਸ਼ੁਰੂ ਕਰਨਾ ਚਾਹੁੰਦਾ ਹੈ, ਅਮਰੀਕਾ ਦੋਵਾਂ ਸਥਿਤੀਆਂ ਵਿੱਚ ਇਸਦਾ ਸਮਰਥਨ ਕਰੇਗਾ। ਡੋਨਾਲਡ ਟਰੰਪ ਦੇ ਬਿਆਨ ਨੇ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਕਿਉਂਕਿ ਉਨ੍ਹਾਂ ਨੇ ਹਾਲ ਹੀ ਵਿੱਚ ਲਗਾਤਾਰ ਜੰਗ ਵਿਰੋਧੀ ਰੁਖ਼ ਦਿਖਾਇਆ ਹੈ। ਗਾਜ਼ਾ ਵਿੱਚ ਜੰਗਬੰਦੀ ਲਾਗੂ ਕਰਨ ਵਿੱਚ ਵੀ ਉਨ੍ਹਾਂ ਦੀ ਭੂਮਿਕਾ ਨੂੰ ਮਹੱਤਵਪੂਰਨ ਮੰਨਿਆ ਗਿਆ। ਹਾਲਾਂਕਿ, ਉਨ੍ਹਾਂ ਦੇ ਬਿਆਨ ਤੋਂ ਬਾਅਦ, ਇਹ ਡਰ ਹੈ ਕਿ ਗਾਜ਼ਾ ਵਿੱਚ ਦੁਬਾਰਾ ਜੰਗ ਸ਼ੁਰੂ ਹੋ ਸਕਦੀ ਹੈ।

ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਦੇ ਅਨੁਸਾਰ, ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ, ਟਰੰਪ ਤੋਂ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਨੂੰ ਬੰਧਕਾਂ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕਰਨ ਲਈ ਗਾਜ਼ਾ ਵਿੱਚ ਜੰਗਬੰਦੀ ਵਧਾਉਣੀ ਚਾਹੀਦੀ ਹੈ ਜਾਂ ਦੁਬਾਰਾ ਯੁੱਧ ਸ਼ੁਰੂ ਕਰਨਾ ਚਾਹੀਦਾ ਹੈ। ਇਸ ’ਤੇ ਟਰੰਪ ਨੇ ਕਿਹਾ, ‘ਮੈਂ ਇਜਰਾਈਲ ਦੇ ਨਾਲ ਹਾਂ।’ ਜਦੋਂ ਤੁਸੀਂ ਦੇਖ ਰਹੇ ਹੋ ਕਿ ਬਾਹਰ ਕੀ ਹੋ ਰਿਹਾ ਹੈ। ਬੰਧਕਾਂ ਦਾ ਇੱਕ ਸਮੂਹ ਇੰਨੀ ਬੁਰੀ ਹਾਲਤ ਵਿੱਚ ਪਹੁੰਚਿਆ, ਇਹ ਇਸ ਤਰ੍ਹਾਂ ਸੀ ਜਿਵੇਂ ਉਹ ਜਰਮਨੀ ਦੇ ਕਿਸੇ ਤਸ਼ੱਦਦ ਕੈਂਪ ਤੋਂ ਆਏ ਹੋਣ। ਕਈ ਵਾਰ ਤੁਹਾਨੂੰ ਔਖੇ ਫੈਸਲੇ ਵੀ ਲੈਣੇ ਪੈਂਦੇ ਹਨ। ਇਜ਼ਰਾਈਲ ਜੋ ਵੀ ਫੈਸਲਾ ਲਵੇਗਾ, ਅਸੀਂ ਉਸਦਾ ਸਮਰਥਨ ਕਰਾਂਗੇ।

### ਨੇਤਨਯਾਹੂ ਦਾ ਗੁੱਸਾ ਜਾਇਜ਼ ਹੈ: ਟਰੰਪ

ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਬਾਰੇ ਪੁੱਛੇ ਜਾਣ ’ਤੇ ਟਰੰਪ ਨੇ ਕਿਹਾ ਕਿ ਉਹ ਬਹੁਤ ਗੁੱਸੇ ਵਿੱਚ ਹਨ, ਖਾਸ ਕਰਕੇ ਬੀਤੇ ਦਿਨੀਂ ਬੱਚਿਆਂ ਨਾਲ ਜੋ ਹੋਇਆ, ਉਸ ਨੇ ਇਜਰਾਈਲ ਨੂੰ ਬਹੁਤ ਨਰਾਜ਼ ਕੀਤਾ ਹੈ। ਬੱਚਿਆਂ ਏਰੀਅਲ ਅਤੇ ਕੀਫਰ ਬਿਬਾਸ ਦੀ ਮੌਤ ਦਾ ਹਵਾਲਾ ਦਿੰਦੇ ਹੋਏ, ਟਰੰਪ ਨੇ ਕਿਹਾ ਕਿ ਇਹ ਜ਼ੁਲਮ ਤੇ ਦਰਿੰਦਗੀ ਸੀ। ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਆਧੁਨਿਕ ਯੁੱਗ ਵਿੱਚ ਅਜਿਹਾ ਹੋਵੇਗਾ, ਪਰ ਇਹ ਹੋਇਆ ਹੈ। ਅਜਿਹੀ ਸਥਿਤੀ ਵਿੱਚ, ਨੇਤਨਯਾਹੂ ਦੀਆਂ ਭਾਵਨਾਵਾਂ ਨੂੰ ਵੀ ਸਮਝਣਾ ਚਾਹੀਦਾ ਹੈ। ਹਮਾਸ ਨੇ ਗਾਜ਼ਾ ਛੱਡਣ ਦਾ ਫੈਸਲਾ ਕੀਤਾ, ਇਸਨੂੰ ਫਲਸਤੀਨੀ ਅਥਾਰਟੀ ਨੂੰ ਸੌਂਪਣ ਦਾ ਐਲਾਨ ਕੀਤਾ।

ਟਰੰਪ ਦੇ ਬਿਆਨ ਤੋਂ ਇਹ ਸਪੱਸ਼ਟ ਹੈ ਕਿ ਉਹ ਇਜ਼ਰਾਈਲ ਦੇ ਫੈਸਲੇ ਦਾ ਸਮਰਥਨ ਕਰਨਗੇ। ਕੀ ਇਜ਼ਰਾਈਲ ਗੱਲਬਾਤ ਰਾਹੀਂ ਬੰਧਕਾਂ ਨੂੰ ਵਾਪਸ ਭੇਜਣਾ ਜਾਰੀ ਰੱਖਦਾ ਹੈ ਜਾਂ ਗਾਜ਼ਾ ’ਤੇ ਦੁਬਾਰਾ ਹਮਲਾ ਕਰਦਾ ਹੈ ਅਤੇ ਹਮਾਸ ਨਾਲ ਲੜਾਈ ਸ਼ੁਰੂ ਕਰਦਾ ਹੈ। ਇਹ ਇਜ਼ਰਾਈਲ ਲਈ ਅਮਰੀਕਾ ਦੇ ਮਜ਼ਬੂਤ ਸਮਰਥਨ ਨੂੰ ਵੀ ਦਰਸਾਉਂਦਾ ਹੈ। ਅਮਰੀਕਾ ਨੇ ਇਜ਼ਰਾਈਲ ਦੀ ਲਗਾਤਾਰ ਮਦਦ ਕੀਤੀ ਹੈ।

### ਅਮਰੀਕਾ-ਇਜਰਾਇਲੀ ਗੱਠਜੋੜ ਦੀ ਫਲਸਤੀਨੀਆਂ ਦੇ ਮੁਕੰਮਲ ਉਜਾੜੇ ਦੀ ਸਾਜਿਸ਼

ਇਥੇ ਜ਼ਿਕਰਯੋਗ ਹੈ ਕਿ ਇਸ ਸਮੇਂ ਦੌਰਾਨ ਇਜਰਾਇਲੀ ਫੌਜਾਂ ਨੇ ਅਮਰੀਕਾ ਅਤੇ ਹੋਰ ਪੱਛਮੀ ਸਾਮਰਾਜੀ ਮੁਲਕਾਂ ਦੀ ਖੁੱਲ੍ਹੀ ਹਮਾਇਤ ਦੇ ਨਾਲ਼ ਹਜਾਰਾਂ ਫਲਸਤੀਨੀ ਲੋਕਾਂ ਨੂੰ ਸਿੱਧੇ ਤੌਰ ’ਤੇ ਕਤਲ ਕੀਤਾ ਸੀ। ਇਹ ਅੰਕੜਾ 70,000 ਤੋਂ ਲੈ ਕੇ 2 ਲੱਖ ਦੇ ਨਜਦੀਕ ਹੋਣ ਦੀ ਸੰਭਾਵਨਾ ਹੈ। ਗਜਾ ਵਿੱਚ 90% ਇਮਾਰਤਾਂ ਜਾਂ ਤਾਂ ਬਿਲਕੁਲ ਤਬਾਹ ਹੋ ਚੁਕੀਆਂ ਹਨ ਜਾਂ ਫਿਰ ਬਹੁਤ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ। ਲੱਗਭੱਗ ਸਾਰੇ ਹਸਪਤਾਲ, ਵਿੱਦਿਅਕ ਸੰਸਥਾਵਾਂ, ਪੀਣ ਵਾਲ਼ੇ ਪਾਣੀ ਦੇ ਸਰੋਤ ਅਤੇ ਢਾਂਚਾ, ਇੱਕ ਤਿਹਾਈ ਤੋਂ ਵੱਧ ਖੇਤੀ ਯੋਗ ਜਮੀਨ ਤਬਾਹ ਹੋ ਚੁਕੇ ਹਨ। ਟਰੰਪ ਨੇ ਇੱਕ ਮੀਡੀਆ ਚੈਨਲ ਨੂੰ ਦਿੱਤੇ ਗਏ ਇੰਟਰਵਿਊ ਵਿੱਚ ਕਿਹਾ ਸੀ ਕਿ ਪਿਛਲੇ ਕੁਝ ਸਮੇਂ ਵਿੱਚ ਗਜਾ ਵਿੱਚ ਇੱਕ ਪੂਰੀ ਸੱਭਿਅਤਾ ਤਬਾਹ ਹੋ ਗਈ ਹੈ। ਕੁਝ ਦਿਨ ਪਹਿਲਾਂ ਹੀ ਟਰੰਪ ਨੇ ਗਜਾ ਦੀ ਸਾਰੀ ਵਸੋਂ ਨੂੰ ਸਥਾਈ ਤੌਰ ’ਤੇ ਉਜਾੜ ਕੇ ਉੱਥੇ ਆਲੀਸ਼ਾਨ ਹੋਟਲ ਅਤੇ ਹੋਰ ਉਸਾਰੀ ਕਰਨ ਦੀ ਯੋਜਨਾ ਬਾਰੇ ਐਲਾਨ ਕਰ ਦਿੱਤਾ ਹੈ। ਟਰੰਪ ਨੇ ਕਿਹਾ ਹੈ ਕਿ ਮਿਸਰ ਅਤੇ ਜਾਰਡਨ ਵਰਗੇ ਅਰਬ ਮੁਲਕਾਂ ਵਿੱਚ ਫਲਸਤੀਨ ਦੇ ਲੋਕਾਂ ਨੂੰ ਅਸਥਾਈ ਕੈਂਪਾਂ ਵਿੱਚ ਵਸਾਇਆ ਜਾਵੇਗਾ। ਇਸ ਤੋਂ ਵੀ ਵੱਧ, ਖੁਦ ਅਮਰੀਕਾ ਸਿੱਧੇ ਤੌਰ ’ਤੇ ਗਜਾ ਉੱਪਰ ਕਬਜਾ ਕਰੇਗਾ। ਭਾਵੇਂ ਇਸ ਬਿਆਨ ਦਾ ਸਾਰੇ ਅਰਬ ਮੁਲਕਾਂ ਸਮੇਤ ਅਮਰੀਕਾ ਦੇ ਪੱਛਮੀ ਭਾਈਵਾਲਾਂ ਨੇ ਵੀ ਵਿਰੋਧ ਕੀਤਾ ਸੀ ਪਰ ਇਸ ਬਿਆਨ ਤੋਂ ਨੇਤਨਯਾਹੂ ਕਾਫੀ ਖੁਸ਼ ਸੀ ਅਤੇ ਇਜਰਾਇਲ ਦੇ ਰੱਖਿਆ ਮੰਤਰੀ ਨੇ ਤਾਂ ਇਸ ਯੋਜਨਾ ਉੱਪਰ ਅਮਲ ਕਰਨ ਦੀਆਂ ਤਿਆਰੀਆਂ ਵੀ ਵਿੱਢ ਦਿੱਤੀਆਂ ਹਨ। ਇਜਰਾਇਲ-ਹਮਾਸ ਵਿੱਚ ਹੋਈ ਜੰਗਬੰਦੀ ਦੀ ਵੀ ਇਜਰਾਇਲ ਵਾਰ-ਵਾਰ ਉਲੰਘਣਾ ਕਰ ਰਿਹਾ ਹੈ ਜਿਸ ਕਾਰਣ ਹੁਣ ਹਮਾਸ ਨੇ ਕੁਝ ਸਮੇਂ ਲਈ ਜੰਗਬੰਦੀ ਦੇ ਪਹਿਲੇ ਗੇੜ ਵਿੱਚ ਕੀਤੀ ਜਾ ਰਹੀ ਬੰਧਕਾਂ ਦੀ ਰਿਹਾਈ ਦੇ ਅਮਲ ਨੂੰ ਫਿਲਹਾਲ ਰੋਕ ਦਿੱਤਾ ਹੈ।

ਦੋ ਸਾਲ ਦੀ ਭਿਆਨਕ ਨਸਲਕੁਸ਼ੀ ਦੇ ਬਾਵਜੂਦ ਇਜਰਾਇਲ ਹਮਾਸ ਅਤੇ ਫਲਸਤੀਨੀ ਵਿਰੋਧ ਨੂੰ ਕੁਚਲਣ ਵਿੱਚ ਬੁਰੀ ਤਰ੍ਹਾਂ ਅਸਫਲ ਰਿਹਾ। ਫਲਸਤੀਨ ਦੇ ਲੜਾਕਿਆਂ ਨੂੰ ਕੁਚਲਣ ਵਿੱਚ ਅਸਫਲ ਰਹਿਣ ਤੋਂ ਬਾਅਦ ਇਜਰਾਇਲ ਸਾਮਰਾਜੀ ਅਮਰੀਕਾ ਤੇ ਹੋਰ ਪੱਛਮੀ ਧੜੇ ਦੇ ਮੁਲਕਾਂ ਦੀ ਪੂਰੀ ਹਮਾਇਤ ਦੇ ਨਾਲ਼ ਗਜਾ ਦੀ ਕੁੱਲ ਵਸੋਂ ਦੀ ਨਸਲਕੁਸ਼ੀ ਕਰਕੇ, ਗਜਾ ਨੂੰ ਪੂਰੀ ਤਰ੍ਹਾਂ ਨਾਲ਼ ਉਜਾੜਣ ਦੇ ਕੰਮ ਵਿੱਚ ਲੱਗ ਗਿਆ। ਇਸੇ ਦੌਰਾਨ ਉਸਨੇ ਲੇਬਨਾਨ ਉੱਪਰ ਵੀ ਹਮਲਾ ਕਰਕੇ ਕੁਝ ਇਲਾਕਿਆਂ ਉੱਪਰ ਕਬਜੇ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਜੋ ਹਿਜਬੁਲਾ ਨੂੰ ਖਤਮ ਕਰਕੇ, ਪੱਛਮੀ ਕੰਢੇ ਵਿੱਚ ਆਪਣੇ “ਸੈਟਲਰ ਬਸਤੀਵਾਦੀਆਂ” ਦੇ ਵਸੇਬੇ ਹੋਰ ਵਧਾ ਸਕੇ ਪਰ ਇਸ ਵਿੱਚ ਵੀ ਉਸਨੂੰ ਮੂੰਹ ਦੀ ਖਾਣੀ ਪਈ। ਇਜਰਾਇਲ ਵਿੱਚ ਵੀ ਉਹ ਲੋਕ ਜਿਹਨਾਂ ਦੇ ਪਰਿਵਾਰ ਦੇ ਲੋਕ ਹਮਾਸ ਕੋਲ



ਬੰਧਕ ਸਨ, ਉਹਨਾਂ ਨੇ ਨੇਤਨਯਾਹੂ ਸਰਕਾਰ ਵਿਰੁੱਧ ਰੋਸ-ਮੁਜਾਹਰੇ ਸ਼ੁਰੂ ਕਰ ਦਿੱਤੇ। ਇਸ ਜੰਗ ਦੌਰਾਨ ਇਜਰਾਇਲ ਦਾ ਫੌਜੀ ਨੁਕਸਾਨ ਵੀ ਕਾਫੀ ਵੱਡੀ ਮਾਤਰਾ ਵਿੱਚ ਹੋਇਆ। ਵੱਡੀ ਗਿਣਤੀ ਵਿੱਚ ਅਫਸਰ ਅਤੇ ਜਵਾਨ ਫੌਜੀ ਮਾਰੇ ਗਏ।

### ਸਮਝੋਤਾ ਲਾਗੂ ਨਹੀਂ ਕਰ ਰਿਹਾ ਇਜਰਾਈਲ

ਇਹ ਸਮਝੌਤਾ ਤਿੰਨ ਗੇੜਾਂ ਵਿੱਚ ਲਾਗੂ ਕੀਤਾ ਜਾਣਾ ਸੀ। ਪਹਿਲਾ ਪੜਾਅ ਕੈਦੀਆਂ ਦੇ ਵਟਾਂਦਰੇ ’ਤੇ ਕੇਂਦਰਤ ਹੈ, ਜਿਸ ਵਿੱਚ ਲੱਗਭੱਗ 1,700 ਫਲਸਤੀਨੀਆਂ ਦੇ ਬਦਲੇ 33 ਇਜਰਾਇਲੀਆਂ ਨੂੰ ਰਿਹਾਅ ਕੀਤਾ ਜਾਵੇਗਾ। ਰਿਹਾਅ ਕੀਤੇ ਜਾਣ ਵਾਲ਼ਿਆਂ ਵਿੱਚ 7 ਅਕਤੂਬਰ, 2023 ਤੋਂ ਬਾਅਦ ਬਿਨਾਂ ਕਿਸੇ ਦੋਸ਼ ਜਾਂ ਮੁਕੱਦਮੇ ਦੇ, ਇਜਰਾਇਲ ਦੀਆਂ ਜੇਲ੍ਹਾਂ ਵਿੱਚ ਬੰਦ 1000 ਤੋਂ ਵੱਧ ਫਲਸਤੀਨੀ ਹਨ। ਦੂਜੇ ਪੜਾਅ ਵਿੱਚ, ਗਜਾ ਤੋਂ ਪੂਰੀ ਤਰ੍ਹਾਂ ਨਾਲ਼ ਇਜਰਾਇਲ ਦੀਆਂ ਫੌਜਾਂ ਦੀ ਵਾਪਸੀ ਅਤੇ ਬਾਕੀ ਦੇ ਸਾਰੇ ਇਜਰਾਇਲੀ ਬੰਧਕਾਂ ਦੀ ਰਿਹਾਈ ਹੋਵੇਗੀ। ਜੇਕਰ ਇਹ ਸਮਝੌਤਾ ਤੀਜੇ ਅਤੇ ਆਖਰੀ ਪੜਾਅ ਤੱਕ ਪਹੁੰਚਦਾ ਹੈ, ਜਿਸ ਤੱਕ ਪਹੁੰਚਣ ਦੀਆਂ ਸੰਭਾਵਨਾਵਾਂ ਫਿਲਹਾਲ ਕਾਫੀ ਘੱਟ ਨਜਰ ਆ ਰਹੀਆਂ ਹਨ, ਤਾਂ ਜੋ ਵੀ ਇਜਰਾਇਲੀ ਬੰਧਕ ਮਾਰੇ ਗਏ ਹਨ, ਉਹਨਾਂ ਦੀਆਂ ਲਾਸ਼ਾਂ ਦੀ ਵਾਪਸੀ ਅਤੇ ਗਜਾ ਵਿੱਚ ਤਬਾਹ ਹੋ ਚੁੱਕੇ ਘਰਾਂ ਅਤੇ ਹੋਰ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਦੀ ਇੱਕ ਯੋਜਨਾ ਲਾਗੂ ਕੀਤੀ ਜਾਵੇਗੀ। ਇੱਥੇ ਜਿਕਰਯੋਗ ਹੈ ਕਿ ਇਜਰਾਇਲ ਨੇ ਪਹਿਲੇ ਪੜਾਅ ਵਿੱਚ ਹੀ ਸਮਝੌਤੇ ਦੀਆਂ ਸ਼ਰਤਾਂ ਦਾ ਉਲੰਘਣ ਸ਼ੁਰੂ ਕਰ ਦਿੱਤਾ ਹੈ ਜਿਸ ਤੋਂ ਬਾਅਦ ਹਮਾਸ ਨੇ ਫਿਲਹਾਲ ਇਜਰਾਇਲੀ ਬੰਧਕਾਂ ਦੀ ਰਿਹਾਈ ਉੱਪਰ ਰੋਕ ਲਗਾ ਦਿੱਤੀ ਹੈ। ਇਜਰਾਇਲ ਨੇ ਹੁਣ ਤੱਕ ਗਜਾ ਵਿੱਚ ਭੋਜਨ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਸਿਰਫ 8500 ਟਰੱਕਾਂ ਦੀ ਇਜਾਜਤ ਦਿੱਤੀ ਹੈ, ਜਦੋਂ ਕਿ ਜੰਗਬੰਦੀ ਦੀਆਂ ਸ਼ਰਤਾਂ ਮੁਤਾਬਕ ਇਹ 12,000 ਟਰੱਕ ਹੋਣੇ ਚਾਹੀਦੇ ਸਨ। ਇਸ ਤੋਂ ਬਿਨਾਂ ਨਿਰਧਾਰਤ ਆਸਰਾ ਟੈਂਟ ਵੀ ਲੋੜੀਂਦੀ ਮਿਕਦਾਰ ਦੇ ਸਿਰਫ 10% ਹੀ ਹਨ।

ਇਸ ਤੋਂ ਬਿਨਾਂ ਗਜਾ ਵਿੱਚ ਰੋਜਾਨਾ 50 ਗੰਭੀਰ ਬਿਮਾਰ ਜਾਂ ਜਖਮੀ ਲੋਕਾਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਲ਼ ਬਾਹਰ ਜਾਣ ਦੀ ਇਜਾਜਤ ਦਿੱਤੀ ਜਾਣੀ ਸੀ ਅਤੇ ਹੁਣ ਤੱਕ ਇਹ ਗਿਣਤੀ 1000 ਹੋਣੀ ਚਾਹੀਦੀ ਸੀ ਪਰ ਫਲਸਤੀਨ ਦੇ ਸਿਹਤ ਮੰਤਰਾਲੇ ਮੁਤਾਬਕ ਹੁਣ ਤੱਕ ਸਿਰ਼ਫ 120 ਮਰੀਜਾਂ ਨੂੰ ਹੀ ਜਾਣ ਦੀ ਇਜਾਜਤ ਦਿੱਤੀ ਗਈ ਹੈ। ਲੋਕਾਂ ਨੂੰ ਉੱਤਰੀ ਗਜਾ ਵਿੱਚ ਆਪਣੇ ਘਰਾਂ ਵੱਲ ਵਾਪਸ ਜਾਣ ਦੇਣਾ ਵੀ ਇਸ ਸਮਝੌਤੇ ਦਾ ਹਿੱਸਾ ਸੀ ਜੋ ਇਜਰਾਇਲ ਨੇ ਹੁਣ ਤੱਕ ਲਾਗੂ ਨਹੀਂ ਕੀਤਾ। ਇਜਰਾਇਲ ਅਜੇ ਵੀ ਗਜਾ ਅਤੇ ਪੱਛਮੀ ਕੰਢੇ ਵਿੱਚ ਲੋਕਾਂ ਦਾ ਕਤਲੇਆਮ ਕਰ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿੱਚ ਹੀ ਇਜਰਾਇਲੀ ਪੁਲਸ, ਫੌਜ ਅਤੇ ਧੁਰ ਸੱਜੇ-ਪੱਖੀ ਭੀੜਾਂ ਨੇ 25 ਤੋਂ ਵੱਧ ਲੋਕਾਂ ਨੂੰ ਕਤਲ ਕੀਤਾ ਸੀ।

### ਹਮਾਸ ਸੰਘਰਸ਼ ਲਈ ਉਤਾਰੂ

ਇੱਥੇ ਅਸਲ ਸਵਾਲ ਇਹ ਹੈ ਕਿ ਜੋ ਫਲਸਤੀਨੀ ਇਜਰਾਇਲ ਦੇ 75 ਸਾਲ ਤੋਂ ਵੱਧ ਦੇ ਜਬਰ, ਕਤਲੇਆਮ ਦਾ ਬੜੀ ਦਲੇਰੀ ਨਾਲ਼ ਮੁਕਾਬਲਾ ਕਰਦੇ ਆ ਰਹੇ ਹਨ, ਕੀ ਉਹ ਸਿਰਫ ਟਰੰਪ ਦੀ ਯੋਜਨਾ ਪ੍ਰਵਾਨ ਕਰ ਲੈਣਗੇ ? ਇਸ ਦੀ ਬਿਲਕੁਲ ਸੰਭਾਵਨਾ ਨਹੀਂ ਜਾਪਦੀ। ਫਲਸਤੀਨ ਦੇ ਲੋਕਾਂ ਦੇ ਅਜਾਦ ਕੌਮੀ ਰਾਜ ਦੀ ਸਥਾਪਨਾ ਤੋਂ ਬਿਨਾਂ ਇਸ ਖਿੱਤੇ ਵਿੱਚ ਸ਼ਾਂਤੀ ਅਸੰਭਵ ਹੈ। ਗਜਾ ਵਿੱਚ ਭਾਰੀ ਫੌਜੀ ਤਾਕਤ ਨਾਲ਼ ਹਮਲੇ ਕਰਨ ਦੇ ਬਾਵਜੂਦ, ਇਜਰਾਇਲ ਆਪਣੇ ਮੁੱਖ ਯੁੱਧ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਿਹਾ, ਜੋ ਕਿ ਹਮਾਸ ਦਾ ਖਾਤਮਾ ਅਤੇ ਬੰਧਕਾਂ ਦੀ ਵਾਪਸੀ ਸਨ। ਹਮਾਸ ਅਜੇ ਵੀ ਇਜਰਾਇਲ ਦਾ ਖਾਸਾ ਨੁਕਸਾਨ ਕਰਨ ਦੀ ਸਮਰੱਥਾ ਰੱਖਦਾ ਹੈ। ਪਿਛਲੇ ਦੋ ਸਾਲ ਦੀ ਭਿਆਨਕ ਨਸਲਕੁਸ਼ੀ ਨਾਲ਼ ਜਿਹਨਾਂ ਫਲਸਤੀਨੀਆਂ ਦੇ ਟੱਬਰ ਦੇ ਲੋਕ ਮਾਰੇ ਗਏ ਹਨ, ਉਹ ਤੇਜੀ ਨਾਲ਼ ਇਜਰਾਇਲ ਵਿਰੁੱਧ ਜਥੇਬੰਦ ਹੋ ਰਹੇ ਹਨ। ਇਸ ਜੰਗ ਵਿੱਚ ਇਜਰਾਇਲ ਦਾ ਆਰਥਿਕ ਨੁਕਸਾਨ ਵੀ ਹੋਇਆ ਹੈ। 55.6 ਅਰਬ ਡਾਲਰ ਤੋਂ ਵੱਧ ਦੀ ਰਕਮ ਹੁਣ ਤੱਕ ਇਸ ਜੰਗ ਵਿੱਚ ਖਰਚ ਹੋ ਚੁੱਕੀ ਹੈ। ਇਜਰਾਇਲ ਦਾ ਜੋ ਸਭ ਤੋਂ ਵੱਡਾ ਨੁਕਸਾਨ ਹੋਇਆ ਹੈ, ਉਹ ਹੈ ਸੰਸਾਰ ਪੱਧਰ ਉੱਪਰ ਇਸਦੀ ਵੱਕਾਰ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ ਉੱਪਰ ਹੈ। ਫਲਸਤੀਨੀ ਲੋਕ ਪਿਛਲੇ ਦੋ ਸਾਲ ਦੀ ਭਿਆਨਕ ਜੰਗ ਦੀ ਤਬਾਹੀ ਕਾਰਣ ਹੰਭੇ ਹੋਏ ਹਨ ਪਰ ਉਹਨਾਂ ਵਿੱਚ ਅਜੇ ਵੀ ਆਪਣੇ ਅਜਾਦ ਕੌਮੀ ਰਾਜ ਦੀ ਤਾਂਘ ਜੀਵਤ ਹੈ ਅਤੇ ਉਹ ਇਸ ਲਈ ਹਰ ਤਰ੍ਹਾਂ ਦੀ ਮੱਕਾਰ ਅਤੇ ਜਾਲਮ ਸਾਜਿਸ਼ ਵਿਰੁੱਧ ਸੰਘਰਸ਼ ਕਰਨਗੇ।

### ਹਾਸਿਆਂ ਭਰੀ ਕਹਾਣੀ

# ਆ ਜਾਉ ਬਈ ਮਹਿਫਲ ਲੱਗ ਗਈ


**ਧਰਮਪਾਲ ਸਹਿਗਲ**
07475386265






ਆਖਿਰ 40 ਸਾਲਾਂ ਬਾਅਦ ਬਿਰਧ (ਅਮਰ ਸਿੰਘ) ਇੰਗਲੈਂਡ ਤੋਂ ਆਪਣੇ ਪਿੰਡ ਆ ਗਿਆ। ਅਮਰ ਸਿੰਘ ਦੇ ਗੋਡਿਆਂ ਵਿੱਚ ਦਰਦ ਰਹਿੰਦਾ ਸੀ। ਉਸ ਨੇ ਲੋਕਾਂ ਤੋਂ ਸੁਣਿਆਂ ਸੀ ਕਿ ਇੰਡੀਆ ਵਿੱਚ ਜੂਨ ਜੁਲਾਈ ਦੀ ਧੁੱਪ ਗੋਡੇ ਗਿੱਟਿਆਂ ਲਈ ਬਹੁਤ ਫੈਦੇਮੰਦ ਏ। ਅਮਰ ਸਿੰਘ ਦੇ ਗੁਆਂਢੀ ਨੇ ਵੀ ਉਸ ਨੂੰ ਸਲਾਹ ਦਿੱਤੀ ਕਿ ਪਿੰਡ ਨੂੰ ਚਲਾ ਜਾਵੇ। ਪਿੰਡ ਦੇ ਸਰਪੰਚ (ਬਾਲ ਕਿਸ਼ਨ) ਦੇ ਦੋ ਲੜਕੇ 70 ਸਾਲਾਂ ਦੇ ਅਮਰ ਸਿੰਘ ਨੂੰ ਦਿੱਲੀ ਤੋਂ ਪਿੰਡ ਨੂੰ ਲੈ ਆਏ। ਅਮਰ ਸਿੰਘ ਨੂੰ ਆਪਣਾ ਪਿੰਡ ਬਹੁਤ ਬਦਲਿਆ ਹੋਇਆ ਲੱਗਾ। ਅਮਰ ਸਿੰਘ ਨੇ ਆਪਣੇ ਘਰ ਦੀ ਜਦੋਂ ਖਸਤਾ ਹਾਲਤ ਦੇਖੀ ਤਾਂ ਦੁਖੀ ਹੋਇਆ। ਅਮਰ ਸਿੰਘ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਹ ਕਿਸੀ ਹੋਰ ਦੀ ਦੁਨੀਆਂ ਵਿੱਚ ਆ ਗਿਆ ਹੋਵੇ। ਵੇਹੜੇ ਦੇ ਮੁੰਡਿਆਂ ਨੇ ਅਮਰ ਸਿੰਘ ਦਾ ਸਮਾਨ ਅੰਦਰ ਰੱਖਿਆ। ਅੰਦਰ ਦੀ ਸਫਾਈ ਕੀਤੀ। ਵੇਹੜੇ ਵਿੱਚ ਦੋ ਮੰਜੇ ਰੱਖ ਦਿੱਤੇ। ਵੇਹੜੇ ਦੀਆਂ ਨੋਹਾਂ ਧੀਆਂ ਠੰਡਾ ਸ਼ਰਬਤ ਬਣਾ ਕੇ ਲੈ ਆਈਆਂ। ਅਮਰ ਸਿੰਘ ਗਰਮੀ ਤੋਂ ਘਬਰਾਇਆ ਹੋਇਆ ਸੀ। ਜਲਦੀ ਨਾਲ ਅੰਦਰ ਜਾ ਕੇ ਕੱਪੜੇ ਉਤਾਰੇ ਤੇ ਬਨੈਣ ਤੇ ਗੋਡਿਆਂ ਤੱਕ ਆਏ ਕੱਛੇ ਸਣੇ ਮੰਜੇ 'ਤੇ ਆ ਬੈਠਾ। ਹੋਲੀ ਹੋਲੀ ਅਮਰ ਸਿੰਘ ਦਾ ਵੇਹੜਾ ਪਿੰਡ ਦੇ ਲੋਕਾਂ ਨਾਲ ਭਰ ਗਿਆ। ਏਨੇ ਨੂੰ ਸਰਪੰਚ ਵੀ 4 ਬਜ਼ੁਰਗਾਂ ਨੂੰ ਨਾਲ ਲੈ ਕੇ ਆ ਗਿਆ।

ਬਜ਼ੁਰਗਾਂ ਨੂੰ ਮੰਜੇ 'ਤੇ ਬਠਾਲ ਕੇ ਸਰਪੰਚ (ਬਾਲ ਕਿਸ਼ਨ) ਅਮਰ ਸਿੰਘ ਦੇ ਮੰਜੇ 'ਤੇ ਬੈਠਦਾ ਹੋਇਆ ਪੱਖੀ ਝੱਲਦੇ ਅਮਰ ਸਿੰਘ ਨੂੰ ਬੋਲਿਆ, ਤਾਇਆ ਜੀ, ਆਪਣੇ ਪਿੰਡ ਵਿੱਚ ਹੁਣ ਇਹ 4 ਬਜ਼ੁਰਗ ਰਹਿ ਗਏ ਨੇ। ਸ਼ੈਦ ਤੁਸੀਂ ਇਨ੍ਹਾਂ ਨੂੰ ਜਾਣਦੇ ਪਛਾਣਦੇ ਹੋਵੋਗੇ। ਆ ਬੈਠੇ ਨੇ, ਬਾਬਾ ਨੰਦੂ ਰਾਮ, ਤੇ ਨਾਲ ਬੈਠੇ ਨੇ ਬਾਬਾ ਗੁਰਦਿੱਤਾ। ਹੁਣ ਓ ਬੈਠੇ ਨੇ ਬਾਬਾ ਬੱਗੂ ਰਾਮ। ਤੇ ਓ ਨੇ ਬਾਬਾ ਕਰਤਾਰਾ। ਹੁਣ ਤੁਸੀਂ ਵੀ ਸੁਣੋ ਬਾਬਿਓ! ਇਹ ਨੇ ਤਾਇਆ ਜੀ ਅਮਰ ਸਿੰਘ ਬਲੈਤੋਂ ਆਏ ਨੇ 40 ਸਾਲਾਂ ਬਾਅਦ। ਪਛਾਣਦੇ ਤੁਸੀਂ? ਅਚਾਨਕ ਬਾਬਾ ਨੰਦੂ ਰਾਮ ਐਨਕਾਂ ਵਿੱਚ ਦੀ ਧਿਆਨ ਨਾਲ ਅਮਰ ਸਿੰਘ ਵੱਲ ਦੇਖਦਾ ਹੋਇਆ ਸਰਪੰਚ ਨੂੰ ਬੋਲਿਆ, ਲੈ ਬਈ ਕਾਕਾ! ਜਿਥੋਂ ਤੱਕ ਮੈਨੂੰ ਯਾਦ ਆ, ਬਈ ਐਸ ਘਰ ਵਿੱਚ ਕਦੀ ਅਮਰੂ ਰਹਿੰਦਾ ਹੁੰਦਾ ਸੀ। ਅਸੀਂ ਔਸ ਬਨੇਰੇ 'ਤੇ ਚੜ੍ਹਕੇ ਹੇਠਾਂ ਛਾਲਾਂ ਮਾਰਦੇ ਹੁੰਦੇ ਸਾਂ। ਅਚਾਨਕ ਅਮਰ ਸਿੰਘ ਝੱਟਕੇ ਨਾਲ ਉਠਿਆ ਤੇ ਨੰਦੂ ਰਾਮ ਨੂੰ ਗੱਲ ਨਾਲ ਲਾ ਲਿਆ। ਦੇਖੋ ਦੇਖੀ ਸਾਰੇ ਬਾਬੇ ਉਠੇ ਤੇ ਅਮਰ ਸਿੰਘ ਦੇ ਦੁਆਲੇ ਘੇਰਾ ਪਾ ਕੇ ਖੜ੍ਹੇ ਹੋਕੇ ਆਪਣੇ ਬਾਰੇ ਦੱਸਣ ਲੱਗੇ। ਅਮਰ ਸਿੰਘ ਸਾਰਿਆਂ ਨੂੰ ਪਛਾਣ ਕੇ ਬਹੁਤ ਖੁਸ਼ ਹੋਇਆ। ਅਚਾਨਕ ਬਾਬਾ ਕਰਤਾਰਾ ਅਮਰ ਸਿੰਘ ਦਾ ਮੋਢਾ ਫੜ ਕੇ ਬੋਲਿਆ, ਬਈ ਅਮਰੂ ਤੂੰ ਤਾਂ ਹੁਣ ਪੂਰਾ ਅੰਗ੍ਰੇਜ਼ ਬਣ ਗਿਆ ਏਂ, ਚੇਤਾ? ਤੂੰ ਤੇ ਮੈਂ ਗੁਰਦੱਤਾ, ਨੰਦੂ ਆਪਾਂ ਚਾਰੋਂ ਪਿੰਡ ਵਿੱਚ ਲੋਹੜੀ ਮੰਗਦੇ ਹੁੰਦੇ ਸੀ। ਸਾਰਿਆਂ ਬਜ਼ੁਰਗਾਂ ਨੇ ਸ਼ਾਮ ਦੀ ਰੋਟੀ ਇਕੱਠਿਆਂ ਨੇ ਖਾਧੀ ਤੇ ਦੇਰ ਰਾਤ ਤੱਕ ਆਪਣੇ ਵੇਲੇ ਦੀਆਂ ਗੱਲਾਂ ਕਰਦੇ ਰਹੇ। ਇਹ ਚਾਰੋ ਬਜ਼ੁਰਗ ਹੁਣ ਅਮਰ ਸਿੰਘ ਦੇ ਨਾਲ-ਨਾਲ ਰਹਿੰਦੇ। ਪਿੰਡ ਦਾ ਗੇੜਾ ਲਾਉਂਦੇ। ਅਮਰ ਸਿੰਘ ਦਾ ਦਿਲ ਲਾਈ ਰੱਖਦੇ। ਅਮਰ ਸਿੰਘ ਜੱਦ ਪਿੰਡ ਦੀਆਂ ਗੰਦੀਆਂ ਨਾਲੀਆਂ ਦੇਖਦਾ ਤਾਂ ਮੂੰਹ 'ਤੇ ਰੁਮਾਲ ਰੱਖਕੇ ਲੰਘਦਾ। ਔਰਤਾਂ ਕੱਚੇ ਰਸਤਿਆਂ 'ਤੇ ਬੈਠੀਆਂ ਪਾਥੀਆਂ ਪੱਥਦੀਆਂ ਨੂੰ ਦੇਖਦਾ, ਤਾਂ ਮੂੰਹ 'ਤੇ ਰੁਮਾਲ ਰੱਖ ਲੈਂਦਾ। ਅਮਰ ਸਿੰਘ ਨੇ ਆਪਣੇ ਘਰ ਦੀ ਮੁਰੰਮਤ ਕਰਾਉਣੀ ਸ਼ੁਰੂ ਕਰ ਦਿੱਤੀ ਤੇ ਆਪਣੀ ਇੰਗਲੈਂਡ ਤੋਂ ਮਿਲਦੀਆਂ ਦੋ ਪੈਨਸ਼ਨਾਂ ਆਪਣੇ ਪਿੰਡ ਦੇ ਡਾਕਖਾਨੇ ਵਿੱਚ ਬਦਲੀ ਕਰਵਾ ਲਈਆਂ। ਵੇਹੜੇ ਦੀਆਂ ਨੋਹਾਂ ਧੀਆਂ ਦੋ ਵੇਲੇ ਚਾਹ ਤੇ ਰੋਟੀਆਂ ਭੇਜ ਦਿੰਦੀਆਂ।

ਅਮਰ ਸਿੰਘ ਦੇ ਪਿੰਡ ਦੇ ਵਿੱਚਕਾਰ ਇਕ ਵੱਡਾ ਤੇ ਪੁਰਾਣਾ ਨਿੰਮ ਦਾ ਦਰੱਖਤ ਸੀ, ਜੋ ਅਮਰ ਸਿੰਘ ਦੇ ਘਰ ਤੋਂ ਥੋੜ੍ਹੀ ਹੀ ਦੂਰੀ 'ਤੇ ਸੀ। ਇਹ ਪੁਰਾਣੇ ਵੇਲਿਆਂ ਦਾ ਦਰੱਖਤ ਗਰਮੀਆਂ ਦੇ ਦਿਨਾਂ ਵਿੱਚ ਪਿੰਡ ਵਾਸੀਆਂ ਨੂੰ (ਏਅਰ ਕੰਡੀਸ਼ਨ) ਨਾਲੋਂ ਵੀ ਵੱਧ ਠੰਡਕ ਦਿੰਦਾ ਸੀ। ਪਿੰਡ ਵਾਸੀ ਇਸ ਦੀ ਛਾਂ ਹੇਠਾਂ ਦੁਪਹਿਰਾ ਕੱਟਦੇ। ਇਸ ਦਰੱਖਤ ਦੇ ਨਾਲੋ ਨਾਲ ਗੋਲ੍ਹਾਈ ਵਿੱਚ ਬਣਿਆ ਸੀਮਿੰਟ ਦਾ ਬਣਿਆ ਪੱਕਾ ਗੋਲ੍ਹ ਥੜ੍ਹਾ ਬਣਿਆ ਸੀ, ਜੋ ਪਿੰਡ ਦੇ ਲੋਕਾਂ ਲਈ ਬੈਠਣ ਦੀ ਵਧੀਆ ਜਗ੍ਹਾ ਸੀ। ਅਮਰ ਸਿੰਘ ਵੀ ਹਰ ਦੁਪਹਿਰ ਨੂੰ ਆਪਣੇ ਬਜ਼ੁਰਗ ਸਾਥੀਆਂ ਨਾਲ ਆ ਬੈਠਦਾ। ਬਜ਼ੁਰਗਾਂ ਵਿੱਚ ਹੁੰਦੀਆਂ ਗੱਲਾਂ, ਕਈ ਵੇਹਲੇ ਗੱਭਰੂ, ਅਮਲੀ ਤੇ ਅੱਧਖੜ ਬੰਦੇ ਵੀ ਬੈਠਦੇ ਸੁਣਦੇ। ਗਰਮੀ ਜ਼ਿਆਦਾ ਹੋਣ ਕਰਕੇ ਅੱਜ ਨਿੰਮ ਦੇ ਦਰੱਖਤ ਹੇਠਾਂ ਵਾਹਵਾ ਰੌਣਕ ਸੀ। ਅਚਾਨਕ ਅਮਰ ਸਿੰਘ ਦੇ ਨਾਲ ਬੈਠਾ ਨੰਦੂ ਰਾਮ ਅਮਰ ਸਿੰਘ ਦਾ ਮੋਢਾ ਫੜਕੇ ਬੋਲਿਆ, ਮੱਖ! ਮੇਰੀ ਗੱਲ ਸੁਣ ਅਮਰੂਆ, ਹੁਣ ਤਾਂ ਏਥੇ ਵੀ ਹਰ ਪਿੰਡ ਨੇ ਤਰੱਕੀ ਕਰ ਲਈ ਵਾ, ਤੇ ਤੂੰ ਹਾਲੇ ਵੀ ਕਹੀ ਜਾਨਾਂ, ਬਈ ਪਿੰਡ ਦੀਆਂ ਨਾਲੀਆਂ ਗੰਦੀਆਂ ਵਾ, ਮੁਸ਼ਕ ਆਉਂਦਾ ਵਾ, ਇਹ ਮੈਂ ਮੰਨਦਾ ਵਾਂ, ਪਰ ਚੇਤਾ ਤੈਨੂੰ ਆਪਣੇ ਵੇਲਿਆਂ ਦਾ? ਬਰਸਾਤਾਂ ਨੂੰ ਕੋਠੇ ਚੋਂਦੇ ਸੀ। ਗਲੀਆਂ ਵਿੱਚ ਚਿੱਕੜ ਹੀ ਚਿੱਕੜ ਹੁੰਦਾ ਸੀ। ਇਕ ਵਾਰੀ ਤੂੰ ਤਿਲਕ ਕੇ ਡਿੱਗ ਵੀ ਪਿਆ ਸੀ, ਪਤਾ? ਇਕੱਠੀ ਹੋਈ ਮੰਡੀਰ ਵਿੱਚੋਂ ਕਈ ਹੱਸ ਪਏ। ਬਾਬਾ ਕਰਤਾਰਾ ਵੀ ਬੋਲਿਆ, ਮੱਖ ਨੰਦੂ, ਗੱਲ ਤੇਰੀ ਸਹੀ ਏ ਕਿਸੇ ਕਿਸੇ ਕੋਲ ਹੁੰਦਾ ਸੀ ਪੱਕਾ ਘਰ, ਪਰ ਉਦੋਂ ਟੈਮ ਵੀ ਚੰਗਾ ਸੀ, ਹੁਣ ਆਂਗੂ ਹਲਾ ਹਲਾ ਨਹੀਂ ਸੀ ਹੁੰਦੀ। ਆ ਦੇਖਲਾ! ਅੱਜ ਦੀ ਮੰਡੀਰ, ਕਿਦਾਂ ਬੇਹਲੀ ਫਿਰਦੀ ਆ, ਬੱਸ ਬਾਹਰ ਜਾਣ ਦੀਆਂ ਦੌੜਾਂ ਲੱਗੀਆਂ ਵਾ। ਕੰਮ ਤਾਂ ਉਥੇ ਵੀ ਕਰਨਾ ਪੈਣਾ ਵਾ, ਤੁਸੀਂ ਕਿਤੇ ਰਾਣੀ ਖਾਂ ਦੇ ਸਾਲੇ ਨਹੀਂ। ਬੈਠਿਆਂ ਵਿੱਚੋਂ ਕਈ ਹੱਸ ਪਏ। ਓ ਬਾਬਾ! ਹੁਣ ਛੱਡ ਵੀ, ਆਪਣੀਆਂ ਈ ਜੱਬਲ੍ਹੀਆਂ ਮਾਰੀ ਜਾਨਾਂ! ਹਾਂ ਤਾਇਆ ਤੂੰ ਸੁਣਾਂ ਬਲੈਤ ਦੀ ਕੋਈ ਗੱਲ! ਮਹਿਫਲ ਵਿੱਚ ਬੈਠੇ ਇਕ ਗੱਭਰੂ ਨੇ ਉਕਤਾ ਕੇ ਕਿਹਾ। ਅਮਰ ਸਿੰਘ ਨੇ ਉਸ ਗੱਭਰੂ ਵੱਲ ਵੇਖਿਆ, ਫਿਰ ਆਪਣੀ ਦਾੜ੍ਹੀ 'ਤੇ ਹੱਥ ਫੇਰਦੇ ਕਹਿਣਾਂ ਸ਼ੁਰੂ ਕੀਤਾ, ਕਾਕਾ ਬਲੈਤ ਹੁਣ ਪਹਿਲੀ ਵਰਗੀ ਨਹੀਂ ਰਹੀ। ਹੁਣ ਤਾਂ ਇੰਗਲੈਂਡ ਤਰ੍ਹਾਂ ਤਰ੍ਹਾਂ ਦੇ ਲੋਕਾਂ ਨਾਲ ਭਰ ਗਈ ਏ। ਤਾਂ ਹੀ ਤਾਂ ਜਣਾਂ ਖਣਾਂ, ਐਰਾ ਗੈਰਾ ਨੱਥੂ ਖੈਰਾ ਉਧਰ ਨੂੰ ਮੂੰਹ ਚੱਕੀ ਦੌੜੀ ਜਾਂਦਾ, ਬਚਾਰੀ ਇੰਗਲੈਂਡ ਕੀ ਕਰੇ? ਥੋੜ੍ਹੀ ਦੂਰ ਖਲੋਤੇ ਟੇਡੇ ਅਮਲੀ ਨੇ ਕਿਹਾ। ਮਹਿਫਲ ਵਿੱਚ ਹਾਸਾ ਛਿੜ ਪਿਆ। ਅਮਰ ਸਿੰਘ ਨੇ ਵੀ ਮੁੱਛਾਂ ਵਿੱਚ ਦੀ ਹੱਸਕੇ ਕਹਿਣਾਂ ਸ਼ੁਰੂ ਕੀਤਾ, ਲਉ ਬਈ ਜਦੋਂ ਮੈਂ ਇੰਗਲੈਂਡ ਗਿਆ ਸੀ ਤਾਂ ਉਥੇ ਆਪਣਾ ਦੇਸੀ ਬੰਦਾ ਟਾਂਵਾ ਟਾਂਵਾ ਹੀ ਹੁੰਦਾ ਸੀ। ਜੱਦ ਮਿਲਦਾ ਤਾਂ ਗੱਲ ਲੱਗ ਕੇ ਮਿਲਦਾ। ਅਚਾਨਕ ਕਰਮਾਂ ਬੀੜੀ ਪਰੇ ਸੁੱਟ ਕੇ ਅਮਰ ਸਿੰਘ ਦੇ ਕੋਲ ਆ ਕੇ ਬੋਲਿਆ ਮੱਖ ਤਾਇਆ! ਸਾਨੂੰ ਇਹ ਦੱਸ ਬਈ ਬਲੈਤ ਦੀ ਜੰਮਪਲ ਪੀੜ੍ਹੀ ਆਪਣੇ ਮਾਂ ਬਾਪ ਦੀ ਸੇਵਾ ਵੀ ਕਰਦੀ ਆ ਕਿ ਨਹੀਂ? ਜਾਂ ਏਥੇ ਆਂਗੂ ਬੇਹਲੀ ਗਲ੍ਹੀਆਂ ਵਿੱਚ ਹੱਲ੍ਹਕੇ ਕੁੱਤਿਆਂ ਆਂਗੂ ਹੱਰਲ ਹੱਰਲ ਕਰਦੀ ਫਿਰਦੀ ਆ? ਚਾਚਾ ਤੂੰ ਆਪਣੇ ਮੁੰਡਿਆਂ ਨੂੰ ਲਾ ਕੇ ਕਹਿੰਦਾ ਸ਼ੈਂਤ! ਮਹਿਫਲ ਫਿਰ ਹੱਸ ਪਈ।

ਅਮਰ ਸਿੰਘ ਵੀ ਥੋੜ੍ਹਾ ਹੱਸਿਆ। ਫਿਰ ਕਹਿਣਾਂ ਸ਼ੁਰੂ ਕੀਤਾ, ਬਈ ਕਰਮਿਆ, ਉਥੇ ਲੜਕੇ ਲੜਕੀਆਂ ਪੜ੍ਹਦੇ ਵੀ ਆ ਤੇ ਕੰਮ ਵੀ ਕਰਦੇ ਵਾ। ਮਾਂ ਬਾਪ 'ਤੇ ਬੋਝ ਨਹੀਂ ਪਾਉਂਦੇ। ਕਈ ਖਰਾਬ ਵੀ ਆ ਤੇ ਕਈ ਚੰਗੇ ਵੀ। ਮੈਂ ਗੋਰਿਆਂ ਦੇ ਜੁਆਕਾਂ ਬਾਰੇ ਤੇ ਆਪਣੇ ਦੇਸੀ ਜੁਆਕਾਂ ਬਾਰੇ ਵੀ। ਗੋਰਿਆਂ ਦੇ ਜੁਆਕ 18 ਸਾਲ ਦੇ ਹੋ ਕੇ ਉਡਾਰੀ ਮਾਰ ਜਾਂਦੇ ਆ। ਬਿੱਚ ਰਹਿ ਕੇ ਨਹੀਂ ਖੁਸ਼। ਪਰ ਕਦਾਈ ਮਿਲ ਜਾਂਦੇ ਵਾ। ਸਾਡੇ ਦੇਸੀ ਜੁਆਕ ਗੁਰੂ ਘਰਾਂ ਵਿੱਚ ਬਹੁਤ ਘੱਟ ਜਾਂਦੇ ਆ। ਫੈਸ਼ਨਾਂ ਵਿੱਚੋਂ ਸਭ ਤੋਂ ਅੱਗੇ! ਤੀਵੀਆਂ ਵਾਂਗ ਮੇਕਅੱਪ ਕਰਦੇ ਆ, ਮੱਖ ਕੀ ਅੱਪ ਕਰਦੇ ਆ? ਗੁਰਦੱਤੇ ਨੇ ਪੁੱਛਿਆ। ਜਾਂਣਿ ਕੇ ਸੁਰਖੀ ਪਾਊਡਰ ਲਾਉਂਦੇ ਆ, ਦੁੱਰ ਫਿੱਟੇ ਮੂੰ ਇਨ੍ਹਾਂ ਦੇ। ਬਗੂ ਰਾਮ ਨੇ ਗਾਲ੍ਹ ਕੱਢੀ। ਸਾਰੇ ਹੱਸ ਪਏ। ਅਮਰ ਸਿੰਘ ਨੇ ਫਿਰ ਕਹਿਣਾ ਸ਼ੁਰੂ ਕੀਤਾ, ਮਤਲਵ ਕੇ ਤੀਵੀਆਂ ਵਾਂਗ ਕੰਨਾਂ ਵਿੱਚ, ਨੱਕਾਂ ਵਿੱਚ, ਠੋਡੀਆਂ ਵਿੱਚ ਕੋਕੇ, ਨੱਤੀਆਂ, ਲੌਂਗ, ਕਾਂਟੇ ਪਾਈ ਫਿਰਦੇ ਆ। ਤਾਂ ਫਿਰ ਕਹਿੰਦੇ ਹੋਣੇਂ ਆ ਬਈ ਹਾਏ ਤੀਵੀਆਂ ਬਣ ਜਾਈਏ, ਜਨਾਨੀਆਂ ਬਣ ਜਾਈਏ। ਹੱੜਦੂ ਲਾਹਨਤ ਏ ਇਨ੍ਹਾਂ ਦੇ। ਪਰੇ ਬੈਠੇ ਸ਼ੰਕਰ ਨੇ ਕੰਨ ਵਿੱਚ ਉਂਗਲੀ ਪਾ ਕੇ ਖਾਜ ਕਰਦੇ ਨੇ ਕਿਹਾ। ਸਾਰੇ ਫਿਰ ਹੱਸ ਪਏ।

ਅਮਰ ਸਿੰਘ ਫਿਰ ਬੋਲਿਆ, ਓ ਬਈ ਏਥੇ ਹੀ ਬੱਸ ਨਹੀਂ, ਦੇਸੀ ਮੁੰਡੇ ਤੇ ਕੁੜੀਆਂ ਪੰਜਾਬੀ ਭਾਸ਼ਾ ਬੋਲਦੇ ਈ ਨਹੀਂ, ਬੱਸ ਭੰਗੜਾ ਗੀਤਾਂ 'ਤੇ ਅੱਧਨੰਗੀਆਂ ਨੱਡੀਆਂ ਨਾਲ ਨੱਚੀ ਜਾਣਗੇ ਗੋਰਿਆਂ ਆਂਗੂ। ਧਰਮ ਦੇ ਆਗੂਆਂ ਦਾ ਇੱਧਰ ਧਿਆਨ ਨਹੀਂ। ਸਮਾਂ ਕੇ ਆਪ ਦੇਖਦੇ ਆ। ਮੱਖ ਬੜੇ ਭਾਈ! ਗੁਰਦੱਤਾ ਬਾਬਾ ਬੋਲਣ ਲੱਗਾ, ਤੂੰ ਹਾਅ ਗੱਲ ਕਰਦਾ? ਹੁਣ ਤਾਂ ਏਥੇ ਵੀ ਸਾਡੀ ਬਹਾਦਰ ਪੀੜ੍ਹੀ ਨੇ ਬਾਹਰਲੇ ਮੁਲਕਾਂ ਦਾ ਗੰਦਾ ਫੈਸ਼ਨ ਲੈ ਆਂਦਾ ਵਾ, ਅਖੇ ਮੈਨੂੰ ਤੰਗ ਜੀਨ ਲੈ ਦਿਉ, ਮੈਨੂੰ ਜੇਜੀ ਭੈਂਸ ਵਰਗੀ ਜਾਕਟ ਲੈ ਦਿਉ। ਮਾਂ ਬਾਪ ਲੈ ਕੇ ਦਿੰਦੇ ਨਹੀਂ, ਬੱਸ ਫੇਰ ਕੀ? ਪਿੱਟ ਪਟਾਕਾ ਘਰ ਵਿੱਚ, ਸੋਹਰਿਓ ਕੁੜਤਾ ਪਜਾਮਾਂ ਨਹੀਂ ਪਾ ਹੁੰਦਾ? ਮਹਿਫਲ ਵਿੱਚ ਹਾਸਾ ਪੈ ਗਿਆ। ਪਰੇ ਬੈਠਾ ਨਾਜਰ ਵੀ ਫੈਸ਼ਨਾਂ ਤੋਂ ਖਿੱਝਿਆ ਬੈਠਾ ਸੀ, ਖਲੋਕੇ ਬੋਲਿਆ, ਓ ਯਾਰੋ ਮੇਰੀ ਵੀ ਸੁਣ ਲਉ। ਕਹਿੱਲਾ ਕਹਿੱਲਾ, ਚਾਅ ਲਾਹਲਾ ਤੂੰ ਵੀ। ਬਿਰਜੂ ਨੇ ਕਿਹਾ। ਨਾਜਰ ਨੇ ਕਹਿਣਾਂ ਸ਼ੁਰੂ ਕੀਤਾ ਬਈ ਸੁਣੋ, ਸ਼ੈਤ ਕਿਸੇ ਨੇ ਧਿਆਨ ਨਹੀਂ ਦਿੱਤਾ ਹੋਣਾਂ। ਅੱਜ ਕੱਲ੍ਹ ਦੇ ਪੰਜਾਬੀ ਗੀਤ ਗਾਉਣ ਵਾਲੇ ਗੈਕ ਜਨਾਨੀਆਂ ਵਾਲੇ ਗੀਤ ਗਾਉਣ ਲੱਗ ਪਏ। ਬਚਾਰੀਆਂ ਜਨਾਨੀਆਂ ਨੂੰ ਗੌਣ ਨਹੀਂ ਦਿੰਦੇ।

**ਬਾਕੀ ਹਿਸਾ ਸਫਾ 48 ਤੇ ਪੜ੍ਹੋ**

47 ਸਫ਼ੇ ਦੀ ਬਾਕੀ

ਬਈ ਨਾਜਰਾ ਉਹ ਕਿਦਾਂ? ਬਿਰਜੂ ਨੇ ਪੁੱਛਿਆ। ਨਾਜਰ ਖਲੋਕੇ ਬੋਲਿਆ, ਓ ਏਦਾਂ ਲਉ ਸਣੋਂ! ਇਕ ਮਰਦ ਗੈਕ, ਜਨਾਨੀ ਵਾਲਾ ਗੀਤ ਗਾਉਂਦਾ ਵਾ। ਨਾਜਰ ਨੇ ਇਕ ਕੰਨ 'ਤੇ ਹੱਥ ਰੱਖਕੇ ਹੇਕ ਲਾਈ, ਹਾਏ ਵੇ ਜਾਲਮਾਂ, ਸਾਲ ਹੋ ਗਿਆ ਗਏ ਨੂੰ, ਮੈਨੂੰ ਵੀ ਲੈ ਚੱਲ ਵੇ, ਦਿਲ ਨਹੀਂ ਲੱਗਦਾ ਕੱਲੀ ਦਾ। ਜੇਠ ਘੂਰਦਾ ਰਹਿੰਦਾ ਮੈਨੂੰ ਊਂ--ਊਂ--। ਸੁਣਕੇ ਮਹਿਫਲ ਹੱਸ ਹੱਸ ਦੋਹਰੀ ਹੋ ਗਈ। ਨਾਜਰ ਫਿਰ ਬੋਲਿਆ, ਹੜਦੂ ਲਾਨਤ ਏ ਇਨ੍ਹਾਂ ਮਰਦ ਗੈਕਾਂ 'ਤੇ, ਸੋਹਰੇ ਜਨਾਨੀਆਂ ਦਾ ਹੱਕ ਮਾਰਦੇ ਵਾ। ਬਈ ਨਾਜਰਾ ਗੱਲ ਤਾਂ ਤੇਰੀ ਸਈ ਆ। ਮਰਦਾਂ ਦੇ ਗੀਤ ਮਰਦਾਂ ਨੂੰ ਗਾਉਣੇ ਚਾਹੀਦੇ ਵਾ। ਜਨਾਨੀਆਂ ਦੇ ਗੀਤ ਜਨਾਨੀਆਂ ਨੂੰ। ਸ਼ੰਕਰ ਨੇ ਬੀੜੀ ਲਾਉਂਦੇ ਨੇ ਕਿਹਾ। ਓ ਹੁਣ ਤੁਸੀਂ ਆਪਣੀਆਂ ਜਬਲੀਆਂ ਈ ਮਾਰੀ ਜਾਣੀਆਂ? ਤਾਏ ਕੋਲੋਂ ਬਲੈਤ ਦੀਆਂ ਗੱਲਾਂ ਤਾਂ ਸੁਣ ਲਉ ਕੇਰਾਂ? ਪਿੱਛੇ ਬੈਠੇ ਕਿਸੇ ਨੇ ਕਿਹਾ। ਅਚਾਨਕ ਮੰਗਤੂ ਨਸ਼ੇ ਦੀ ਲੋਰ ਵਿੱਚ ਬਾਬੇ ਕਰਤਾਰੇ ਦੇ ਮੋਢੇ ਦਾ ਸਹਾਰਾ ਲੈਕੇ ਝੂਮਦਾ ਹੋਇਆ ਅਮਰ ਸਿੰਘ ਨੂੰ ਬੋਲਿਆ, ਮੱਖ ਬਲੈਤੀਆ! ਓ ਬੜੇ ਭਾਈ! ਪਰਸੋਂ ਤੂੰ ਮੈਨੂੰ ਕਹਿੰਦਾ ਸੀ, ਮੰਗਤੂਆ, ਦਾਰੂ ਜਿਆਦਾ ਨਾ ਪੀਆ ਕਰ, ਬਾਅਦ ਵਿੱਚ ਤੰਗ ਬਹੁਤ ਕਰਦੀ ਆ। ਤੈਨੂੰ ਕਿਦਾਂ ਪਤਾ? ਸਾਡੇ ਏਥੇ ਤਾਂ ਮੰਨਿਆ ਬਈ ਕੰਜਰਾਂ ਨੇ ਖਰਿਆ ਕੀ ਕੀ ਖੇਹ ਸੁਆਹ ਪਾ ਕੇ ਬਣਾਈ ਹੁੰਦੀ ਆ, ਪਰ ਬਲੈਤ ਬਿੱਚ ਤਾਂ ਕਹਿੰਦੇ ਆ ਏਨ ਸ਼ੁੱਧ ਅਮ੍ਰਿਤ ਪਾਣੀ ਪਾ ਕੇ ਬਣਾਉਂਦੇ ਆ ਫੇਰ ਵੀ ਉਹ ਤੰਗ ਕਿਦਾਂ ਕਰਦੀ ਆ ਬਈ? ਕਿਉਂ ਨੰਦੂ ਬਾਬਾ ਮੈਂ ਠੀਕ ਕਹਿਨਾਂ? ਕਹਿਕੇ ਮੰਗਤੂ ਬਾਬੇ ਨੰਦੂ ਰਾਮ ਦੀਆਂ ਲੱਤਾਂ ਵਿੱਚਕਾਰ ਮੱਲੋ ਮੱਲੀ ਬੈਠ ਗਿਆ।

ਬਈ ਸਜਣੋਂ ਦਾਰੂ ਫੇਰ ਵੀ ਦਾਰੂ ਹੀ ਹੁੰਦੀ ਏ। ਭਾਵੇਂ ਉਹ ਏਥੇ ਦੀ ਹੋਵੇ ਜਾਂ ਇੰਗਲੈਂਡ ਦੀ। ਲਉ ਹੁਣ ਮੈਂ ਆਪਣੀ ਮਸਾਲ ਦੇਣ ਲੱਗਾ ਹਾਂ ਕਿ ਇਹ ਕਿਦਾਂ ਬੰਦੇ ਨੂੰ ਚਿੱਤ ਕਰ ਦਿੰਦੀ ਆ। ਓ ਸਦਕੇ ਜਾਵਾਂ ਤਾਏ ਦੇ। ਹੁਣ ਬਣੀ ਗੱਲ! ਚੱਕ ਦੇ ਫੱਟੇ ਕੇਰਾਂ। ਕਈਆਂ ਨੇ ਤਾੜੀਆਂ ਬਜਾਕੇ ਕਿਹਾ। ਅਮਰ ਸਿੰਘ ਨੇ ਕਹਿਣਾ ਸ਼ੁਰੂ ਕੀਤਾ, ਲਉ ਬਈ ਸਜਣੋਂ! ਇਕ ਵਾਰੀ ਦੀ ਗੱਲ ਵਾ ਉਦੋਂ ਮੈਂ ਤੱਕੜਾ ਸੀ। ਦਾੜ੍ਹੀ ਮੁੱਛਾਂ ਵਿੱਚ ਕੋਈ ਕੋਈ ਧੌਲ੍ਹਾ ਸੀ। ਮਹਿਫਲ ਵਿੱਚ ਕਈ ਹੱਸ ਪਏ। ਅਮਰ ਸਿੰਘ ਨੇ ਫਿਰ ਕਹਿਣਾ ਸ਼ੁਰੂ ਕੀਤਾ, ਬਈ ਇਹ ਉਨ੍ਹਾਂ ਦਿਨਾਂ ਦੀ ਗੱਲ ਆ ਜਦੋਂ ਦੇਸੀ ਬੰਦੇ ਇੰਗਲੈਂਡ ਵਿੱਚ ਘੱਟ ਹੀ ਆਏ ਸੀ। ਮੈਂ ਆਪਣੇ ਇਕ ਦੇਸੀ ਭਾਈ ਬੰਦ ਦੇ ਘਰ ਕਰਾਏ 'ਤੇ ਰਹਿੰਦਾ ਸੀ। ਬੰਦੇ ਦੇ ਦੋ ਮੁੰਡੇ ਸੀ। ਮੇਰਾ ਉਨ੍ਹਾਂ ਨਾਲ ਬੜਾ ਤੇਹ ਹੁੰਦਾ ਸੀ। ਅਸੀਂ ਤਿੰਨਾਂ ਛੜਿਆਂ ਨੇ ਰੱਲਕੇ ਅੰਨ ਪਾਣੀ ਬਣਾਉਣਾਂ। ਟੈਮ ਵਾਹਵਾ ਲੰਘ ਰਿਹਾ ਸੀ। ਇਕ ਦਿਨ ਸਾਡੇ ਨਾਲ ਦੇ ਘਰ ਵਿੱਚ ਲੜਕੀ ਦਾ ਵਿਆਹ ਸੀ। ਸਾਡਾ ਗੁਆਂਢ ਮੱਥਾ ਸੀ ਸਾਡਾ ਵੀ ਫਰਜ਼ ਬਣਦਾ ਸੀ, ਬਈ ਜਾ ਕੇ ਮੱਦਤ ਕਰੀਏ। ਸ਼ਨਿੱਚਰਵਾਰ ਦਾ ਦਿਨ ਸੀ। ਸਵੇਰੇ 10 ਵਜੇ ਦਾ ਟੈਮ ਸੀ। ਮੈਂ ਮਕਾਨ ਮਾਲਕ ਦੇ ਦੋ ਮੁੰਡਿਆਂ ਨੂੰ ਨਾਲ ਲਿਆ, ਤੇ ਕੁੜੀ ਦੇ ਪੇ ਨਾਲ ਸਲਾਹ ਕੀਤੀ ਕਿ ਅਸੀਂ ਬਰਾਤੀਆਂ ਲਈ ਪਕੌੜੇ ਕੱਢਾਂਗੇ। ਓ ਕਿਉਂ ਬਈ? ਹਲਵਾਈ ਸੋਹਰੇ ਆਂਡਿਆਂ 'ਤੇ ਬੈਠੇ ਸੀ? ਬਾਬਾ ਗੁਰਦੱਤਾ ਵਿੱਚੋਂ ਬੋਲ ਪਿਆ। ਓ ਨਹੀਂ ਗੁਰਦਿੱਤਿਆ, ਉਨ੍ਹਾਂ ਦਿਨਾਂ ਵਿੱਚ ਹੜੇ ਹਲਵਾਈ ਨਹੀਂ ਸੀ ਹੁੰਦੇ ਰਲ੍ਹਕੇ ਕੰਮ ਕਰਦੇ ਸੀ। ਲਉ ਜੀ ਮੈਂ ਮਕਾਨ ਮਾਲਕ ਦੇ ਛੋਟੇ ਮੁੰਡੇ ਮੱਖਣ ਨੂੰ ਨਾਲ ਲਿਆ ਤੇ ਅਸੀਂ ਰਸੋਈ ਸਾਂਭ ਲਈ। ਬਾਕੀਆਂ ਨੇ ਆਪਣੇ ਆਪਣੇ ਕੰਮ ਸਾਂਭ ਲਏ। ਕਈ ਬੰਦੇ ਕੰਮ ਵੀ ਕਰੀ ਜਾਂਦੇ ਸੀ ਤੇ ਛਿੱਟ ਛਿੱਟ ਵੀ ਲਾਈ ਜਾਂਦੇ ਸੀ। ਆਹ ਸੁਆਦ ਆ ਗਿਆ ਕੇ? ਕਿਉਂ ਸ਼ੰਕਰਾ ਆ ਗਿਆ ਮੂੰਹ ਵਿੱਚ ਪਾਣੀ? ਰੁੱਲਦੂ ਨੇ ਮਜ਼ਾਕ ਕੀਤਾ। ਓ ਬਾਬਿਉ ਚੁੱਪ ਕਰੋ। ਕਿਸੇ ਨੇ ਕਿਹਾ। ਅਮਰ ਸਿੰਘ ਨੇ ਫਿਰ ਕਹਿਣਾ ਸ਼ੁਰੂ ਕੀਤਾ, ਲਉ ਬਈ ਮੈਂ ਬੇਸਣ ਘੋਲਦੇ ਨੇ ਮੱਖਣ ਨੂੰ ਕਿਹਾ, ਬਈ ਮੱਖਣਾਂ ਜਾਹ ਦੂਸਰੇ ਕਮਰੇ ਵਿੱਚ, ਬੋਤਲ ਫੜ ਲਿਆ। ਲਉ ਬਈ ਮੈਂ ਪਕੌੜੇ ਕੱਢ ਕੱਢ ਪਰਾਤ ਵਿੱਚ ਰੱਖੀ ਗਿਆ। ਨਾਲੋ ਨਾਲ ਦਾਰੂ ਵੀ ਖਿੱਚੀ ਗਿਆ। ਹਾਲੇ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਇਕ ਮੁੰਡਾ ਰਸੋਈ ਵਿੱਚ ਆਇਆ। ਮੈਨੂੰ ਹੈਰਾਨ ਜਿਹਾ ਹੋ ਕੇ ਬੋਲਿਆ, ਓ ਭਾਈਆ ਬੱਸ ਕਰ ਹੁਣ! ਤੂੰ ਤਾਂ ਫੱਟੇ ਚੁੱਕੀ ਜਾਨਾਂ। ਲਉ ਬਈ ਮੈਂ ਸਮਝਿਆ ਇਹ ਮੁੰਡਾ ਮੈਨੂੰ ਪੀਂਦਿਆਂ ਨੂੰ ਟੋਕਦਾ ਵਾ। ਮੈਂ ਵੀ ਜਵਾਬ ਦਿੱਤਾ, ਉਏ ਕਾਕਾ! ਤੂੰ ਨਹੀਂ ਪੀਂਦਾ, ਤਾਂ ਸਾਨੂੰ ਕਿਉਂ ਟੋਕਦਾਂ? ਸਈ ਗੱਲ ਕਹੀ ਤੂੰ ਅਮਰੂਆ! ਮੰਗਤੂ ਲੋਰ ਵਿੱਚ ਆਇਆ ਬੋਲਿਆ, ਆਂਹਦੇ ਆ ਬਈ ਜੇਹੜਾ ਪੀਂਦੇ ਨੂੰ ਕੋਈ ਟੋਕੇ ਤਾਂ ਉਹਨੂੰ ਪਾਪ ਲੱਗਦਾ ਵਾ। ਓਹੋ ਯਾਰ ਜਦੋਂ ਵੀ ਸੁਆਦ ਦੀ ਗੱਲ ਹੋਣ ਲੱਗਦੀ ਆ ਤਾਂ ਕੋਈ ਨਾਂ ਕੋਈ ਵਿੱਚੋਂ ਟੋਕ ਦਿੰਦਾ। ਅਮਲੀ ਸ਼ੰਕਰ ਨੇ ਖਿੱਝਦੇ ਕਿਹਾ। ਅਮਰ ਸਿੰਘ ਨੇ ਫਿਰ ਕਹਿਣਾਂ ਸ਼ੁਰੂ ਕੀਤਾ, ਲਉ ਬਈ ਜਦੋਂ ਮੈਂ ਉਸ ਛੋਕਰੇ ਨੂੰ ਏਦਾਂ ਕਿਹਾ ਤਾਂ ਹੱਸ ਕੇ ਬੋਲਿਆ ਕਿ ਭਾਈਆ ਮੈਂ ਤਾਂ ਤੈਨੂੰ ਇਨ੍ਹਾਂ ਪਕੌੜਿਆਂ ਬਾਰੇ ਕਿਹਾ ਸੀ, ਬਈ ਹੋਰ ਨਾਂ ਬਣਾ, ਬਹੁਤ ਬਣ ਗਏ ਆ। ਮੇਰੀ ਵੱਲੋਂ ਭਾਵੇਂ ਤੂੰ ਦਾਰੂ ਦੇ ਮੱਟ ਵਿੱਚ ਪੈ ਜਾ। ਸੁਣਕੇ ਮਹਿਫਲ ਵਿੱਚ ਹਾਸਾ ਛਿੜ ਪਿਆ। ਲਉ ਬਈ ਸੱਜਣੋਂ ਮੁੰਡੇ ਦੀ ਕਹੀ ਗੱਲ ਤੋਂ ਮੈਂ ਸ਼ਰਮਿੰਦਾ ਜਿਹਾ ਹੋ ਗਿਆ। ਬਈ ਮੈਂ ਖਨੀ ਅੱਧੀ ਤੋਂ ਜ਼ਿਆਦਾ ਬੋਤਲ ਖਿੱਚ ਲਈ। ਮੈਨੂੰ ਲੱਗਾ ਜਿਵੇਂ ਰਸੋਈ ਹੌਲੀ ਹੌਲੀ ਘੁੰਮ ਰਹੀ ਆ। ਮੈਂ ਗੈਸ ਬੰਦ ਕਰਨ ਲਈ ਕਦੀ ਕੋਈ ਬਟਣ ਦੱਬਾਂ ਕਦੀ ਕੋਈ, ਜੱਦ ਨੂੰ ਮੱਖਣ ਆ ਗਿਆ, ਉਹ ਸਮਝ ਗਿਆ ਬਈ ਮੇਰੇ ਅੰਦਰ ਲੋ ਹੋ ਗਈ ਆ। ਮੱਖਣ ਨੇ ਗੈਸ ਦਾ ਚੁੱਲ੍ਹਾ ਬੰਦ ਕੀਤਾ ਤੇ ਨਾਲ ਹੀ ਬੋਲਿਆ ਕਿ ਤਾਇਆ ਹੋਰ ਨਾਂ ਪੀਵੀਂ ਬਰਾਤ ਆਉਣ ਵਾਲੀ ਆ। ਕਹਿਕੇ ਮੱਖਣ ਪਲੇਟਾਂ ਵਿੱਚ ਪਕੌੜੇ ਪਾ ਪਾ ਕੇ ਨਾਲ ਦੇ ਕਮਰੇ ਵਿੱਚ ਰੱਖੀ ਗਿਆ। ਤੇ ਮੈਂ ਮੱਖਣ ਦੇ ਆਉਣ ਤੋਂ ਪਹਿਲਾਂ ਇਕ ਹੋਰ ਪਟਿਆਲਾ ਪੈੱਗ ਅੰਦਰ ਸੁੱਟ ਲਿਆ ਤੇ ਮੁੱਛਾਂ ਸਾਫ ਕੀਤੀਆਂ।

ਲਉ ਜੀ, ਏਨੇ ਨੂੰ ਬਰਾਤ ਆ ਗਈ ਦਾ ਰੌਲ੍ਹਾ ਪੈ ਗਿਆ। ਮੈਂ ਪਾਣੀ ਦੀ ਟੂਟੀ ਕੋਲ ਆਇਆ। ਟੂਟੀ ਖੋਲੀ ਤਾਂ ਪਾਣੀ ਦੀ ਮੋਟੀ ਧਾਰ ਦੇ ਛਿੱਟਿਆਂ ਨੇ ਮੈਨੂੰ ਅੱਧਾਂ ਭੇਂ ਦਿੱਤਾ, ਮੈਂ ਨਸ਼ੇ ਦੀ ਲੋਰ ਵਿੱਚ ਝੂਮਦਾ ਪਿੱਛੇ ਨੂੰ ਮੁੜਿਆ ਤਾਂ ਮੇਰਾ ਸਿਰ ਠਾ ਕਰਕੇ ਰਸੋਈ ਦੇ ਦਰਵਾਜੇ ਵਿੱਚ ਲੱਗਾ! ਹਾਏ ਬਈ ਮੇਰੇ ਸਿਰ ਵਿੱਚ ਤਾਂ ਤਰ੍ਹਾਂ ਤਰ੍ਹਾਂ ਦੀਆਂ ਅਵਾਜਾਂ ਆਉਣ ਲੱਗ ਪਈਆਂ। ਸਿਰ ਸਾਂ ਸਾਂ ਕਰੇ। ਮੈਂ ਬਈ ਪੰਜ ਕੁ ਮਿੰਟ ਅੱਖਾਂ ਮੀਟ ਕੇ ਤੇ ਚੀਸ ਵੱਟ ਕੇ ਦਰਵਾਜੇ ਨੂੰ ਫੜਕੇ ਖੜ੍ਹਾ ਰਿਹਾ। ਸਾਰੀ ਮਹਿਫਲ ਹੱਸ ਪਈ। ਅਮਰ ਸਿੰਘ ਵੀ ਮੁੱਛਾਂ ਵਿੱਚ ਹੱਸਕੇ ਫਿਰ ਬੋਲਿਆ, ਲਉ ਬਈ ਮੈਂ ਸ਼ੁਕਰ ਕੀਤਾ ਜੱਦ ਮੱਖਣ ਨੇ ਆ ਕੇ ਮੈਨੂੰ ਸੰਭਾਲ ਲਿਆ। ਫੇਰ ਮੱਖਣ ਬੋਲਿਆ ਕਿ ਆ ਤਾਇਆ ਬਰਾਤੀਆਂ ਦਾ ਸੁਆਗਤ ਕਰੀਏ। ਮੈਂ ਸੁਆਗਤ ਸੁਆਹ ਕਰਾਂ ਖੜ੍ਹਾ ਮੈਥੋਂ ਹੋ ਨਹੀਂ ਹੁੰਦਾ। ਮੈਂ ਮੱਖਣ ਨੂੰ ਕਿਹਾ। ਮੱਖਣ ਨੇ ਮੈਨੂੰ ਲੂਣ ਤੇ ਨਿੰਬੂ ਪੀਣ ਦੀ ਸਲਾਹ ਦਿੱਤੀ। ਲਉ ਬਈ ਮੈਂ ਇਕ ਨਿੰਬੂ ਲਿਆ ਤੇ ਲੂਣ ਦਾ ਫੱਕਾ ਮੂੰਹ ਵਿੱਚ ਮਾਰਕੇ ਤੇ ਉਪਰ ਨੂੰ ਮੂੰਹ ਕਰਕੇ ਵਿੱਚ ਨਿੰਬੂ ਨਚੋੜ ਲਿਆ। ਚੱਲ ਮੇਰੇ ਭਾਈ। ਬਈ ਤਾਂ ਜਾ ਕੇ ਮੈਂ ਭਰਾਵੋ ਤੁਰਨ ਜੋਗਾ ਹੋਇਆ। ਤੇ ਬਰਾਤੀਆਂ ਦਾ ਸੁਆਗਤ ਕੀਤਾ। ਮਹਿਫਲ ਹੱਸਦੀ ਤੇ ਧਿਆਨ ਨਾਲ ਸੁਣ ਰਹੀ ਸੀ। ਤਾਂ ਅਮਰੂ ਤੈਂ ਬਰਾਤੀਆਂ ਨਾਲ ਕੋਈ ਉਲਟੀ ਸਿੱਧੀ ਗੱਲ ਤਾਂ ਨਹੀਂ ਸੀ ਕਹਿ ਦਿੱਤੀ? ਏਥੇ ਤਾਂ ਸੋਹਰੇ ਅੰਦਰ ਦਾਰੂ ਗਈ ਨਹੀਂ, ਬੱਸ ਡਾਂਗ ਸੋਟੇ ਹੋਏ ਨਹੀਂ। ਹੁੱਕਾ ਪੀਂਦੇ ਸਾਂਤੂ ਨੇ ਅਮਰ ਸਿੰਘ ਵੱਲ ਦੇਖਦੇ ਨੇ ਕਿਹਾ। ਅੱਛਾ ਤਾਇਆ ਫੇਰ ਕੀ ਹੋਇਆ? ਪਿੱਛੇ ਬੈਠੇ ਇਕ ਗੱਭਰੂ ਨੇ ਉੱਚੀ ਅਵਾਜ ਵਿੱਚ ਕਿਹਾ। ਅਮਰ ਸਿੰਘ ਨੇ ਫਿਰ ਕਹਿਣਾ ਸ਼ੁਰੂ ਕੀਤਾ, ਬਈ ਸੱਜਣੋਂ ਹੁਣ ਗੱਲ ਸੁਣਨ ਆਲੀ ਆ। ਮੈਂ ਵੀ ਬਰਾਤੀਆਂ ਵਿੱਚ ਆ ਬੈਠਾ, ਪਰੌਂਣੇ ਦੇ ਪੇ ਨੇ ਮਿਲਣੀ ਦੀ ਖੁਸ਼ੀ ਵਿੱਚ ਮੈਨੂੰ ਤੱਕੜਾ ਪੈੱਗ ਆਪ ਤੇ ਮੈਨੂੰ ਪਲ੍ਹਾ ਦਿੱਤਾ। ਨਾਂ ਕਰਦਾ ਤਾਂ ਚੰਗਾ ਨਹੀਂ ਸੀ ਲੱਗਦਾ। ਕੁੜਮਾਂ ਚਾਰੀ ਦਾ ਮਾਮਲਾ ਸੀ। ਲਉ ਬਈ ਦੁਪਹਿਰੋਂ ਬਾਅਦ ਅਸੀਂ ਧੀ ਨੂੰ ਖੁਸ਼ੀ ਖੁਸ਼ੀ ਤੋਰਿਆ, ਪਰ ਮੈਂ ਭਰਾਵੋ ਕਦੇ ਕਿਸੇ ਵਿੱਚ ਲੱਗਾਂ। ਕਦੇ ਕਿਸੇ ਦੇ ਗੱਲ ਲੱਗ ਕੇ ਰੋਵਾਂ। ਓ ਬਈ ਅਮਰੂਆ! ਸੁਣਿਆ ਵਾ ਬਈ ਬਲੈਤ ਵਿੱਚ ਨਾਲੀਆਂ ਧਰਤੀ ਵਿੱਚ ਆ। ਤੂੰ ਤਾਂ ਚੰਗਾ ਰਹਿ ਗਿਆ ਕਿਤੇ ਨਾਲੀ ਵਿੱਚ ਨਹੀਂ ਡਿੱਗਿ-ਆ, ਜਿੱਦਾਂ ਏਥੇ ਸ਼ਾਮ ਪੈਂਦਿਆਂ ਈ ਨਸ਼ੇੜੀ ਠੇਕਿਆਂ ਮੋਰੇ ਆ ਖੜਦੇ ਵਾ ਤੇ ਫੇਰ ਦੇਖ ਤਮਾਸ਼ਾ, ਕੋਈ ਇਧਰ ਨਾਲੀ ਵਿੱਚ ਪਿਆ, ਕੋਈ ਉਧਰ ਤੇ ਕੁੱਤੇ ਉਨ੍ਹਾਂ ਦਾ ਮੂੰਹ ਚੱਟਦੇ ਆ। ਬਾਬੇ ਕਰਤਾਰੇ ਨੇ ਸੱਚੀ ਸੁਣਾਂ ਦਿੱਤੀ। ਸਾਰੇ ਹੱਸ ਪਏ।

ਅਮਰ ਸਿੰਘ ਨੇ ਫਿਰ ਕਹਿਣਾਂ ਸ਼ੁਰੂ ਕੀਤਾ, ਬਈ ਸਜਣੋਂ, ਧੀ ਤੋਰਨ ਤੋਂ ਬਾਅਦ ਮੈਨੂੰ ਇਹ ਨਹੀਂ ਪਤਾ ਕਿ ਮੈਨੂੰ ਘਰ ਕੌਣ ਛੱਡ ਕੇ ਆਇਆ। ਬਾਅਦ ਵਿੱਚ ਮੱਖਣ ਨੇ ਦੱਸਿਆ ਬਈ ਮੈਨੂੰ 4 ਬੰਦੇ ਮੱਲੋ ਮੱਲੀ ਫੜਕੇ ਘਰ ਛੱਡਕੇ ਆਏ ਸੀ। ਮੈਨੂੰ ਕੋਈ ਸੁਰਤ ਨਹੀਂ ਸੀ। ਸਰਦੀਆਂ ਦੇ ਦਿਨ ਸੀ ਦੁਪਹਿਰ ਨੂੰ ਹੀ ਹਨੇਰਾ ਹੋ ਜਾਂਦਾ ਸੀ ਜਿੱਦਾਂ ਅੱਧੀ ਰਾਤ ਹੁੰਦੀ ਆ। ਅਚਾਨਕ ਮੇਰੀ ਅੱਖ ਖੁੱਲ੍ਹ ਗਈ। ਦੇਖਿਆ ਮੈਂ ਆਪਣੇ ਕਮਰੇ ਵਿੱਚ ਸੁੱਤਾ ਵਾਂ। ਫੇਰ ਮੇਰੀ ਨਜ਼ਰ ਘੜੀ 'ਤੇ ਪਈ, ਤੜਕੇ ਦੇ 6 ਵਜੇ ਸੀ। ਲਉ ਬਈ ਮੈਂ ਸਮਝਿਆ ਖਨੀ ਸੋਮਵਾਰ ਤੜਕੇ ਦੇ 6 ਵਜੇ ਆ, ਪਰ ਵਜੇ ਸੀ ਐਤਵਾਰ ਦੇ। ਬਈ ਮੈਂ ਝੱਟਕੇ ਨਾਲ ਉੱਠਿਆ ਕਿ ਮੈਂ ਕੰਮ 'ਤੇ ਲੇਟ ਹੋ ਗਿਆ। ਬਿਨਾਂ ਹੱਥ ਮੂੰਹ ਧੋਤੇ ਮੈਂ ਬੱਸ ਫੜੀ ਤੇ ਫੈਕਟਰੀ ਅੱਗੇ ਆ ਗਿਆ, ਦੇਖਿਆ ਫੈਕਟਰੀ ਦਾ ਗੇਟ ਬੰਦ ਆ। ਮੈਂ ਹੈਰਾਨ ਕਿ ਫੈਕਟਰੀ ਕਿਉਂ ਬੰਦ ਵਾ? ਕਿਤੇ ਖੂਨ ਖਰਾਬਾ ਤਾਂ ਨਹੀਂ ਹੋ ਗਿਆ? ਫੇਰ ਮੇਰੀ ਨਜ਼ਰ ਸਾਹਮਣੇਂ ਬੱਸ ਸਟੌਪ 'ਤੇ ਖੜ੍ਹੇ ਇਕ ਅੰਗ੍ਰੇਜ਼ ਗੱਭਰੂ 'ਤੇ ਪੈ ਗਈ। ਮੈਂ ਕੋਲ ਆ ਕੇ ਉਸ ਨੂੰ ਪੁੱਛਿਆ ਬਈ ਆ ਫੈਕਟਰੀ ਕਿਉਂ ਬੰਦ ਆ? ਗੱਭਰੂ ਨੇ ਪਹਿਲਾਂ ਮੈਨੂੰ ਹੇਠਾਂ ਤੋਂ ਉੱਪਰ ਦੇਖਿਆ ਫੇਰ ਬੋਲਿਆ ਕਿ ਅੱਜ ਸੋਮਵਾਰ ਨਹੀਂ ਅੱਜ ਐਤਵਾਰ ਆ, ਤੁਹਾਨੂੰ ਇੰਡੀਅਨਨਾਂ ਨੂੰ ਬੱਸ ਕੰਮ ਦੇ ਈ ਸੁਫਨੇ ਆਉਂਦੇ ਰਹਿੰਦੇ ਆ। ਜਾਹ ਘਰ ਜਾ ਕੇ ਅਰਾਮ ਕਰ। ਪੀਣ ਲੱਗੇ ਨਹੀਂ ਸੋਚਦੇ। ਭਰਾਵੋ ਮੈਂ ਸ਼ਰਮਿੰਦਾ ਹੋ ਕੇ ਘਰ ਨੂੰ ਜਾਣ ਵਾਲੀ ਬੱਸ ਫੜ ਲਈ। ਘਰ ਕੋਲ ਆ ਕੇ ਬੱਸ ਵਿੱਚੋਂ ਉਤਰਨ ਲੱਗਾ ਤਾਂ ਚੜ੍ਹਨ ਵਾਲੇ ਇਕ ਦੇਸੀ ਬੰਦੇ ਵਿੱਚ ਆ ਲੱਗਾ ਤੇ ਉਸ ਨੇ ਮੈਨੂੰ ਡਿੱਗਣੋਂ ਬਚਾ ਲਿਆ। ਮੈਂ ਹੌਂਸਲਾ ਕਰਕੇ ਬੰਦੇ ਨੂੰ ਪੁੱਛਿਆ ਕਿ ਬੜੇ ਭਾਈ ਮੈਨੂੰ ਸਾਲਾ ਕੁੱਝ ਪਤਾ ਨਹੀਂ ਲੱਗਦਾ, ਹੁਣ ਤੂੰ ਹੀ ਦੱਸ ਕਿ ਆਹ ਹੁਣ ਦਿਨ ਆ ਕਿ ਰਾਤ? ਮਤਲਵ, ਸ਼ਾਮ ਪਈ ਆ ਜਾਂ ਤੜਕਾ? ਬਈ ਉਸ ਬੰਦੇ ਨੇ ਮੈਨੂੰ ਹੈਰਾਨੀ ਨਾਲ ਦੇਖਿਆ। ਮੈਨੂੰ ਬੋਲਿਆ, ਓ ਭਰਾਵਾ ਹੁਣ ਦਿਨ ਚੜ੍ਹਿਆ ਵਾ, ਸਵੇਰ ਦੇ 07:30 ਵਜੇ ਆ ਤੇ ਦਿਨ ਐਤਵਾਰ ਆ। ਕੀ ਗੱਲ ਸਾਰੀ ਰਾਤ ਦਾਰੂ ਚਾੜ੍ਹੀ ਗਿਆ ਸੀ? ਸ਼ਰਮ ਹੋਣੀਂ ਚਾਹੀਦੀ ਆ। ਸੋ ਭਰਾਵੋ ਮੈਂ ਸ਼ਰਮਿੰਦਾ ਹੋ ਕੇ ਘਰ ਆਇਆ। ਸੋ ਦਾਰੂ ਨਾਲ ਕਦੇ ਪੰਗਾ ਨਾ ਲਉ। ਇਹ ਚੰਗੇ ਭਲਿਆਂ ਨੂੰ ਚਿੱਤ ਕਰ ਦਿੰਦੀ ਆ। ਪਾਗਲ ਕਰ ਦਿੰਦੀ ਏ। ਥੋੜ੍ਹੀ ਪੀਣੀਂ ਮਾੜੀ ਨਹੀਂ। ਦਾਰੂ ਕੋਈ ਹੋਵੇ। ਏਦੇ ਨਾਲ ਆਡਾ ਲਉਗੇ ਤਾਂ ਤੁਸੀਂ ਹੀ ਚਿੱਤ ਹੋਵੋਗੇ। ਮੈਂ ਏਥੇ ਦੇਖਿਆ ਬੰਦੇ ਦਾਰੂ ਨੂੰ ਬਿਨਾਂ ਸਾਹ ਲਏ ਗਲਾਸ ਛੋਟਾ ਜਾਂ ਵੱਡਾ ਹੋਵੇ, ਖਾਲੀ ਕਰਕੇ ਰੱਖਣਗੇ। ਪੀਣ ਦਾ ਇਹ ਤਰੀਕਾ ਸਭ ਤੋਂ ਵੱਧ ਖਤਰਨਾਕ ਏ। ਤਾਇਆ ਏਥੇ ਸਾਰੇ ਏਦਾਂ ਹੀ ਪੀਂਦੇ ਵਾ। ਏਥੇ ਏਦਾਂ ਈ ਚੱਲਦਾ! ਚੰਗਾ ਬਈ ਸੱਜਣੋਂ ਬਾਕੀ ਕੱਲ੍ਹ ਨੂੰ ਸਹੀ। ਸਭ ਘਰੀਂ ਚਲੇ ਗਏ।

–ਧਰਮਪਾਲ ਸਹਿਗਲ


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**ਫ਼ੋਨ ਨੰਬਰ: 01332 372851**

# ਜਲੰਧਰ ਵਿਚ ਪਾਦਰੀ ਦੀ ਪਤਨੀ ਨਾਲ ਪਿਛਲੇ ਸਾਲ ਹੋਇਆ ਸੀ ਸਮੂਹਿਕ ਬਲਾਤਕਾਰ

## ✪ ਫਤਿਹਗੜ੍ਹ ਸਾਹਿਬ ਦੇ ਇਕ ਪਾਦਰੀ ਨੇ ਕੀਤਾ ਕਾਲਾ ਕਾਰਨਾਮਾ, ਕੇਸ ਦਰਜ

ਜਲੰਧਰ-ਜਲੰਧਰ ਵਿਚ ਸ੍ਰੀ ਫਤਿਹਗੜ੍ਹ ਸਾਹਿਬ ਦੇ ਇਕ ਪਾਦਰੀ ਦੀ ਪਤਨੀ ਨਾਲ ਜਲੰਧਰ ਦੇ ਇਕ ਪਾਦਰੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਗੈਂਗਰੇਪ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਸਬੰਧੀ ਕਮਿਸ਼ਨਰੇਟ ਪੁਲਸ ਦੇ ਥਾਣਾ ਡਿਵੀਜ਼ਨ ਨੰਬਰ-6 ਦੀ ਪੁਲਸ ਨੇ ਮੁਲਜ਼ਮ ਫੈਰਿਸ ਮਸੀਹ ਪੁੱਤਰ ਤੇਜ ਮਸੀਹ, ਪ੍ਰਗਟ ਸਿੰਘ ਉਰਫ਼ ਜੋਸਫ਼, ਬਲਕਾਰ ਮਸੀਹ, ਮਾਹੀ ਮਨਚੰਦਾ ਅਤੇ ਵੀਰਬਲ ਵਾਸੀ ਜੀਸਸ ਵਿਲਾ, ਗਾਰਡਨ ਕਾਲੋਨੀ, ਜਲੰਧਰ ਖ਼ਿਲਾਫ਼ ਜਬਰ-ਜ਼ਿਨਾਹ ਦਾ ਮਾਮਲਾ ਦਰਜ ਕੀਤਾ ਹੈ।

ਫਿਲਹਾਲ ਇਸ ਮਾਮਲੇ ਵਿੱਚ ਕਿਸੇ ਵੀ ਮੁਲਜ਼ਮ ਨੂੰ ਗ੍ਰਿ.ਫਤਾਰ ਨਹੀਂ ਕੀਤਾ ਗਿਆ ਹੈ। ਥਾਣਾ ਡਿਵੀਜ਼ਨ ਨੰਬਰ-6 ਦੇ ਐੱਸ. ਐੱਚ. ਓ. ਭੂਸ਼ਣ ਕੁਮਾਰ ਨੇ ਕੇਸ ਦਰਜ ਹੋਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਤੋਂ ਬਾਅਦ ਮਾਮਲੇ ਵਿੱਚ ਅਗਲੀ ਕਾਰਵਾਈ ਕੀਤੀ ਜਾਵੇਗੀ। ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿੱਚ ਫਤਿਹਗੜ੍ਹ ਸਾਹਿਬ ਦੇ ਵਸਨੀਕ ਪਾਦਰੀ ਦੀ ਪਤਨੀ ਨੇ ਕਿਹਾ ਕਿ ਉਹ ਈਸਾਈ ਭਾਈਚਾਰੇ ਨਾਲ ਸਬੰਧਤ ਹੈ ਅਤੇ ਅਕਸਰ ਧਾਰਮਿਕ ਪ੍ਰਚਾਰ ਲਈ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰਦੀ ਹੈ। ਉਸ ਦੇ ਨਾਲ ਪਤੀ ਅਤੇ ਹੋਰ ਲੋਕ ਵੀ ਉਸ ਦੇ ਨਾਲ ਹੁੰਦੇ



ਹਨ।

ਜਲੰਧਰ ਦੇ ਪਾਸਟਰ ਫੈਰਿਸ ਮਸੀਹ ਉਨ੍ਹਾਂ ਦੇ ਜਾਣ-ਪਛਾਣ ਵਾਲੇ ਸਨ ਅਤੇ ਉਨ੍ਹਾਂ ਨਾਲ ਉਹ ਜਲੰਧਰ ਵਿਚ ਪ੍ਰਚਾਰ ਕਰ ਚੁੱਕੀ ਹੈ। ਜਿਸ ਕਾਰਨ ਉਹ ਇਕ ਦੂਜੇ ਨਾਲ ਗੱਲਾਂ ਕਰਦੇ ਸਨ। ਪੀੜਤਾ ਨੇ ਦੋਸ਼ ਲਗਾਇਆ ਹੈ ਕਿ ਉਸ ਨੂੰ ਫੈਰਿਸ ਤੋਂ ਪੈਸੇ ਲੈਣੇ ਸਨ। ਉਹ ਪੈਸੇ ਲੈਣ ਲਈ ਜਲੰਧਰ ਆਈ ਸੀ। ਇਸ ਦੌਰਾਨ ਹੀ ਉਨ੍ਹਾਂ ਦੇ ਨਾਲ ਦੋਸ਼ੀ ਨੇ ਉਕਤ ਵਾਰਦਾਤ ਨੂੰ ਅੰਜਾਮ ਦਿੱਤਾ।

### ਪਿਛਲੇ ਸਾਲ ਜੁਲਾਈ ਵਾਪਰੀ ਸੀ ਘਟਨਾ

ਤੁਹਾਨੂੰ ਦੱਸ ਦੇਈਏ ਕਿ ਇਹ ਸਾਰੀ ਘਟਨਾ ਪਿਛਲੇ ਸਾਲ ਯਾਨੀ 2024 ਵਿਚ ਵਾਪਰੀ ਸੀ। ਥਾਣਾ ਡਿਵੀਜ਼ਨ ਨੰਬਰ-6 ਦੇ ਐੱਸ. ਐੱਚ. ਓ. ਭੂਸ਼ਣ ਕੁਮਾਰ ਨੇ ਦੱਸਿਆ ਕਿ ਪੀੜਤ ਔਰਤ ਆਪਣੀ ਇਕ ਜਾਣਕਾਰ ਔਰਤ ਨਾਲ ਜਲੰਧਰ ਆਈ ਸੀ। ਉਸ ਨੂੰ ਪੈਸੇ ਲੈਣ ਲਈ ਫੈਰਿਸ ਮਸੀਹ ਨੇ ਬੁਲਾਇਆ ਸੀ। ਪੀੜਤਾ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਜਦੋਂ ਉਹ ਫੈਰਿਸ ਨੂੰ ਮਿਲਣ ਲਈ ਜਲੰਧਰ ਆਈ ਤਾਂ ਉਸ ਨੇ ਆਸ਼ੀਰਵਾਦ ਵਜੋਂ ਉਸ ਦੇ ਸਿਰ 'ਤੇ ਆਪਣਾ ਹੱਥ ਰੱਖਿਆ ਅਤੇ ਉਹ ਬੇਹੋਸ਼ ਹੋ ਗਈ। ਪੀੜਤਾ ਨੇ ਦੱਸਿਆ ਕਿ ਜਦੋਂ ਉਸ ਨੂੰ ਹੋਸ਼ ਆਇਆ ਤਾਂ ਉਸ ਦਾ ਸਰੀਰ ਦਰਦ ਕਰ ਰਿਹਾ ਸੀ। ਜਿਸ ਕਾਰਨ ਉਸ ਨੂੰ ਲੱਗਾ ਕਿ ਉਸ ਦੇ ਨਾਲ ਕੁਝ ਗਲਤ ਹੋਇਆ ਹੈ। ਜਿਸ ਤੋਂ ਬਾਅਦ ਜਦੋਂ ਮਾਮਲਾ ਵਧਿਆ ਤਾਂ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਪੁਲਸ ਨੇ ਇਹ ਮਾਮਲਾ ਲੰਬੀ ਜਾਂਚ ਤੋਂ ਬਾਅਦ ਦਰਜ ਕੀਤਾ ਗਿਆ ਹੈ।

ਇਸ ਦੌਰਾਨ ਮਾਮਲੇ ਦੀ ਜਾਂਚ ਕਰ ਰਹੇ ਥਾਣਾ ਡਿਵੀਜ਼ਨ ਨੰਬਰ-6 ਦੇ ਐੱਸ. ਐੱਚ. ਓ. ਭੂਸ਼ਣ ਕੁਮਾਰ ਨੇ ਕਿਹਾ ਕਿ ਮਾਮਲੇ ਵਿੱਚ ਪਹਿਲਾਂ ਕਿਹਾ ਗਿਆ ਸੀ ਕਿ ਉਕਤ ਔਰਤ ਆਪਣੀ ਧੀ ਨਾਲ ਆਈ ਸੀ ਪਰ ਫਿਰ ਕਿਹਾ ਗਿਆ ਕਿ ਉਹ ਇਕ ਔਰਤ ਨਾਲ ਆਈ ਸੀ। ਇਨ੍ਹਾਂ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮਾਮਲੇ ਦੀ ਇਸ ਵੇਲੇ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਇਕ ਤੋਂ ਵੱਧ ਵਿਅਕਤੀ ਜਬਰ-ਜ਼ਿਨਾਹ ਵਿੱਚ ਸ਼ਾਮਲ ਹਨ। ਸਾਰਿਆਂ ਨੂੰ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ। ਸਮੂਹਿਕ ਜਬਰ-ਜ਼ਿਨਾਹ ਦਾ ਦੋਸ਼ ਗੰਭੀਰ ਹੈ, ਇਸ ਲਈ ਜਾਂਚ ਤੋਂ ਬਾਅਦ ਸਾਰਿਆਂ ਨੂੰ ਗ੍ਰਿ.ਫਤਾਰ ਕੀਤਾ ਜਾਵੇਗਾ।

# 11 ਕਰੋੜ ਦੇ ਨਸ਼ੀਲੇ ਪਦਾਰਥ ਸਮੇਤ ਔਰਤ ਹਵਾਈ ਅੱਡੇ 'ਤੇ ਫੜੀ

ਨਵੀਂ ਦਿੱਲੀ-ਕਸਟਮ ਵਿਭਾਗ ਨੇ ਬੀਤੇ ਦਿਨੀਂ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ 11 ਕਰੋੜ ਰੁਪਏ ਤੋਂ ਵੱਧ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿੱਚ ਨੋਇਡਾ ਦੀ 20 ਸਾਲਾ ਔਰਤ ਨੂੰ ਗ੍ਰਿਫਤਾਰ ਕੀਤਾ ਹੈ। ਬਿਸਕੁਟ ਅਤੇ ਚੌਲਾਂ ਦੇ ਪੈਕਟਾਂ ਵਿੱਚ ਨਸ਼ੀਲੇ ਪਦਾਰਥ ਲਿਜਾ ਰਹੀ ਮਹਿਲਾ ਨੂੰ 21 ਫਰਵਰੀ ਨੂੰ ਬੈਂਕਾਕ ਤੋਂ ਆਉਣ ਮੌਕੇ ਰੋਕਿਆ ਗਿਆ ਸੀ। ਕਾਲੇ ਟਰਾਲੀ ਬੈਗ ਦੀ ਜਾਂਚ ਦੌਰਾਨ ਅੱਠ ਕੁਕੀਜ਼ ਅਤੇ ਚੌਲਾਂ ਦੇ ਪੈਕੇਟਾਂ ਫੜੇ ਗਏ। ਇਨ੍ਹਾਂ ਵਿੱਚ ਹਰੇ ਰੰਗ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਇਨ੍ਹਾਂ ਦਾ ਕੁੱਲ ਵਜ਼ਨ 11,284 ਗ੍ਰਾਮ ਹੈ।

# ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਫਾਰੂਕ ਅਬਦੁੱਲਾ

## ✪ ਕਸ਼ਮੀਰ ਮਸਲੇ ਤੇ ਬੰਦੀ ਸਿੱਖਾਂ ਦੀ ਅਵਾਜ਼ ਉਠਾਈ



ਅੰਮ੍ਰਿਤਸਰ-ਜੰਮੂ ਤੇ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਨਤਮਸਤਕ ਹੋਣ ਸਮੇਂ ਫਾਰੂਕ ਅਬਦੁੱਲਾ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸੂਚਨਾ ਕੇਂਦਰ ਦਰਬਾਰ ਸਾਹਿਬ ਵਿਖੇ ਫਾਰੂਕ ਅਬਦੁਲਾ ਨੂੰ ਸੁੰਦਰ ਮਾਡਲ ਦੇ ਕੇ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ।

ਜੰਮੂ-ਕਸ਼ਮੀਰ ਨੂੰ ਕੇਂਦਰ ਵੱਲੋਂ ਯੂਟੀ ਬਣਾਉਣ 'ਤੇ ਫਾਰੂਕ ਅਬਦੁੱਲਾ ਨੇ ਕਿਹਾ ਕਿ ਜਿਹੜਾ ਪ੍ਰਦੇਸ਼ ਦੇਸ਼ ਦਾ ਮੁਕਟ ਸੀ, ਉਸ 'ਤੇ ਕੇਂਦਰ ਵੱਲੋਂ ਕਾਲਖ ਲਗਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸੂਬਿਆਂ ਨੂੰ ਹੱਕ ਨਹੀਂ ਦਿੱਤੇ ਜਾ ਰਹੇ, ਜਦੋਂ ਉਹ ਇਕੱਠੇ ਹੋਣਗੇ ਤਾਂ ਇਸ ਦਾ ਅਸਰ ਜ਼ਰੂਰ ਦਿਖਾਈ ਦੇਵੇਗਾ। ਉਨ੍ਹਾਂ ਉਦਾਹਰਣ ਦਿੰਦਿਆਂ ਕਿਹਾ ਕਿ ਕਿਸਾਨੀ ਅੰਦੋਲਨ ਨਾਲ ਕੇਂਦਰ ਨੂੰ ਤਿੰਨੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ। ਉਹ ਮੰਨਦੇ ਹਨ ਕਿ ਕਿਸਾਨਾਂ ਨੂੰ ਫਸਲਾਂ 'ਤੇ ਐੱਮਐੱਸਪੀ ਜ਼ਰੂਰ ਮਿਲਣਾ ਚਾਹੀਦਾ ਹੈ। ਦਰਬਾਰ ਸਾਹਿਬ ਪਹੁੰਚਣ 'ਤੇ ਫਾਰੂਕ ਅਬਦੁੱਲਾ ਨੇ ਕਿਹਾ ਕਿ ਉਹ ਪਹਿਲਾਂ ਵੀ ਕਈ ਵਾਰ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਲਈ ਆਉਂਦੇ ਰਹੇ ਹਨ, ਇੱਥੇ ਅਪਾਰ ਆਤਮਕ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਬੰਦੀਆਂ ਦੀ ਰਿਹਾਈ ਬਾਰੇ ਉਨ੍ਹਾਂ ਕਿਹਾ ਕਿ ਭਾਵੇਂ ਸਿੱਖ, ਮੁਸਲਿਮ ਜਾਂ ਕੋਈ ਹੋਰ ਹੋਵੇ ਜਿਨ੍ਹਾਂ ਆਪਣੀਆਂ ਸਜਾਵਾਂ ਤੋਂ ਵੱਧ ਸਜ਼ਾ ਭੁਗਤ ਲਈ ਹੈ ਤੁਰੰਤ ਰਿਹਾਅ ਕਰਨੇ ਚਾਹੀਦੇ ਹਨ।


# 'ਆਪ' ਵਿਚ ਸ਼ਾਮਲ ਹੋਈ ਅਦਾਕਾਰਾ ਸੋਨੀਆ ਮਾਨ




ਜਲੰਧਰ-ਬੀਤੇ ਦਿਨੀਂ ਮਸ਼ਹੂਰ ਪੰਜਾਬੀ ਅਦਾਕਾਰਾ ਸੋਨੀਆ ਮਾਨ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਮੌਜੂਦਗੀ ਵਿਚ ਪਾਰਟੀ 'ਚ ਸ਼ਾਮਲ ਹੋਈ। ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਸੋਨੀਆ ਮਾਨ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ, "ਮੈਂ ਦੋਵੇਂ ਆਗੂਆਂ ਦੇ ਕੰਮ ਅਤੇ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹਾਂ। ਉਨ੍ਹਾਂ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਕਾਜ ਨੂੰ ਦੇਖਦਿਆਂ ਮੈਂ 'ਆਪ' 'ਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।


38 ਸਾਲਾ ਸੋਨੀਆ ਮਾਨ ਇਕ ਅਦਾਕਾਰਾ ਅਤੇ ਮਾਡਲ ਹੈ। ਉਹ ਫਿਲਮਾਂ ਅਤੇ ਸੰਗੀਤ ਵੀਡੀਓਜ਼ ਵਿਚ ਨਜ਼ਰ ਆ ਚੁੱਕੀ ਹੈ। ਉਨ੍ਹਾਂ ਦਾ ਜਨਮ ਹਲਦਵਾਨੀ, ਉਤਰਾਖੰਡ 'ਚ ਹੋਇਆ ਅਤੇ ਉਨ੍ਹਾਂ ਨੇ ਆਪਣੀ ਕਾਲਜ ਦੀ ਪੜ੍ਹਾਈ ਡੀ. ਵੀ. ਏ. ਅੰਮ੍ਰਿਤਸਰ ਤੋਂ ਕੀਤੀ।

ਸੋਨੀਆ ਨੇ ਮਲਿਆਲਮ ਫਿਲਮਾਂ 'ਚ ਵੀ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਹਿੰਦੀ, ਮਰਾਠੀ ਅਤੇ ਤੇਲਗੂ ਇੰਡਸਟਰੀ 'ਚ ਵੀ ਕੰਮ ਕੀਤਾ ਹੈ। ਹੁਣ ਤਕ ਉਹ 10 ਫਿਲਮਾਂ ਕਰ ਚੁੱਕੀ ਹੈ ਅਤੇ 5 ਸੰਗੀਤ ਵੀਡੀਓਜ਼ ਵਿਚ ਵੀ ਨਜ਼ਰ ਆ ਚੁੱਕੀ ਹੈ। ਇਨ੍ਹਾਂ ਵਿਚੋਂ ਇਕ ਸਿੱਧੂ ਮੂਸੇਵਾਲਾ ਦਾ ਸੰਗੀਤ ਵੀਡੀਓ ਹੈ ਅਤੇ ਦੂਜਾ ਜੱਸੀ ਗਿੱਲ ਦਾ ਹੈ। ਸੋਨੀਆ ਮਾਨ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਰਦਾਰ ਬਲਦੇਵ ਸਿੰਘ ਦੀ ਧੀ ਹੈ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

**Respectable Arora Sikh family seeking a suitable match for their British born son, he is a doctor (GP), 46 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3066)**

## CHANGE OF NAME

I, MAJA CHOUDHRY D/O MS SHALU DEVI WHOSE PERMANENT ADDRESS IN INDIA IS VPO DAYALPUR, TEH DHILWAN, KAPURTHALA, PIN:144803, PUNJAB AND NOW LIVING AT 6 LYNDENE ROAD, MANCHESTER, M22 4PZ, UK HEREBY GIVE NOTICE OF MY INTENTION TO CHANGE MY NAME TO MAYA DADWAL. (U/I)


# ਕੈਨੇਡਾ ਵੱਲੋਂ ਭਾਰਤੀਆਂ ਨੂੰ 1.89 ਲੱਖ ਸਟੱਡੀ ਵੀਜ਼ੇ

ਕੈਨੇਡਾ ਨੇ ਭਾਰਤੀ ਵਿਦਿਆਰਥੀਆਂ ਨੂੰ 1 ਲੱਖ 89 ਹਜ਼ਾਰ ਸਟੱਡੀ ਵੀਜ਼ੇ ਜਾਰੀ ਕਰਦਿਆਂ ਕਿਹਾ ਕਿ ਉਹ ਕੈਨੇਡੀਅਨ ਐਜੁਕੇਸ਼ਨ ਸਿਸਟਮ ਦਾ ਅਟੁੱਟ ਹਿੱਸਾ ਬਣੇ ਰਹਿਣਗੇ। ਇੰਮੀਗ੍ਰੇਸ਼ਨ ਮੰਤਰੀ ਮਾਰਕ ਵੱਲੋਂ ਕੈਨੇਡੀਅਨ ਵਿਦਿਅਕ ਅਦਾਰਿਆਂ ਨੂੰ ਅਫ਼ਰੀਕਾ, ਦੱਖਣੀ ਪੂਰਬੀ ਏਸ਼ੀਆ ਅਤੇ ਲੈਟਿਨ ਅਮੈਰਿਕਨ ਵਿਦਿਆਰਥੀਆਂ ਨੂੰ ਦਾਖਲਾ ਦੇਣ ਵੱਲ ਧਿਆਨ ਕੇਂਦਰਤ ਕਰਨ ਦਾ ਸੱਦਾ। 2024 ਦੌਰਾਨ ਕੈਨੇਡਾ ਵੱਲੋਂ 5 ਲੱਖ 18 ਹਜ਼ਾਰ ਸਟੱਡੀ ਵੀਜ਼ਾ ਜਾਰੀ ਕੀਤੇ ਗਏ ਜੋ 2023 ਦੇ ਮੁਕਾਬਲੇ ਮਾਮੂਲੀ ਤੌਰ ਤੇ ਘੱਟ ਬਣਦੇ ਹਨ। ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਤੇਜ਼ ਵਾਧਾ ਹੋਣ ਕਾਰਨ ਰਿਹਾਇਸ਼ ਦੀ ਸਮੱਸਿਆ ਪੈਦਾ ਹੋਣ ਲੱਗੀ ਅਤੇ ਕੰਮਕਾਜੀ ਥਾਵਾਂ ਤੇ ਵਿਦਿਆਰਥੀਆਂ ਦਾ ਆਰਥਿਕ ਸ਼ੋਸ਼ਣ ਵੀ ਹੋਣ ਲੱਗਾ। ਦੂਜੇ ਪਾਸੇ ਪ੍ਰਾਈਵੇਟ ਕਾਲਜਾਂ ਵੱਲੋਂ ਮੋਟੀਆਂ ਫੀਸਾਂ ਲੈ ਕੇ ਲੁੱਟ ਦਾ ਧੰਦਾ ਵੀ ਚਲਾਇਆ ਗਿਆ ਜਿਸ ਮਗਰੋਂ ਕੈਨੇਡਾ ਸਰਕਾਰ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲਿਆਂ ਨਾਲ ਸਬੰਧਤ ਨਿਯਮ ਬਦਲਣ ਲਈ ਮਜਬੂਰ ਹੋ ਗਈ ਅਤੇ ਗਿਣਤੀ ਸੀਮਤ ਕਰ ਦਿਤੀ ਗਈ। ਇੰਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਕੈਨੇਡੀਅਨ ਵਿਦਿਅਕ ਅਦਾਰਿਆਂ ਨੂੰ ਸਿਰਫ਼ ਗਿਣਤੀ ਵੱਲ ਨਹੀਂ ਜਾਣਾ ਚਾਹੀਦਾ ਅਤੇ ਬਿਹਤਰੀਨ ਮਿਆਰ ਅਤੇ ਕਾਰਗੁਜ਼ਾਰੀ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਇਥੇ ਦਸਣਾ ਬਣਦਾ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਏ ਜਾਣ ਮਗਰੋਂ ਕਈ ਵਿਦਿਅਕ ਅਦਾਰਿਆਂ ਵੱਲੋਂ ਆਪਣੇ ਕੋਰਸ ਅਤੇ ਸਟਾਫ਼ ਵਿਚ ਕਟੌਤੀ ਕਰਨ ਲਈ ਮਜਬੂਰ ਹੋ ਗਏ। ਹੈਮਿਲਟਨ ਦੇ ਮੋਹੌਕ ਕਾਲਜ ਵੱਲੋਂ ਆਪਣਾ 20 ਫੀ ਸਦੀ ਸਟਾਫ਼ ਘਟਾ ਦਿਤਾ ਗਿਆ ਅਤੇ ਤਕਰੀਬਨ 16 ਕੋਰਸ ਬੰਦ ਕਰ ਦਿਤੇ ਗਏ।


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______________________

SON / DAUGHTER / WIFE OF MR ______________________

WHOSE PERMANENT ADDRESS IN INDIA IS ______________________

______________________

AND IS NOW LIVING AT ______________________

______________________ HEREBY GIVE NOTICE OF MY INTENTION

TO CHANGE MY NAME TO ______________________

TEL ______________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਕੈਨੇਡਾ ਦੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਵਿਚੋਂ ਅਯੋਗ ਕਰਾਰ ਪੰਜਾਬੀ ਮੂਲ ਦੀ ਰੂਬੀ ਢੱਲਾ

## ✪ ਪਾਰਟੀ ਵਲੋਂ ਮੇਰੇ ਖਿਲਾਫ ਝੂਠੇ ਅਤੇ ਮਨਘੜਤ ਦੋਸ਼ ਲਗਾਏ ਨੇ-ਢੱਲਾ



ਵੈਨਕੂਵਰ-ਸਾਬਕਾ ਇੰਡੋ-ਕੈਨੇਡੀਅਨ ਸੰਸਦ ਮੈਂਬਰ ਰੂਬੀ ਢੱਲਾ ਕੈਨੇਡਾ ਦੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਤੋਂ ਬਾਹਰ ਹੋ ਗਈ ਹੈ ਢੱਲਾ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿਚ ਲਿਖਿਆ, "ਮੈਨੂੰ ਹੁਣੇ ਹੀ ਕੈਨੇਡਾ ਦੀ ਲਿਬਰਲ ਪਾਰਟੀ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਮੈਨੂੰ ਲੀਡਰਸ਼ਿਪ ਦੌੜ ਤੋਂ ਅਯੋਗ ਕਰਾਰ ਦਿੱਤਾ ਗਿਆ ਹੈ। ਇਹ ਫੈਸਲਾ ਹੈਰਾਨ ਕਰਨ ਵਾਲਾ ਅਤੇ ਨਿਰਾਸ਼ਾਜਨਕ ਹੈ, ਖਾਸ ਕਰਕੇ ਜਦੋਂ ਇਸ ਗੱਲ ਨੂੰ ਮੀਡੀਆ ਵਿੱਚ ਲੀਕ ਕਰ ਦਿੱਤਾ ਗਿਆ।'

ਉਨ੍ਹਾਂ ਅੱਗੇ ਕਿਹਾ, "ਪਾਰਟੀ ਨੇ ਮੇਰੇ ਖਿਲਾਫ ਦੋਸ਼ ਲਗਾਏ ਹਨ ਜੋ ਝੂਠੇ ਅਤੇ ਮਨਘੜਤ ਹਨ। ਮੈਨੂੰ ਇਸ ਦੌੜ ਤੋਂ ਬਾਹਰ ਕੱਢਣ ਲਈ ਵਰਤੀਆਂ ਗਈਆਂ ਚਾਲਾਂ ਇਸ ਗੱਲ ਨੂੰ ਸਾਬਤ ਕਰਦੀਆਂ ਹਨ ਅਤੇ ਅਸੀਂ ਇਹ ਵੀ ਜਾਣਦੇ ਹਾਂ ਕਿ ਸਾਡਾ ਸੁਨੇਹਾ ਲੋਕਾਂ ਵਿੱਚ ਗੂੰਜ ਰਿਹਾ ਸੀ, ਅਸੀਂ ਜਿੱਤ ਰਹੇ ਸੀ ਅਤੇ ਪਾਰਟੀ ਇਸ ਤੋਂ ਖ਼ਤਰਾ ਮਹਿਸੂਸ ਕਰ ਰਹੀ ਸੀ। ਜਿੱਥੇ ਇੱਕ ਦਿਨ ਇਹ ਵਿਦੇਸ਼ੀ ਦਖਲਅੰਦਾਜ਼ੀ ਸੀ, ਤਾਂ ਦੂਜੇ ਦਿਨ ਇਹ ਚੋਣ ਮੁਹਿੰਮ ਦੀ ਉਲੰਘਣਾ ਸੀ। ਹਾਲਾਂਕਿ, ਇਹ ਸਾਰੀਆਂ ਚਾਲਾਂ ਮੈਨੂੰ ਮਾਰਕ ਕਾਰਨੀ ਨਾਲ ਬਹਿਸ ਕਰਨ ਅਤੇ ਲੀਡਰਸ਼ਿਪ ਦੀ ਦੌੜ ਜਿੱਤਣ ਤੋਂ ਰੋਕਣ ਲਈ ਵਰਤੀਆਂ ਗਈਆਂ ਸਨ। ਪਰ ਮੈਂ ਫਿਰ ਵੀ ਕੈਨੇਡਾ ਦੇ ਲੋਕਾਂ ਲਈ ਖੜ੍ਹੀ ਰਹਾਂਗੀ ਅਤੇ ਕੈਨੇਡਾ ਲਈ ਲੜਦੀ ਰਹਾਂਗੀ।'

ਰੂਬੀ ਢੱਲਾ ਨੇ ਆਪਣੀ ਪੋਸਟ ਵਿੱਚ ਲਿਖਿਆ, "ਕੈਨੇਡਾ ਦੀ ਲਿਬਰਲ ਪਾਰਟੀ ਸਪੱਸ਼ਟ ਤੌਰ 'ਤੇ ਸੱਤਾ 'ਤੇ ਕਾਬਜ਼ ਰਹਿਣਾ ਚਾਹੁੰਦੀ ਹੈ। ਹਾਲਾਂਕਿ, ਉਹ ਇਸ ਤੱਥ ਨੂੰ ਬਰਦਾਸ਼ਤ ਨਹੀਂ ਕਰ ਸਕੇ ਕਿ ਮੈਂ ਮਾਰਕ ਕਾਰਨੀ ਦੀ ਤਾਜਪੋਸ਼ੀ ਵਿੱਚ ਇਕਲੌਤੀ ਰੁਕਾਵਟ ਸੀ, ਭਾਵੇਂ ਇਹ ਬਹਿਸ ਵਿੱਚ ਹੋਵੇ ਜਾਂ ਕੈਨੇਡਾ ਲੀਡਰਸ਼ਿਪ ਚੋਣ।

# ਸਰਪੰਚ ਦੇ ਪੁੱਤਰ 'ਤੇ ਅਣਪਛਾਤਿਆਂ ਵਲੋਂ ਗੋਲ਼ੀਆਂ ਚਲਾਈਆਂ

## ✪ ਕਣਕ ਦੇ ਖੇਤ ਵਿਚ ਲੁਕ ਕੇ ਜਾਨ ਬਚਾਈ

ਝਬਾਲ-ਪਿੰਡ ਰਸੂਲਪੁਰ ਵਿਚ ਆਪ ਪਾਰਟੀ ਦੇ ਸਰਪੰਚ ਹਰਪ੍ਰੀਤ ਕੌਰ ਪਤਨੀ ਤੇਜਿੰਦਰਪਾਲ ਸਿੰਘ ਕਾਲਾ ਰਸੂਲਪੁਰ ਦੇ ਘਰ 'ਤੇ ਪਿਛਲੇ ਦਿਨੀਂ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਚਲਾਉਣ ਦੀ ਘਟਨਾ ਨੂੰ ਇਕ ਹਫਤਾ ਬੀਤ ਜਾਣ ਦੇ ਬਾਅਦ ਹੁਣ ਬੀਤੇ ਸ਼ੁੱਕਰਵਾਰ ਸ਼ਾਮ ਉਨ੍ਹਾਂ ਦੇ ਲੜਕੇ 'ਤੇ ਗੋਲੀਆਂ ਚਲਾ ਕੇ ਜਾਨਲੇਵਾ ਹਮਲਾ ਕੀਤਾ ਗਿਆ ਪਰ ਗਨੀਮਤ ਇਹ ਰਹੀ ਕਿ ਸਰਪੰਚ ਦਾ ਲੜਕਾ ਮਨਬੀਰ ਸਿੰਘ ਇਸ ਹਮਲੇ ਵਿਚ ਵਾਲ-ਵਾਲ ਬਚ ਗਿਆ ਪਰ ਇਕ ਹਫਤੇ ਵਿਚ ਦੂਸਰੀ ਵਾਰ ਗੋਲੀਆਂ ਚੱਲਣ ਦੀ ਘਟਨਾ ਅਤੇ ਗੋਲੀਆਂ ਚਲਾਉਣ ਵਾਲਿਆਂ ਵੱਲੋਂ ਇਹ ਕਹਿ ਕਿ ਲਲਕਾਰਨਾ ਕਿ ਉਹ ਕਿਸੇ ਵੀ ਹਾਲਤ ਵਿਚ ਉਨ੍ਹਾਂ ਨੂੰ ਨਹੀਂ ਛੱਡਣਗੇ, ਤੋਂ ਬਾਅਦ ਸਾਰਾ ਪਰਿਵਾਰ ਦਹਿਸ਼ਤਜ਼ਦਾ ਹੋਇਆ ਪਿਆ ਹੈ।



ਸਰਪੰਚ ਹਰਪ੍ਰੀਤ ਕੌਰ ਦੇ ਪਤੀ ਤੇਜਿੰਦਰਪਾਲ ਸਿੰਘ ਕਾਲਾ ਨੇ ਦੱਸਿਆ ਕਿ ਗੋਲੀਆਂ ਦੀ ਆਵਾਜ਼ ਸੁਣ ਕੇ ਜਦੋਂ ਦੌੜ ਕੇ ਗਏ ਤਾਂ ਅਣਪਛਾਤੇ ਵਿਅਕਤੀ ਗੋਲੀਆਂ ਚਲਾਉਂਦੇ ਦੌੜ ਗਏ। ਨਾਲ ਹੀ ਇਹ ਵੀ ਕਹਿ ਗਏ ਕਿ ਜਿਥੇ ਮਰਜ਼ੀ ਭੱਜ ਲੈ ਤੈਨੂੰ ਛੱਡਣਾ ਨਹੀਂ। ਉਨ੍ਹਾਂ ਕਿਹਾ ਕਿ ਅਜੇ ਹਫਤਾ ਪਹਿਲਾਂ ਹੀ ਉਨ੍ਹਾਂ ਦੇ ਘਰ 'ਤੇ ਵੀ ਰਾਤ ਸਮੇਂ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾਈਆਂ ਸਨ ਜਿਸ ਬਾਰੇ ਉਨ੍ਹਾਂ ਨੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਪੁਲਿਸ ਨੇ ਮੌਕੇ ਤੋਂ ਗੋਲੀਆਂ ਦੇ ਖੋਲ ਵੀ ਬਰਾਮਦ ਕੀਤੇ ਸਨ। ਹੁਣ ਫਿਰ ਦੁਬਾਰਾ ਉਸ ਦੇ ਪੁੱਤਰ 'ਤੇ ਜਾਨਲੇਵਾ ਹਮਲਾ ਹੋ ਗਿਆ ਜਿਸ ਕਰਕੇ ਉਨ੍ਹਾਂ ਦਾ ਸਾਰਾ ਪਰਿਵਾਰ ਚਿੰਤਾ ਵਿਚ ਹੈ। ਉਨ੍ਹਾਂ ਪੁਲਿਸ ਦੇ ਉੱਚ ਅਧਿਕਾਰੀਆਂ ਕੋਲੋਂ ਸੁਰੱਖਿਆ ਦੀ ਮੰਗ ਕੀਤੀ ਹੈ।

ਇਸ ਸਬੰਧੀ ਡੀਐੱਸਪੀ ਸਿਟੀ ਕਮਲਮੀਤ ਸਿੰਘ ਨੇ ਕਿਹਾ ਕਿ ਥਾਣਾ ਸਰਾਏ ਅਮਾਨਤ ਖਾਂ ਵਿਖੇ ਪਹਿਲਾਂ ਹੀ ਕੇਸ ਦਰਜ ਕੀਤਾ ਹੋਇਆ ਹੈ ਅਤੇ ਸਰਪੰਚ ਦੇ ਲੜਕੇ 'ਤੇ ਦੁਬਾਰੇ ਹੋਏ ਹਮਲੇ ਸਬੰਧੀ ਪੁਲਿਸ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਹਮਲਾਵਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

# UKRAINE- RUSSIA WAR, HOW UKRAINE ARE STILL WAITING FOR FUNDS.




Its three years that Russia invaded Ukraine, and many are asking the question where is the missing Ukraine money. In June 2022, Chelsea football club was sold by its owner Roman Abramovich for 2.3 billion. This money is required to be spent on humanitarian purpose, helping all victims of the war. In Ukraine wherever they are in the world. But since then then it's been sitting gathering dust and interest, while many Ukrainian suffer especially children facing the worst effects of this conflict. Although many dont know why the chelsea fund hasn't been released. The 100 percent of the 2.3 billion had to go towards helping victims of the war in Ukraine, this money could also provide education, and housing and health care for millions. The foreign secretary David Lammy has the power to realese the funds, but until now no one has seen it. It could help the 6.5 millions people with food and shelter, the money is there but the government just need to act more efficiently.



**Lambardaar Dharmveer Singh Claire, Coventry**

# ਭੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES,** Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
Tel: 01332 372 851 - WhatsApp No. 07966 388 388

**ਆਓ ਦੂਜੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**



Make things right

# ਸੋਸ਼ਲ ਹਾਊਸਿੰਗ ਦੀ ਸਮੱਸਿਆ? ਜਾਣੋ ਕਿ ਸ਼ਿਕਾਇਤ ਕਿਵੇਂ ਕਰਨੀ ਹੈ।

**ਹਰ ਇੱਕ ਨੂੰ ਸੁਰੱਖਿਆ ਅਤੇ ਸੁਰੱਖਿਅਤ ਘਰ ਦਾ ਹੱਕ ਹੈ। ਜੇਕਰ ਤੁਸੀਂ ਸੋਸ਼ਲ ਹਾਊਸਿੰਗ ਵਿੱਚ ਰਹਿੰਦੇ ਹੋ, ਤਾਂ ਕਈ ਵਾਰ ਤੁਹਾਨੂੰ ਆਪਣੇ ਘਰ ਨਾਲ ਸਮੱਸਿਆਵਾਂ ਆ ਸਕਦੀਆਂ ਹਨ। ਪਰ ਤੁਹਾਨੂੰ ਇਹ ਸਹਿਣ ਦੀ ਲੋੜ ਨਹੀਂ। ਸ਼ਿਕਾਇਤ ਕਿਵੇਂ ਕਰਨੀ ਹੈ, ਇਸ ਬਾਰੇ ਜਾਣਨਾ, ਤੁਹਾਡੀ ਸਮੱਸਿਆ ਹੱਲ ਕਰਨ ਦੀ ਚਾਬੀ ਹੈ।**

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਸੋਸ਼ਲ ਹਾਊਸਿੰਗ ਵਿੱਚ ਰਹਿ ਰਹੇ ਹੋ ਅਤੇ ਤੁਹਾਡੇ ਘਰ ਦੀ ਕੋਈ ਸਮੱਸਿਆ ਤੁਹਾਡੀ ਨੀਂਦ ਉਡਾ ਰਹੀ ਹੈ, ਤਾਂ ਤੁਹਾਡੀ ਸ਼ਿਕਾਇਤ ਲਈ ਤੁਹਾਡਾ ਮਕਾਨ ਮਾਲਕ ਪਹਿਲਾ ਸੰਪਰਕ ਕੇਂਦਰ ਹੈ।

***ਉਹ ਹੇਠ ਦਿੱਤੀਆਂ ਸਮੱਸਿਆਵਾਂ ਨੂੰ ਠੀਕ ਕਰਨ ਦੇ ਜ਼ਿੰਮੇਵਾਰ ਹਨ:***

- ਸਲ੍ਹਾਬਾ ਅਤੇ ਉੱਲੀ
- ਟੁੱਟੇ ਹੋਏ ਤਾਲੇ
- ਜੇਕਰ ਤੁਸੀਂ ਅਯੋਗ ਹੋ, ਤਾਂ ਤੁਹਾਡੇ ਘਰ ਵਿੱਚ ਲੋੜੀਂਦੇ ਬਦਲਾਅ
- ਅਸਮਾਜਿਕ ਵਿਵਹਾਰ, ਜਿਵੇਂ ਕਿ ਉੱਚੀ ਆਵਾਜ਼ ਵਾਲੇ ਗੁਆਂਢੀ

ਸ਼ਿਕਾਇਤ ਕਰਨ ਲਈ ਤਿੰਨ-ਕਦਮ ਹਨ। ਇਨ੍ਹਾਂ ਦੀ ਪਾਲਣਾ ਕਰਕੇ ਤੁਹਾਡੀ ਸਮੱਸਿਆ ਹੱਲ ਹੋਣ ਦੀ ਸਭ ਤੋਂ ਵਧੀਆ ਸੰਭਾਵਨਾ ਬਣਦੀ ਹੈ।

## ਸ਼ਿਕਾਇਤ ਕਰਨ ਦੇ ਤਿੰਨ ਕਦਮ ਜਾਣੋ

**ਕਦਮ 1: ਆਪਣੇ ਮਕਾਨ ਮਾਲਕ ਨੂੰ ਸੂਚਿਤ ਕਰੋ**

ਸਭ ਤੋਂ ਪਹਿਲਾਂ, ਆਪਣੀ ਸਮੱਸਿਆ ਆਪਣੇ ਮਕਾਨ ਮਾਲਕ ਨੂੰ ਦੱਸੋ। ਇਹ ਉਹ ਵਿਅਕਤੀ ਜਾਂ ਸੰਸਥਾ ਹੋ ਸਕਦੀ ਹੈ ਜਿਸਨੂੰ ਤੁਸੀਂ ਕਿਰਾਇਆ ਦਿੰਦੇ ਹੋ - ਜਿਵੇਂ ਕਿ ਤੁਹਾਡੀ ਲੋਕਲ ਕੌਂਸਲ ਜਾਂ ਹਾਊਸਿੰਗ ਐਸੋਸੀਏਸ਼ਨ। ਤੁਸੀਂ ਆਮ ਤੌਰ 'ਤੇ ਇਹ ਉਨ੍ਹਾਂ ਦੀ ਵੈੱਬਸਾਈਟ, ਈਮੇਲ ਜਾਂ ਫ਼ੋਨ ਨੰਬਰ ਰਾਹੀਂ ਕਰ ਸਕਦੇ ਹੋ।

**ਕਦਮ 2: ਆਪਣੇ ਮਕਾਨ ਮਾਲਕ ਨੂੰ ਸ਼ਿਕਾਇਤ ਕਰੋ**

ਜੇਕਰ ਤੁਸੀਂ ਆਪਣੀ ਸਮੱਸਿਆ ਦੱਸ ਚੁੱਕੇ ਹੋ ਅਤੇ ਤੁਹਾਨੂੰ ਲੱਗਦਾ ਹੈ ਕਿ ਇਹ ਠੀਕ ਤਰੀਕੇ ਨਾਲ ਹੱਲ ਨਹੀਂ ਹੋਈ, ਤਾਂ ਆਪਣੇ ਮਕਾਨ ਮਾਲਕ ਕੋਲ ਸ਼ਿਕਾਇਤ ਦਰਜ ਕਰੋ। ਯਾਦ ਰੱਖੋ, ਜੇਕਰ ਤੁਸੀਂ ਸੰਤੁਸ਼ਟ ਨਹੀਂ ਹੋ, ਤਾਂ ਤੁਹਾਨੂੰ ਸ਼ਿਕਾਇਤ ਕਰਨ ਦਾ ਹੱਕ ਹੈ। ਤੁਹਾਡੇ ਮਕਾਨ ਮਾਲਕ ਉਨ੍ਹਾਂ ਦੀ ਵੈੱਬਸਾਈਟ 'ਤੇ ਦੱਸਣਗੇ ਕਿ ਤੁਸੀਂ ਕਿਵੇਂ ਸ਼ਿਕਾਇਤ ਕਰ ਸਕਦੇ ਹੋ।

ਜਦੋਂ ਤੁਸੀਂ ਕਿਸੇ ਅਣਸੁਲਝੀ ਸਮੱਸਿਆ ਬਾਰੇ ਆਪਣੇ ਮਕਾਨ ਮਾਲਕ ਨੂੰ ਸ਼ਿਕਾਇਤ ਕਰਦੇ ਹੋ, ਤਾਂ ਉਹਨਾਂ ਦੀ ਕਾਨੂੰਨੀ ਤੌਰ 'ਤੇ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਨਿਆਂਯੋਗ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਇਸ ਬਾਰੇ ਕਾਰਵਾਈ ਕਰਨ। ਮਕਾਨ ਮਾਲਕ ਤੁਹਾਡੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਲੈਣ ਲਈ ਜ਼ਿੰਮੇਵਾਰ ਹੈ ਅਤੇ ਤੁਹਾਡੇ ਵੱਲੋਂ ਸ਼ਿਕਾਇਤ ਕਰਨ ਜਾਂ ਸਮੱਸਿਆ ਉੱਠਾਉਣ ਲਈ ਉਹ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਸਜ਼ਾ ਨਹੀਂ ਦੇ ਸਕਦਾ।

**ਸ਼ਿਕਾਇਤ ਪ੍ਰਕਿਰਿਆ ਨੂੰ ਸੁਲਝਾਉਣ ਲਈ ਮਾਲਕ ਮਕਾਨ ਕੋਲ 2 ਪੜਾਅ ਹੁੰਦੇ ਹਨ:**

ਪੜਾਅ 1: ਤੁਹਾਡੀ ਸ਼ਿਕਾਇਤ ਦਰਜ ਹੋਣ ਤੋਂ 10 ਕੰਮ ਕਾਜੀ ਦਿਨਾਂ ਦੇ ਅੰਦਰ ਮਕਾਨ ਮਾਲਕ ਤੁਹਾਨੂੰ ਜਵਾਬ ਦੇਣ।

ਪੜਾਅ 2: ਜੇਕਰ ਤੁਹਾਡੀ ਸ਼ਿਕਾਇਤ ਹਾਲੇ ਵੀ ਹੱਲ ਨਹੀਂ ਹੋਈ, ਤਾਂ ਇਹ ਦੂਜੇ ਪੜਾਅ 'ਤੇ ਜਾ ਸਕਦੀ ਹੈ। ਮਕਾਨ ਮਾਲਕਾਂ ਨੂੰ 20 ਕੰਮਕਾਜੀ ਦਿਨਾਂ ਦੇ ਅੰਦਰ ਜਵਾਬ ਦੇਣਾ ਜ਼ਰੂਰੀ ਹੈ। ਉਹ ਤੁਹਾਨੂੰ ਅੰਤਿਮ ਜਵਾਬ ਭੇਜਣਗੇ, ਜਿਸ ਵਿੱਚ ਸਮਝਾਇਆ ਜਾ ਸਕਦਾ ਹੈ ਕਿ ਸਮੱਸਿਆ ਨੂੰ ਕਿਵੇਂ ਹੱਲ ਕੀਤਾ ਜਾਵੇਗਾ।

ਜਦੋਂ ਤੁਸੀਂ ਆਪਣੇ ਮਕਾਨ ਮਾਲਕ ਨੂੰ ਸ਼ਿਕਾਇਤ ਕਰਦੇ ਹੋ, ਤਾਂ ਉਨ੍ਹਾਂ ਦੇ ਕਰਮਚਾਰੀਆਂ ਨੂੰ ਇਹ ਕਰਨਾ ਚਾਹੀਦਾ ਹੈ:

✓ ਸ਼ਿਕਾਇਤ ਦੀ ਪ੍ਰਕਿਰਿਆ ਅਤੇ ਇਸ ਨੂੰ ਹੱਲ ਹੋਣ ਵਿੱਚ ਲੱਗਣ ਵਾਲੇ ਸਮੇਂ ਦੀ ਜਾਣਕਾਰੀ ਦੇਣ

✓ ਤੁਹਾਡੇ ਨਾਲ ਨਿਰਮਤਾ ਅਤੇ ਆਦਰ ਸਹਿਤ ਪੇਸ਼ ਆਉਣਾ

**ਉਹਨਾਂ ਨੂੰ ਇਹ ਨਹੀਂ ਕਰਨਾ ਚਾਹੀਦਾ:**

X ਇਹ ਕਹਿਣਾ ਕਿ ਸ਼ਿਕਾਇਤ ਕਰਨਾ ਗਲਤ ਹੈ।

X ਇਹ ਦੱਸਣਾ ਕਿ ਤੁਹਾਡੀ ਸਮੱਸਿਆ ਤੁਹਾਡੀ ਜੀਵਨਸ਼ੈਲੀ ਜਾਂ ਧਰਮ ਕਾਰਨ ਪੈਦਾ ਹੋਈ ਹੈ।

**ਕਦਮ 3: ਹਾਊਸਿੰਗ ਓਮਬਡਸਮੈਨ (ਲੋਕਪਾਲ) ਤੱਕ ਆਪਣੀ ਸ਼ਿਕਾਇਤ ਪਹੁੰਚਾਉਣਾ**

ਜੇਕਰ ਤੁਸੀਂ ਆਪਣੇ ਮਾਲਕ ਮਕਾਨ ਦੇ ਅੰਤਿਮ ਜਵਾਬ ਨਾਲ ਹਾਲੇ ਵੀ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਹਾਊਸਿੰਗ ਲੋਕਪਾਲ ਨੂੰ ਆਪਣੀ ਸ਼ਿਕਾਇਤ ਦੇ ਸਕਦੇ ਹੋ।

ਹਾਊਸਿੰਗ ਲੋਕਪਾਲ ਸੋਸ਼ਲ ਹਾਊਸਿੰਗ ਅਤੇ ਮਕਾਨ ਮਾਲਕਾਂ ਬਾਰੇ ਸ਼ਿਕਾਇਤਾਂ ਦੀ ਜਾਂਚ ਕਰਦੇ ਹਨ। ਇਹ ਇੱਕ ਮੁਫ਼ਤ ਅਤੇ ਨਿਆਂਯੋਗ ਸੇਵਾ ਹੈ ਜੋ ਤੁਹਾਡੀ ਸਮੱਸਿਆ ਨੂੰ ਧਿਆਨ ਨਾਲ ਵੇਖੇਗੀ।

ਜੇਕਰ ਹਾਊਸਿੰਗ ਲੋਕਪਾਲ ਤੁਹਾਡੇ ਮਕਾਨ ਮਾਲਕ ਨੂੰ ਗਲਤੀ ਕਰਦਾ ਪਾਉਂਦੇ ਹਨ, ਤਾਂ ਉਸ ਨੂੰ 6-8 ਹਫ਼ਤਿਆਂ ਵਿੱਚ ਹੱਲ ਦੇਣ ਲਈ ਯੋਜਨਾ ਤਿਆਰ ਕਰਨੀ ਪਵੇਗੀ।

ਪਿਛਲੇ ਸਾਲ, ਹਾਊਸਿੰਗ ਲੋਕਪਾਲ ਨੇ ਮਕਾਨ ਮਾਲਕਾਂ ਨੂੰ 60 ਲੱਖ ਪੌਂਡ ਤੋਂ ਵੱਧ ਦੀ ਰਕਮ ਉਹਨਾਂ ਲੋਕਾਂ ਨੂੰ ਦੇਣ ਲਈ ਕਿਹਾ, ਜਿਨ੍ਹਾਂ ਨੂੰ ਆਪਣੇ ਘਰਾਂ ਵਿੱਚ ਸਮੱਸਿਆਵਾਂ ਆਈਆਂ ਸਨ।




ਤੁਸੀਂ ਹਾਊਸਿੰਗ ਲੋਕਪਾਲ (ਓਮਬਡਸਮੈਨ) ਨਾਲ ਹੇਠਾਂ ਦਿੱਤੇ ਈਮੇਲ ਜਾਂ ਟੈਲੀਫੋਨ ਰਾਹੀਂ ਸੰਪਰਕ ਕਰ ਸਕਦੇ ਹੋ:

- ਵੈਬਸਾਈਟ: www.housing-ombudsman.org.uk
- ਈਮੇਲ: info@housing-ombudsman.org.uk
- ਟੈਲੀਫੋਨ: 0300 111 3000

HM Government

**ਹਰ ਇੱਕ ਨੂੰ ਸੁਰੱਖਿਅਤ ਘਰ ਦਾ ਅਧਿਕਾਰ ਹੈ। ਵਧੇਰੇ ਜਾਣਕਾਰੀ ਲਈ ਵੈਬਸਾਈਟ 'ਤੇ ਜਾਓ: gov.uk/social-housing**

# ਪੰਜਾਬੀ ਵਿਰਸਾ ਟਰਸੱਟ ਵੱਲੋਂ ਮਾਣ ਮੱਤਾ ਪੱਤਰਕਾਰ ਪੁਰਸਕਾਰ ਸਨਮਾਨ ਘੁੰਮਣ ਅਤੇ ਚਨਾਰਥਲ ਨੂੰ ਕੀਤਾ ਗਿਆ ਪ੍ਰਦਾਨ, ਪੰਜਾਬ ਚੇਤਨਾ ਮੰਚ ਵੱਲੋਂ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਕਰਵਾਇਆ ਗਿਆ ਸੈਮੀਨਾਰ

***ਖਰੀ ਗੱਲ ਕਰਨ ਵਾਲੇ ਅਤੇ ਸਮੇਂ ਦਾ ਸੱਚ ਕਹਿਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੋ ਗਈ ਹੈ- ਵਰਿਆਮ ਸਿੰਘ ਸੰਧੂ**

*** ਅੰਤਾਂ ਦੀ ਬੇਰੁਜ਼ਗਾਰੀ, ਮੁਫ਼ਤਖੋਰੀ, ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੀ ਭਰਮਾਰ ਕਾਰਨ ਪੰਜਾਬ 'ਚ ਪ੍ਰਵਾਸ ਵੱਧ ਰਿਹਾ ਹੈ - ਮਾਣਕ**

*** ਹਰੀ ਕ੍ਰਾਂਤੀ ਨੇ ਪੰਜਾਬ ਦੀ ਆਰਥਿਕਤਾ ਤਾਂ ਮਜ਼ਬੂਤ ਕੀਤੀ, ਪਰ ਇਹ ਵਿਕਾਸ ਮਾਡਲ ਟਿਕਾਊ ਅਤੇ ਦੀਰਘ ਕਾਲਕ ਨਹੀਂ ਬਣ ਸਕਿਆ- ਘੁੰਮਣ**




ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਅਵਤਾਰ ਸਿੰਘ ਸਪਰਿੰਗਫੀਲਡ ਯੂ.ਐਸ.ਏ., ਡਾ. ਵਰਿਆਮ ਸਿੰਘ ਸੰਧੂ, ਡਾ. ਹਰਪ੍ਰੀਤ ਕੌਰ ਖ਼ਾਲਸਾ, ਡਾ. ਸਤਨਾਮ ਸਿੰਘ ਮਾਣਕ,ਪ੍ਰੋ. ਜਸਵੰਤ ਸਿੰਘ ਗੰਡਮ ਅਤੇ ਡਾ. ਲਖਵਿੰਦਰ ਸਿੰਘ ਜੌਹਲ।



ਪੰਜਾਬ ਦੀਆਂ ਸਮੱਸਿਆਵਾਂ ਬਾਰੇ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਵਰਿਆਮ ਸਿੰਘ ਸੰਧੂ, ਸਤਨਾਮ ਸਿੰਘ ਮਾਣਕ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਰਣਜੀਤ ਸਿੰਘ ਘੁੰਮਣ, ਦੀਪਕ ਸ਼ਰਮਾ ਚਨਾਰਥਲ, ਪ੍ਰੋ. ਜਸਵੰਤ ਸਿੰਘ ਗੰਡਮ ਅਤੇ ਪ੍ਰਿੰ. ਗੁਰਮੀਤ ਸਿੰਘ ਪਲਾਹੀ।

ਫਗਵਾੜਾ- ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ ਵੱਲੋਂ ਪੰਜਾਬ ਚੇਤਨਾ ਮੰਚ ਦੇ ਸਹਿਯੋਗ ਨਾਲ ਫਗਵਾੜਾ ਵਿਖੇ 'ਮਾਣ ਮੱਤਾ ਪੱਤਰਕਾਰ ਪੁਰਸਕਾਰ-2024' ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਵਰਿਆਮ ਸਿੰਘ ਸੰਧੂ, ਸਤਨਾਮ ਸਿੰਘ ਮਾਣਕ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਰਣਜੀਤ ਸਿੰਘ ਘੁੰਮਣ, ਦੀਪਕ ਸ਼ਰਮਾ ਚਨਾਰਥਲ, ਪ੍ਰੋ. ਜਸਵੰਤ ਸਿੰਘ ਗੰਡਮ ਅਤੇ ਸਮਾਜ ਸੇਵੀ ਅਵਤਾਰ ਸਿੰਘ ਸਪਰਿੰਗਫੀਲਡ (ਯੂ. ਐਸ. ਏ.) ਨੇ ਕੀਤੀ। ਇਸ ਸਮਾਗਮ ਵਿੱਚ ਪ੍ਰਸਿੱਧ ਅਰਥ-ਸ਼ਾਸਤਰੀ ਅਤੇ ਕਾਲਮਨਵੀਸ ਡਾ. ਰਣਜੀਤ ਸਿੰਘ ਘੁੰਮਣ ਅਤੇ ਪ੍ਰਸਿੱਧ ਫੀਲਡ ਪੱਤਰਕਾਰ ਦੀਪਕ ਸ਼ਰਮਾ ਚਨਾਰਥਲ ਨੂੰ ਮਾਣ ਪੱਤਰ, ਮੋਮੈਂਟੋ, ਦੁਸ਼ਾਲਾ ਤੇ ਨਕਦ ਰਾਸ਼ੀ ਦਿੱਤੀ ਗਈ। ਇਸ ਮੌਕੇ ਡਾ. ਹਰਪ੍ਰੀਤ ਕੌਰ ਖ਼ਾਲਸਾ ਵੱਲੋਂ ਪੰਜਾਬੀ ਤੇ ਅੰਗਰੇਜ਼ੀ 'ਚ ਲਿਖੀ ਪੁਸਤਕ "ਤੋਸ਼ਾਖਾਨਾ" ਲੋਕ ਅਰਪਨ ਕੀਤੀ ਗਈ। ਡਾ.ਰਣਜੀਤ ਸਿੰਘ ਘੁੰਮਣ ਅਤੇ ਸਤਨਾਮ ਸਿੰਘ ਮਾਣਕ ਨੇ "ਪੰਜਾਬ ਦੀਆਂ ਚਣੌਤੀਆਂ ਅਤੇ ਸੰਭਾਵਨਾਵਾਂ" ਵਿਸ਼ੇ 'ਤੇ ਇਸ ਸਮੇਂ ਵਿਚਾਰ ਪੇਸ਼ ਕੀਤੇ।

ਉਹਨਾਂ ਕਿਹਾ ਕਿ ਪੰਜਾਬ ਬਹੁਪੱਖੀ ਸੰਕਟਾਂ ਵਿੱਚ ਘਿਰਿਆ ਹੋਇਆ ਹੈ। ਹਰੀ ਕ੍ਰਾਂਤੀ ਨੇ ਪੰਜਾਬ ਦੀ ਆਰਥਿਕਤਾ ਤਾਂ ਮਜ਼ਬੂਤ ਕੀਤੀ, ਪਰ ਇਹ ਵਿਕਾਸ ਮਾਡਲ ਟਿਕਾਊ ਅਤੇ ਦੀਰਘ ਕਾਲਕ ਨਹੀਂ ਬਣ ਸਕਿਆ, ਜਿਸ ਦੀ ਜ਼ੁੰਮੇਵਾਰੀ ਸਿਆਸੀ ਲੀਡਰਸ਼ਿਪ ਅੰਦਰ ਦੂਰ ਦ੍ਰਿਸ਼ਟੀ ਦੀ ਘਾਟ, ਸਮੱਸਿਆਵਾਂ ਨੂੰ ਸਵਿਕਾਰ ਨਾ ਕਰਨਾ ਅਤੇ ਉਹਨਾ ਦੇ ਹੱਲ ਨਾ ਲੱਭਣਾ ਹੈ। ਉਹਨਾ ਕਿਹਾ ਕਿ ਅੰਤਾਂ ਦੀ ਬੇਰੁਜ਼ਗਾਰੀ, ਮੁਫ਼ਤਖੋਰੀ, ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੀ ਭਰਮਾਰ ਕਾਰਨ ਪੰਜਾਬ 'ਚ ਪ੍ਰਵਾਸ ਵੱਧ ਰਿਹਾ ਹੈ। ਪ੍ਰੋ: ਰਣਜੀਤ ਸਿੰਘ ਘੁੰਮਣ ਅਨੁਸਾਰ 1970 ਵਿਆਂ ਅਤੇ 1990 ਵਿਆਂ ਦੇ ਸ਼ੁਰੂ ਤੱਕ ਪੰਜਾਬੀ ਵਿਕਾਸ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਮੋਹਰੀ ਸੂਬਾ ਸੀ ਪਰ ਹੁਣ ਇਹ ਹੇਠਾਂ ਖਿਸਕ ਰਿਹਾ ਹੈ। ਉਹਨਾਂ ਅਨੁਸਾਰ ਨੀਤੀ ਆਯੋਗ ਦੇ ਅੰਕੜਿਆਂ ਅਨੁਸਾਰ ਵਿੱਤੀ ਸਿਹਤ ਸੂਚਕ ਅੰਕ ਵਿੱਚ ਦੇਸ਼ ਦੇ 18 ਮੁੱਖ ਪ੍ਰਾਂਤਾਂ ਵਿੱਚੋਂ ਪੰਜਾਬ 18ਵੇਂ ਨੰਬਰ 'ਤੇ ਹੈ। ਉਹਨਾਂ ਕਿਹਾ ਕਿ ਸਾਲ 1990-1991 ਵਿੱਚ ਪੰਜਾਬ ਸਿਰ 7102 ਕਰੋੜ ਰੁਪਏ ਕਰਜ਼ਾ ਸੀ ਜੋ ਹੁਣ 3 ਲੱਖ 74 ਹਜ਼ਾਰ ਕਰੋੜ ਰੁਪਏ ਤੱਕ ਪੁੱਜ ਗਿਆ ਹੈ। ਉਹਨਾ ਕਿਹਾ ਕਿ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਸਿਆਸਤ ਨੂੰ ਠੀਕ ਲੀਹਾਂ 'ਤੇ ਤੋਰਨਾ ਪਵੇਗਾ। ਇਸ ਲਈ ਸੰਸਥਾਗਤ ਢਾਂਚਾ ਠੀਕ ਕਰਨਾ, ਨਿਵੇਸ਼ ਲਈ ਹਾਂ-ਪੱਖੀ ਮਾਹੌਲ ਸਥਾਪਤ ਕਰਨਾ, ਟੈਕਸਾਂ ਦੀ ਠੀਕ ਉਗਰਾਹੀ ਕਰਨਾ, ਸਰਕਾਰੀ ਖ਼ਜ਼ਾਨੇ ਵਿੱਚ ਸਮੁੱਚੇ ਸੰਭਾਵਿਤ ਵਿੱਤੀ ਸਾਧਨ ਲਿਆਉਣਾ, ਜਨਤਕ ਵਿੱਤੀ ਸਾਧਨਾਂ ਦਾ ਢੁਕਵਾਂ ਉਪਯੋਗ, ਮੁਫ਼ਤਖੋਰੀਆਂ ਅਤੇ ਸਬਸਿਡੀਆਂ ਨੂੰ ਤਰਕਸ਼ੀਲ ਬਣਾਉਣਾ, ਕੇਂਦਰੀ ਸਕੀਮਾਂ ਤੋਂ ਵੱਧ ਤੋਂ ਵੱਧ ਫਾਇਦਾ ਚੁੱਕਣਾ, ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨੇ, ਖੇਤੀ ਖੇਤਰ ਅਤੇ ਲਘੂ ਅਤੇ ਛੋਟੇ ਉਦਯੋਗਾਂ ਦੀ ਉੱਨਤੀ ਲਈ ਢੁੱਕਵਾਂ ਮਾਹੌਲ ਤਿਆਰ ਕਰਨਾ ਵਾਹਗਾ-ਅਟਾਰੀ ਬਾਰਡਰ ਰਾਹੀਂ ਵਪਾਰ ਵਧਾਉਣਾ ਆਦਿ ਕੁਝ ਜ਼ਰੂਰੀ ਪਹਿਲਕਦਮੀਆਂ ਦੀ ਜ਼ਰੂਰਤ ਹੈ।

ਸਤਨਾਮ ਸਿੰਘ ਮਾਣਕ ਨੇ ਹੋਰ ਕਿਹਾ ਕਿ ਦੇਸ਼ ਦੀ ਵੰਡ ਜਿਹੜੀ ਕਿ ਦੋ ਕੌਮੀ ਥਿਊਰੀ ਕਾਰਨ ਹੋਈ ਸੀ, ਨੇ ਪੰਜਾਬ ਨੂੰ ਢਾਅ ਲਾਈ, ਪਰ ਆਰ.ਐਸ.ਐਸ.ਦੇ ਵੱਧ ਰਹੇ ਪ੍ਰਭਾਵ ਕਾਰਨ ਦੇਸ਼ ਅੰਦਰ ਇਹ ਥਿਊਰੀ ਮੁੜ ਲਾਗੂ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਪਾਕਿਸਤਾਨ ਧਰਮ ਅਧਾਰਿਤ ਦੇਸ਼ ਹੈ, ਜਿਸ ਕਾਰਨ ਉਹ ਅਤਿਵਾਦ ਬਰਾਮਦ ਕਰਨ ਵਾਲਾ ਦੇਸ਼ ਕਿਹਾ ਜਾਂਦਾ ਹੈ। ਉਹਨਾ ਚਿਤਾਵਨੀ ਦਿੱਤੀ ਕਿ ਜੇ ਕਿਤੇ ਭਾਜਪਾ ਨੂੰ 350 ਤੋਂ ਵੱਧ ਸੀਟਾਂ ਮਿਲ ਜਾਂਦੀਆਂ ਤਾਂ ਭਾਰਤ ਵੀ ਹੁਣ ਤੱਕ ਧਰਮ ਅਧਾਰਿਤ ਦੇਸ਼ ਹੋਣਾ ਸੀ ਤੇ ਸਾਡਾ ਸੰਵਿਧਾਨ, ਲੋਕਤੰਤਰ ਅਤੇ ਧਰਮ ਨਿਰਪੱਖਤਾ ਵਾਲੇ ਸਿਧਾਂਤ ਨੂੰ ਤਿਲਾਂਜਲੀ ਦਿੱਤੀ ਜਾ ਚੁੱਕੀ ਹੋਣੀ ਸੀ। ਉਹਨਾ ਕਿਹਾ ਕਿ ਅਜੇ ਵੀ ਦੇਸ਼ ਦੀ ਆਰਥਿਕ, ਭਾਸ਼ਾਈ ਅਤੇ ਸਭਿਆਚਾਰਕ ਵਿਭਿੰਨਤਾ ਨੂੰ ਖ਼ਤਰਾ ਬਰਕਰਾਰ ਹੈ, ਜਿਸ ਲਈ ਸਾਨੂੰ ਸਭ ਨੂੰ ਸੁਚੇਤ ਹੋਣਾ ਚਾਹੀਦਾ ਹੈ। ਇਸ ਮੌਕੇ ਪ੍ਰਸਿੱਧ ਕਹਾਣੀਕਾਰ ਅਤੇ ਸਮਾਗਮ ਦੇ ਮੁੱਖ ਮਹਿਮਾਨ ਪ੍ਰੋ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਜ਼ੁਬਾਨਾਂ ਨੂੰ ਧਰਮ ਦੇ ਅਧਾਰ 'ਤੇ ਨਹੀਂ ਵੰਡਣਾ ਚਾਹੀਦਾ ਹੈ। ਉਹਨਾ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਇਨਸਾਨੀਅਤ ਦੀ ਫਿਲਾਸਫੀ ਹੈ ਅਤੇ ਸਿੱਖ ਗੁਰੂਆਂ ਨੇ ਇਨਸਾਨੀ ਪਹਿਚਾਣ ਦੱਸਦਿਆਂ ਭਾਈ ਲਾਲੋਆਂ ਨੂੰ ਹਿੱਕ ਨਾਲ ਲਾਇਆ ਅਤੇ ਮਲਿਕ ਭਾਗੋਆਂ ਨੂੰ ਆਪਣੇ ਤੋਂ ਦੂਰ ਰੱਖਿਆ। ਉਹਨਾ ਨੇ ਕਿਹਾ ਕਿ 'ਹਿੰਦੋਸਤਾਨ' ਸ਼ਬਦ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵਰਤਿਆ। ਪਰ ਹੁਣ ਇਸ "ਹਿੰਦੋਸਤਾਨ" ਨੂੰ "ਹਿੰਦੂ ਸਥਾਨ" ਬਨਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਹਨਾ ਨੇ ਖਰੀ ਗੱਲ ਕਰਨ ਵਾਲੇ ਅਤੇ ਸਮੇਂ ਦਾ ਸੱਚ ਕਹਿਣ ਵਾਲਿਆਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੋ ਗਈ ਹੈ। ਉਹਨਾ ਨੇ ਇਸ ਗੱਲੋਂ ਪ੍ਰੋ. ਰਣਜੀਤ ਸਿੰਘ ਘੁੰਮਣ ਅਤੇ ਦੀਪਕ ਸ਼ਰਮਾ ਚਨਾਰਥਲ ਅਤੇ ਪੰਜਾਬੀ ਵਿਰਸਾ ਟਰੱਸਟ ਦੇ ਪ੍ਰਬੰਧਕਾਂ ਦੀ ਪ੍ਰਸੰਸਾ ਕੀਤੀ। ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ ਨੇ ਜੀਅ ਆਇਆਂ ਅਤੇ ਸਮਾਗਮ ਦੇ ਪ੍ਰਬੰਧਕ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਸਟੇਜ ਸੰਚਾਲਨ ਕੀਤਾ ਅਤੇ ਧੰਨਵਾਦੀ ਸ਼ਬਦ ਕਹੇ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਟੀ.ਡੀ. ਚਾਵਲਾ, ਸੁਖਵਿੰਦਰ ਸਿੰਘ, ਰਘਬੀਰ ਸਿੰਘ ਮਾਨ, ਦੀਦਾਰ ਸਿੰਘ ਸ਼ੇਤਰਾ, ਕਮਲੇਸ਼ ਸੰਧੂ, ਐਡਵੋਕੇਟ ਐਸ.ਐਲ. ਵਿਰਦੀ, ਪਰਵਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

## ਗੁਰਨਾਮ ਬਾਵਾ ਦੇ ਨਾਵਲ ਜ਼ਿੰਦਗੀ ਰਹੀ ਤਾਂ ਫਿਰ ਮਿਲਾਂਗੇ ਉੱਤੇ ਗੋਸ਼ਟੀ, ਵਿਚਾਰ ਚਰਚਾ ਅਤੇ ਕਵੀ ਦਰਬਾਰ



ਫਗਵਾੜਾ – (ਤੇਜਿੰਦਰ ਮਨਚੰਦਾ) – ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਹਿਯੋਗ ਨਾਲ ਡਾ.ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਸਾਹਤਿਕ ਪ੍ਰੋਗਰਾਮ ਕਰਵਾ ਕੇ ਨਾਵਲਕਾਰ ਗੁਰਨਾਮ ਬਾਵਾ ਦੇ ਦੂਜੇ ਨਾਵਲ ਜ਼ਿੰਦਗੀ ਰਹੀ ਤਾਂ ਫਿਰ ਮਿਲਾਂਗੇ ਉੱਤੇ ਗੋਸ਼ਟੀ, ਵਿਚਾਰ ਚਰਚਾ ਕਰਵਾਈ ਗਈ। ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਸਾ–ਹਤਕਾਰ ਨਿਰੰਜਨ ਬੋਹਾ, ਪ੍ਰੋ.ਸੰਧੂ ਵਰਿਆਣਵੀ (ਜਨ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ), ਐਡਵੋਕੇਟ ਐਸ ਐਲ ਵਿਰਦੀ, ਡਾ.ਜਗੀਰ ਸਿੰਘ ਨੂਰ, ਲੋਕ ਸ਼ਾਇਰ ਜਗਦੀਸ਼ ਰਾਣਾ ਅਤੇ ਮੁੱਖ ਮਹਿਮਾਨ ਵਜੋਂ ਵਿਸ਼ਵ ਪ੍ਰਸਿੱਧ ਗੀਤਕਾਰ ਮੱਖਣ ਲੁਹਾਰ ਸ਼ੁਸ਼ੋਭਿਤ ਹੋਏ। ਇਸ ਮੌਕੇ ਨਾਵਲ ਜ਼ਿੰਦਗੀ ਰਹੀ ਤਾਂ ਫਿਰ ਮਿਲਾਂਗੇ ਉੱਤੇ ਪਰਚਾ ਪੜ੍ਹਦਿਆਂ ਨਿਰੰਜਨ ਬੋਹਾ ਨੇ ਕਿਹਾ ਕਿ ਨਾਵਲ ਮੌਜੂਦਾ ਸਮੇਂ ਦੇ ਆਮ ਮਨੁੱਖ ਦੇ ਸਮਾਜਿਕ,ਆਰਥਿਕ ਅਤੇ ਸੱਭਿਆਚਾਰਕ ਵਰਤਾਰੇ ਬਾਰੇ ਖੁੱਲ੍ਹ ਕੇ ਗੱਲ ਕਰਦਾ ਹੈ। ਉਹਨਾਂ ਕਿ ਉਹ ਭਵਿੱਖ ਵਿੱਚ ਨਾਵਲਕਾਰ ਗੁਰਨਾਮ ਬਾਵਾ ਨੂੰ ਇਕ ਵੱਡੇ ਨਾਵਲਕਾਰ ਵਜੋਂ ਵੇਖਦੇ ਹਨ। ਵਿਚਾਰ ਚਰਚਾ ਵਿੱਚ ਹਿੱਸਾ ਲੈਂਦਿਆਂ ਡਾ.ਸੋਮਾ ਸਬਲੋਕ,ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ,ਚਰਨਜੀਤ ਗਿੱਲ ਸਮਾਲਸਰ, ਮਾਸਟਰ ਜਿੰਗਾ ਸਿੰਘ ਅਤੇ ਸੰਦੀਪ ਨਈਅਰ ਨੇ ਕਿਹਾ ਕਿ ਜ਼ਿਆਦਾਤਰ ਪੰਜਾਬੀ ਨਾਵਲ ਕਿਸਾਨੀ ਜਾਂ ਪੇਂਡੂ ਧਰਾਤਲ ਤੇ ਅਧਾਰਿਤ ਹੀ ਲਿਖੇ ਜਾਂਦੇ ਰਹੇ ਹਨ ਪਰ ਇਸ ਨਾਵਲ ਦੇ ਪਾਤਰ ਬਿਲਕੁਲ ਅਲੱਗ ਹਨ ਤੇ ਗੁਰਨਾਮ ਬਾਵਾ ਦੀ ਸ਼ੈਲੀ ਪਾਠਕ ਨੂੰ ਕਿਤੇ ਵੀ ਟੁੱਟਣ ਨਹੀਂ ਦਿੰਦੀ। ਪ੍ਰੋ.ਸੰਧੂ ਵਰਿਆਣਵੀ ਅਤੇ ਜਗਦੀਸ਼ ਰਾਣਾ ਨੇ ਕਿਹਾ ਕਿ ਗੁਰਨਾਮ ਬਾਵਾ ਜ਼ਮੀਨ ਨਾਲ਼ ਜੁੜਿਆ ਹੋਇਆ ਲੇਖਕ ਹੈ ਇਸ ਲਈ ਉਸ ਦੇ ਨਾਵਲ ਦੇ ਪਾਤਰ ਵੀ ਆਮ ਲੋਕ ਬਣਦੇ ਹਨ। ਇਸ ਮੌਕੇ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਵਲੋਂ ਨਿਰੰਜਨ ਬੋਹਾ, ਗੁਰਨਾਮ ਬਾਵਾ ਅਤੇ ਵਿਸ਼ਵ ਪ੍ਰਸਿੱਧ ਗੀਤਕਾਰ ਅਤੇ ਮੰਚ ਦੇ ਚੇਅਰਮੈਨ ਮੱਖਣ ਲੁਹਾਰ ਦਾ ਸ਼ਾਨਦਾਰ ਮੋਮੈਂਟੋ,ਕਿਤਾਬਾਂ ਅਤੇ ਦੁਸ਼ਾਲਿਆਂ ਨਾਲ਼ ਸਨਮਾਨ ਕੀਤਾ ਗਿਆ। ਗੁਰਨਾਮ ਬਾਵਾ ਨੇ ਇਸ ਮੌਕੇ ਭਾਵੁਕ ਹੁੰਦਿਆਂ ਕਿਹਾ ਕਿ ਪੰਜਾਬੀ ਜ਼ੁਬਾਨ ਦੇ ਨਾਮਵਰ ਸਾਹਿਤਕਾਰਾਂ ਦੁਆਰਾ ਉਸ ਦੇ ਨਾਵਲ ਤੇ ਵਿਚਾਰ ਰੱਖਣਾ ਉਸ ਲਈ ਬੜੀ ਵੱਡੀ ਤੇ ਮਾਣ ਵਾਲੀ ਗੱਲ ਹੈ। ਮੱਖਣ ਲੁਹਾਰ ਨੇ ਕਿਹਾ ਕਿ ਉਹ ਭਾਵੇਂ ਲੰਮੇ ਸਮੇਂ ਤੋਂ ਵਿਦੇਸ਼ ਵਿਚ ਰਹਿੰਦੇ ਹਨ ਪਰ ਪੰਜਾਬੀ ਦੇ ਸਾਹਿਤਕਾਰਾਂ ਨੂੰ ਨਿੱਠ ਕਿ ਪੜ੍ਹਦੇ ਹਨ ਤੇ ਉਹਨਾਂ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਸ ਦੁਆਰਾ ਸਥਾਪਿਤ ਕੀਤਾ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਵਧੀਆ ਕੰਮ ਕਰ ਰਿਹਾ ਹੈ। ਅੰਤ ਵਿੱਚ ਹੋਏ ਕਵੀ ਦਰਬਾਰ ਵਿਚ ਮੱਖਣ ਲੁਹਾਰ, ਡਾ.ਸੋਮਾ ਸਬਲੋਕ, ਤਰਨਜੀਤ ਗੋਗੋਂ, ਜਸਵਿੰਦਰ ਸਿੰਘ ਜੱਸੀ, ਰਮਣੀਕ ਸਿੰਘ ਘੁੰਮਣ, ਹਰਦਿਆਲ ਹੁਸ਼ਿਆਰਪੁਰੀ, ਸੀਰਤ ਸਿਖਿਆਰਥੀ, ਜਸਵੰਤ ਸਿੰਘ ਮਜਬੂਰ, ਕੁਲਵਿੰਦਰ ਬਾਘਾਪੁਰਾਣਾ, ਮਨਜੀਤ ਸਿੰਘ, ਸੁਖਦੇਵ ਗੰਢਵਾਂ, ਸ਼ੀਤਲ ਬੰਗਾ, ਪ੍ਰੋ.ਰਮਨ ਮਸ਼ਾਣਵੀ, ਆਦਿ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਇਸ ਮੌਕੇ ਵਿਸ਼ੇਸ਼ ਤੌਰ ਤੇ ਸੋਹਣ ਸਹਿਜਲ, ਪ੍ਰਵੀਨ ਬੰਗਾ, ਸ਼ਾਮ ਸਰਗੁੰਦੀ,ਦਵਿੰਦਰ ਜੱਸਲ, ਗੁਰਮੁਖ ਲੁਹਾਰ,ਬਲਬੀਰ ਕੌਰ ਬੱਬੂ ਸੈਣੀ, ਹਰੀਸ਼ ਭੰਡਾਰੀ, ਗੁਰਦੀਪ ਸਿੰਘ ਮੁਕੱਦਮ, ਭਿੰਡਰ ਪਟਵਾਰੀ, ਬਲਵਿੰਦਰ ਗੁਰਾਇਆਂ, ਪ੍ਰੀਤ ਮੁਹੱਦੀਪੁਰੀਆ, ਅੰਮ੍ਰਿਤ ਪਵਾਰ, ਘਣਸ਼ਿਆਮ ਜੀ, ਅਵਤਾਰ ਸਿੰਘ ਲੁਹਾਰ, ਕਮਲ ਧਰਮਸ਼ੋਤ, ਅਵਤਾਰ ਸਿੰਘ ਬਾਘਾਪੁਰਾਣਾ, ਸਤਪਾਲ ਸਾਹਲੋਂ, ਬੰਸੋ ਦੇਵੀ, ਰਵਿੰਦਰ ਸਿੰਘ ਰਾਏ, ਸੋਢੀ ਸੱਤੋਵਾਲੀ ਮੱਖਣ ਆਲਮ, ਦੀਪ ਜਗਤਪੁਰੀ, ਨਵਨੂਰ ਕਮਲ, ਟੋਨੀ ਦੁਸਾਂਝ,ਅਜ਼ਾਦ ਰੰਗ ਮੰਚ ਤੋਂ ਗਮਨੂੰ ਬਾਂਸਲ, ਬੀਬਾ ਕੁਲਵੰਤ ਅਤੇ ਹੋਰ ਮੌਜੂਦ ਰਹੇ।

# ਸਿੱਖ ਧਰਮ ਦਾ ਪੁਰਤਗਾਲ ਵਿਚ 1990 ਦੇ ਦਹਾਕੇ ਤੋਂ ਹੋਇਆ ਵਿਕਾਸ

## ✪ ਪੁਰਤਗਾਲ ਵਿੱਚ ਸਿੱਖਾਂ ਦਾ ਯੋਗਦਾਨ ਖੇਤੀਬਾੜੀ, ਉਸਾਰੀ ਅਤੇ ਸੈਰ-ਸਪਾਟਾ ਖੇਤਰਾਂ ਵਿੱਚ ਮਹੱਤਵਪੂਰਨ









ਪੁਰਤਗਾਲ ਵਿੱਚ ਸਿੱਖ ਭਾਈਚਾਰਾ ਇੱਕ ਘੱਟ ਗਿਣਤੀ ਧਰਮ ਹੈ, ਪਰ ਸਮੇਂ ਦੇ ਨਾਲ ਇਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਪੁਰਤਗਾਲ ਵਿੱਚ ਇਸ ਵੇਲੇ ਲਗਭਗ 35,000 ਸਿੱਖ ਰਹਿ ਰਹੇ ਹਨ ਅਤੇ ਇਹ ਗਿਣਤੀ ਲਗਾਤਾਰ ਵੱਧ ਰਹੀ ਹੈ। ਸਿੱਖ ਭਾਈਚਾਰੇ ਨੇ ਪੁਰਤਗਾਲ ਵਿੱਚ ਖੇਤੀਬਾੜੀ, ਉਸਾਰੀ ਕਾਰਜ ਅਤੇ ਕਾਰੋਬਾਰ ਵਿੱਚ ਆਪਣੀ ਮੌਜੂਦਗੀ ਸਥਾਪਿਤ ਕੀਤੀ ਹੈ ਅਤੇ ਇਸਦੇ ਮੈਂਬਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਫੈਲੇ ਹੋਏ ਹਨ। ਪੁਰਤਗਾਲ ਵਿੱਚ ਸਿੱਖ ਧਰਮ ਪੁਰਤਗਾਲ ਵਿੱਚ ਸਿੱਖ ਧਰਮ ਦਾ ਇਤਿਹਾਸ 1990 ਦੇ ਦਹਾਕੇ ਵਿੱਚ ਸ਼ੁਰੂ ਹੁੰਦਾ ਹੈ, ਜਦੋਂ ਪੁਰਤਗਾਲ ਨੇ ਯੂਰਪੀਅਨ ਯੂਨੀਅਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਵਿੱਚ ਢਿੱਲ ਦਿੱਤੀ ਸੀ।

1986 ਵਿੱਚ ਯੂਰਪੀਅਨ ਯੂਨੀਅਨ ਦਾ ਮੈਂਬਰ ਬਣਨ ਅਤੇ 1995 ਵਿੱਚ ਸ਼ੈਂਗੇਨ ਖੇਤਰ ਵਿੱਚ ਸ਼ਾਮਲ ਹੋਣ ਤੋਂ ਬਾਅਦ, ਪੁਰਤਗਾਲ ਨੇ ਭਾਰਤੀ ਉਪ ਮਹਾਂਦੀਪ ਤੋਂ ਬਹੁਤ ਸਾਰੇ ਪ੍ਰਵਾਸੀ ਪਹੁੰਚੇ। ਖਾਸ ਕਰਕੇ, ਸਿੱਖ ਭਾਈਚਾਰੇ ਦੇ ਮੈਂਬਰ ਇੱਥੇ ਖੇਤੀਬਾੜੀ, ਉਸਾਰੀ ਅਤੇ ਸੈਰ-ਸਪਾਟਾ ਖੇਤਰਾਂ ਵਿੱਚ ਕੰਮ ਕਰਨ ਲਈ ਪਹੁੰਚੇ ਸਨ। ਪੁਰਤਗਾਲ ਵਿੱਚ ਸਿੱਖਾਂ ਦਾ ਆਗਮਨ ਮੁੱਖ ਤੌਰ ’ਤੇ ਉਸ ਸਮੇਂ ਹੋਇਆ ਜਦੋਂ ਪੁਰਤਗਾਲ ਵਿੱਚ ਉਸਾਰੀ ਦਾ ਕੰਮ ਜ਼ੋਰਾਂ ’ਤੇ ਸੀ ਅਤੇ ਮਜ਼ਦੂਰਾਂ ਦੀ ਘਾਟ ਸੀ। 1990 ਦੇ ਦਹਾਕੇ ਦੇ ਅਖੀਰ ਤੱਕ, ਪੰਜਾਬ ਦੇ ਬਹੁਤ ਸਾਰੇ ਸਿੱਖਾਂ ਨੇ ਪੁਰਤਗਾਲ ਵਿੱਚ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕੀਤੀ, ਪੁਰਤਗਾਲ ਦੇ ਵੱਖ-ਵੱਖ ਸ਼ਹਿਰਾਂ ਵਿੱਚ ਭਾਰਤੀ ਰੈਸਟੋਰੈਂਟ ਅਤੇ ਵਪਾਰਕ ਅਦਾਰੇ ਖੋਲ੍ਹੇ। ਪੁਰਤਗਾਲ ਵਿੱਚ ਸਿੱਖਾਂ ਦੀ ਗਿਣਤੀ ਲਗਾਤਾਰ ਵਧਦੀ ਰਹੀ ਹੈ, ਅਤੇ 2007 ਵਿੱਚ ਇਹ ਲਗਭਗ 5,000 ਸੀ। 2010 ਵਿੱਚ, ਪੁਰਤਗਾਲ ਦੇ ਸਿੱਖ ਧਾਰਮਿਕ ਆਗੂਆਂ ਨੇ ਅੰਦਾਜ਼ਾ ਲਗਾਇਆ ਸੀ ਕਿ ਇਹ ਗਿਣਤੀ 10,000 ਤੱਕ ਵੱਧ ਚਕੀ ਸੀ। 2024 ਵਿੱਚ, ਭਾਰਤੀ ਦੂਤਾਵਾਸ ਨੇ ਪੁਸ਼ਟੀ ਕੀਤੀ ਕਿ ਪੁਰਤਗਾਲ ਵਿੱਚ ਲਗਭਗ 35,000 ਸਿੱਖ ਰਹਿੰਦੇ ਸਨ, ਜੋ ਕਿ ਇੱਕ ਮਹੱਤਵਪੂਰਨ ਸੰਖਿਆ ਹੈ। ਪੁਰਤਗਾਲ ਵਿੱਚ ਸਿੱਖ ਧਰਮ ਨੂੰ ਮੰਨਣ ਵਾਲੇ ਲੋਕ ਆਪਣੀਆਂ ਧਾਰਮਿਕ ਗਤੀਵਿਧੀਆਂ ਲਈ ਗੁਰਦੁਆਰਿਆਂ ਵਿੱਚ ਜਾਂਦੇ ਹਨ।

ਪੁਰਤਗਾਲ ਵਿੱਚ ਤਿੰਨ ਵੱਡੇ ਗੁਰਦੁਆਰੇ ਹਨ, ਜੋ ਸਿੱਖਾਂ ਲਈ ਧਾਰਮਿਕ ਆਸਥਾ ਅਤੇ ਪੂਜਾ ਦੇ ਕੇਂਦਰ ਹਨ। ਇਹਨਾਂ ਵਿੱਚ ਸ਼ਾਮਲ ਹਨ: ਗੁਰਦੁਆਰਾ ਸਿੱਖ ਸੰਗਤ ਸਾਹਿਬ, ਲਿਸਬਨ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ, ਅਲਬੂਫੇਰਾ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ, ਪੋਰਟੋ। ਇਹਨਾਂ ਗੁਰਦੁਆਰਿਆਂ ਵਿੱਚ ਨਿਯਮਤ ਪੂਜਾ, ਕੀਰਤਨ ਅਤੇ ਹੋਰ ਧਾਰਮਿਕ ਪ੍ਰੋਗਰਾਮ ਹੁੰਦੇ ਹਨ। ਇਸ ਤੋਂ ਇਲਾਵਾ, ਪੁਰਤਗਾਲ ਵਿੱਚ ਹਰ ਸਾਲ ਵਿਸਾਖੀ ਦੇ ਮੌਕੇ ’ਤੇ ਨਗਰ ਕੀਰਤਨ ਵਰਗੇ ਧਾਰਮਿਕ ਤਿਉਹਾਰ ਆਯੋਜਿਤ ਕੀਤੇ ਜਾਂਦੇ ਹਨ।

2022 ਵਿੱਚ, ਪੋਰਟੋ ਸ਼ਹਿਰ ਵਿੱਚ ਹੋਏ ਵਿਸਾਖੀ ਨਗਰ ਕੀਰਤਨ ਵਿੱਚ 2,000 ਸਿੱਖਾਂ ਨੇ ਸ਼ਿਰਕਤ ਕੀਤੀ ਸੀ, ਜੋ ਕਿ ਸਿੱਖ ਭਾਈਚਾਰੇ ਦੀ ਵਧਦੀ ਮੌਜੂਦਗੀ ਨੂੰ ਦਰਸਾਉਂਦਾ ਹੈ। 2008 ਵਿੱਚ, ਪੁਰਤਗਾਲੀ ਪੁਲਿਸ ਨੇ ਇੱਕ ਸਿੱਖ ਵਿਅਕਤੀ ਨੂੰ ਉਸਦੀ ਕਿਰਪਾਨ ਨਾਲ ਗ੍ਰਿ.ਫਤਾਰ ਨਹੀਂ ਕੀਤਾ, ਭਾਵੇਂ ਉਸਦਾ ਤਲਵਾਰ ਕਾਨੂੰਨੀ ਸੀਮਾ ਤੋਂ ਵੱਧ ਸੀ। ਪੁਲਿਸ ਨੇ ਇਸਨੂੰ ਧਾਰਮਿਕ ਪਛਾਣ ਦੇ ਇੱਕ ਰੂਪ ਵਜੋਂ ਮਾਨਤਾ ਦਿੱਤੀ, ਜੋ ਕਿ ਪੁਰਤਗਾਲ ਵਿੱਚ ਸਿੱਖ ਭਾਈਚਾਰੇ ਦੇ ਧਾਰਮਿਕ ਅਧਿਕਾਰਾਂ ਦੀ ਮਾਨਤਾ ਦੀ ਇੱਕ ਮਹੱਤਵਪੂਰਨ ਉਦਾਹਰਣ ਸੀ।

ਪੁਰਤਗਾਲ ਵਿੱਚ ਸਿੱਖਾਂ ਦਾ ਯੋਗਦਾਨ ਖੇਤੀਬਾੜੀ, ਉਸਾਰੀ ਅਤੇ ਸੈਰ-ਸਪਾਟਾ ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਰਿਹਾ ਹੈ। ਇਸ ਤੋਂ ਇਲਾਵਾ, ਸਿੱਖ ਭਾਈਚਾਰੇ ਨੇ ਪੁਰਤਗਾਲ ਦੀ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਵਿੱਚ ਵੀ ਯੋਗਦਾਨ ਪਾਇਆ ਹੈ। ਪੁਰਤਗਾਲ ਵਿੱਚ ਸਿੱਖ ਭਾਈਚਾਰੇ ਦਾ ਦਰਜਾ ਅਤੇ ਸਿੱਖ ਧਰਮ ਦਾ ਪ੍ਰਚਾਰ ਨਾ ਸਿਰ.ਫ ਇਸ ਦੇਸ਼ ਵਿੱਚ ਸਗੋਂ ਯੂਰਪ ਦੇ ਹੋਰ ਹਿੱਸਿਆਂ ਵਿੱਚ ਵੀ ਵਧ ਰਿਹਾ ਹੈ। ਇੱਥੋਂ ਦਾ ਸਿੱਖ ਭਾਈਚਾਰਾ ਹੁਣ ਪੁਰਤਗਾਲ ਦੀ ਸਮਾਜਿਕ-ਆਰਥਿਕ ਤਰੱਕੀ ਦੇ ਨਾਲ-ਨਾਲ ਆਪਣੇ ਧਾਰਮਿਕ ਅਤੇ ਸਮਾਜਿਕ ਫਰਜ਼ਾਂ ਵਿੱਚ ਭਾਈਵਾਲ ਬਣ ਗਿਆ ਹੈ। ਭਵਿੱਖ ਵਿੱਚ, ਇਹ ਭਾਈਚਾਰਾ ਪੁਰਤਗਾਲੀ ਸਮਾਜ ਵਿੱਚ ਹੋਰ ਵੀ ਵਿਆਪਕ ਮੌਜੂਦਗੀ ਰੱਖਦਾ ਰਹੇਗਾ ਅਤੇ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਰਹੇਗਾ।

# ਦੌਲੇਵਾਲਾ ਵਿਚੋਂ ਡਰਗ ਸਮਗਲਰਾਂ ਦੀ 1.35 ਕਰੋੜ ਦੀ ਜਾਇਦਾਦ ਜ਼ਬਤ

## ✪ ਦੋਸ਼ੀਆਂ ਖਿਲਾਫ ਖਿਲਾਫ ਤਸਕਰੀ ਦੇ 15-16 ਕੇਸ ਹਨ ਦਰਜ




ਧਰਮਕੋਟ-ਕੋਟ ਈਸੇ ਖਾਂ ਪੁਲੀਸ ਨੇ ਨਸ਼ਾ ਤਸਕਰੀ ਲਈ ਬਦਨਾਮ ਪਿੰਡ ਦੌਲੇਵਾਲਾ ਦੇ ਦੋ ਨਸ਼ਾ ਤਸਕਰਾਂ ਦੀ ਸਵਾ ਕਰੋੜ ਰੁਪਏ ਤੋਂ ਉਪਰ ਦੀ ਜਾਇਦਾਦ ਜ਼ਬਤ ਕੀਤੀ ਹੈ। ਥਾਣਾ ਮੁਖੀ ਸੁਨੀਤਾ ਬਾਵਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਮਿਲੀਆਂ ਸੇਧਾਂ ਤਹਿਤ ਅਤੇ ਜ਼ਿਲ੍ਹਾ ਪੁਲੀਸ ਮੁਖੀ ਦੀਆਂ ਹਿਦਾਇਤਾਂ ਮੁਤਾਬਕ ਇੱਥੋਂ ਦੀ ਪੁਲੀਸ ਵਲੋਂ ਨਸ਼ਾ ਤਸਕਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਗੈਰਕਾਨੂੰਨੀ ਢੰਗ ਨਾਲ ਬਣਾਈ ਗਈ ਇਹ ਜਾਇਦਾਦ ਨੂੰ ਜ਼ਬਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਵਿਰੋਧੀ ਐਕਟ ਤਹਿਤ ਇਹ ਕਾਰਵਾਈ ਪਿੰਡ ਦੌਲੇਵਾਲਾ ਮਾਇਰ ਦੀ ਨਸ਼ਾ ਤਸਕਰ ਰਾਜਵਿੰਦਰ ਕੌਰ ਰੱਜੀ ਅਤੇ ਠਾਕਰ ਸਿੰਘ ਖ਼ਿਲਾ.ਫ ਅਮਲ ਵਿਚ ਲਿਆਂਦੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖਿਲਾਫ ਤਸਕਰੀ ਦੇ 15-16 ਕੇਸ ਦਰਜ ਹਨ ਤੇ ਇਨ੍ਹਾਂ ਦੀ ਇਕ ਕਰੋੜ 35 ਲੱਖ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਜ਼ਬਤ ਕੀਤੀ ਜਾਇਦਾਦ ਅੱਗੇ ਨੋਟਿਸ ਚਿਪਕਾ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੀ ਖਰੀਦ-ਵੇਚ ਦੇ ਧੰਦੇ ਵਿੱਚ ਲੱਗੇ ਕਿਸੇ ਵੀ ਵਿਅਕਤੀ ਨੂੰ ਪੁਲੀਸ ਬਖਸ਼ੇਗੀ ਨਹੀਂ, ਸਗੋਂ ਉਸ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਮੁਫ਼ਤ ਦੀਆਂ ਸਹੂਲਤਾਂ ਲੋਕਾਂ ਦੀ ਮਾਨਸਿਕ ਗ਼ੁਲਾਮੀ ਦਾ ਕਾਰਣ

ਪੂਰਨਚੰਦ ਸਰੀਨ



ਭਾਰਤ 'ਚ ਦਾਸ ਪ੍ਰਥਾ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਇਸ ਦਾ ਜ਼ਿਕਰ ਭਾਰਤ ਦੇ ਪ੍ਰਾਚੀਨ ਗ੍ਰੰਥ 'ਮਨੂੰਸਮ੍ਰਿਤੀ' 'ਚ ਵੀ ਮਿਲਦਾ ਹੈ। ਦਾਸਾਂ ਦਾ ਮਾਲਿਕਾਂ ਅਧੀਨ ਕੰਮ ਕਰਨਾ ਅਤੇ ਮਰ ਜਾਣਾ, ਬੱਸ ਇੰਨਾ ਹੀ ਉਨ੍ਹਾਂ ਦਾ ਜੀਵਨ ਸੀ। ਅਮਰੀਕਾ ਤੇ ਇੰਗਲੈਂਡ ਸਮੇਤ ਲਗਭਗ ਸਾਰੇ ਦੇਸ਼ਾਂ 'ਚ ਗ਼ੁਲਾਮਾਂ ਦੀਆਂ ਮੰਡੀਆਂ ਸਜਦੀਆਂ ਸਨ ਅਤੇ ਉਨ੍ਹਾਂ ਦਾ ਵਪਾਰ ਹੁੰਦਾ ਸੀ। ਦਾਸ ਪ੍ਰਥਾ ਦੇ ਖ਼ਾਤਮੇ ਲਈ ਕਈ ਦੇਸ਼ਾਂ ਨੇ ਕਦਮ ਉਠਾਏ। ਸੰਨ 1807 'ਚ ਬਰਤਾਨੀਆ ਨੇ ਦਾਸ ਪ੍ਰਥਾ ਰੋਕੂ ਕਾਨੂੰਨ (ਸਲੇਵ ਟਰੇਡ ਐਕਟ-1807) ਤਹਿਤ ਆਪਣੇ ਦੇਸ਼ 'ਚ ਅਫ਼ਰੀਕੀ ਗ਼ੁਲਾਮਾਂ ਦੀ ਖ਼ਰੀਦੋ-ਫਰੋਖ਼ਤ 'ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲਾ ਦਿੱਤੀ ਸੀ। ਇਸ ਤੋਂ ਬਾਅਦ, 1808 'ਚ ਅਮਰੀਕੀ ਕਾਂਗਰਸ ਨੇ ਗ਼ੁਲਾਮਾਂ ਦੀ ਦਰਾਮਦ 'ਤੇ ਪਾਬੰਦੀ ਲਗਾਈ। ਭਾਰਤ 'ਚ ਦਾਸ ਪ੍ਰਥਾ ਦਾ ਖ਼ਾਤਮਾ 1843 ਈ. 'ਚ ਹੋਇਆ ਸੀ, ਜਦੋਂ ਬਰਤਾਨਵੀ ਸ਼ਾਸਨ ਦੇ ਸਮੇਂ ਇਕ ਐਕਟ ਪਾਸ ਕੀਤਾ ਗਿਆ ਸੀ। ਇਸ ਤੋਂ ਬਾਅਦ 1975 'ਚ ਭਾਰਤ ਸਰਕਾਰ ਨੇ ਬੰਧੂਆ ਮਜ਼ਦੂਰੀ ਐਕਟ ਪਾਸ ਕੀਤਾ, ਜਿਸ ਤਹਿਤ ਬੰਧੂਆ ਮਜ਼ਦੂਰਾਂ ਨੂੰ ਮੁਕਤ ਕੀਤਾ ਗਿਆ।

### ਮਾਨਸਿਕ ਦਾਸਤਾਨ ਦੀ ਖ਼ਤਰਨਾਕ ਖੇਡ

ਅੱਜ ਸਾਡੇ ਦੇਸ਼ ਦੀਆਂ ਸਿਆਸੀ ਪਾਰਟੀਆਂ ਅਤੇ ਸੱਤਾਧਾਰੀ ਵਿਅਕਤੀਆਂ ਨੂੰ ਇਹ ਸਭ ਤੋਂ ਸੌਖਾ ਤਰੀਕਾ ਲਗਦਾ ਹੈ ਕਿ ਲੋਕਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਦੇ ਸੇਵਨ ਦੀ ਆਦਤ ਪਾ ਦਿੱਤੀ ਜਾਵੇ ਤਾਂ ਫਿਰ ਉਨ੍ਹਾਂ ਨੂੰ ਆਪਣੇ ਪੱਖ 'ਚ ਕਰਨ ਅਤੇ ਰੱਖਣ ਲਈ ਕੁਝ ਹੋਰ ਕਰਨ ਦੀ ਜ਼ਰੂਰਤ ਨਹੀਂ ਹੈ। ਇਹੀ ਮਾਨਸਿਕ ਗੁਲਾਮੀ ਵਾਲੀ ਦਾਸਤਾਨ ਹੈ, ਜਿਸ ਦੇ ਗੇੜ 'ਚ ਇਕ ਵਾਰ ਵਿਅਕਤੀ ਆ ਜਾਏ ਤਾਂ ਫਿਰ ਉਸ ਨੂੰ ਆਪਣੀ ਸਮਰੱਥਾ ਅਤੇ ਮਿਹਨਤ ਨਾਲ ਉਨ੍ਹਾਂ ਚੀਜ਼ਾਂ ਨੂੰ ਹਾਸਿਲ ਕਰਨ ਦੀ ਕੋਸ਼ਿਸ਼ ਕਰਨਾ ਬੇਮਤਲਬ ਲਗਦਾ ਹੈ। ਇਸ 'ਤੇ ਇਹ ਕਹਾਵਤ 'ਅਜਗਰ ਕਰੇ ਨਾ ਚਾਕਰੀ, ਪੰਛੀ ਕਰੇ ਨਾ ਕਾਮ, ਦਾਸ ਮਲੂਕਾ ਕਹਿ ਗਏ ਸਭ ਕੇ ਦਾਤਾ ਰਾਮ', ਸਹੀ ਢੁੱਕਦੀ ਹੈ। ਲੋੜ ਵੇਲੇ (ਭਾਵ ਕੋਰੋਨਾ ਕਾਲ, ਹੜ੍ਹਾਂ, ਭੂਚਾਲ ਅਤੇ ਕੁਦਰਤੀ ਤ੍ਰਾਸਦੀ ਵੇਲੇ) ਕੀਤੀ ਮਦਦ ਤਾਂ ਸਮਝ 'ਚ ਆਉਂਦੀ ਹੈ, ਪਰ ਜੇਕਰ ਇਹੀ ਸਹਾਇਤਾ ਬਿਨਾਂ ਕਿਸੇ ਲੋੜ ਦੇ ਉਦੋਂ ਵੀ ਕੀਤੀ ਜਾਵੇ, ਜਦੋਂ ਵਿਅਕਤੀ ਨੂੰ ਇਸ ਦੀ ਜ਼ਰੂਰਤ ਨਹੀਂ, ਉਦੋਂ ਦਾਲ 'ਚ ਕੁਝ ਕਾਲਾ ਹੋਣ ਦਾ ਅਹਿਸਾਸ ਹੋਣ ਲਗਦਾ ਹੈ। ਇਹ ਲੋਕਾਂ ਨੂੰ ਗੁੰਮਰਾਹ ਕਰਕੇ ਆਪਣਾ ਗ਼ੁਲਾਮ ਬਣਾਈ ਰੱਖਣ ਦੀ ਸਾਜ਼ਿਸ਼ ਹੈ।

ਨਿਰਧਨ ਜਾਂ ਸਾਧਨਹੀਣ ਦੀ ਸਹਾਇਤਾ ਇਸ ਤਰ੍ਹਾਂ ਕੀਤੀ ਜਾਵੇ ਕਿ ਉਹ ਕੁਝ ਕਮਾ ਸਕੇ, ਨਾ ਕਿ ਭਿਖਾਰੀ ਵਾਂਗ ਉਸ ਨੂੰ ਕੁਝ ਸਿੱਕੇ ਥਮਾ ਦਿੱਤੇ ਜਾਣ, ਅਨਪੜ੍ਹ ਨੂੰ ਸਿੱਖਿਆ ਇਸ ਲਈ ਦਿੱਤੀ ਜਾਵੇ ਕਿ ਉਹ ਆਪਣਾ ਭਲਾ-ਬੁਰਾ ਸਮਝ ਸਕੇ ਅਤੇ ਨੌਕਰੀ ਦੇ ਯੋਗ ਹੋ ਸਕੇ ਅਤੇ ਆਪਣੀ ਰੋਜ਼ੀ-ਰੋਟੀ ਕਮਾ ਸਕੇ, ਨਾ ਕਿ ਉਸ ਨੂੰ ਹਮੇਸ਼ਾ ਲਈ ਅਹਿਸਾਨਮੰਦ ਬਣਾ ਦਿੱਤਾ ਜਾਵੇ। ਬਿਮਾਰ ਦਾ ਮੁਫ਼ਤ ਇਲਾਜ ਇਸ ਲਈ ਹੋਵੇ ਕਿ ਉਹ ਜਲਦੀ ਸਿਹਤਯਾਬ ਹੋ ਸਕੇ ਅਤੇ ਕਿਸੇ 'ਤੇ ਬੋਝ ਨਾ ਬਣੇ।

ਇਸੇ ਤਰ੍ਹਾਂ ਬੇਰੁਜ਼ਗਾਰ ਨੂੰ ਰੁਜ਼ਗਾਰ ਅਤੇ ਉੱਦਮੀ ਨੂੰ ਵਿੱਤੀ ਸਹੂਲਤ ਦੇਣ ਦਾ ਕੰਮ ਹਰ ਸਰਕਾਰ ਦਾ ਫ਼ਰਜ਼ ਹੈ। ਰਾਜਨੀਤੀ ਨੂੰ ਇਕ ਕਾਰੋਬਾਰ ਮੰਨ ਕੇ ਆਪਣਾ ਜੀਵਨ ਸਮਰਪਿਤ ਕਰਨ ਵਾਲਾ ਹਰ ਵਿਅਕਤੀ ਇਸੇ ਸੋਚ ਦਾ ਹੋਵੇਗਾ, ਪਰ ਜੋ ਇਸ ਨੂੰ ਇਕ ਸੌਦਾ ਮੰਨ ਕੇ ਚਲਦਾ ਹੈ, ਉਨ੍ਹਾਂ ਦਾ ਆਪਣਾ ਫਾਇਦਾ ਹੋਵੇ ਨਾ ਹੋਵੇ, ਸਮਾਜ ਦਾ ਨੁਕਸਾਨ ਜ਼ਰੂਰ ਹੋ ਜਾਂਦਾ ਹੈ, ਜਿਸ ਦੀ ਭਰਪਾਈ ਪੂਰੇ ਦੇਸ਼ ਨੂੰ ਕਰਨੀ ਪੈਂਦੀ ਹੈ।

ਆਜ਼ਾਦ ਹੋਣ ਤੋਂ ਬਾਅਦ ਜੋ ਰਾਜਨੀਤਕ ਅਗਵਾਈ ਮਿਲੀ, ਉਨ੍ਹਾਂ 'ਚੋਂ ਇਕ-ਦੋ ਵਿਅਕਤੀਆਂ ਨੂੰ ਛੱਡ ਕੇ, ਜ਼ਿਆਦਾਤਰ ਨੇ ਪਹਿਲਾਂ ਚੋਰੀ-ਛਿਪੇ ਅਤੇ ਫਿਰ ਖੁੱਲ੍ਹਮ-ਖੁੱਲ੍ਹਾ ਜਨਤਾ ਨੂੰ ਆਪਣੇ ਪੱਖ 'ਚ ਵੋਟ ਕਰਨ ਜਾਂ ਸਮਰਥਨ ਦੇਣ ਲਈ ਪੈਸਿਆਂ ਦਾ ਲੈਣ-ਦੇਣ ਸ਼ੁਰੂ ਕਰ ਦਿੱਤਾ। ਪਿਛਲੇ ਕੁਝ ਸਾਲਾਂ 'ਚ ਇਹ ਆਪਣੇ ਸਿਖ਼ਰਾਂ 'ਤੇ ਪਹੁੰਚ ਗਿਆ ਹੈ।

ਇਹ ਸਿਲਸਿਲਾ ਉਦੋਂ ਤੱਕ ਨਹੀਂ ਰੁਕਣ ਵਾਲਾ, ਜਦੋਂ ਤੱਕ ਦੇਸ਼ਵਾਸੀ ਪੂਰੀ ਤਰ੍ਹਾਂ ਹਰ ਚੀਜ਼ ਦੇ ਮੁਫ਼ਤ 'ਚ ਮਿਲਣ ਦੀ ਆਸ ਲਗਾਈ ਕੰਮ ਕਰਨਾ ਹੀ ਭੁੱਲ ਜਾਣ ਅਤੇ ਇਕ ਨਿਠੱਲੀ ਪੀੜ੍ਹੀ ਉੱਭਰ ਕੇ ਆ ਜਾਵੇ। ਤੁਸੀ ਕਿਸਾਨ ਨੂੰ ਖਾਦ, ਬੀਜ, ਸਿੰਚਾਈ ਦੇ ਸਾਧਨਾਂ 'ਤੇ ਸਬਸਿਡੀ ਜਾਂ ਛੋਟ ਦਿਓ, ਪਰ ਉਸ ਦੇ ਖਾਤੇ 'ਚ ਮੁਫ਼ਤ ਦਾ ਪੈਸਾ ਪਾਉਣਾ ਘਾਤਕ ਹੀ ਨਹੀਂ, ਉਸ ਦੇ ਸਨਮਾਨ ਨੂੰ ਠੇਸ ਪਹੁੰਚਾਉਣਾ ਵੀ ਹੈ।

ਦੂਜਾ ਅਰਥ ਇਹ ਹੈ ਕਿ ਸਰਕਾਰ ਉਸ ਨੂੰ ਮਾਨਸਿਕ ਤੌਰ 'ਤੇ ਆਪਣਾ ਗ਼ੁਲਾਮ ਬਣਾਉਣ ਦੀਆਂ ਚਾਲਾਂ ਚੱਲ ਰਹੀ ਹੈ। ਹਰ ਔਰਤ ਨੂੰ ਬਿਨਾਂ ਜ਼ਰੂਰਤ ਜਾਂ ਮਿਹਨਤ ਕੀਤੇ ਹਰ ਮਹੀਨੇ ਪੈਸੇ ਫੜਾ ਦੇਣਾ ਨਾ ਸਿਰਫ਼ ਰਿਸ਼ਵਤ ਹੈ, ਸਗੋਂ ਉਸ ਦੇ ਆਤਮ-ਸਨਮਾਨ 'ਤੇ ਚੋਟ ਵੀ ਹੈ। ਇਸ ਦਾ ਮਤਲਬ ਇਹੀ ਹੈ ਉਸ ਨੂੰ ਸਿਆਸੀ ਦਲ ਗ਼ੁਲਾਮੀ ਦੀ ਸੋਚ ਦੇ ਦਾਇਰੇ 'ਚ ਲਿਆਉਣਾ ਚਾਹੁੰਦੇ ਹਨ। ਵਿਦਿਆਰਥੀਆਂ ਨੂੰ ਮੈਰਿਟ ਜਾਂ ਯੋਗਤਾ ਦੇ ਆਧਾਰ 'ਤੇ ਗ਼ਰੀਬੀ ਹੋਣ ਕਾਰਨ ਵਿੱਤੀ ਸਹਾਇਤਾ ਦੇਣਾ ਸਮਝ 'ਚ ਆ ਸਕਦਾ ਹੈ, ਪਰ ਹਰ ਕਿਸੇ ਨੂੰ ਕੇ.ਜੀ. ਤੋਂ ਪੀ.ਜੀ. ਤੱਕ ਇਕਦਮ ਮੁਫ਼ਤ ਸਿੱਖਿਆ ਦੇਣ ਦਾ ਮਤਲਬ ਉਸ ਨੂੰ ਧਨ ਦਾ ਮਹੱਤਵ ਹੀ ਨਹੀਂ ਸਮਝਣ ਦੇਣਾ ਹੋਵੇਗਾ। ਪੜ੍ਹੇ-ਲਿਖੇ ਹੋ ਕੇ ਜਦੋਂ ਕੋਈ ਨੌਕਰੀ ਜਾਂ ਕਾਰੋਬਾਰ ਕਰੇਗਾ ਤਾਂ ਚਾਹੇਗਾ ਕਿ ਮੁਫ਼ਤ 'ਚ ਮਿਲਣ ਵਾਲਾ ਪੈਸਾ ਮਿਲਦਾ ਰਹੇ, ਇਸ ਦੇ ਲਈ ਉਹ ਰਿਸ਼ਵਤ ਦੇਵੇਗਾ, ਸਰਕਾਰੀ ਕਰਮਚਾਰੀ ਇਸ ਲਈ ਪਹਿਲਾਂ ਹੀ ਬਦਨਾਮ ਹਨ, ਪ੍ਰਾਈਵੇਟ ਸੈਕਟਰ 'ਚ ਵੀ ਇਹੀ ਰੋਗ ਲੱਗ ਚੁੱਕਾ ਹੈ।



### ਆਰਥਿਕ ਅਤੇ ਸਮਾਜਿਕ ਬਦਹਾਲੀ ਦਾ ਦੌਰ


ਕੇਂਦਰ ਸਰਕਾਰ ਦੀ ਪਹਿਲ 'ਤੇ ਉਸ ਦੀ ਪਾਲਣਾ ਕਰਦੇ ਹੋਏ ਰਾਜ ਸਰਕਾਰਾਂ ਲੋਕਾਂ ਨੂੰ ਮੁਫ਼ਤ 'ਚ ਸਭ ਕੁਝ ਦੇਣ ਦੀ ਹੋੜ 'ਚ ਲੱਗੀਆਂ ਹਨ। ਵਿੱਤੀ ਘਾਟਾ ਅਤੇ ਕੇਂਦਰ ਤੋਂ ਉਧਾਰ ਲੈਣ ਦੀ ਮਜਬੂਰੀ ਹੈ। ਜੋ ਧਨ ਵਿਕਾਸ ਕਾਰਜਾਂ 'ਤੇ ਖ਼ਰਚ ਹੁੰਦਾ, ਸੜਕ, ਆਵਾਜਾਈ, ਸਕੂਲ, ਹਸਪਤਾਲ ਤੇ ਹੋਰ ਸੰਸਥਾਵਾਂ ਬਣਾਉਣ ਅਤੇ ਉਦਯੋਗਿਕ ਉਤਪਾਦਨ ਵਧਾਉਣ 'ਚ ਲਗਦਾ, ਉਹ ਮੁਫ਼ਤ ਦੀਆਂ ਸਕੀਮਾਂ 'ਤੇ ਲੱਗ ਰਿਹਾ ਹੈ। ਲੋਕਾਂ ਦੇ ਦਿੱਤੇ ਟੈਕਸ ਦੀ ਬਾਂਦਰਵੰਡ ਕਰਕੇ ਕਿਵੇਂ ਵੱਧ ਤੋਂ ਵੱਧ ਵੋਟਾਂ ਦੀ ਵਸੂਲੀ ਕੀਤੀ ਜਾਵੇ, ਇਸ ਨੀਤੀ 'ਤੇ ਜਦੋਂ ਯੋਜਨਾਵਾਂ ਬਣਨਗੀਆਂ ਤਾਂ ਵਿਕਾਸ ਦਰ ਦਾ ਘਟਣਾ ਤੈਅ ਹੈ। ਮੌਜੂਦਾ ਵਿੱਤੀ ਸਾਲ ਦੇ ਅੰਕੜਿਆਂ ਨਾਲ ਸਾਬਿਤ ਵੀ ਹੋ ਰਿਹਾ ਹੈ। ਮਹਿੰਗਾਈ ਦਾ ਵਧਣਾ ਅਤੇ ਗ਼ਰੀਬਾਂ ਤੇ ਅਮੀਰਾਂ ਵਿਚਾਲੇ ਫ਼ਾਸਲਾ ਵਧਣਾ ਇਸੇ ਦਾ ਸਿੱਟਾ ਹੈ।

ਮੱਧ ਵਰਗ ਜੋ ਅਸਲ 'ਚ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਉਸ 'ਤੇ ਟੈਕਸਾਂ ਦਾ ਬੋਝ ਵਧ ਰਿਹਾ ਹੈ, ਰੁਪਏ ਦੀ ਕੀਮਤ ਡਿਗਣ ਦਾ ਅਸਰ ਸਭ ਤੋਂ ਵੱਧ ਉਸੇ ਨੂੰ ਹੀ ਝੱਲਣਾ ਪੈਂਦਾ ਹੈ। ਇਹ ਵਰਗ ਅਜਿਹੀ ਗਾਂ-ਮੱਝ ਹੈ, ਜਿਸ ਨੂੰ ਕੋਈ ਵੀ ਹੱਕ ਸਕਦਾ ਹੈ ਅਤੇ ਦੁੱਧ ਚੋਅ ਸਕਦਾ ਹੈ। ਇਸ ਦੇ ਪੈਰ ਕਿਲ੍ਹੇ ਦੀ ਰੱਸੀ ਨਾਲ ਇਸ ਤਰ੍ਹਾਂ ਬੱਝੇ ਹਨ, ਜਿਵੇਂ ਕੋਈ ਨਿਰਦੋਸ਼ ਵਿਅਕਤੀ ਇੱਜ਼ਤ ਬਚਾਉਣ ਲਈ ਆਪਣੀ ਚਾਦਰ ਕਿਸੇ ਤਰ੍ਹਾਂ ਸਮੇਟਣ 'ਚ ਲੱਗਾ ਹੋਵੇ। ਉੱਚ ਵਰਗ ਨੂੰ ਬੇਅੰਤ ਸਹੂਲਤਾਂ ਦੇ ਕੇ ਅਤੇ ਹੇਠਲੇ ਵਰਗ ਨੂੰ ਮੁਫ਼ਤ ਦੀਆਂ ਆਦਤਾਂ ਪਾ ਕੇ ਦੋਵਾਂ ਨੂੰ ਆਪਣੇ ਝਾਂਸੇ 'ਚ ਰੱਖਣ ਦੇ ਵਿਰੋਧ 'ਚ ਕੋਈ ਆਪਣਾ ਮੂੰਹ ਨਹੀਂ ਖੋਲ੍ਹ ਪਾਉਂਦਾ। ਇਸ ਨਾਲ ਜੋ ਵਿਚਲਾ ਵਰਗ ਹੈ, ਉਸ ਨੂੰ ਪਿਸਦੇ ਰਹਿਣ ਦੀ ਸਹੂਲੀਅਤ ਮਿਲ ਜਾਂਦੀ ਹੈ, ਕਿਉਂਕਿ ਚੁੱਪ ਰਹਿ ਕੇ ਸਭ ਕੁਝ ਸਹਿਣਾ ਹੀ ਉਸ ਦੀ ਕਿਸਮਤ ਹੈ। ਆਮ ਆਦਮੀ ਵੀ ਚਾਹੁਣ ਲੱਗਾ ਹੈ ਕਿ ਬਿਨਾਂ ਕੰਮ ਕੀਤੇ ਪੈਸੇ ਮਿਲਦੇ ਰਹਿਣ, ਇਸ ਲਈ ਜੇਕਰ ਕਿਸੇ ਨਾਲ ਬੇਈਮਾਨੀ, ਧੋਖਾਧੜੀ ਜਾਂ ਬਲੈਕਮੇਲਿੰਗ ਵੀ ਕਰਨੀ ਪਏ ਤਾਂ ਕੋਈ ਹਰਜ ਨਹੀਂ ਹੈ। ਚਰਿੱਤਰ ਦੀ ਸੁੱਚਮਤਾ ਦਾ ਕੋਈ ਅਰਥ ਨਹੀਂ ਰਹਿ ਗਿਆ।

ਮੌਜੂਦਾ ਦੌਰ ਧੋਖੇਬਾਜ਼ੀ, ਵਿਸ਼ਵਾਸਘਾਤ ਅਤੇ ਭ੍ਰਿਸ਼ਟਾਚਾਰ ਦਾ ਹੈ। ਇਸ 'ਚ ਰਾਜਨੀਤਕ ਇਮਾਨਦਾਰੀ ਭਾਵ ਰਾਜ ਧਰਮ ਦੀ ਪਾਲਣਾ ਬੀਤੇ ਜ਼ਮਾਨੇ ਦੀ ਗੱਲ ਹੈ। ਜਿਸ ਤਰ੍ਹਾਂ ਦੀ ਭਾਸ਼ਾ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸੰਸਦ ਮੈਂਬਰ ਅਤੇ ਵਿਧਾਇਕ ਇਕ-ਦੂਜੇ ਲਈ ਇਸਤੇਮਾਲ ਕਰਦੇ ਹਨ, ਉਸ ਨੂੰ ਵੇਖ, ਸੁਣ ਕੇ ਇਹੀ ਲਗਦਾ ਹੈ ਕਿ ਸ਼ਾਇਦ ਭਵਿੱਖ 'ਚ ਇਹੀ ਲੋਕ ਅਜੋਕੀ ਨੌਜਵਾਨ ਪੀੜ੍ਹੀ ਲਈ ਆਦਰਸ਼ ਹੋਣਗੇ। ਉਦੋਂ ਦੀਆਂ ਸਥਿਤੀਆਂ ਦੀ ਕਲਪਨਾ ਕਰਨਾ ਮੁਸ਼ਕਿਲ ਨਹੀਂ ਹੈ, ਪਰ ਇਕ ਸੰਵੇਦਨਸ਼ੀਲ ਵਿਅਕਤੀ ਨੂੰ ਇਸ ਸਭ ਕੁਝ ਤੋਂ ਡਰ ਲੱਗਣਾ ਸੁਭਾਵਿਕ ਹੈ।

# • ਪੰਜਾਬੀ ਫ਼ਿਲਮ ਦਰਪਣ •

### "ਬਾਪੂ ਨੀਂ ਮੰਨਦਾ" ਅਸ਼ੋਕ ਪੁਰੀ ਨੂੰ ਰੋਲ ਦਿੰਦੇ ?



ਹੈ ਵੈਸੇ ਸ਼ੁੱਧ ਪੰਜਾਬੀ ਵਿੱਚ ਚਾਰ ਸੌ ਵੀਹ ਕਿ "ਬਾਪੂ ਨੀਂ ਮੰਨਦਾ" ਦੇ ਸ਼ੂਟ ਡਾਇਰੈਕਟਰ ਨੇ ਅਦਾਕਾਰ ਅਸ਼ੋਕ ਪੁਰੀ ਤੋ ਕਿਰਦਾਰ ਦੱਸ ਤਸਵੀਰਾਂ ਮੰਗਵਾ ਲਈਆਂ ਤੇ ਇਹਨਾਂ ਵਿੱਚ ਇੱਕ ਮੌਤ ਮਗਰੋਂ ਫੋਟੋ ਤੇ ਹਾਰ ਵਾਲੀ ਫੋਟੋ ਵੀ ਮੰਗਵਾਈ। ਹੈਰਾਨਗੀ ਜੀ ਕੀ ਫ਼ਿਰ ਅਸ਼ੋਕ ਪੁਰੀ ਨੂੰ ਕੋਈ ਸੱਦਾ ਪੱਤਰ ਸ਼ੂਟਿੰਗ ਲਈ ਨਹੀਂ ਆਇਆ ਤੇ ਹੁਣ ਜਦ ਪੁਰੀ ਦੇ ਮਿੱਤਰਾਂ ਨੇ ਇਹ ਫ਼ਿਲਮ ਦੇਖੀ ਤਾਂ ਹੈਰਾਨ ਕਿ ਅਸ਼ੋਕ ਪੁਰੀ ਦਾ ਫ਼ਿਲਮ ਵਿੱਚ ਰੋਲ ਨਹੀਂ ਬਸ ਓਹ ਮਰੇ ਹੋਏ ਸਕਸ਼ ਦੀ ਫ਼ੋਟੋ ਤੇ ਹਾਰ ਦਿਖਾ ਦਿੱਤੇ। ਮਤਲਬ ਆਪਣੇ ਬੁੱਤਾ ਸਾਰ ਲਿਆ ਤੇ ਪੁਰੀ ਸਾਬ ਹੁਣ ਕੋਰਟ ਕਚਹਿਰੀ ਫ਼ਿਲਮ ਵਾਲਿਆਂ ਨੂੰ ਲਿਜਾਣ ਤਾਂ ਇਸ ਵਿੱਚ ਬੁਰਾ ਕੀ।

### "ਕੈਰਮ ਬੋਰਡ" ਭਗਵੰਤ ਕੰਗ ਦਾ ਚੌਪਾਲ ਟੀਵੀ ਤੇ




ਜਗਤਾਰ ਸਿੰਘ ਬੈਨੀਪਾਲ, ਪ੍ਰਭਜੋਤ ਰੰਧਾਵਾ, ਸਾਹਿਲਵੀਰ, ਦਰਸ਼ਨ ਘਾਰੂ ਜਸਮੀਨ ਬਰਨਾਲਾ ਇਹ ਸਾਰੇ ਕਲਾਕਾਰ "ਕੈਰਮ ਬੋਰਡ" ਨਾਲ ਭਗਵੰਤ ਸਿੰਘ ਕੰਗ ਨਿਰਦੇਸ਼ਤ ਵੈੱਬ ਫ਼ਿਲਮ ਲਈ ਨਜ਼ਰ ਆ ਰਹੇ ਹਨ। ਇਹ ਫ਼ਿਲਮ "ਚੌਪਾਲ ਟੀਵੀ" ਤੇ ਆ ਰਹੀ ਹੈ ਤੇ ਇਸ ਦਾ ਨਿਰਮਾਣ ਜਸਬੀਰ ਰਿਸ਼ੀ ਤੇ ਸਤਿਆ ਸਿੰਘ ਨੇ ਕੀਤਾ ਹੈ ਤੇ ਲਾਈਨ ਨਿਰਮਾਤਾ ਪਰਮਜੀਤ ਸਿੰਘ ਨਾਗਰਾ ਹੈ। ਫਿਲਮੀ ਅੱਡਾ ਦੇ ਸਹਿਯੋਗ ਨਾਲ ਬਣੀ ਇਸ ਫ਼ਿਲਮ ਦੀ ਕਹਾਣੀ ਦਰਸ਼ਨ ਸਿੰਘ ਜੋਗਾ ਦੀ ਹੈ ਜਿਹੜੀ ਮਾਂ ਬਿਨ ਬੱਚੇ ਦੇ ਸੰਤਾਪ ਦੀ ਕਹਾਣੀ ਹੈ। ਦਰਸ਼ਕ "ਕੈਰਮ ਬੋਰਡ" ਨੂੰ ਪਸੰਦ ਕਰਨਗੇ ਤੇ ਇਸ ਦੇ ਵਿਊ ਨਾਗਰਾ ਸਾਬ ,ਰਿਸ਼ੀ ਜੀ, ਸਤਿਆ ਸਿੰਘ,ਭਗਵੰਤ ਸਿੰਘ ਕੰਗ ਤੇ ਦਰਸ਼ਨ ਸਿੰਘ ਜੋਗਾ ਨੂੰ ਅੱਗੇ ਵਧੀਆ ਹੋਰ ਕੰਮ ਕਰਨ ਜੋਗਾ ਕਰਨਗੇ ਲਿਖ ਕੇ ਲੈ ਲਓ।

### ਕਵਲਜੀਤ ਕੌਰ ਦੇ ਉਤਸ਼ਾਹ ਨਾਲ ਚਲ ਸੋ ਚਲ ਸ਼ਰਨਜੀਤ ਸਿੰਘ ਰਟੌਲ

ਸ਼ਰਨਜੀਤ ਸਿੰਘ ਰਟੌਲ ਸ਼ਾਇਰ ਵੀ ਨੇ ਤੇ ਅਦਾਕਾਰ ਨੰਬਰ ਇੱਕ ਹਨ। ਲਘੂ ਫਿਲਮਾਂ ਦੇ ਰਾਜਾ ਤੇ ਵੈੱਬ ਫ਼ਿਲਮਾਂ ਵਿੱਚ ਸ਼ਾਨਦਾਰ ਤੇ ਪੰਜਾਬੀ ਫ਼ਿਲਮਾਂ ਵਿੱਚ ਵੀ ਬੱਲੇ



ਬੱਲੇ ਹੈ। ਸ਼ਰਨਜੀਤ ਸਿੰਘ ਰਟੌਲ ਰੰਗਮੰਚ ਦੇ ਸ਼ਾਨਦਾਰ ਅਦਾਕਾਰ ਹਨ ਤੇ "ਗੈਂਗਸਟਰ ਵਰਸੁਜ ਰਾਜਨੀਤੀ" ਤੇ "ਦਿਲਾਂ ਦੇ ਸੌਦੇ" ਆ ਰਹੀਆਂ ਫ਼ਿਲਮਜ਼ ਹਨ। ਓਹ ਆਪਣੀ ਜੀਵਨ ਸਾਥਣ ਕਵਲਜੀਤ ਕੌਰ ਨੂੰ ਧੰਨਵਾਦ ਦਿੰਦੇ ਨੇ ਜਿਸ ਜ਼ਿੰਦਗੀ ਦੀ ਗੱਡੀ ਨੂੰ ਢਹਿੰਦੀ ਤੋਂ ਚੜ੍ਹਦੀ ਕਲਾ ਵੱਲ ਲਿਜਾਣ ਵਿੱਚ ਹਰ ਥਾਂ ਓਹਨਾਂ ਦਾ ਸਾਥ ਦਿੱਤਾ ਹੈ। ਸ਼ਰਨਜੀਤ ਸਿੰਘ ਰਟੌਲ ਦੇ ਸੋਸ਼ਿਲ ਮੀਡੀਆ ਤੇ ਵਿਚਾਰ ਕਮਾਲ ਹੁੰਦੇ ਨੇ ਜਿਵੇਂ ਖੋਟੇ ਸਿੱਕੇ ਚਲਦੇ ਦੇਖੇ, ਬੁੱਝੇ ਦੀਵੇ ਬਲਦੇ ਦੇਖੇ। ਸ਼ਰਨਜੀਤ ਸਿੰਘ ਰਟੌਲ ਜਿੰਨੇ ਪ੍ਰਤਿਭਾਵਾਨ ਨੇ ਓਹਨਾਂ ਦਾ ਨਾਮ ਹੋਰ ਹੋਣਾ ਚਾਹੀਦਾ ਹੈ ਪਾਲੀਵੁੱਡ ਵਾਲਿਓ।

### ਕਾਇਨਾਤ ਕੌਸਤਮਣੀ "ਗਾਉਂਦਾ ਪੰਜਾਬ" ਜੇ ਐਲ ਪੀ ਐਲ ਦੀ ਉੱਤਮ ਗੀਤਕਾਰ



ਕਾਇਨਾਤ ਕੌਸਤਮਣੀ ਨੌਜਵਾਨ ਪੀੜ੍ਹੀ ਦੀ ਨੌਜਵਾਨ ਉਹ ਲੜਕੀ ਹੈ ਜਿਹੜੀ ਅਰਥ ਭਰਪੂਰ ਤੇ ਦਿਲ ਨੂੰ ਟੁੰਬਦੇ ਗੀਤ ਲਿਖਦੀ ਹੈ। ਜੇ ਐਲ ਮਿਊਜ਼ਿਕ ਨੇ ਓਸ ਦੇ ਗੀਤਾਂ ਨੂੰ ਰਿਕਾਰਡ ਕਰ ਕਿ ਭਾਰਤੀ ਸਮੇਤ ਵੱਖ ਵੱਖ ਆਵਾਜ਼ਾਂ ਨਾਲ ਰੂ ਬ ਰੂ ਕੀਤਾ ਹੈ ਆਪਣੇ ਨਾਮ ਦੀ ਤਰਾਂ ਹੀ ਓਸ ਦੇ ਲਿਖੇ ਬੋਲ ਕਾਇਨਾਤ ਨੂੰ ਮਹਿਕਾਉਂਦੇ ਹਨ ਤੇ ਜਰਨੈਲ ਘੁਮਾਣ ਨੇ ਕੌਸਤਮਣੀ ਦੇ ਗੀਤ ਸੁਣ ਸਟੂਡੀਓ ਵਿੱਚ ਹੀ ਕਿਹਾ ਸੀ ਕਿ ਦੇਖਦੇ ਜਾਣਾ ਇੱਕ ਦਿਨ ਬਾਲੀਵੁੱਡ ਫ਼ਿਲਮਜ਼ ਲਈ ਇਹ ਨੌਜਵਾਨ ਗੀਤ ਲੇਖਿਕਾ ਗੀਤ ਲਿਖ ਭਾਰਤ ਦੀ ਸਟਾਰ ਗੀਤਕਾਰ ਬਣੇਗੀ। ਯੂਟਿਊਬ ਤੇ ਕਾਇਨਾਤ ਕੌਸਤਮਣੀ ਦਾ ਨਾਮ ਰੌਸ਼ਨ ਹੋਣਾ ਸ਼ੁਰੂ ਹੋ ਚੁੱਕਾ ਹੈ ਤੇ ਜਲਦੀ ਹੀ ਓਹ ਜਰਨੈਲ ਘੁਮਾਣ ਦੇ ਕਹੇ ਅਨੁਸਾਰ ਜਿਵੇਂ "ਗਾਉਂਦਾ ਪੰਜਾਬ" ਦੀ ਜੇਤੂ ਗੀਤਕਾਰ ਬਣੀ ਆ ਰਹੇ ਵਕਤ ਵਿੱਚ ਹਿੰਦੋਸਤਾਨ ਤੇ ਪੰਜਾਬ ਦੀ ਅੱਤੀ ਉੱਤਮ ਗੀਤਕਾਰ ਹੋਏਗੀ।

### ਅਵਿਨਾਸ਼ ਜੱਜ ਦੇ ਗੀਤ ਫ਼ਿਲਮੀ ਪੱਧਰ ਦੇ ਹਨ ਲਿਖ ਕੇ ਲੈ ਲਓ



ਅਵਿਨਾਸ਼ ਜੱਜ ਸਰਹੱਦੀ ਜ਼ਿਲੇ ਪਠਾਨਕੋਟ, ਗੁਰਦਾਸਪੁਰ ਵੱਲ ਦੇ ਨੇ ਤੇ ਗੀਤਕਾਰੀ ਓਹਨਾਂ ਦੀ ਗ਼ਜ਼ਬ ਦੀ ਹੈ। ਓਹਨਾਂ ਦੇ ਲਿਖੇ ਗੀਤ ਸੁਣਨ ਵਾਲੇ ਨੂੰ ਅਨੰਦਿਤ ਕਰਦੇ ਹਨ। ਸੁਮਨ ਭੱਟੀ ਦੀ ਆਵਾਜ਼ ਵਿੱਚ ਓਹ ਆਏ ਹਨ ਤੇ ਅਵਿਨਾਸ਼ ਦੇ ਲਿਖੇ ਗੀਤ ਹਰਜੀਤ ਹੁੰਦਲ ਦੀ ਆਵਾਜ਼ ਵਿੱਚ ਵੀ ਆਏ ਹਨ। ਪਾਕਸਤਾਨੀ ਕਲਾਕਾਰ ਵੀ ਅਵਿਨਾਸ਼ ਦੇ ਗੀਤ ਗਾ ਕਿ ਖੁਸ਼ੀ ਅਨੁਭਵ ਕਰ ਚੁੱਕੇ ਹਨ। ਅਵਿਨਾਸ਼ ਜੱਜ ਦੇ ਗੀਤ ਬਿਰਹਾ ਦੀ ਮਿਸਾਲ ਨੇ ਤੇ ਓਹਨਾਂ ਵਿੱਚ ਰੋਮਾਂਸ ਵੀ ਹੁੰਦਾ ਹੈ। ਵੱਡੇ ਵੱਡੇ ਦੇਬੀ ਮਖਸੂਸਪੁਰੀ ਤੇ ਪ੍ਰੀਤ ਹਰਪਾਲ ਜਿਹੇ ਕਲਾਕਾਰਾਂ ਨੂੰ ਸਰਹੱਦੀ ਜਿਲ੍ਹਿਆਂ ਵਿੱਚ ਸਨਮਾਨਿਤ ਕਰ ਪੰਜਾਬੀ ਵਿਰਸੇ ਦੇ ਰਾਖੇ ਵਜੋਂ ਵੀ ਜਾਣੇ ਜਾਂਦੇ ਨੇ ਜੱਜ ਤੇ ਜੇਕਰ ਓਹਨਾਂ ਦੇ ਗੀਤ ਫ਼ਿਲਮਜ਼ ਲਈ ਹੋਣ ਤਾਂ ਸੋਨੇ ਤੇ ਸੁਹਾਗਾ ਵਾਲੀ ਗੱਲ ਹੋਊ ਚਾਹੇ ਲਿਖ ਕੇ ਲੈ ਲਓ।


### ਅੰਮ੍ਰਿਤਾ ਐਮੀ ਕੁੜੀ ਟੌਪ ਮਾਡਲ ਤੇ ਲਾਜਵਾਬ ਅਭਿਨੇਤਰੀ "ਖੜਪੰਚ" ਵਾਲੀ



ਪਤਲੀ ਪਤੰਗ ਜੱਟੀ ਤੁਰਦੀ ਸੌ ਵੱਲ ਖਾਏ ਤੇ ਬਿਲਕੁਲ ਅੰਮ੍ਰਿਤਾ ਐਮੀ ਐਸੀ ਲੱਗਦੀ ਹੈ। ਇਸ ਵੇਲੇ ਓਸ ਦੀ ਸ਼ਲਾਘਾ ਵੈੱਬ ਸੀਰੀਜ਼ "ਖੜਪੰਚ" ਦੇਖ ਦਰਸ਼ਕ ਕਰ ਰਹੇ ਹਨ। ਅੰਮ੍ਰਿਤਾ ਦਾ ਕੰਮ ਬੋਲਦਾ ਹੈ ਤੇ ਰਮਨ ਪਨੂੰ ਦੇ ਵੀਡਿਓ ਐਲਬਮ ਗਾਣੇ ਨੇ ਓਸ ਨੂੰ ਟੌਪ ਮਾਡਲ ਬਣਾ ਪੇਸ਼ ਕੀਤਾ ਹੈ। ਅੰਮ੍ਰਿਤਾ ਐਮੀ ਦੇਖਣ ਨੂੰ ਅਤਿ ਆਧੁਨਿਕ ਲੱਗਦੀ ਹੈ ਪਰ ਕਿਰਦਾਰ ਦੇਖੋ ਤਾਂ ਓਹ ਸਧਾਰਨ ਪੇਂਡੂ ਲੱਗਦੀ ਹੈ। ਇਹੀ ਓਸ ਦੇ ਅਭਿਨੈ ਦੀ ਖੂਬੀ ਹੈ। ਅੰਮ੍ਰਿਤਾ ਐਮੀ ਦਾ ਟੀਚਾ ਲੰਬਾ ਹੈ, ਸਫ਼ਰ ਲੰਬਾ ਹੈ ਓਸ ਨੇ ਵੈੱਬ ਸੀਰੀਜ਼ ਦੀ ਟੌਪ ਐਕਟ੍ਰੈਸ ਦੇ ਬਾਅਦ ਪਾਲੀਵੁੱਡ ਨੂੰ ਵੀ ਅਪਣਾਈ ਰੱਖਣਾ ਹੈ। ਓਸ ਕੋਲ ਗਲੈਮਰ ਤੇ ਐਕਟਿੰਗ ਹੈ। ਰੈਬੀ ਟਿਵਾਣਾ ਜਿਹੇ ਨਿਰਦੇਸ਼ਕ ਅੰਮ੍ਰਿਤਾ ਐਮੀ ਦੇ ਅਭਿਨੈ ਲੈਵਲ ਨੂੰ ਪਹਿਚਾਣਦੇ ਨੇ ਤੇ ਓਹ ਆਖਦੇ ਨੇ ਕਿ ਐਮੇ ਇੱਕ ਦਿਨ ਮੰਜ਼ਿਲਾਂ ਨੂੰ ਸਰ ਕਰ ਲਏਗੀ।

-ਅੰਮ੍ਰਿਤ ਪਵਾਰ

## ਪਾਕਿ ਸਰਕਾਰ ਮੰਦਰਾਂ ਦਾ ਨਵੀਨੀਕਰਨ ਕਰੇਗੀ, ਖਰਚੇਗੀ ਅਰਬਾਂ ਰੁਪਏ



ਲਾਹੌਰ-ਪਾਕਿਸਤਾਨ ਸਰਕਾਰ ਨੇ ਦੇਸ਼ ਵਿੱਚ ਮੰਦਰਾਂ ਅਤੇ ਗੁਰਦੁਆਰਿਆਂ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਲਈ 1 ਅਰਬ ਪਾਕਿਸਤਾਨੀ ਰੁਪਏ ਦੀ ਲਾਗਤ ਨਾਲ ਇੱਕ 'ਮਾਸਟਰ ਪਲਾਨ' ਤਿਆਰ ਕੀਤਾ ਹੈ। ਇਹ ਫੈਸਲਾ ਸ਼ਨੀਵਾਰ ਨੂੰ ਇੱਥੇ 'ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ' ਦੇ ਮੁਖੀ ਸਈਦ ਅਤੌਰ ਰਹਿਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ। ਰਹਿਮਾਨ ਨੇ ਕਿਹਾ, "ਮਾਸਟਰ ਪਲਾਨ ਦੇ ਤਹਿਤ, ਮੰਦਰਾਂ ਅਤੇ ਗੁਰਦੁਆਰਿਆਂ ਦਾ ਨਵੀਨੀਕਰਨ ਅਤੇ ਸੁੰਦਰੀਕਰਨ ਕੀਤਾ ਜਾਵੇਗਾ ਅਤੇ 1 ਅਰਬ ਪਾਕਿਸਤਾਨੀ ਰੁਪਏ ਦੇ ਬਜਟ ਨਾਲ ਵਿਕਾਸ ਕਾਰਜ ਕੀਤੇ ਜਾਣਗੇ।" ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਦੇ ਪੂਜਾ ਸਥਾਨਾਂ ਦੀ ਦੇਖਭਾਲ 'ਤੇ ਬਹੁਤ ਸਾਰਾ ਪੈਸਾ ਖਰਚ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ, "ਅਜਿਹੀਆਂ ਜ਼ਮੀਨਾਂ, ਜਿਨ੍ਹਾਂ ਦੀ ਵਰਤੋਂ ਲੰਬੇ ਸਮੇਂ ਤੋਂ ਨਹੀਂ ਕੀਤੀ ਗਈ, ਨੂੰ ਵਿਕਾਸ ਲਈ ਦੇਣ ਨਾਲ ਵਿਭਾਗ ਦਾ ਮਾਲੀਆ ਕਈ ਗੁਣਾ ਵਧੇਗਾ।" ਮੀਟਿੰਗ ਵਿੱਚ ਵੱਖ-ਵੱਖ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਵਿਕਾਸ ਅਤੇ ਨਵੀਨੀਕਰਨ ਦੇ ਕੰਮਾਂ ਅਤੇ 'ਪ੍ਰੋਜੈਕਟ ਮੈਨੇਜਮੈਂਟ ਯੂਨਿਟ ਕਰਤਾਰਪੁਰ ਕੋਰੀਡੋਰ' ਵਿੱਚ ਸੰਚਾਲਨ ਕਾਰਜਾਂ ਲਈ ਇੱਕ ਪ੍ਰੋਜੈਕਟ ਡਾਇਰੈਕਟਰ ਨਿਯੁਕਤ ਕਰਨ ਦਾ ਵੀ ਫੈਸਲਾ ਕੀਤਾ ਗਿਆ।

# ਕਾਦਰ ਦੀ ਕੁਦਰਤ ਨੂੰ ਪਿਆਰ ਕਰਨ ਵਾਲਾ ਅਜ਼ੀਮ ਸ਼ਾਇਰ ਸੀ ਰਾਜਿੰਦਰ ਪਰਦੇਸੀ

**ਬਰਸੀ 'ਤੇ ਵਿਸ਼ੇਸ਼**

ਜਗਦੀਸ਼ ਰਾਣਾ
+91 7986207849


ਰਾਜਿੰਦਰ ਪਰਦੇਸੀ ਨੇ ਤਾਉਮਰ ਕਰੜੀ ਸ਼ਬਦ ਸਾਧਨਾ ਤੇ ਇਕਾਗਰਤਾ ਨਾਲ਼ ਗ਼ਜ਼ਲਾਂ, ਗੀਤਾਂ ਕਵਿਤਾਵਾਂ ਦੀ ਸਿਰਜਣਾ ਕੀਤੀ। ਉਸ ਦੀ ਸ਼ਿਆਰਕਾਰੀ ਵਿੱਚ ਜ਼ਿੰਦਗੀ ਧੜਕਦੀ ਹੈ। ਬਸਰੇ ਦੀ ਹੂਰ ਦੇ ਨੂਰ ਵਰਗਾ ਉਸ ਦੀ ਗ਼ਜ਼ਲਕਾਰੀ ਦਾ ਨੂਰ ਹੈ। ਜੀਵਨ ਭਰ ਉਸ ਨੂੰ ਜਿਹੜੇ ਵੀ ਕੌੜੇ ਮਿੱਠੇ ਅਨੁਭਵ ਹੋਏ,ਉਹੀ ਉਸ ਦੀ ਗ਼ਜ਼ਲਕਾਰੀ ਹੁੰਦੇ ਗਏ। ਲੋਕ ਪੀੜਾ ਨੂੰ ਵੀ ਉਸ ਨੇ ਆਪਣਾ ਕਰਕੇ ਜਾਣਿਆ ਅਤੇ ਲੋਕ ਮਸਲਿਆਂ ਨੂੰ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਇਆ। ਉਸ ਦੀ ਸ਼ਿਅਰਕਾਰੀ ਨਿਰੀ ਪੁਰੀ ਮਨ ਪ੍ਰਚਾਵੇ ਦਾ ਸਾਧਨ ਨਾ ਹੋ ਕੇ ਜ਼ਿੰਦਗੀ ਦੇ,ਮਾਨਵਤਾ ਦੇ ਅਹਿਮ ਪਹਿਲੂਆਂ ਤੇ ਗੱਲ ਕਰਦੀ ਹੈ। ਉਸ ਦੇ ਸ਼ਿਅਰਾਂ ਵਿੱਚ ਸਤਵਰਗ ਦੇ ਫੁੱਲਾਂ ਵਰਗੀ ਮਹਿਕ ਹੈ। ਉਸ ਦੀ ਸਖ਼ਸ਼ੀਅਤ ਦਾ ਪ੍ਰਭਾਵ ਅਜਿਹਾ ਕਿ ਹਰ ਕੋਈ ਉਸ ਦੀ ਸਾਫ਼ਗੋਈ ਅਤੇ ਅਪਣੱਤ ਦਾ ਕਾਇਲ ਹੋ ਜਾਂਦਾ। ਇਨਸਾਨੀ ਜਜ਼ਬਿਆਂ ਨੂੰ ਅਤੇ ਲੂੰ-ਲੂੰ ਵਿਚ ਵਿਆਪਣ ਵਾਲ਼ੀ ਤੀਖਣਤਾ ਨੂੰ ਸ਼ਿਅਰਾਂ ਵਿੱਚ ਉਘਾੜਣ ਦਾ ਉਸ ਦਾ ਆਪਣਾ ਹੀ ਇੱਕ ਅਲੱਗ ਢੰਗ ਸੀ। ਉਸ ਦੀ ਸਮੁੱਚੀ ਸ਼ਾਇਰੀ ਦਾ ਵਿਸ਼ੋਚਨ ਕਰਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਉਸ ਦੇ ਅੰਦਰ ਮਨੁੱਖਤਾ ਲਈ ਡਾਢਾ ਮੋਹ ਸੀ ਤੇ ਸਮਾਜ ਵਿਚ ਦਿਨੋਂ ਦਿਨ ਘਟ ਰਹੀ ਅਪੱਣਤ, ਖ਼ਤਮ ਹੋ ਰਹੀਆਂ ਦਿਲੀ ਸਾਂਝਾਂ, ਬੇਭਰੋਸਗੀ, ਮਜ਼ਬੀ ਨਫ਼ਰਤਾਂ,ਪੜ੍ਹ ਲਿਖ ਕੇ ਵੀ ਰੁਜ਼ਗਾਰ ਲਈ ਥਾਂ ਥਾਂ ਭਟਕਦੀ ਨਸ਼ਿਆਂ ਵਿਚ ਗ਼ਲਤਾਨ ਹੋ ਰਹੀ ਨੌਜੁਆਨੀ, ਫ਼ਸਲਾਂ ਦੇ ਵਾਜਿਬ ਮੁੱਲ ਲਈ ਧਰਨਾ ਲਾਉਂਦੇ ਕਿਸਾਨ, ਸ਼ਾਹਾਂ ਦੇ ਕਰਜ਼ੇ ਦਾ ਬੋਝ ਨਾ ਸਹਾਰਦੇ ਸਲਫ਼ਾਸ ਨਿਗਲਣ ਲਈ ਮਜਬੂਰ ਲੋਕ, ਕੁਰਾਹੇ ਪਈ ਮੁਲਕ ਦੀ ਸਿਆਸਤ ਤੇ ਆਏ ਦਿਨ ਬਦ ਤੋਂ ਬਦਤਰ ਹੋ ਰਹੇ ਹਾਲਾਤ ਉਸ ਦੇ ਸ਼ਾਇਰ ਮਨ ਨੂੰ ਬੁਰੀ ਤਰ੍ਹਾਂ ਝਿੰਜੋੜਦੇ ਰਹੇ।

ਅਜਿਹੀਆਂ ਬਣ ਰਹੀਆਂ ਪ੍ਰਸਥਿਤੀਆਂ ਲਈ ਚਿੰਤਾਤੁਰ ਰਾਜਿੰਦਰ ਪਰਦੇਸੀ ਫ਼ਿਕਰਮੰਦ ਵੀ ਰਹਿੰਦਾ ਤੇ ਆਪਣੀ ਗ਼ਜ਼ਲਕਾਰੀ ਰਾਹੀਂ ਅਜੇਹੇ ਹਾਲਾਤ ਨੂੰ ਬਖ਼ੂਬੀ ਉਘਾੜਦਾ ਵੀ। ਉਮਰ ਭਰ ਸੰਘਰਸ਼ਸ਼ੀਲ ਰਿਹਾ ਹੋਣ ਕਾਰਨ ਉਹ ਸਾਰਿਆਂ ਨੂੰ ਕਿਸੇ ਦੈਵੀ ਸ਼ਕਤੀ ਦੇ ਭਰੋਸੇ ਨਾ ਬੈਠ ਕੇ ਅਪਣਾ ਆਉਣ ਵਾਲਾ ਕੱਲ੍ਹ ਸੰਵਾਰਨ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਦਾ ਰਿਹਾ। ਰਾਜਿੰਦਰ ਪਰਦੇਸੀ ਨੇ ਨਵੇਂ ਨਕੋਰ ਬਿੰਬ ਵਰਤੇ, ਨਵੀਆਂ ਨਵੀਆਂ ਰਦੀਫ਼ਾਂ ਲਿਖ ਕੇ ਸਮੇਂ ਦੇ ਵੱਡੇ ਸ਼ਾਇਰਾਂ ਨੂੰ ਵੀ ਖ਼ੂਬ ਪ੍ਰਭਾਵਿਤ ਕੀਤਾ। ਉਸ ਨੂੰ ਨਵੀਆਂ ਰਦੀਫ਼ਾਂ ਦਾ ਸਿਰਜਕ ਵੀ ਕਿਹਾ ਗਿਆ।

ਅਪਣੇ ਪੰਜ ਦਹਾਕਿਆਂ ਦੇ ਸਾਹਤਿਕ ਸਫ਼ਰ ਦੌਰਾਨ ਰਾਜਿੰਦਰ ਪਰਦੇਸੀ ਨੇ ਗੀਤ ਲਿਖੇ, ਕਵਿਤਾਵਾਂ ਲਿਖੀਆਂ, ਗ਼ਜ਼ਲਾਂ ਵਿਚ ਤਾਂ ਉਸਦੀ ਬਾਦਸ਼ਾਹਤ ਰਹੀ। ਸਫ਼ਰਨਾਮੇ ਲਿਖੇ। ਪੰਜਾਬੀ ਦੇ ਨਾਲ਼ ਨਾਲ਼ ਉਹ ਹਿੰਦੀ ਅਤੇ ਉਰਦੂ ਦਾ ਵੀ ਪ੍ਰਮਾਣਿਤ ਸ਼ਾਇਰ ਸੀ। ਜਿੱਥੇ ਉਸ ਨੇ ਨੌਜਵਾਨ ਦਿਲਾਂ ਦੀ ਤਰਜ਼ਮਾਨੀ ਕਰਦੇ ਮੁਹੱਬਤੀ ਰੰਗ ਦੇ ਵਸਲ ਵਿਛੋੜੇ ਦੇ ਖ਼ੂਬਸੂਰਤ ਸ਼ਿਅਰ ਰਚੇ ਓਥੇ ਹੀ ਉਹ ਆਪਣੀਆਂ ਗ਼ਜ਼ਲਾਂ ਰਾਹੀਂ ਕੁੱਲੀਆਂ ਢਾਰਿਆਂ 'ਚ ਰਹਿਣ ਵਾਲ਼ੇ ਸਿੱਧੇ ਸਾਧੇ ਮਾਸੂਮ ਪਰ ਬੇਬਸ ਲੋਕਾਂ ਦੀ ਆਵਾਜ਼ ਵੀ ਨਿੱਠ ਕੇ ਬੁਲੰਦ ਕਰਦਾ ਰਿਹਾ ਹੈ। ਰਾਜਿੰਦਰ ਪਰਦੇਸੀ ਕਾਦਰ ਦੀ ਕੁਦਰਤ ਨੂੰ ਪਿਆਰ ਕਰਨ ਵਾਲਾ ਅਜ਼ੀਮ ਸ਼ਾਇਰ ਸੀ। ਅੰਦਰੋਂ ਬਾਹਰੋਂ ਜਮਾਂ ਇੱਕੋ ਜਿਹਾ। ਉਹ ਅੱਜ ਦੇ ਬਹੁਤੇ ਮਨੁੱਖਾਂ/ਸ਼ਾਇਰਾਂ ਵਾਂਗ ਅਲਗ ਅਲਗ ਸਮੇਂ ਅਲੱਗ ਅਲੱਗ ਮੁਖੌਟੇ ਪਹਿਨ ਕੇ ਘੁੰਮਣ ਵਾਲ਼ਾ ਨਹੀਂ ਸੀ ਸਗੋਂ ਢਿੱਡੋਂ ਤੇ ਮੂੰਹੋਂ ਇਕ ਸੀ। ਭਾਵੇਂ ਕਿਸੇ ਨੂੰ ਗੱਲ ਚੰਗੀ ਨਾ ਵੀ ਲੱਗੇ ਪਰ ਉਹ ਹਮੇਸ਼ਾਂ ਸੱਚ ਬੋਲਣ ਦਾ ਆਦੀ ਸੀ।

ਉਹ ਆਪਣੀਆਂ ਗ਼ਜ਼ਲਾਂ ਰਾਹੀਂ ਮਨੁੱਖ ਨੂੰ ਸੁਚੇਤ ਕਰਦਾ ਸੀ ਕਿ ਕਿਵੇਂ ਮੌਕੇ ਦੇ ਹਾਕਮ ਮਜ਼ਦੂਰ ਤੇ ਕਿਰਤੀ ਲੋਕਾਂ ਦੀ ਮਿਹਨਤ ਤੇ ਡਾਕਾ ਮਾਰ ਰਹੇ ਹਨ ਕਿਵੇਂ ਵੇਹਲੜ ਬਾਬੇ ਗਲ਼ੀ ਗਲ਼ੀ ਤੁਰੇ ਫਿਰਦੇ ਤੇ ਮਨੁੱਖਤਾ ਨੂੰ ਗੁੰਮਰਾਹ ਕਰ ਕੇ ਅਪਣਾ ਉੱਲੂ ਸਿੱਧਾ ਕਰ ਰਹੇ ਹਨ। ਉਹ ਆਪਣੇ ਸ਼ਿਅਰਾਂ ਰਾਹੀਂ ਅਪਣੀ ਤਕਦੀਰ ਆਪ ਬਣਾਉਣ ਦਾ ਹੋਕਾ ਦਿੰਦਾ ਆਖਦਾ ਸੀ ਕਿ ਜ਼ਿੰਦਗੀ ਦੇ ਨੇਰ੍ਹਿਆਂ ਨੂੰ ਮਿਹਨਤ ਦੀ ਸੁਰਖ਼ ਬੁੱਕਲ ਮਾਰ ਕੇ ਹਮੇਸ਼ਾਂ ਲਈ ਕੈਦ ਕਰ ਲਵੋ।ਲਿਤਾੜੀ ਜਾ ਰਹੀ ਨਿਮਾਣੀ ਧਿਰ ਨੂੰ ਹੌਸਲਾ ਦਿੰਦਾ ਸੀ ਕਿ ਜੇ ਵਕਤ ਦੇ ਬਾਜ਼ਾਂ ਤੋਂ ਬਚਣਾ ਹੈ ਤਾਂ ਚੁੰਝਾਂ ਤੇ ਲੋਹਾ ਚਾੜ੍ਹ ਲਵੋ। ਪਰਦੇਸੀ ਭਲੀ ਭਾਂਤ ਜਾਣੂੰ ਸੀ ਕਿ ਰੁੱਤਾਂ ਬਦਲਦੀਆਂ ਹਨ ਤਾਂ ਹਵਾ ਵੀ ਬਦਲ ਜਾਂਦੀ ਹੈ। ਪਰ ਗੱਲ ਗੱਲ ਤੇ ਬਦਲਦੇ ਲੋਕ ਉਸ ਨੂੰ ਭੋਰਾ ਨਾ ਭਾਉਂਦੇ। ਯਾਰਾਂ ਨੂੰ ਭਰਾਵਾਂ ਵਰਗਾ ਕਹਿਣ ਵਾਲ਼ੇ ਰਾਜਿੰਦਰ ਪਰਦੇਸੀ ਨੇ ਪੈਸੇ ਨੂੰ ਕਦੀ ਬਹੁਤੀ ਤਰਜੀਹ ਨਾ ਦਿੱਤੀ। ਮਾੜੇ ਆਰਥਿਕ ਹਾਲਾਤ ਵਿੱਚ ਵੀ ਉਹ ਨਾ ਕਦੇ ਡੋਲਿਆ ਨਾ ਘਬਰਾਇਆ ਸਗੋਂ ਜ਼ਿੰਦਗੀ ਨੂੰ ਹੋਰ ਤਕੜਾ ਹੋ ਕੇ ਟੱਕਰਦਾ ਰਿਹਾ। ਕੁਦਰਤ ਨੇ ਕਲਾ ਦੇ ਖਜ਼ਾਨੇ ਨਾਲ਼ ਮਾਲਾਮਾਲ ਕੀਤਾ ਸੀ ਤੇ ਉਹ ਉਮਰ ਭਰ ਕਲਾ, ਕਲਾ ਲਈ ਦੇ ਸਿਧਾਂਤ ਦਾ ਸਮਰਥਕ ਰਿਹਾ।

ਰਾਜਿੰਦਰ ਪਰਦੇਸੀ ਦਾ ਜਨਮ ਬਸਤੀ ਗੋਬਿੰਦਗੜ੍ਹ ਮੋਗਾ ਵਿਖੇ ਪਿਤਾ ਸ.ਤਰਲੋਕ ਸਿੰਘ ਅਤੇ ਮਾਤਾ ਸ਼੍ਰੀਮਤੀ ਇਕਬਾਲ ਕੌਰ ਦੇ ਘਰ 10 ਅਕਤੂਬਰ 1952 ਨੂੰ ਹੋਇਆ, ਘਰਦਿਆਂ ਨੇ ਨਾਮ ਰੱਖਿਆ ਰਾਜਿੰਦਰ ਸਿੰਘ ਅੱਗੋਂ ਚੱਲ ਕੇ ਉਸਨੇ ਆਪਣਾ ਸਾਹਤਿਕ ਨਾਮ ਰਾਜਿੰਦਰ ਪਰਦੇਸੀ ਕਰ ਲਿਆ, ਪਰ ਉਸ ਦੀ ਮਾਂ ਉਸਨੂੰ ਪਿਆਰ ਨਾਲ ਬਿੱਲੂ ਕਹਿ ਕੇ ਹੀ ਬੁਲਾਉਂਦੀ ਸੀ। ਘਰ ਦੇ ਆਰਥਿਕ ਹਾਲਾਤ ਭਾਵੇਂ ਬਹੁਤੇ ਵਧੀਆ ਨਹੀ ਸਨ ਪਰ ਹਰ ਤਰ੍ਹਾਂ ਦੇ ਹਾਲਾਤ ਨਾਲ਼ ਲੜਨ ਦੀ ਗੁੜ੍ਹਤੀ ਉਸ ਨੂੰ ਬਚਪਨ ਚ ਹੀ ਮਿਲ਼ ਗਈ ।ਚੜ੍ਹਦੀ ਉਮਰੇ ਹੀ ਥੋੜ੍ਹਾ ਬਹੁਤਾ ਲਿਖਣ ਲੱਗਾ ਤਾਂ ਕਈ ਪਰਚਿਆਂ ਵਿੱਚ ਰਚਨਾਵਾਂ ਵੀ ਛਪਣ ਲੱਗੀਆਂ।ਫਿਰ ਹੋਰਨਾਂ ਨੂੰ ਪੜ੍ਹਦਿਆਂ ਸੁਣਦਿਆਂ ਦਿਲ ਵਿੱਚ ਗ਼ਜ਼ਲ ਲਿਖਣ ਦੀ



ਪ੍ਰਬਲ ਇੱਛਾ ਜਾਗੀ ਤਾਂ ਵੇਲ਼ੇ ਦੇ ਉਸਤਾਦ ਸ਼ਾਇਰ ਜਨਾਬ ਪ੍ਰਿੰਸੀਪਲ ਤਖ਼ਤ ਸਿੰਘ ਦੇ ਜਗਰਾਵਾਂ ਵਿਖੇ ਘਰ ਜਾ ਪਹੁੰਚਾ। ਉਸਤਾਦ ਨੇ ਜਦ ਰਾਜਿੰਦਰ ਪਰਦੇਸੀ ਤੋਂ ਕੁਝ ਗ਼ਜ਼ਲਾਂ/ਰਚਨਾਵਾਂ ਸੁਣੀਆਂ ਤਾਂ ਕਿਹਾ ਕਿ ਆਹ ਜਿਹੜੀ ਤੂੰ ਰਚਨਾਵਾਂ ਦੀ ਪੰਡ ਬੰਨ੍ਹ ਕੇ ਲਿਆਇਆ ਏਂ ਇਹ ਸਭ ਪਾੜ ਦੇ। ਪਰਦੇਸੀ ਆਪਣੇ ਨਾਲ਼ ਕਈ ਅਖ਼ਬਾਰਾਂ ਮੈਗਜ਼ੀਨ ਵੀ ਨਾਲ਼ ਲੈ ਕੇ ਗਿਆ ਸੀ, ਜਿਹਨਾਂ ਵਿਚ ਉਸਦੀਆਂ ਲਿਖਤਾਂ ਛਪੀਆਂ ਸਨ। ਉਸਤਾਦ ਦੀ ਗੱਲ ਸੁਣ ਕੇ ਪਰਦੇਸੀ ਨੂੰ ਕੁਝ ਸਮਝ ਨਾ ਆਏ ਕਿ ਕੀ ਕਰੇ, ਉਸਤਾਦ ਤਖ਼ਤ ਸਿੰਘ ਫੇਰ ਬੋਲੇ, "ਕਾਕਾ ਤੇਰੇ ਵਿੱਚ ਭਾਵੁਕਤਾ ਜ਼ਿਆਦਾ ਹੈ, ਸ਼ਬਦ ਵੀ ਹਨ, ਕਹਿਣ ਦਾ ਅੰਦਾਜ਼ ਅਤੇ ਸਿੰਬਲ ਵੀ ਹੈ ਤੂੰ ਵਧੀਆ ਗ਼ਜ਼ਲਗੋ ਬਣ ਸਕਦੈਂ ਪਹਿਲਾਂ ਬਹਿਰ ਵਜ਼ਨ ਸਿੱਖ ਲੈ।"

ਉਸਤਾਦ ਪ੍ਰਿੰਸੀਪਲ ਤਖ਼ਤ ਸਿੰਘ ਦੀ ਸਖ਼ਤ ਮਿਹਨਤ ਅਤੇ ਸਮਝਾਉਣ ਦਾ ਰਾਜਿੰਦਰ ਪਰਦੇਸੀ ਤੇ ਅਜਿਹਾ ਅਸਰ ਹੋਇਆ ਕਿ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਪੰਜਾਬੀ ਦੇ ਉਂਗਲਾਂ ਤੇ ਗਿਣੇ ਜਾਣ ਵਾਲੇ ਉਸਤਾਦ ਸ਼ਾਇਰਾਂ ਵਿੱਚ ਰਾਜਿੰਦਰ ਪਰਦੇਸੀ ਦਾ ਨਾਮ ਬੜੇ ਆਦਰ ਤੇ ਸਤਿਕਾਰ ਨਾਲ਼ ਲਿਆ ਜਾਂਦਾ ਹੈ।20 ਸਤੰਬਰ 1973 ਨੂੰ ਆਲ ਇੰਡੀਆ ਰੇਡੀਓ ਜਲੰਧਰ ਤੇ ਪਹਿਲੀ ਵਾਰ ਰਚਨਾ ਪੜ੍ਹਨ ਵਾਲਾ ਰਾਜਿੰਦਰ ਪਰਦੇਸੀ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਮਾਨਤਾ ਪ੍ਰਾਪਤ ਸ਼ਾਇਰ ਸੀ। ਉਸ ਦੀਆਂ ਗ਼ਜ਼ਲਾਂ ਵਿੱਚ ਜੇਕਰ ਕੱਤੇ ਦੀ ਚਾਨਣੀ ਵਰਗਾ ਨਿੱਘ ਸੀ ਤਾਂ ਉਸ ਦੇ ਗੀਤਾਂ ਵਿੱਚ ਬਹਾਰ ਨੱਚਦੀ ਸੀ। ਕੁਦਰਤ ਪ੍ਰੇਮੀ ਸ਼ਾਇਰ ਰਾਜਿੰਦਰ ਪਰਦੇਸੀ ਨੂੰ ਜਿਵੇਂ ਅੰਬਰੀਂ ਉੱਡਦੇ ਪੰਛੀਆਂ, ਵਹਿੰਦੇ ਦਰਿਆਵਾਂ, ਸ਼ੂਕਦੀ ਪੌਣ ਅਤੇ ਮਸਤੀ ਚ ਪਹਾੜਾਂ ਤੇ ਵੱਜਦੀ ਵਰਦੀ ਬਦਲੋਟੀ ਦੀ ਜ਼ੁਬਾਨ ਆਉਂਦੀ ਹੋਵੇ ਤਾਂ ਹੀ ਤਾਂ ਉਸ ਨੇ ਉਹਨਾਂ ਵਿਸ਼ਿਆਂ ਤੇ ਰਦੀਫ਼ ਰੱਖ ਕੇ ਵੀ ਪ੍ਰਭਾਵਸ਼ੀਲ ਗ਼ਜ਼ਲਾਂ ਕਹੀਆਂ ਜਿਹੜਾ ਕੋਈ ਹੋਰ ਸ਼ਾਇਰ ਕਹਿਣ ਬਾਰੇ ਸੋਚ ਵੀ ਨਹੀਂ ਸਕਦਾ।

ਰਾਜਿੰਦਰ ਪਰਦੇਸੀ ਦੀ ਜੀਵਨ ਸਾਥਣ ਸ਼੍ਰੀਮਤੀ ਸੁਖਵਿੰਦਰ ਕੌਰ ਬੇਹੱਦ ਸਾਊ ਸੁਭਾਅ ਵਾਲ਼ੀ ਹੈ। ਇਕ ਬੇਟਾ ਤਜਿੰਦਰ ਮਨਚੰਦਾ ਜਿਹੜਾ ਅੱਜ ਪੰਜਾਬ ਦਾ ਨਾਮਵਰ ਕਾਰਟੂਨਿਸਟ ਹੈ ਅਤੇ ਫਰਾਂਸ ਵਿਖੇ ਰਹਿੰਦਾ ਹੈ। ਦੋ ਬੇਟੀਆਂ ਰਚਨਜੀਤ ਕੌਰ ਅਤੇ ਭਵਜੋਤ ਕੌਰ ਹਨ।

ਰਾਜਿੰਦਰ ਪਰਦੇਸੀ 1974 ਵਿੱਚ ਪੀ ਡਬਲਿਊ ਡੀ ਮਹਿਕਮੇ ਵਿੱਚ ਬਤੌਰ ਡਰਾਈਵਰ ਭਰਤੀ ਹੋਇਆ ਸੀ।36 ਸਾਲਾਂ ਦੀ ਨੌਕਰੀ ਕਰਨ ਮਗਰੋਂ ਉਹ 2010 ਵਿੱਚ ਸੇਵਾ ਮੁਕਤ ਹੋ ਗਿਆ। ਨੌਕਰੀ ਦੌਰਾਨ ਉਸ ਨੂੰ ਮੋਗਾ ਛੱਡ ਕੇ ਜਲੰਧਰ ਆਉਣਾ ਪਿਆ ਤਾਂ ਰਾਮਾ ਮੰਡੀ ਜਲੰਧਰ ਵਿਖੇ ਪੱਕਾ ਹੀ ਰੈਣ ਬਸੇਰਾ ਕਰ ਲਿਆ।

ਪੰਜਾਬ ਦੇ ਨਾਮਵਰ ਗਾਇਕ ਕਲਾਕਾਰਾਂ ਸਾਬਰ ਕੋਟੀ, ਰਤਨਿਕਾ ਤਿਵਾੜੀ, ਰੰਜਨਾ, ਗੁਰਦੀਪ, ਮੁਹੰਮਦ ਅਨਵਰ, ਸੁਧੀਰ ਕੌਸ਼ਲ, ਦੀਪਕ, ਤਜਿੰਦਰ ਸਿੰਘ, ਸਰਬਜੀਤ ਕੌਰ, ਕਮਲ ਰਾਣੀ, ਜਸਵਾਲ ਅਤੇ ਸੁਰਧਨੀ ਨੇ ਰਾਜਿੰਦਰ ਪਰਦੇਸੀ ਦੇ ਲਿਖੇ ਗੀਤ ਗ਼ਜ਼ਲਾਂ ਗਾਏ ਹਨ। ਗਾਇਕ ਸਾਬਰ ਕੋਟੀ ਅਕਸਰ ਮਹਿਫ਼ਿਲਾਂ ਚ ਰਾਜਿੰਦਰ ਪਰਦੇਸੀ ਦੀਆਂ ਗ਼ਜ਼ਲਾਂ 'ਕਿੰਨਾ ਹੁਸੀਨ ਮੌਸਮ ਏ ਕਿੰਨਾ ਉਦਾਸ ਹਾਂ ਮੈਂ' ਅਤੇ 'ਕਾਸ਼ ! ਪਹਿਲਾਂ ਹੀ ਅਸੀਂ ਇਹ ਜਾਣਦੇ ਹੁਸਨ ਦੇ ਨਹੀਂ ਹੋ ਸਕਾਂਗੇ ਹਾਣ ਦੇ' ਗਾਉਂਦਾ ਤਾਂ ਮਹਿਫ਼ਿਲ ਲੁੱਟ ਲੈਂਦਾ।

ਰਾਜਿੰਦਰ ਪਰਦੇਸੀ ਬਿਲਕੁਲ ਸਾਦੀ, ਸਰਲ ਤੇ ਸਪੱਸ਼ਟ ਸ਼ਬਦਾਵਲੀ ਨਾਲ਼ ਉਸਤਾਦੀ ਰੰਗ ਵਿੱਚ ਗ਼ਜ਼ਲ ਕਹਿੰਦਾ ਕਿ ਪੜ੍ਹਨ ਸੁਣਨ ਵਾਲ਼ੇ ਮੱਲੋ ਮੱਲੀ ਵਾਹ ਵਾਹ ਕਰ ਉੱਠਦੇ। ਪੰਜਾਬੀ ਸਾਹਿਤ ਦਾ ਵੱਡਾ ਨਾਮ ਰਹੇ ਰਾਜਿੰਦਰ ਪਰਦੇਸੀ ਨੇ ਸਾਹਿਤ ਜਗਤ ਦੀ ਝੋਲ਼ੀ ਦਰਜਨ ਤੋਂ ਵੱਧ ਕਿਤਾਬਾਂ ਪਾਈਆਂ।


ਗੂੰਗੀ ਰੁੱਤ ਦੀ ਪੀੜ ਵੀ ਮਹਿਸੂਸਣ ਵਾਲ਼ਾ ਪੁਖਤਾ ਸ਼ਾਇਰ ਰਾਜਿੰਦਰ ਪਰਦੇਸੀ ਕਰੋਨਾ ਕਾਲ ਦੌਰਾਨ ਇਸ ਨਾਮੁਰਾਦ ਬਿਮਾਰੀ ਦੀ ਲਪੇਟ ਵਿਚ ਐਸਾ ਆਇਆ 1 ਮਾਰਚ 2021 ਨੂੰ ਆਪਣੇ ਚਹੇਤਿਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ ਤੇ ਹਸਪਤਾਲੋਂ ਜਿੰਦਾ ਵਾਪਿਸ ਘਰ ਨਹੀਂ ਪਰਤਿਆ।

ਜ਼ਿੰਦਗੀ ਭਰ ਸੰਘਰਸ਼ ਕਰਦਾ ਰਿਹਾ ਜਦੋਂ ਆਰਥਿਕ ਹਾਲਾਤ ਬੇਹਤਰ ਹੋ ਗਏ ਤਦ ਵੀ ਉਸ ਦੀ ਫ਼ਿਤਰਤ ਵਿਚ ਜ਼ਰਾ ਵੀ ਫ਼ਰਕ ਨਹੀਂ ਆਇਆ ਤੇ ਉਹ ਪਹਿਲਾਂ ਵਾਂਗ ਹੀ ਹਰ ਕਿਸੇ ਨੂੰ ਹੱਸ ਕੇ ਮਿਲ਼ਦਾ ਰਿਹਾ। ਜ਼ਿੰਦਗੀ ਵਿਚ ਕਈ ਮੁਕਾਮ ਐਸੇ ਵੀ ਆਏ ਕਿ ਉਸ ਨੂੰ ਨਾ ਕੀਤੇ ਗੁਨਾਹਾਂ ਦੀ ਸਜਾ ਵੀ ਭੁਗਤਣੀ ਪਈ। ਅਜਿਹੀ ਹੀ ਇੱਕ ਮੁਸ਼ਕਿਲ ਘੜੀ ਵਿੱਚ ਅਜੀਤ ਅਖ਼ਬਾਰ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਨੇ ਅੱਗੇ ਹੋ ਕੇ ਉਸ ਦੀ ਬਾਂਹ ਫੜੀ ਤਾਂ ਰਾਜਿੰਦਰ ਪਰਦੇਸੀ ਨੇ ਆਪਣੀ ਗ਼ਜ਼ਲ ਪੁਸਤਕ 'ਯਾਰ ਭਰਾਵਾਂ ਵਰਗੇ' ਬਰਜਿੰਦਰ ਸਿੰਘ ਹਮਦਰਦ ਨੂੰ ਸਮਰਪਣ ਕੀਤੀ।

ਰਾਜਿੰਦਰ ਪਰਦੇਸੀ ਦਾ ਜੀਵਨ ਅਤੇ ਸ਼ਾਇਰੀ ਜਿੱਥੇ ਨਵੇਂ ਸੰਘਰਸ਼ਸ਼ੀਲਾਂ ਵਾਸਤੇ ਪ੍ਰੇਰਨਾ ਸਰੋਤ ਹੈ ਓਥੇ ਹੀ ਪੰਜਾਬੀ ਗ਼ਜ਼ਲ ਦਾ ਮੂੰਹ ਮੱਥਾ ਸੰਵਾਰਨ ਵਾਲਿਆਂ ਵਿੱਚ ਵੀ ਉਸ ਦਾ ਨਾਮ ਹਮੇਸ਼ਾਂ ਪੁੰਨਿਆਂ ਦੇ ਚੰਨ ਵਾਂਗ ਚਮਕਦਾ ਰਹੇਗਾ।

# ਪਿੰਡ ਦੇ ਦਲਿਤ ਵਰਗ 'ਚੋਂ ਪਹਿਲੇ ਅਧਿਆਪਕ ਬਣ ਕੇ ਆਰਜ਼ੀ ਬੀ.ਪੀ.ਈ.ਓ. ਤੱਕ ਦੀ ਡਿਊਟੀ ਨਿਭਾਉਣ ਵਾਲੇ ਮਾ: ਚੇਤ ਸਿੰਘ

**ਮੇਜਰ ਸਿੰਘ ਨਾਭਾ**
ਮੋਬ.9463553962



ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ। ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਸ਼੍ਰ. ਚੇਤ ਸਿੰਘ ਸੈਂਟਰ ਹੈਡ ਟੀਚਰ (ਆਰਜ਼ੀ ਬੀ.ਪੀ.ਈ.ਓ.) ਸ.ਪ੍ਰ.ਸ. ਖੋਖ (ਨਾਭਾ) ਤੋਂ 31 ਅਕਤੂਬਰ 2001 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ ਜਿਲ੍ਹਾ ਪਟਿਆਲਾ ਵਿਖੇ 24 ਅਕਤੂਬਰ 1943 ਨੂੰ ਮਿਹਨਤਕਸ਼ ਕਿਰਤੀ ਸਵ: ਛੋਟਾ ਸਿੰਘ ਦੇ ਘਰ ਮਾਤਾ ਸਵ: ਸ੍ਰੀਮਤੀ ਕਰਨੈਲ ਕੌਰ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਸਵ: ਸ੍ਰੀ ਛੋਟਾ ਸਿੰਘ ਇੱਕ ਸੱਚੀ ਕਿਰਤ ਕਰਨ ਵਾਲੇ ਇਨਸਾਨ ਸਨ। ਉਸ ਨੇ ਆਪਣੀ ਮੁੱਢਲੀ ਸਿੱਖਿਆ ਅੱਠਵੀਂ ਤੱਕ ਆਪਣੇ ਪਿੰਡ ਦੇ ਹੀ ਸਰਕਾਰੀ ਮਿਡਲ ਸਕੂਲ ਤੋਂ ਪ੍ਰਾਪਤ ਕੀਤੀ। ਉਸ ਨੇ ਸਰਕਾਰੀ ਹਾਈ ਸਕੂਲ ਮਲ੍ਹੇਵਾਲ ਤੋਂ ਦਸਵੀਂ 1959-60 ਵਿੱਚ ਪਾਸ ਕਰ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਆਪ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ ਜੂਨੀਅਰ ਬੇਸ਼ਿਕ ਟ੍ਰੇਨਿੰਗ ਸੰਸਥਾ ਨਾਭਾ ਵਿਖੇ ਦੋ ਸਾਲਾ ਜੇ. ਬੀ. ਟੀ. ਟੀਚਰ ਦੀ ਟ੍ਰੇਨਿੰਗ ਵਿੱਚ ਦਾਖਲਾ ਲੈ ਕੇ 1963 ਵਿੱਚ ਜੇ.ਬੀ.ਟੀ. ਟੀਚਰ ਦਾ ਕੋਰਸ ਕਰ ਲਿਆ। ਸ਼ੁਰੂ ਉਸ ਨੂੰ ਆਰਜ਼ੀ ਤੌਰ ਤੇ ਬਤੌਰ ਜੇ.ਬੀ.ਟੀ. ਟੀਚਰ ਨੌਕਰੀ ਸ.ਪ੍ਰ.ਸ. ਨਗਲਾ (ਪਟਿਆਲਾ) ਵਿਖੇ ਮਿਲ ਗਈ। ਇਸੇ ਤਰ੍ਹਾਂ ਅਡਹਾਕ ਤੌਰ ਤੇ ਉਸ ਨੇ ਬਿਸ਼ਨਗੜ੍ਹ ਇੱਕ ਮਹੀਨਾ, ਭੂਤਗੜ੍ਹ ਛੇ ਮਹੀਨੇ ਸਕੂਲਾਂ ਵਿਚ ਸੇਵਾ ਨਿਭਾਈ ਚੇਤ ਸਿੰਘ ਨੇ ਬੜੇ ਔਖੇ ਦਿਨਾਂ ਵਿੱਚ ਦ੍ਰਿੜਤਾ ਨਾਲ ਬੇਝਿਜਕ ਹੋ ਕੇ ਮਿਹਨਤ ਕੀਤੀ । ਉਸ ਨੇ ਨੌਕਰੀ ਵਿੱਚ ਆ ਕੇ ਵੀ ਗਰਮੀ ਦੀਆਂ ਛੁੱਟੀਆਂ ਦੌਰਾਨ ਕਣਕ ਦੀ ਵਾਢੀ ਕਰਕੇ ਸਾਲ ਭਰ ਦੇ ਦਾਣੇ ਇੱਕਠੇ ਕਰਨ ਵਿਚ ਕੋਈ ਹੇਠੀ ਨਹੀਂ ਸਮਝੀ । ਉਨ੍ਹਾਂ ਦਾ ਵਿਆਹ ਪਿੰਡ ਉਕਸੀ ਦੁਧਾਲ (ਲੁਧਿਆਣਾ) ਵਿਖੇ ਮੁਖਤਿਆਰ ਕੌਰ ਨਾਲ ਹੋਇਆ ।

ਸਾਲ 1964 ਵਿਚ ਉਸ ਦੀ ਰੈਗੂਲਰ ਨਿਯੁਕਤੀ ਦੇ ਹੁਕਮ ਬਤੌਰ ਜੇ.ਬੀ.ਟੀ. ਟੀਚਰ ਸ.ਪ੍ਰ.ਸ. ਉੱਪਲਾਂ (ਪਟਿਆਲਾ) ਵਿਖੇ ਹੋ ਗਏ। ਇਥੇ ਉਸ ਨੇ ਤਕਰੀਬਨ ਨੌਂ ਸਾਲ ਸੇਵਾ ਨਿਭਾਉਣ ਉਪਰੰਤ 1973 ਵਿੱਚ ਸ.ਪ੍ਰ.ਸ ਗੁੱਜਰਹੇੜੀ ਵਿਖੇ ਬਦਲੀ ਕਰਵਾ ਲਈ। ਇਥੇ ਉਹ 1982 ਵਿੱਚ ਤਰੱਕੀ ਹੋਣ ਕਾਰਨ ਹੈਡ ਟੀਚਰ ਬਣ ਗਏ। ਉਨ੍ਹਾਂ ਦੀ 1994 ਵਿੱਚ ਤਰੱਕੀ ਬਤੌਰ ਸੈਂਟਰ ਹੈਡ ਟੀਚਰ ਹੋਣ ਤੇ ਉਨ੍ਹਾਂ ਦੀ ਪੋਸਟਿੰਗ ਸ.ਪ੍ਰ.ਸ. ਖੋਖ ਵਿਖੇ ਹੋ ਗਈ। ਇਥੋਂ ਹੀ ਉਨ੍ਹਾਂ ਨੂੰ 1998 ਵਿੱਚ ਨਾਭਾ ਬਲਾਕ ਦੇ ਆਰਜ਼ੀ ਬੀ. ਪੀ. ਈ. ਓ. ਦਾ ਚਾਰਜ਼ ਮਿਲ ਗਿਆ। ਉਨ੍ਹਾਂ ਨੇ ਇਹ ਡਿਊਟੀ 2000 ਤੱਕ ਇਮਾਨਦਾਰੀ ਨਾਲ ਨਿਭਾਈ। ਉਹ 31 ਅਕਤੂਬਰ 2001 ਨੂੰ ਸ.ਪ੍ਰ.ਸ. ਖੋਖ ਤੋਂ ਬਤੌਰ ਸੈਂਟਰ ਹੈਡ ਟੀਚਰ ਸੇਵਾ ਮੁਕਤ



ਹੋਏ। ਪਿੰਡ ਦੇ ਐਸ.ਸੀ. ਕੈਟਾਗਰੀ ਵਿਚੋਂ ਸ੍ਰ. ਚੇਤ ਸਿੰਘ ਨੂੰ ਪਿੰਡ ਵਿਚ ਪਹਿਲੇ ਮਾਸਟਰ ਬਣਨ ਦਾ ਮਾਣ ਹਾਸਿਲ ਹੈ ਜਿਸ ਸਮੇਂ ਬੱਚਿਆਂ ਨੂੰ ਮਾਪੇ ਜੱਟਾਂ ਨਾਲ ਸੀਰੀ ਰਲਾ ਕੇ ਪਰਿਵਾਰ ਦਾ ਸਹਾਰਾ ਬਣਨ ਤੱਕ ਹੀ ਸੋਚਦੇ ਸਨ। ਪਰ ਇਸ ਪਰਿਵਾਰ ਵਿਚੋਂ ਇਹ ਗਿਆਨ ਦਾ ਸੋਮਾ ਬਣ ਕੇ ਸਮਾਜ ਲਈ ਚਾਨਣ ਮੁਨਾਰਾ ਬਣਿਆ ਜੋ ਮਾਣ ਵਾਲੀ ਗੱਲ ਹੈ ।

ਉਨ੍ਹਾਂ ਨੇ ਤਕਰੀਬਨ 37 ਸਾਲ ਈਮਾਨਦਾਰੀ ਨਾਲ ਬੇਦਾ.ਗ ਸ਼ਾਨਦਾਰ ਰੈਗੂਲਰ ਸੇਵਾ ਨਿਭਾਈ। ਉਹ ਮਿਹਨਤੀ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ। ਉਨ੍ਹਾਂ ਤਕਰੀਬਨ ਬਹੁਤੀ ਸਰਵਿਸ ਸਾਈਕਲ ਉੱਪਰ ਜਾ ਕੇ ਹੀ ਨਿਭਾਈ। ਉਂਞ ਉਹ ਸੇਵਾ ਮੁਕਤੀ ਤੋਂ ਬਾਅਦ ਵੀ ਸਾਈਕਲ ਤੇ ਹੀ ਆਮ ਜਾਂਦੇ ਰਹੇ ਹਨ ਪਰ ਹੁਣ ਸਿਹਤ ਪੱਖੋਂ ਕੁਝ ਠੀਕ ਨਾ ਹੋਣ ਕਾਰਨ ਬਾਹਰ ਘੱਟ ਹੀ ਜਾਂਦੇ ਹਨ। ਉਨ੍ਹਾਂ ਦੀ ਬੇਟੀ ਚਰਨਜੀਤ ਕੌਰ ਸ.ਸ.ਮਿਸਟ੍ਰੈਸ ਸ.ਸ.ਸ.ਸ. ਮਲ੍ਹੇਵਾਲ ਵਿਖੇ ਸੇਵਾ ਨਿਭਾ ਰਹੀ ਹੈ ਜੋ ਆਪਣੇ ਪਤੀ ਜਗਰੂਪ ਸਿੰਘ ਸ.ਸ.ਮਾਸਟਰ ਨਾਲ ਨਾਭਾ ਵਿਖੇ ਰਹਿ ਰਹੀ ਹੈ ਜੋ ਕਿ ਸ.ਸ.ਸ.ਸ. ਦੰਦਰਾਲਾ ਢੀਂਡਸਾ ਵਿਖੇ ਸੇਵਾ ਨਿਭਾ ਰਹੇ ਹਨ। ਉਸ ਨੂੰ ਜਨਗਣਨਾ ਦੇ ਵਧੀਆ ਕੰਮ ਲਈ ਰਾਸਟਰਪਤੀ ਵਲੋਂ ਸਨਮਾਨ-ਪੱਤਰ ਮਿਲਿਆ ਹੈ। ਉਨ੍ਹਾਂ ਦੀ ਹੋਣਹਾਰ ਦੋਹਤੀ ਕੋਮਲਪ੍ਰੀਤ ਕੌਰ ਐਮ.ਬੀ.ਬੀ.ਐਸ. ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਕਰ ਚੁੱਕੀ ਹੈ। ਹੁਣ ਉਹ ਐਮ.ਡੀ. ਦੀ ਤਿਆਰੀ ਕਰ ਰਹੀ ਹੈ। ਉਨ੍ਹਾਂ ਦਾ ਬੇਟਾ ਗੁਰਚਰਨ ਸਿੰਘ ਆਪਣੀ ਪਤਨੀ ਜਸਵੰਤ ਕੌਰ ਨਾਲ ਆਪਣੇ ਬੱਚਿਆਂ ਨਾਲ ਪਿੰਡ ਹੀ ਰਹਿ ਰਿਹਾ ਹੈ।

ਦੂਸਰਾ ਬੇਟਾ ਨਿਰਭੈ ਸਿੰਘ ਲਛਮਣ ਨਗਰ ਨਾਭਾ ਵਿਖੇ ਆਪਣੇ ਮਾਤਾ-ਪਿਤਾ ਅਤੇ ਆਪਣੀ ਪਤਨੀ ਮਨਜੀਤ ਕੌਰ ਨਾਲ ਰਹਿ ਰਿਹਾ ਹੈ ਜਿਸ ਦੀ ਇਕਲੌਤੀ ਬੇਟੀ ਨਵਪ੍ਰੀਤ ਕੌਰ ਕਨੇਡਾ ਵਿਖੇ ਪੜ੍ਹਾਈ ਕਰ ਰਹੀ ਹੈ। ਪ੍ਰਮਾਤਮਾ ਕਰੇ ਉਹ ਆਪਣੇ ਪਰਿਵਾਰ ਸਮੇਤ ਹਮੇਸ਼ਾਂ ਸਿਹਤਯਾਬੀ ਅਤੇ ਪਰਿਵਾਰਕ ਖੁਸ਼ੀਆਂ ਮਾਣਦੇ ਰਹਿਣ।

* * * * * * * *

# ਨਵੀਂ ਪੀੜ੍ਹੀ ਨੂੰ ਕਾਨਫਰੰਸਾਂ ਦਾ ਹਿੱਸਾ ਜਰੂਰ ਬਣਾਇਆ ਜਾਵੇ







ਆਪਣੀ ਬੋਲੀ ਅਤੇ ਵਿਰਸੇ ਨੂੰ ਬਚਾਉਣ, ਪਰਮੋਟ ਤੇ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਵਾਸਤੇ ਕਈ ਵਾਰ ਕੁੱਝ ਅਜਿਹੀਆਂ ਤਰਕੀਬਾਂ ਵਰਤਣੀਆਂ ਪੈਂਦੀਆਂ ਹਨ, ਜੋ ਦੂਰਗਾਮੀ ਨਤੀਜੇ ਪੇਸ਼ ਕਰਨ । ਰਹੀਮ ਯਾਰ ਖਾਨ ਵਿਖੇ ਜਨਵਰੀ ਦੇ ਆਖਰੀ ਹਫਤੇ ਵਿਚ ਆਯੋਜਿਤ ਕੀਤੀ ਗਈ ਪਹਿਲੀ ਅੰਤਰ ਰਾਸ਼ਟਰੀ ਰੋਹੀ ਪੰਜਾਬੀ ਕਾਨਫਰੰਸ ਵਿਚ ਉਕਤ ਪ੍ਰਕਾਰ ਦੀਆਂ ਤਰਕੀਬਾਂ ਬਹੁਤ ਵਧੀਆ ਢੰਗ ਨਾਲ ਵਰਤੀਆਂ ਗਈਆਂ । ਪਹਿਲੀ ਮਿਸਾਲ, ਸਕੂਲੀ ਬੱਚਿਆਂ ਨੂੰ ਕਾਨਫਰੰਸ ਸ਼ਾਮਿਲ ਕਰਨਾ ਤੇ ਉਹਨਾਂ ਨੂੰ ਪੰਜਾਬੀ ਬੋਲੀ ਦੀ ਅਹਿਮੀਅਤ ਸਮਝਾ ਕੇ, ਪੰਜਾਬੀ ਬੋਲੀ, ਬੋਲਣ ਵਾਸਤੇ ਉਤਸ਼ਾਹਤ ਕਰਨ ਲਈ ਟਰਾਫੀਆਂ ਤੇ ਹੈਂਪਰ ਤਕਸੀਮ ਕਰਨੇ, ਦੂਜੀ ਮਿਸਾਲ ਇਹ ਰਹੀ ਕਿ ਸਟੇਜ ਮੌਡਰੇਟਰ ਅਲੀ ਉਸਮਾਨ ਬਾਜਵਾ ਵਲੋਂ ਪੰਡਾਲ ਵਿਚ ਬੈਠੇ ਬੱਚਿਆਂ ਨੂੰ ਸੱਦਾ ਦੇਣਾ ਕਿ ਜੇਕਰ ਉਹ ਸਟੇਜ ਉੱਤੇ ਆ ਕੇ ਕੁੱਝ ਪੰਜਾਬੀ ਵਿਚ ਸੁਣਾਉਣਗੇ ਤਾਂ ਉਹਨਾਂ ਨੂੰ ਇਨਾਮ ਦਿੱਤਾ ਜਾਏਗਾ । ਇਸ ਸੱਦੇ ਨੂੰ ਸਵੀਕਾਰਦਿਆਂ ਇਕ ਛੋਟਾ ਜਿਹਾ ਬੱਚਾ ਜੋ ਕਿ ਕੁਰੀਬ ਛੇ ਸੱਤ ਕੁ ਸਾਲ ਦਾ ਹੋਵੇਗਾ, ਜਿਸ ਨੇ ਪੰਜਾਬੀ ਸੂਟ ਦੇ ਨਾਲ ਕੁੱਲੇ ਵਾਲੀ ਪੱਗੜੀ ਵੀ ਬੰਨ੍ਹੀ ਹੋਈ ਸੀ, ਸਟੇਜ ਉੱਤੇ ਆਇਆ ਤੇ ਉਸ ਨੇ ਪੰਜਾਬੀ ਵਿਚ ਇਕ ਕਵਿਤਾ ਸੁਣਾਈ ਅਤੇ ਇਨਾਮ ਜਿੱਤਿਆ । ਤੀਸਰੀ ਮਿਸਾਲ ਮੈਂ ਉਸ ਬੱਚੇ ਦੀ ਦੇ ਰਿਹਾ ਹਾਂ ਜੋ ਕਿ ਬਹੁਤ ਗਰੀਬ ਘਰੋਂ ਸੀ । ਸੱਤ ਅੱਠ ਸਾਲ ਦੀ ਉਮਰ ਦਾ ਇਹ ਬੱਚਾ ਜਿਸ ਦਾ ਨਾਮ ਅਲੀ ਅਮਨ ਸੀ, ਕਾਨਫਰੰਸ ਵਾਲੇ ਮਾਰਕਿਊ ਵਿਚ ਇਕ ਨੁਕਰੇ ਖੜ੍ਹਾ ਕਾਨਫਰੰਸ ਵਾਲੇ ਸਮਾਗਮ ਨੂੰ ਇਸ ਤਰਾਂ ਬਿਟਰ ਬਿਟਰ ਦੇਖ ਰਿਹਾ ਸੀ ਜਿਵੇਂ ਉਸ ਦੇ ਵਾਸਤੇ ਇਹ ਕੋਈ ਅਜੂਬਾ ਹੋਵੇ । ਨਜਰੇ ਪੈਂਦਿਆ ਹੀ, ਅਲੀ ਉਸਮਾਨ ਬਾਜਵਾ ਨੇ ਉਸ ਬੱਚੇ ਨੂੰ ਅਵਾਜ ਮਾਰਕੇ ਆਪਣੇ ਕੋਲ ਸੱਦਿਆ ਤੇ ਉਸ ਨੂੰ ਪੁੱਛਿਆ ਕਿ ਕੀ ਉਸ ਨੂੰ ਪੰਜਾਬੀ ਬੋਲਣੀ ਆਉਂਦੀ ਹੈ ? "ਮੈਂ ਤੁਹਾਨੂੰ ਇਕ ਪੰਜਾਬੀ ਗੀਤ ਸੁਣਾ ਸਕਦਾ ਹਾਂ, ਬੱਚੇ ਨੇ ਜਵਾਬ ਦਿੱਤਾ ।" ਜਿਓਂ ਹੀ ਉਸ ਬੱਚੇ ਨੂੰ ਗੀਤ ਸੁਣਾਉਣ ਵਾਸਤੇ ਕਿਹਾ ਗਿਆ ਤਾਂ ਉਸ ਨੇ ਬਿਨਾ ਅਟਕੇ ਸਿੱਧੂ ਮੂਸੇ ਵਾਲੇ ਦਾ ਗੀਤ "ਦਫਾ 295" ਸੁਣਾਉਣਾ ਸ਼ੁਰੂ ਕਰ ਦਿੱਤਾ, ਗਾਇਆ ਵੀ ਬੜੀ ਲੈਅ ਤਾਲ ਵਿਚ ਤੇ ਉਹ ਵੀ ਬਿਨਾ ਭੁੱਲੇ ਸਾਰੇ ਦਾ ਸਾਰਾ ਗੀਤ ਹੀ । ਬਾਜਵਾ ਦੇ ਨਾਲ ਡਾਃ ਦਲਵੀਰ ਸਿੰਘ ਕਥੂਰੀਆ ਵੀ ਸਨ, ਜਿਹਨਾਂ ਨੇ ਉਸ ਬੱਚੇ ਦੀ ਮਾਲੀ ਹੌਂਸਲਾ ਅਫਜਾਈ ਵੀ ਕੀਤੀ । ਜਦੋਂ ਉਸ ਨੂੰ ਇਹ ਪੁੱਛਿਆ ਕਿ ਹੁਣ ਉਹ ਇਨਾਮ ਦੀ ਰਾਸ਼ੀ ਦਾ ਕੀ ਕਰੇਗਾ ਤਾਂ ਬੱਚੇ ਦਾ ਕਹਿਣਾ ਸੀ ਕਿ ਉਹ ਇਹ ਰਾਸ਼ੀ ਆਪਣੇ ਮਾਪਿਆਂ ਦੇ ਦੇਵੇਗਾ ਤਾਂ ਕਿ ਉਹ ਘਰ ਦੇ ਬਿਲ ਅਦਾ ਕਰ ਸਕਣ । ਇਸ ਦੇ ਨਾਲ ਹੀ ਉਸ ਅਲੀ ਅਮਨ ਨਾਮ ਦੇ ਬੱਚੇ ਨੇ ਇਹ ਵਾਅਦਾ ਵੀ ਕੀਤਾ ਕਿ ਉਹ ਅੱਗੋਂ ਤੋਂ ਹਮੇਸ਼ਾ ਪੰਜਾਬੀ ਹੀ ਬੋਲੇਗਾ । ਇਸੇ ਤਰਾਂ ਦੇ ਹੀ ਵਾਅਦੇ ਕਾਨਫਰੰਸ ਵਿਚ ਹਿੱਸਾ ਵੈਣ ਆਏ ਲਾਹੌਰ ਗਰਾਮਰ ਸਕੂਲ ਰਹੀਮ ਸਾਰ ਖਾਨ ਦੇ ਨੰਨੇ ਮੁੰਨੇ ਬੱਚਿਆਂ ਅਤੇ ਬੱਚੀਆਂ ਨੇ ਵੀ ਸਾਡੇ ਨਾਲ ਕੀਤੇ । ਇਹਨਾਂ ਬੱਚਿਆਂ ਦੇ ਉਤਸ਼ਾਹ ਅਤੇ ਉਹਨਾਂ ਵਲੋਂ ਕੀਤੇ ਵਾਅਦਿਆਂ ਨੂੰ ਦੇਖਕੇ ਇਸ ਤਰਾਂ ਲੱਗ ਰਿਹਾ ਸੀ ਕਿ ਇਥੇ ਆਯੋਜਿਤ ਹੋਈ ਪਹਿਲੀ ਕਾਨਫਰੰਸ ਆਪਣੇ ਮਿਸ਼ਨ ਵਿਚ ਪੂਰੀ ਤਰਾਂ ਕਾਮਯਾਬ ਰਹੀ । ਇਹ ਗੱਲ ਬਿਲਕੁਲ ਸਹੀ ਕਿ ਅਕਾਦਮਿਕ ਕਾਨਫਰੰਸਾਂ ਆਪਣੀ ਜਗਾ ਸਹੀ ਹਨ, ਉਹਨਾਂ ਰਾਹੀ ਕੀਤੀ ਗਈ ਚਿੰਤਾ ਅਤੇ ਚਿੰਤਨ ਵਿਚੋਂ ਬਹੁਤ ਸਾਰੇ ਮਸਲਿਆਂ ਦੀਆਂ ਉਲਝੀਆਂ ਤੰਦਾ ਸੁਲਝਾਈਆਂ ਜਾ ਸਕਦੀਆਂ ਹਨ ਤੇ ਚਿੰਤਨ ਮੰਥਨ ਰਾਹੀਂ ਬਹੁਤ ਕੁੱਝ ਸੋਧਿਆ ਵੀ ਜਾ ਸਕਦਾ ਹੈ ਤੇ ਨਵੀਂ ਸਿਰਜਿਆ ਵੀ ਜਾ ਸਕਦਾ ਹੈ, ਪਰ ਮੇਰਾ ਨਿੱਜੀ ਵਿਚਾਰ ਹੈ ਕਿ ਜੇਕਰ ਨਵੀਆਂ ਪੀੜੀਆਂ ਨੂੰ ਵੀ ਨਾਲ ਜੋੜ ਲਿਆ ਜਾਵੇ ਤੇ ਇਹਨਾਂ ਕਾਨਫਰੰਸਾਂ ਦਾ ਹਿੱਸਾ ਬਣਾ ਲਿਆ ਜਾਵੇ ਤਾਂ ਅੱਧਾ ਮਿਸ਼ਨ ਸ਼ੁਰੂ ਵਿਚ ਹੀ ਫਤਿਹ ਹੋ ਜਾਂਦਾ ਹੈ । ਆਸ ਹੈ ਕਿ ਕਾਨਫਰੰਸਾਂ ਦੇ ਪ੍ਰਬੰਧਕ ਇਸ ਪਾਸੇ ਜਰੂਰ ਧਿਆਨ ਦੇਣਗੇ ।-**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:)**